13 ਅਪ੍ਰੈਲ-ਜੂਨ, 2009



ਮੁੱਲ : 20/-

*ਸੰਪਾਦਕੀ*

## *ਮਸਲਾ ਆਮ ਆਦਮੀ ਦੀ ਹੋਂਦ ਦਾ*

ਭਾਰਤੀ ਸਮਾਜ, ਰਾਜਨੀਤੀ, ਇਤਿਹਾਸ ਅਤੇ ਸਾਹਿਤ ਵਿਚ ਆਮ ਆਦਮੀ ਦੀ ਹੋਂਦ ਦਾ ਮਸਲਾ ਅੱਜ ਬਹੁਤ ਅਹਿਮ ਹੋ ਗਿਆ ਹੈ। ਆਮ ਆਦਮੀ ਦਿਨੋਂ ਦਿਨ ਖ਼ੁਰ ਰਿਹਾ ਹੈ, ਮਰ ਰਿਹਾ ਹੈ ਅਤੇ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਲਈ ਤਰਲੋ-ਮੱਛੀ ਹੋ ਰਿਹਾ ਹੈ। ਉਸ ਕੋਲ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਲਈ ਕੋਈ ਸ਼ਕਤੀ ਨਹੀਂ ਬਚੀ ਸਿਵਾਏ ਲੋਕਤੰਤਰ ਵਿਚ ਵੋਟ ਦੇ ਅਧਿਕਾਰ ਦੇ। ਪਹਿਲਾ ਅਸੀਂ ਸਮਾਜ ਲੈਂਦੇ ਹਾਂ। ਸਾਡੇ ਸਮਾਜ ਵਿਚ ਆਮ ਆਦਮੀ (ਆਮ ਆਦਮੀ ਤੋਂ ਸਾਡਾ ਭਾਵ ਹੈ ਜਿਹਨੂੰ ਦੋ ਡੰਗ ਦੀ ਰੋਟੀ ਨਹੀਂ ਮਿਲਦੀ ਜਿਹੜਾ ਮੁਢਲੀਆਂ ਲੋੜਾ ਰੋਟੀ, ਕੱਪੜਾ, ਮਕਾਨ, ਸਿਹਤ ਸਹੂਲਤਾਂ, ਵਿਦਿਆ ਤੋਂ ਸੱਖਣਾ ਹੈ) ਦਿਨੋਂ ਦਿਨ ਗਰੀਬੀ ਦੀ ਰੇਖਾ ਤੋਂ ਥੱਲੇ ਖਿਸਕ ਰਿਹਾ ਹੈ। ਇਹਦੇ ਜਿੰਮੇਵਾਰ ਸੱਤਾ ਤੇ ਬੈਠੇ  ਕਾਬਜ ਨੇਤਾ ਲੋਕ ਹਨ, ਆਰਥਿਕ ਨੀਤੀਆਂ ਨੂੰ ਸਹੀ ਢੰਗ ਨਾਲ ਲਾਗੂ ਨਹੀਂ ਕਰਵਾ ਸਕੇ। ਅਮੀਰ-ਗਰੀਬ ਦਾ ਪਾੜਾ ਐਨਾ ਵਧ ਗਿਆ ਹੈ ਕਿ ਹਾਲ ਦੀ ਘੜੀ ਬਰਾਬਰ ਹੁੰਦਾ ਦਿਸ ਨਹੀਂ ਰਿਹਾ। ਨੇਤਾ ਲੋਕ ਚੋਣਾ 'ਚ ਆਮ ਆਦਮੀ ਦੀ ਗੱਲ ਤਾਂ ਕਰਦੇ ਹਨ ਉਹਨੂੰ ਮੁਢਲੀਆਂ ਸਹੂਲਤਾਂ ਦੇਣ ਦੇ ਵਾਅਦੇ ਵੀ ਕਰਦੇ ਹਨ ਪਰ ਕਦੇ ਆਮ ਨੂੰ ਖਾਸ ਨਹੀਂ ਬਣਾਉਂਦੇ ਮੀਡੀਆ ਤਾਂ ਕਦੇ ਵੀ ਆਮ ਆਦਮੀ ਦੇ ਪੱਖ 'ਚ ਨਹੀਂ ਭੁਗਤਿਆ, ਹਰ ਵੇਲੇ ਸਨਸ਼ਨੀ ਫੈਲਾ ਰਿਹਾ ਮੀਡੀਆ ਆਮ ਆਦਮੀ ਦੇ ਮਸਲੇ ਉਠਾਉਣ 'ਚ ਪਛੜ ਗਿਆ ਹੈ। ਆਮ ਆਦਮੀ ਦਾ ਮੀਡੀਆ ਉੱਤੇ ਵੀ ਭਰੋਸਾ ਨਹੀਂ ਰਿਹਾ ਜਿਵੇਂ ਉਹਦਾ ਲੋਕਤੰਤਰ ਉਤੇ ਨਹੀਂ ਰਿਹਾ। ਚੋਣਾਂ ਦੌਰਾਨ ਜਿਸ ਮੀਡੀਆ ਤੋਂ ਇਹ ਆਸ ਰੱਖੀ ਜਾਂਦੀ ਹੈ ਕਿ ਇਹ ਆਮ ਆਦਮੀ ਦੇ ਮਸਲੇ ਚੁੱਕ ਕੇ ਉਨ੍ਹਾਂ ਦੀ ਆਵਾਜ਼ ਬਣੇਗਾ ਇਹ ਚੋਣਾਂ ਦੌਰਾਨ, 'ਪੈਕੇਜ ਜਰਨਲਇਜ਼ਮ' ਦਾ ਸ਼ਿਕਾਰ ਹੋ ਕੇ ਕਰੋੜਾ ਰੁਪਏ ਸੱਤਾਂ ਤੋਂ ਵਸੂਲ ਕਰਕੇ ਆਮ ਆਦਮੀ ਨੂੰ ਮੂਰਖ ਬਣਾਉਣ ਦੀ ਪੂਰੀ ਕੋਸ਼ਿਸ਼ ਕਰਦਾ ਹੈ। ਫਿਰ ਮਸਲਾ ਉੱਠਦਾ ਹੈ ਕਿ ਆਮ ਆਦਮੀ ਕਿਧਰ ਜਾਵੇ ਜਦੋਂ ਆਮ ਆਦਮੀ ਆਪਣੇ ਆਪ ਨੂੰ ਮਰਿਆ ਦੇਖ ਕੇ ਬਾਗੀ ਹੁੰਦਾ ਹੈ ਤਾਂ ਸੱਤਾ ਬੁਰੀ ਤਰ੍ਹਾਂ ਕੁਚਲ ਦਿੰਦੀ ਹੈ, ਕਿਉਂਕਿ ਸੱਤਾ ਕੋਲ ਸ਼ਕਤੀ ਹੁੰਦੀ ਹੈ।

ਇਤਿਹਾਸਕਾਰ, ਸਮਾਜ ਸਾਸ਼ਤਰੀ, ਇਤਿਹਾਸ ਵਿਚ ਆਮ ਆਦਮੀ ਨੂੰ ਬੜਾ ਨਿਰਪੱਖ ਹੋ ਕੇ ਪੇਸ਼ ਕੀਤਾ ਗਿਆ ਹੈ ਕਿਉਂਕਿ ਇਤਿਹਾਸ ਨੂੰ ਲਿਖਣ ਵਾਲੇ (ਉਂਝ ਇਤਿਹਾਸ ਵਕਤ ਲਿਖਦਾ ਹੈ) ਜਾਂ ਸਿਰਜਣ ਵਾਲੇ ਆਮ ਆਦਮੀ ਦੇ ਮਸਲਿਆ ਦੀ ਗੱਲ ਕਰਦੇ ਹਨ। ਮਾਰਕਸ, ਡਾ. ਅੰਬੇਡਕਰ, ਰੋਮੀਲਾ ਥਾਪਰ, ਇਰਫ਼ਾਨ ਹਬੀਬ ਤੇ ਹੋਰ ਆਮ ਆਦਮੀ ਦੀ ਗੱਲ ਕਰਨ ਵਾਲੇ ਵਿਦਵਾਨ  ਲੋਕਾ ਨੇ ਆਮ ਆਦਮੀ ਦੀ ਇਤਿਹਾਸ ਵਿਚ ਗੱਲ ਕੀਤੀ ਹੈ। ਪਰ ਹੋ ਕੀ ਰਿਹਾ ਹੈ ਸੱਤਾ ਇਸ ਇਤਿਹਾਸ ਨੂੰ ਤੋੜ ਮਰੋੜ ਕੇ ਸਿਲੇਬਸਾਂ ਰਾਹੀ ਆਮ ਆਦਮੀ ਤੀਕ ਪਹੁੰਚਾ ਰਹੀ ਹੈ। ਜਾਂ ਕੁਝ ਮੁੱਦੇ ਦ੍ਰਿਸ਼ ਇਤਿਹਾਸ ਵਿਚ ਬਹੁਤ ਉਭਾਰ ਦਿੱਤੇ ਜਾਂਦੇ ਹਨ ਕੁਝ ਹਨੇਰੇ 'ਚ ਰੱਖ ਦਿੱਤੇ ਜਾਂਦੇ ਹਨ। ਤੁਸੀਂ ਦੇਖੋ ਪਾਕਿਸਤਾਨ ਦੀ ਸੱਤਾਂ ਹੋਰ ਤਰ੍ਹਾਂ ਤੋੜ ਮਰੋੜ ਕੇ ਇਤਿਹਾਸ ਪੜ੍ਹਾ ਰਿਹਾ ਹੈ ਅਤੇ ਭਾਰਤ ਹੋਰ ਤਰ੍ਹਾਂ। ਆਮ ਆਦਮੀ ਤਾਂ ਚਾਰੇ ਪਾਸਿਆ ਤੋਂ ਮਰ ਰਿਹਾ ਹੈ।

ਲਾ ਪਾ ਕੇ ਆਮ ਆਦਮੀ ਲਈ ਸਾਹਿਤ ਹੀ ਬਚਿਆ ਹੈ। ਸਾਹਿਤ ਵਿਚ ਆਮ ਆਦਮੀ ਨੂੰ ਬੜੀ ਸਿੱਦਤ ਨਾਲ ਤੇ ਇਮਾਨਦਾਰੀ ਨਾਲ ਉਭਾਰਿਆ ਗਿਆ ਹੈ। ਚਾਹੇ ਉਹ ਕਹਾਣੀ ਹੋਵੇ ਚਾਹੇ ਨਾਵਲ ਸਾਹਿਤਕਾਰ ਦੀ ਆਮ ਆਦਮੀ ਪ੍ਰਤੀ ਪਹੁੰਚ ਠੋਸ ਹੁੰਦੀ ਹੈ। ਪਰ ਇਹੋ ਜਿਹਾ ਸਾਹਿਤ ਸੱਤਾ ਪਰਮੋਟ ਨਹੀਂ ਕਰਦੀ। ਇਸ ਸਾਹਿਤ ਨੂੰ ਦਬਾਉਣ 'ਚ ਅਹਿਮ ਰੋਲ ਅਦਾ ਕਰਦੀ ਹੈ। ਉਸ ਸਾਹਿਤ ਨੂੰ ਸਿਲੇਬਸ ਦਾ ਹਿੱਸਾ ਨਹੀਂ ਬਣਨ ਦਿੱਤਾ ਜਾਂਦਾ। ਆਮ ਆਦਮੀ ਦੀ ਗੱਲ ਉਨ੍ਹਾਂ ਸਾਹਿਤਕਾਰਾਂ ਨੇ ਵੱਧ ਸਿੱਦਤ ਨਾਲ ਕੀਤੀ ਜਿਹੜੇ ਦਲਿਤ ਵਰਗ ਵਿੱਚੋਂ ਆਏ। ਭਾਵੇਂ ਕਿ ਬਾਕੀਆਂ ਨੇ ਵੀ ਆਮ ਆਦਮੀ ਦੀ ਗੱਲ ਕੀਤੀ ਹੈ ਪਰ ਗਹਿਰਾਈ ਦਲਿਤ ਵਰਗ ਦੇ ਸਾਹਿਤਕਾਰ ਹੀ ਲਿਆ ਸਕੇ ਹਨ।

ਜਨ ਬੋਧ' ਵਿਚ ਇਸ ਵਾਰ ਅਸੀਂ ਆਮ ਆਦਮੀ ਦੀ ਗੱਲ ਕਰਨ ਵਾਲੇ ਚਿੰਤਕ ਡਾ. ਭਾਮ ਰਾਓ ਅੰਬੇਡਕਰ ਚੇ ਚਿੰਤਨ ਨੂੰ ਸਮਝਣ ਵਾਲਾ ਲੇਖ ਪ੍ਰਕਾਸ਼ਤ ਕਰ ਰਹੇ ਹਾਂ। ਜਿਸ ਵਿਚ ਬੁੱਧ ਫਲਸਫੇ ਨੂੰ ਗਿਆਨ ਸ਼ਾਸ਼ਤਰੀ ਪ੍ਰੰਪਰਾ ਰਾਹੀ ਸਮਝਿਆ ਗਿਆ ਹੈ।

**- ਭਗਵੰਤ ਰਸੂਲਪੁਰੀ**
**- ਦੇਸ ਰਾਜ ਕਾਲੀ**



## ਕਹਾਣੀ / **ਸੋਗ** / ਪ੍ਰੇਮ ਪ੍ਰਕਾਸ਼

ਇਹ ਸ਼ਹਿਰ ਮੇਰੇ ਪੁਰਖਿਆਂ ਦਾ ਨਹੀਂ। ਉਹ ਗੁੱਜਰਾਂਵਾਲਾ ਸੀ, ਜਿਹੜਾ ਅਸੀਂ 1947 ਦੀ ਦੇਸ-ਵੰਡ ਵੇਲੇ ਛੱਡ ਆਏ ਸੀ। ਬੱਸ ਤਿੰਨ ਕੱਪੜੀਂ ਭੱਜਣਾ ਪਿਆ ਸੀ ਸਭ ਨੂੰ ਜਾਨਾਂ ਬਚਾਓਣ ਲਈ। ਕਾਫਲੇ 'ਚ ਆਏ ਸੀ, ਭੁੱਖੇ ਤ੍ਰਿਹਾਏ, ਡਿਗਦੇ ਢਹਿੰਦੇ। ਸਾਰੇ ਰਾਹ ਹਿੰਦੂ ਸਿੱਖਾਂ ਦੀਆਂ ਖਿੱਲਰੀਆਂ ਲਾਸ਼ਾਂ ਵੇਖਦੇ ਆਏ। ਅਮ੍ਰਿਤਸਰ ਆ ਕੇ ਮੁਸਲਮਾਨਾਂ ਦੀਆਂ ਲਾਸ਼ਾਂ ਵੀ ਵੇਖੀਆਂ।... ਇਹ ਪਰਮਾਤਮਾ ਵੀ ਕੀ ਖੇਡਾਂ ਖੇਡਦਾ ਏ? ਸੋਚਦਾ, ਮੈਂ ਉਹਨੂੰ ਗਾਹਲਾਂ ਕੱਢ ਛੱਡਦਾ ਹਾਂ। ਸਿਆਣੇ ਕਹਿੰਦੇ ਨੇ ਕਿ ਬੰਦਾ ਸਮਾਂ ਪਾ ਕੇ ਸਭ ਦੁੱਖ ਭੁੱਲ ਜਾਂਦਾ ਏ। ਭੁੱਲਦਾ ਹੋਵੇਗਾ ਕੋਈ!

ਕਈ ਵਰ੍ਹੇ ਲੱਗ ਗਏ ਸੀ ਨੰਗੇ ਭੁੱਖੇ ਟੱਬਰ ਨੂੰ ਕੋਈ ਸ਼ਹਿਰ, ਕੋਈ ਰੁਜ਼ਗਾਰ ਤੇ ਕੋਈ ਘਰ ਲੱਭਦਿਆਂ। ਜਦੋਂ ਸਾਰੇ ਸੈੱਟ ਹੋ ਗਏ ਤਾਂ ਇਹ ਪੁਆੜਾ ਪੈ ਗਿਆ, ਸਿੱਖ ਅੱਤਵਾਦੀਆਂ ਦਾ। ਦਿਨ ਰਾਤ ਗੋਲੀਆਂ ਚੱਲਦੀਆਂ ਰਹਿੰਦੀਆਂ ਨੇ, ਅੱਤਵਾਦੀਆਂ ਦੀਆਂ ਜਾਂ ਸਿਕਿਓਰਿਟੀ ਫੋਰਸਿਜ਼ ਦੀਆਂ। ਅਖਬਾਰਾਂ 'ਚ ਲਾਸ਼ਾਂ ਦੀ ਗਿਣਤੀ ਛਪਦੀ ਰਹਿੰਦੀ ਏ। ਕਈ ਟੱਬਰਾਂ ਦੇ ਟੱਬਰ ਸਾੜੇ ਜਾ ਰਹੇ ਨੇ। ਹਿੰਦੂਆਂ ਦੀਆਂ ਜਾਇਦਾਦਾਂ ਮਿੱਟੀ ਦੇ ਭਾਅ ਹੋ ਗਈਆਂ ਨੇ। ਉਹ ਵੇਚ ਵੱਟ ਕੇ ਦਿੱਲੀ ਵੱਲ ਭੱਜ ਰਹੇ ਨੇ। ਉਧਰੋਂ ਉੱਜੜੇ ਸਿੱਖ ਏਧਰ ਨੂੰ ਆ ਰਹੇ ਨੇ। ਵੱਡੇ ਗੁਰਦਵਾਰੇ 'ਚੋਂ ਅਵਾਜਾਂ ਆਉਂਦੀਆਂ ਨੇ ਨਾ, 'ਧੋਤੀ ਟੋਪੀ ਜਮਨਾ ਪਾਰ'।

ਮੇਰੇ ਬੇਟੇ ਸੰਜੀਵ ਨੇ ਬੈਂਕ ਦੀ ਨੌਕਰੀ 'ਚ ਤਰੱਕੀ ਮਿਲਣ 'ਤੇ ਆਪਣੀ ਟਰਾਂਸਫਰ ਬੰਬਈ ਦੀ ਕਰਾ ਲਈ ਸੀ। ਉਹ ਮਕਾਨ ਦਾ ਮੇਰੇ ਵਾਲਾ ਪਾਸਾ ਛੱਡ ਕੇ ਬਾਕੀ ਆਪਣੇ ਬੈਂਕ ਨੂੰ ਕਿਰਾਏ 'ਤੇ ਦੇ ਕੇ ਆਪਣਾ ਟੱਬਰ ਵੀ ਲੈ ਗਿਆ ਏ। ਮੈਂ ਅੜ ਕੇ ਨਾ ਗਿਆ। ਹਾਲਾਂਕਿ ਹਿੰਦੂ ਮਾਲਕ ਦੇ ਜਿਹੜੇ ਅਖਬਾਰ 'ਚ ਮੈਂ ਸਬ ਐਡੀਟਰੀ ਕਰਦਾ ਸੀ, ਉਹਦੇ ਸਟਾਫ ਨੂੰ ਰੋਜ਼ ਈ ਗੋਲੀ ਮਾਰਨ ਦੀਆਂ ਚਿੱਠੀਆਂ ਆਉਂਦੀਆਂ ਸਨ। ਦੋ ਮਾਲਕ ਤੇ ਦੋ ਐਡੀਟਰ ਤਾਂ ਮਾਰ ਵੀ ਦਿੱਤੇ ਗਏ ਨੇ। ਫੇਰ ਵੀ ਮੈਂ ਘਰ ਕਿਵੇਂ ਛੱਡਦਾ, ਇਹਦੀ ਇਕ ਇਕ ਇੱਟ ਮੈਂ ਆਪਣੇ ਸਾਹਮਣੇ ਲਵਾਈ ਸੀ। ਮੇਰਾ ਇਕ ਵੱਡਾ ਸਹਾਰਾ ਸੰਜੀਵ ਦਾ ਦੋਸਤ ਬੀ. ਐਸ. ਕਲਸੀ ਸੀ। ਉਹੀ ਮੇਰੇ ਬਾਹਰਲੇ ਸਾਰੇ ਕੰਮ ਕਰਦਾ ਸੀ। ਉਂਜ ਮੈਂ ਵੀ ਤੰਗ ਨਹੀਂ ਸੀ। ਘਰ 'ਚ ਈ ਰੋਟੀ ਪਕਾ ਕੇ ਖਾ ਲੈਂਦਾ ਸੀ। ਰਾਤ ਨੂੰ ਦਫਤਰ 'ਚ ਈ ਸੌਂ ਜਾਂਦਾ ਸੀ। ਘਰ 'ਚ ਜਦੋਂ ਗੋਲੀਆਂ ਦੀਆਂ ਲਗਾਤਾਰ ਅਵਾਜ਼ਾਂ 'ਚ ਨੀਂਦ ਨਾ ਆਉਂਦੀ ਤਾਂ ਦੋ ਪੈੱਗ ਲਾ ਲੈਂਦਾ ਸੀ।

ਫੇਰ ਕੋਈ ਗੁਪਤ ਰੋਗ ਜਿਹਾ ਮੈਨੂੰ ਤੰਗ ਕਰਨ ਲੱਗ ਪਿਆ। ਜਦੋਂ ਸ਼ਾਮ ਢਲਦੀ, ਮੈਨੂੰ ਘਬਰਾਹਟ ਜਿਹੀ ਹੋਣ ਲੱਗ ਪੈਂਦੀ। ਡਾਕਟਰ ਦਰਸ਼ਨ ਸਿੰਘ ਦੀ ਲਿਖੀ ਨਸ਼ੇ ਦੀ ਦਵਾਈ ਮੈਂ ਓਸੇ ਵੇਲੇ ਲੈ ਲਿਆ ਕਰਦਾ। ਰਾਤ ਨੂੰ ਨੀਂਦ ਉੱਖੜ ਜਾਂਦੀ ਤਾਂ ਦੋ ਲੈ ਲਿਆ ਕਰਦਾ। ਇਹ ਗੱਲ ਮੈਂ ਸੰਜੀਵ ਨੂੰ ਨਹੀਂ ਸੀ ਦੱਸਦਾ।

ਦੋ ਕੁ ਵਰ੍ਹੇ ਕੱਲਿਆਂ ਰਹਿ ਕੇ ਮੈਂ ਰਾਤ ਦੀ ਡਿਊਟੀ ਤੋਂ ਅੱਕ ਕੇ ਨੌਕਰੀ ਈ ਛੱਡ ਦਿੱਤੀ। ਡਿਊਟੀ 'ਤੇ ਜਾਂਦਿਆਂ ਤੇ ਮੁੜਦਿਆਂ ਕਿਸੇ ਸਿੱਖ ਦੇ ਨੇੜੇ ਹੋਣ 'ਤੇ ਗੋਲੀ ਵੱਜਣ ਦੀ ਦਹਿਸ਼ਤ ਸਹਿਣੀ ਔਖੀ ਹੋ ਗਈ ਸੀ। ਬੰਬਈ ਤੋਂ ਸੰਜੀਵ ਦੇ ਫੋਨ ਆਉਂਦੇ,'ਆ ਜਾਓ ਹੁਣ ਤੁਸੀਂ ਵੀ। ਮੈਂ ਆਉਂਦੈਂ ਲੈਣ।'.. ਉਹਦਾ ਕੰਮ ਵਾਹਵਾਹ ਚੱਲ ਪਿਆ ਸੀ। ਉਹਨੇ ਨੌਕਰੀ ਦੇ ਨਾਲ ਆਪਣੇ ਵਰਗੇ ਉੱਜੜੇ ਪੰਜਾਬੀ ਦੇ ਢਾਬੇ 'ਚ ਹਿੱਸਾ ਪਾ ਲਿਆ ਸੀ।

ਇਕ ਦਿਨ ਅਚਾਨਕ ਮਨ 'ਚ ਅਜਿਹੀ ਲੂਹਰ ਜਿਹੀ ਉੱਠੀ ਕਿ ਮੈਂ ਆਪਣੇ ਕਮਰੇ ਨੂੰ ਜਿੰਦਰਾ ਮਾਰ ਕੇ ਤੇ ਝੋਲਾ ਗਲ਼ 'ਚ ਪਾ ਕੇ ਹਿਾਚਲ ਦੇ ਸ਼ਹਿਰ 'ਮੰਡੀ' ਚਲਿਆ ਗਿਆ। ਜਿੱਥੇ ਸਾਡਾ ਇਕ ਛੜਾ ਗਾਂਧੀਵਾਦੀ ਸੁਤੰਰਤਾ ਸੈਨਾਨੀ ਨਾਮਾ ਨਿਗਾਰ ਪਰਸ ਰਾਮ ਸਾਧੂ ਰਹਿੰਦਾ ਸੀ। ਉਹ ਸਾਧੂ ਏਸ ਲਈ ਸੀ ਕਿ ਛੋਟਾ ਹੁੰਦਾ ਸੰਨਿਆਸੀ ਬਣ ਗਿਆ ਸੀ। ਉਹਦੀ ਮਾਂ ਰੋ ਪਿੱਟ ਕੇ ਉਹਨੂੰ ਗੁਰੂ ਤੋਂ ਮੋੜ ਲਿਆਈ ਸੀ। ਪਰ ਉਹਨੇ ਨਿਸ਼ਾਨੀ ਵਜੋਂ ਸਿਰ 'ਤੇ ਪੱਗ ਭਗਵੀਂ ਬੰਨ੍ਹਣ ਦਾ ਆਦੇਸ਼ ਦੇ ਦਿੱਤਾ ਸੀ।

ਸਰਦੀਆਂ ’ਚ ਅਸੀਂ ਸੁਤੰਤਰਤਾ ਸੰਗ੍ਰਾਮ ਦੀਆਂ ਉਹਦੀਆਂ ਯਾਦਾਂ ਲਿਖਦੇ ਰਹੇ। ਉਹ ਪੰਜਾਬੀ ’ਚ ਬੋਲੀ ਜਾਂਦਾ ਤੇ ਮੈਂ ਉਰਦੂ ’ਚ ਲਿਖੀ ਜਾਂਦਾ। ਸਾਡੇ ਅਖਬਾਰ ’ਚ ਉਹਦੇ ਨਾਂ ਨਾਲ ਕਿਸਤ ਛਪੀ ਜਾਂਦੀ। ਉਹ ਫੁੱਲਿਆ ਫਿਰਦਾ। ਮੈਂ ਜਿਹੜੀ ਵੀ ਖਬਰ ਦੇ ਹੇਠ ਆਪਣਾ ਨਾਂ ‘ਤਾਸੀਰ’ ਲਿਖ ਦੇਂਦਾ, ਉਹ ਝੱਟ ਛਪ ਜਾਂਦੀ। ਸ਼ਹਿਰ ’ਚ ਚਰਚਾ ਹੁੰਦਾ। ਪਰ ਸ਼ਾਮ ਨੂੰ ਮੈਨੂੰ ਪਰਸ ਰਾਮ ਵਾਂਗੂੰ ‘ਫੁੱਲਣ’ ਲਈ ਕੁਝ ਚਾਹੀਦਾ ਹੁੰਦਾ ਸੀ। ਮੈਂ ਬਿਆਸ ਦਰਿਆ ਦੇ ਕੰਢੇ ਬੈਠੇ ਟੱਪਰੀਵਾਸਾਂ ਦੇ ਜਾ ਕੇ ਦੋ ਪੈੱਗ ਲਾ ਆਉਂਦਾ।... ਪਰ ਰਾਤ ਨੂੰ ਮੈਨੂੰ ਪਰਸ ਰਾਮ ਦੀ ਛੋਟੀ ਵਿਧਵਾ ਭਰਜਾਈ ਬਿਮਲਾ ਬਤੀ ਵਾਲੀ ਇਕ ਘਟਨਾ ਤੰਗ ਕਰਨ ਲੱਗ ਪਈ ਸੀ। ਉਹਦੇ ਦੋ ਜਵਾਨ ਧੀਆਂ ਤੇ ਇਕ ਹੁਣੇ ਨੌਕਰ ਹੋਇਆ ਮੁੰਡਾ ਸੀ। ਮਾਂ ਆਪ ਹੱਟੀ ਕਰਦੀ ਸੀ। ਸੌਦਾ ਮੁੰਡਾ ਲਿਆ ਦੇਂਦਾ ਸੀ। ਮੈਂ ਦਿਨ ਤਿਹਾਰ ਨੂੰ ਉਹਦੀਆਂ ਬੇਟੀਆਂ ਨੂੰ ‘ਕੰਜਕਾਂ’ ਵਾਲੇ ਸਤਿਕਾਰ ਨਾਲ ਕੁਝ ਪੈਸੇ ਦੇ ਦੇਂਦਾ ਸੀ। ਇਕ ਵਾਰ ਮੈਂ ਬਿਮਲਾ ਤੋਂ ‘ਲਾਲ ਮੰਜਣ’ ਮੰਗਵਾਇਆ। ਉਹ ਸ਼ਾਮ ਨੂੰ ਜਦੋਂ ਮੈਨੂੰ ਫੜਾਓਣ ਆਈ ਤਾਂ ਸਾਧੂ ਘਰ ’ਚ ਨਹੀਂ ਸੀ। ਮੇਰੇ ਮਨ ’ਚ ਪਤਾ ਨਹੀਂ ਕੀ ਆਇਆ ਕਿ ਮੈਂ ਮੰਜਣ ਫੜ ਕੇ ਉਹਦਾ ਰਸਤਾ ਰੋਕ ਲਿਆ। ਪਹਿਲਾਂ ਤਾਂ ਉਹ ਖਿਝੀ। ਅੱਖਾਂ ਵਿਖਾਈਆਂ। ਫੇਰ ਢਿੱਲੀ ਪੈ ਗਈ।

ਬਾਅਦ ’ਚ ਅਸੀਂ ਬੜੇ ਖੁਸ਼ ਰਹੇ। ਪੂਰਾ ਡੇਢ ਮਹੀਨਾ ਉਤਸਵ ਮਨਾਂਦੇ ਰਹੇ। ਪਰ ਮੈਨੂੰ ਸਾਧੂ ਦੀ ਸ਼ਰਮ ਮਾਰਦੀ ਰਹਿੰਦੀ। ਮੇਰਾ ਦਿਲ ਕਰੇ, ਹੁਣ ਏਥੋਂ ਚਲਿਆ ਜਾਵਾਂ। ਪਰ ਕਦੇ ਅਚਾਨਕ ਮਨ ਭੜਕ ਪੈਂਦਾ। ਮੈਨੂੰ ਲਾਂਬੂ ਜਿਹਾ ਲੱਗ ਜਾਂਦਾ। ਮਨ ’ਚ ਟਿਕਾਅ ਨਾ ਰਹਿੰਦਾ। ਅਖੀਰ ’ਚ ਮੈਂ ਕਿਸੇ ਜੁਗਤ ਨਾਲ ਬਿਮਲਾ ਨਾਲ ਜੁੜ ਕੇ ਭਸਮ ਹੋ ਜਾਂਦਾ। ਫੇਰ ਸਬਰ ਤੇ ਸ਼ਰਮਿੰਦਗੀ ਨਾਲ ਦਰਿਆ ਦੇ ਕੰਢ ਵੱਲ ਨਿੱਕਲ ਜਾਂਦਾ, ਆਤਮਾ ’ਤੇ ਪਿਆ ਭਾਰ ਲਾਹੁਣ।

ਕਦੇ ਬਿਮਲਾ ਬਤੀ ਨੂੰ ਪਾਠ ਪੂਜਾ ਕਰਦੀ ਨੂੰ ਦੇਖ ਕੇ ਮੈਨੂੰ ਆਪਣੀ ਮਾਂ ਦੀ ਯਾਦ ਆ ਜਾਂਦੀ। ਉਹ ਵੀ ਇਵੇਂ ਨ੍ਹਾ ਧੋ ਕੇ ਸੁੱਚਮ ਕਰਦੀ ਹੋਈ ਪਾਠ ਕਰਦੀ ਸੀ। ਉਹਦਾ ਰੰਗ ਵੀ ਗੋਰਾ ਸੀ। ਉਹਦੇ ਕੰਨਾਂ ’ਚ ਵੀ ਅਜਿਹੀਆਂ ਈ ਡੰਡੀਆਂ ਸਨ। ਜਿਹੜੀਆਂ ਕੰਮ ਕਰਦੀ ਦੀਆਂ ਹਿੱਲਦੀਆਂ ਸਨ। ਜਿਹੜੀ ਨ੍ਹਾਓਣ ਵੇਲੇ ਕਹਿੰਦੀ ਹੁੰਦੀ ਸੀ,‘ ਮੇਰਾ ਮਨ ਚੰਗਾ, ਤਬਾਕੜੇ ’ਚ ਗੰਗਾ’– ‘ਜਲ ਮਿਲਿਆ, ਪਨਮੇਸਰ ਮਿਲਿਆ’।

ਕਦੇ ਮੇਰਾ ਦਿਲ ਕਰਦਾ ਏ ਕਿ ਏਸ ਟੱਬਰ ’ਚ ਹੀ ਰਹਿ ਪਵਾਂ। ਪਰ ‘ਰਾਮ ਰਾਮ’, ਉਹ ਬ੍ਰਾਹਮਣ ਦੀ ਬੇਟੀ.. ਤੇ ਮੈਂ ਨੀਚ ਕਰਮ ਕਰਨ ਵਾਲਾ ਖੱਤਰੀ। .. ਰਾਤ ਨੂੰ ਜਾਂ ਕਦੇ ਮੌਕਾ ਮਿਲਣ ’ਤੇ ਉਹਨੂੰ ਮੇਰੇ ’ਤੇ ਪਿਆਰ ਆਉਂਦਾ ਜ਼ਰੂਰ ਸੀ। ਪਰ ਦਿਨ ’ਚ ਮੇਰੇ ਕੋਲੋ ਅੱਖਾਂ ਫੇਰੀ ਰੱਖਦੀ ਸੀ। ਦੋ ਬੇਟੀਆਂ ਦੀ ਮਾਂ ਸੀ ਨਾ!

ਇਕ ਦਿਨ ਸ਼ਾਮ ਵੇਲੇ ਮੇਰੇ ਮਨ ’ਚ ਪਕੌੜੇ ਖਾਣ ਦੀ ਇੱਛਾ ਹੋਈ। ਸਾਧੂ ਅਖਬਾਰਾਂ ਦੇ ਪੈਸੇ ਉਗਰਾਹੁਣ ਗਿਆ ਹੋਇਆ ਸੀ। ਮੈਂ ਵੱਡੀ ਬੇਟੀ ਗੀਤਾ ਨੂੰ ਬੁਲਾਇਆ। ਗੱਲ ਦੱਸੀ। ਅਸੀਂ ਜਦੇ ਵਿਹੜੇ ਵਾਲੇ ਚੁਲ੍ਹੇ ’ਚ ਅੱਗ ਬਾਲੀ। ਕੜਾਹੀ ਧਰੀ ਤੇ ਸਰ੍ਹੋਂ ਦੇ ਤੇਲ ’ਚ ਪਕੌੜੇ ਤਲਣ ਲੱਗ ਪਏ। ਛੋਟੀ ਬੇਟੀ ਵੀ ਆ ਗਈ। ਹੱਟੀ ਦੇ ਅੰਦਰਲੇ ਬੂਹੇ ’ਤੇ ਖੜ੍ਹੀ ਬਿਮਲਾ ਵੀ ਸਾਡੇ ਨਾਲ ਰਲ਼ ਗਈ। ਉਹਨੇ ਇਮਲੀ ਦੀ ਚਟਨੀ ਬਣਾ ਲਈ। ਅਸੀਂ ਉਥੇ ਈ ਮੰਜੀਆਂ ਡਾਹ ਕੇ ਪਕੌੜੇ ਖਾਈ ਗਏ ਤੇ ਹੱਸੀ ਗਏ। ਜਿਵੇਂ ਘਰ ’ਚ ਕੋਈ ਉਤਸਵ ਹੋਵੇ।

ਜਦੇ ਕੱਪੜਿਆਂ ਦੀ ਡੱਗੀ ਵਾਲਾ ਭਾਈ ਲੰਘਿਆ ਤਾਂ ਮੈਂ ਵਾਜ ਮਾਰ ਕੇ ਅੰਦਰ ਬੁਲਾ ਲਿਆ। ਉਹਨੇ ਸੂਟ ਮੰਜੇ ’ਤੇ ਖਿੰਡਾ ਦਿੱਤੇ। ਮੈਂ ਬੇਟੀਆਂ ਨੂੰ ਕਿਹਾ,“ਚੁੱਕ ਲਓ, ਜਿਹੜਾ ਚੰਗਾ ਲੱਗਦੈ।”... ਛੋਟੀ ਕਦੇ ਇਕ ਚੁੱਕੇ ਤੇ ਕਦੇ ਦੂਜਾ। ਵੱਡੀ ਭਾਅ ਪੁੱਛਦੀ ਤੇ ਕੱਪੜਾ ਰੱਖ ਦੇਂਦੀ। ਮੈਂ ਉਹਨੂੰ ਕਿਹਾ ਕਿ ਚੁੱਕ ਲੈ ਬਹੁਤੇ ਤੋਂ ਬਹੁਤੇ ਮੁੱਲ ਦਾ। ਉਹਨੇ ਫੇਰ ਵੀ ਸਸਤਾ ਚੁੱਕਿਆ। ਮੈਂ ਆਪ ਵਧੀਆ ਚੁੱਕ ਕੇ ਫੜਾ ਦਿੱਤਾ। ਫੇਰ ਇਕ ਸੁਫਿਆਨਾ ਜਿਹਾ ਪਰ ਮਹਿੰਗਾ ਚੁੱਕ ਕੇ ਬਿਮਲਾ ਨੂੰ ਧੱਕੇ ਨਾਲ ਦੇ ਦਿੱਤਾ। ਭਾਈ ਨੂੰ ਪੈਸੇ ਦੇ ਕੇ ਤੋਰ ਦਿੱਤਾ।

ਓਸ ਰਾਤ ਮੈਂ ਤੇ ਪਰਸ ਰਾਮ ਨੇ ਇਕ ਥਾਲੀ ’ਚ ਰੋਟੀ ਖਾਧੀ। ਰਾਤ ਨੂੰ ਗੱਲਾਂ ਕਰਦੇ ਲੇਟ ਗਏ।... ਮੇਰਾ ਮਨ ਖੁਸ਼ੀ ਨਾਲ ਭਰਿਆ ਪਿਆ ਸੀ। ਮੈਥੋਂ ਆਪਣਾ ਆਪ ਨਹੀਂ ਸੀ ਝੱਲ ਹੁੰਦਾ। ਬਹੁਤ ਗੂੜ੍ਹੀ ਨੀਂਦ ਆਈ। ਸਵੇਰੇ ਜਾਗਿਆ ਤਾਂ ਮੇਰੇ ਕੋਲੋਂ ਓਸ ਘਰ ’ਚ ਰੁਕਿਆ ਨਾ ਜਾਵੇ। ਦਿਨ ਕਾਫੀ ਖੁਲ੍ਹ ਗਏ ਸਨ। ਮੇਰਾ ਮਨ ਜਾਣ ਨੂੰ ਕਰੇ। ਘਰ ਮੁੜਨਾ ਔਖਾ ਸੀ। ਗੋਲੀਆਂ ਚੱਲਣ ਤੇ ਬੰਦਿਆਂ ਦੇ ਮਾਰੇ ਜਾਣ ਦੀਆਂ



ਖਬਰਾਂ ਹਾਲੇ ਵੀ ਆ ਰਹੀਆਂ ਸਨ। ਸਾਡਾ ਉਰਦੂ ਦਾ ਅਖਬਾਰ ਆਉਂਦਾ ਸੀ ਤਾਂ ਮੈਂ ਉਹਦੀਆਂ ਖਬਰਾਂ ਪੜ੍ਹ ਕੇ ਪਛਾਣ ਲੈਂਦਾ ਸੀ ਕਿ ਇਹ ਕਿਹੜੇ ਸਬ ਐਡੀਟਰ ਦੀ ਬਣਾਈ ਹੋਈ ਏ। ਪਰ ਜੋ ਕੁਝ ਲਿਖਿਆ ਹੁੰਦਾ ਸੀ, ਉਹ ਸਹਿਣ ਵਾਲਾ ਨਹੀਂ ਸੀ ਹੁੰਦਾ। ਮਨ ’ਚ ਏਨੇ ਚਿਰ ਤੋਂ ਜਿਹੜਾ ਸੋਗ ਜਿਹਾ ਬਹਿ ਗਿਆ ਸੀ, ਉਹ ਜਾਗ ਪੈਂਦਾ ਸੀ। ਖੁਸ਼ੀਆਂ ਦੇ ਉਤਸਵਾਂ ’ਚ ਵੀ ਦਿਲਾਂ ’ਚੋਂ ਉਹ ਜਾਂਦਾ ਨਹੀਂ ਸੀ। ਪਰ ਹੁਣ ਕਲ੍ਹ ਦੀ ਖੁਸ਼ੀ ਮੈਨੂੰ ਰਹਿਣ ਨਹੀਂ ਸੀ ਦੇਂਦੀ ਪਈ।

ਅੱਕ ਕੇ ਇਕ ਦਿਨ ਮੈਂ ਬੈਗ ਚੁੱਕ ਕੇ ਨੂਰ ਪੁਰ ਵਾਲੀ ਬੱਸ ’ਚ ਬਹਿ ਗਿਆ। ਫੇਰ ਉਤਲੀਆਂ ਪਹਾੜੀਆਂ ’ਤੇ ਸੰਤਾਂ ਦੇ ਉਹ ਡੇਰੇ ਲੱਭਦਾ ਰਿਹਾ, ਜਿਥੇ ਕਦੇ ਪਰਸ ਰਾਮ ਰੂਪੋਸ਼ੀ ਦੇ ਸਮੇਂ ਰਹਿੰਦਾ ਹੁੰਦਾ ਸੀ। ਰਾਤ ਕਿਸੇ ਡੇਰੇ ’ਚ ਜਾਂ ਮੰਦਰ ’ਚ ਈ ਕੱਟ ਲੈਂਦਾ। ਏਥੇ ਦੇ ਲੋਕ ਬੜੇ ਈਮਾਨਦਾਰ ਤੇ ਸਾਊ ਨੇ। ਪਰ ਮਹਿਮਾਨ ਨਵਾਜ਼ੀ ਪੰਜਾਬ ਵਰਗੀ ਨਹੀਂ। ਕਿਤੇ ਲੰਗਰ ਲੱਗਦਾ ਈ ਨਹੀਂ। ਮੈਂ ਵੀ ਚਟਨੀ ਨਾਲ ਰੋਟੀ ਖਾਣੀ ਸਿੱਖ ਗਿਆ ਸੀ।

ਜਦੋਂ ਗਰਮੀ ਤੰਗ ਕਰਨ ਲੱਗੀ ਤਾਂ ਮੈਨੂੰ ਅਖਬਾਰ ਤੋਂ ਪਤਾ ਲੱਗਿਆ ਕਿ ਪਟਿਆਲੇ ਵਾਲਾ ਮੇਰਾ ਸਾਂਢੂ ਆਈ ਸਰਜਨ ਡਾਕਟਰ ਪੀ. ਸੀ. ਰਾਓੜਾ ਤੇ ਗਾਇਨੀ ਦੀ ਡਾਕਟਰ ਉਹਦੀ ਪਤਨੀ ਪੂਨਮ ਸਰਕਾਰੀ ਨੌਕਰੀਆਂ ਛੱਡ ਕੇ ਕਾਂਗੜਾ ਦੀ ਵਾਦੀ ਦੇ ਇਕ ਵੱਡੇ ਪਿੰਡ ਸਨੌਰਾ ’ਚ ਫਰੀ ਹਸਪਤਾਲ ਚਲਾ ਰਹੇ ਨੇ। ਡਾਕਟਰ ਰਾਓੜਾ ਮੇਰਾ ਸੱਕਾ ਸਾਢੂ ਨਹੀਂ। ਪੂਨਮ ਮੇਰੀ ਸਾਲੀ ਤਾਂ ਹੈ, ਪਰ ਮੇਰੀ ਪਤਨੀ ਦੇ ਤਾਏ ਦੀ ਧੀ। ਜਦੋਂ ਮੇਰਾ ਵਿਆਹ ਹੋਇਆ ਤਾਂ ਪੂਨਮ ਮੈਡੀਕਲ ਕਾਲਜ ’ਚ ਪੜ੍ਹ ਕੇ ਰਾਜਿੰਦਰਾ ਹਸਪਤਾਲ, ਪਟਿਆਲੇ ’ਚ ਇਨਟਰਨੀਸ਼ਿਪ ਕਰਦੀ ਪਈ ਸੀ। ਡਾਕਟਰ ਰਾਓੜਾ ਹਸਪਤਾਲ ’ਚ ਅੱਖਾਂ ਦਾ ਜੂਨੀਅਰ ਡਾਕਟਰ ਸੀ।

ਮੈਂ ਜਦੋਂ ਵੀ ਆਪਣੇ ਸਹੁਰੇ ਜਾਂਦਾ ਤੇ ਪੂਨਮ ਆਈ ਹੋਈ ਹੁੰਦੀ ਤਾਂ ਉਹ ਮੈਨੂੰ ਤਾਕੀ ’ਚ ਖੜ੍ਹੇ ਨੂੰ ਦੇਖ ਕੇ ਔਖੇ ਸਾਹ ਭਰਨ ਲੱਗ ਪੈਂਦੀ। ਮੈਂ ਸੈਨਤ ਕਰਦਾ ਤਾਂ ਪੌੜੀਆਂ ਚੜ੍ਹ ਆਉਂਦੀ। ਏਨੀ ਨਿਡਰ ਸੀ ਇਹ ਉਦੋਂ। ਅਸੀਂ ਗੱਲਾਂ ਕਰਦੇ ਪਹਿਲਾਂ ਜਬਾਨ ਚਲਾਉਂਦੇ, ਫੇਰ ਅੱਖਾਂ, ਫੇਰ ਹੱਥ ਤੇ ਫੇਰ ..। ਉਹ ਘਬਰਾ ਕੇ ਕਾਹਲ ਨਾਲ ਚਲੀ ਜਾਂਦੀ ਤਾਂ ਉਹਦੇ ਕੱਪੜਿਆਂ ਦੀ ਖੁਸ਼ਬੋ, ਉਹਦੀ ਗਰਦਨ ਦੀ ਵਾਸ਼ਨਾ, ਉਹਦੇ ਬੁਲ੍ਹਾਂ ਦਾ ਸੁਆਦ .. ਮੇਰੇ ਅੰਦਰ ਵਸਿਆ ਹੁੰਦਾ। ਉਹਦੀਆਂ ਚੂੰਢੀਆਂ ਦੀ ਚੀਸ ਮਹਿਸੂਸ ਹੁੰਦੀ। ਤੇ ਮੇਰੇ ਮੂੰਹੋਂ ਨਿਕਲਦਾ,‘ ਹੈਅ ਸਾਲੀ’। ਉਹ ਮੈਨੂੰ ਤੁਰੇ ਜਾਂਦੇ ਨੂੰ ਯਾਦ ਆ ਜਾਂਦੀ ਸੀ। ..

ਇਹ ਗੱਲ ਮੈਨੂੰ ਬੜਾ ਚਿਰ ਤੰਗ ਕਰਦੀ ਰਹੀ ਸੀ। ਉਹ ਵੀ ਨਾ ਭੁੱਲੀ ਹੋਵੇ ਸ਼ਾਇਦ। ਉਹ ਆਪਣੇ ਜ਼ਿੱਦੀ ਪਤੀ ਤੋਂ ਬਹੁਤ ਡਰਦੀ ਸੀ। ਜੀਹਨੇ ਦਾਜ ਦਾ ਇਕ ਛੱਲਾ ਵੀ ਨਹੀਂ ਸੀ ਲਿਆ। ਉਹਦੇ ਚਾਚੇ ਨੇ ਕੁੜਮ ਦੇ ਜ਼ੋਰ ਦੇਣ ’ਤੇ ਉਂਗਲ ’ਚ ਮੁੰਦਰੀ ਪਵਾ ਲਈ ਸੀ। ਜਦੋਂ ਡਾਕਟਰ ਨੂੰ ਪਤਾ ਲੱਗਿਆ ਤਾਂ ਉਹਨੇ ਮੁੰਦਰੀ ਲੁਹਾ ਕੇ ਗੰਦੇ ਨਾਲੇ ’ਚ ਸੁੱਟ ਦਿੱਤੀ ਸੀ। ਜੀਹਨੇ ਆਪਣੇ ਬਾਪ ਡਾਕਟਰ ਅਮੀਰ ਚੰਦ, ਜਿਹੜੇ ਲਹੌਰ ਦੇ ਬਹੁਤ ਵੱਡੇ ਡਾਕਟਰ ਸਨ, ਦੀ ਜਾਇਦਾਦ ਤੋਂ ਆਪਣੇ ਆਪ ਨੂੰ ਸਿਰਫ ਏਸ ਲਈ ਬੇਦਖਲ ਕਰ ਲਿਆ ਸੀ ਕਿ ਉਹ ਵੱਡੇ ਅਮੀਰ ਡਾਕਟਰ ਦੀ ਧੀ ਨਾਲ ਉਹਦਾ ਰਿਸ਼ਤਾ ਕਰਨਾ ਚਾਹੁੰਦੇ ਸਨ।..

ਅਸੀਂ ਮਿਲਦੇ ਤਾਂ ਰਹੇ ਹਾਂ ਵਿਆਹਾਂ ਸੋਗਾਂ ਦੇ ਸਮਾਗਮਾਂ ’ਤੇ। ਡਾ. ਰਾਓੜਾ ਕਦੇ ਪੀ ਵੀ ਲੈਂਦਾ ਸੀ ਮੇਰੇ ਨਾਲ। ਪਰ ਉਹਦੇ ’ਤੋਂ ਆਪਣੀ ਹੱਦੋਂ ਵੱਧ ਈਮਾਨਦਾਰੀ ਤੇ ਵੱਡੇ ਡਾਕਟਰ ਹੋਣ ਦਾ ਮਾਵਾ ਨਹੀਂ ਸੀ ਲਹਿੰਦਾ।... ਮੈਨੂੰ ਮੇਰੇ ਸਾਲੇ ਦੇ ਫੋਨ ’ਤੋਂ ਪਤਾ ਲੱਗਿਆ ਕਿ ਅਸਲ ’ਚ ਡਾਕਟਰ ਰਾਓੜਾ ਨੂੰ ਏਸ ਕਰ ਕੇ ਪਟਿਆਲੇ ਤੋਂ ਭੱਜਣਾ ਪਿਆ ਕਿ ਉਹਨਾਂ ਦੇ ਗਵਾਂਢ ਘਰ ’ਚ ਵਸਦੇ ਹਿੰਦੂ ਪਰਵਾਰ ਦੇ ਸੱਤ ਜੀਅ ਅੱਤਵਾਦੀਆਂ ਨੇ ਮਾਰ ਕੇ ਸਾੜ ਦਿੱਤੇ ਸਨ। ਜਿਨ੍ਹਾਂ ਦੀਆਂ ਅੱਧ ਸੜੀਆਂ ਲਾਸ਼ਾਂ ਡਾਕਟਰ ਨੇ ਦੇਖ ਲਈਆਂ ਸਨ। ਫੇਰ ਪਟਿਆਲੇ ’ਚ ਏਡੀ ਵੱਡੀ ਕੋਠੀ ’ਚ ਉਹਨਾਂ ਦਾ ਹੋਰ ਕੌਣ ਸੀ? ਉਹਨਾਂ ਦੀ ਇਕਲੌਤੀ ਲੜਕੀ ਪੁਸ਼ਪੀ ਡਾਕਟਰ ਬਣ ਕੇ ਅਮਰੀਕਾ ਜਾ ਵਸੀ ਸੀ। ਜਿਸ ਦਾ ਹੁਣ ਸਿਰਫ ਫੋਨ ਆਉਂਦਾ ਸੀ।

ਉਹਨਾਂ ਨੂੰ ਮਿਲਣ ਮੈਂ ਸਨੌਰਾ ਦੇ ਹਸਪਤਾਲ ਜਾ ਵੜਿਆ। ‘ਪੁਸ਼ਪੀ ਹਸਪਤਾਲ’ ਦੀ ਅੰਗਰੇਜ਼ੀ ਅੱਖਰ ਐਫ ਸ਼ੇਪ ਦੀ ਬਿਲਡਿੰਗ ਨਵੀਂ ਤੇ ਚਮਕਦੀ ਸੀ। ਪੂਨਮ ਲਾਅਨ ’ਚ ਸੈਰ ਕਰਦੀ ਮਿਲ ਗਈ।

ਉਹਦੀ ਸਿਹਤ ਤਾਂ ਠੀਕ ਸੀ, ਪਰ ਚਿਹਰੇ 'ਤੇ ਦੁੱਖ ਤੇ ਬੁਢੇਪਾ ਛਾਇਆ ਹੋਇਆ ਸੀ। ਮੈਂ ਪੁੱਛਿਆ ਕਿ ਡਾਕਟਰ ਕਿੱਥੇ ਏ ਤਾਂ ਕਹਿੰਦੀ,"ਆ ਜਾਓ, ਪਹਿਲਾਂ ਚਾਹ ਪੀ ਲਈਏ।"

ਜਦੋਂ ਅਸੀਂ ਡਾਕਟਰ ਦੇ ਕਮਰੇ 'ਚ ਗਏ ਤਾਂ ਉਹ ਭਗਵੇਂ ਲਿਬਾਸ 'ਚ ਮੱਥੇ 'ਤੇ ਰਾਮਨਾਮੀ ਰੱਖੀ ਚੌਕੜੀ ਮਾਰੀ ਧਿਆਨ 'ਚ ਲੱਗੇ ਹੋਏ ਸਨ। ਮੁੜ ਕੇ ਗਏ ਤਾਂ ਉਹ ਘਾਹ ਵਾਲੇ ਲਾਅਨ 'ਚ ਚਟਾਈ ਵਿਛਾ ਕੇ ਬੈਠੇ ਸਨ। ਉਹਨਾਂ ਨੇ ਮੇਰੇ ਨਾਲ ਬੱਸ ਰਸਮੀ ਦੋ ਗੱਲਾਂ ਕੀਤੀਆਂ। ਗੱਲ ਕਰਦੇ ਵੀ ਉਹ ਅੱਖਾਂ ਮੀਚਦੇ ਰਹੇ। ਮੈਂ ਹੈਰਾਨ ਕਿ ਇਹ ਉਹੀ ਆਈ ਸਪੈਸ਼ਲਿਸਟ ਡਾ ਪੀ. ਸੀ. ਰਾਓੜਾ ਈ ਏ, ਜੀਹਦੇ ਕੋਲੋਂ ਰਾਜਿੰਦਰਾ ਹਸਪਤਾਲ ਦਾ ਸਟਾਫ ਡਰਦਾ ਸੀ। ਤੇ ਇਹ ਗਾਈਨੀ ਦੀ ਸਪੈਸਲਿਸਟ ਡਾਕਟਰ ਪੂਨਮ ਰਾਓੜਾ ਏ? ਜੀਹਦੇ ਹੱਥੋਂ ਲੱਖਾਂ ਬੱਚਿਆਂ ਦਾ ਜਨਮ ਹੋਇਆ ਏ। ਇਹ ਪਟਿਆਲੇ ਦੀ ਏਨੀ ਵੱਡੀ ਪ੍ਰੈਕਟਿਸ ਛੱਡ ਕੇ ਏਸ ਪੱਛੜੇ ਇਲਾਕੇ ਦੇ ਲੋਕਾਂ ਦੀ ਮੁਫਤ ਸੇਵਾ ਕਰਨ ਲਈ ਕਿਉਂ ਆਏ ਨੇ?

ਹਸਪਤਾਲ ਦਾ ਅੱਖਾਂ ਵਾਲਾ ਵਾਰਡ ਬੰਦ ਸੀ। ਗਾਇਨੀ ਦਾ ਚੱਲਦਾ ਸੀ। ਬਿਲਡਿੰਗ ਖਾਲੀ ਪਈ ਸੀ। ਇਕ ਨਰਸ, ਇਕ ਖਾਣਾ ਬਣਾਓਣ ਵਾਲੀ ਤੇ ਇਕ ਸਫਾਈਆਂ ਕਰਨ ਵਾਲੀ ਸੀ। ਰਾਤ ਨੂੰ ਮੈਂ ਤੇ ਪੂਨਮ ਖਾਣਾ ਖਾ ਕੇ ਮੇਜ਼ 'ਤੇ ਈ ਬੈਠੇ ਗੱਲਾਂ ਕਰਦੇ ਰਹੇ। ਉਹਦੀਆਂ ਗੱਲਾਂ ਤੋਂ ਮੈਨੂੰ ਲੱਗਿਆ ਕਿ ਏਸ ਚੈਰੀਟੇਬਲ ਹਸਪਤਾਲ ਨੇ ਕਿਸੇ ਵੀ ਦਿਨ ਅਚਾਨਕ ਬੰਦ ਹੋ ਜਾਣਾ ਏ। ਸ਼ਾਇਦ ਉਦੋਂ ਜਦੋਂ ਡਾਕਟਰ ਪੂਨਮ ਰਾਓੜਾ ਦੇ ਬੁੱਢੇ ਸਰੀਰ ਨੇ ਜਣੇਪੇ ਦੇ ਕੰਮ ਤੋਂ ਜਵਾਬ ਦੇ ਦੇਣਾ ਏ। ਜਾਂ ਜਦੋਂ ਡਾਕਟਰ ਰਾਓੜਾ ਨੂੰ ਆਪਣੇ ਜਿਓਤਿਸ਼ ਦੇ ਗਿਆਨ ਨਾਲ ਆਪਣੀ ਮੌਤ ਦੀ ਸਹੀ ਤਰੀਕ ਦਾ ਪਤਾ ਲੱਗ ਜਾਣਾ ਏ।

ਉਹ ਇਕ ਨਿੱਕੀ ਜਿਹੀ ਗੱਲ 'ਤੇ ਅੱਖਾਂ ਦੀ ਡਾਕਟਰੀ ਦਾ ਆਪਣਾ ਕੰਮ ਬੰਦ ਕਰ ਕੇ ਬਹਿ ਗਿਆ ਸੀ।.. ਜਦੋਂ ਇਹ ਬਿਲਡਿੰਗ ਬਣ ਰਹੀ ਸੀ ਤਾਂ ਇਹਦੀ 'ਈ' ਸ਼ੇਪ ਦੀ ਹੇਠਲੀ ਲੱਤ ਸ਼ੁਰੂ ਹੋਈ ਤਾਂ ਜ਼ਮੀਨ ਦੇ ਮਾਲਕ ਅੜਵ ਰਾਜਪੂਤ ਨੇ ਪੰਗਾ ਪਾ ਲਿਆ ਕਿ ਕੁਝ ਪੈਸੇ ਹੋਰ ਦਿਓ। ਉਹ ਕੀਤੀ ਜ਼ਬਾਨ ਤੋਂ ਮੁੱਕਰ ਗਿਆ ਸੀ। ਬੱਸ, ਏਸੇ ਗੱਲ 'ਤੇ ਅੱਖਾਂ ਦੇ ਡੀਪਾਰਟਮੈਂਟ ਦੀ ਸਾਰੀ ਮਸ਼ੀਨਰੀ ਆਪਰੇਸ਼ਨ ਥੀਏਟਰ 'ਚ ਬੰਦ ਕਰ ਕੇ ਰੱਖ ਦਿੱਤੀ ਗਈ। ਬੋਰਡ ਲਾਹ ਦਿੱਤੇ ਗਏ। ਡਾਕਟਰ ਘਰ ਦਾ ਤਿਆਗ ਕਰ ਕੇ ਚਾਰੇ ਧਾਮਾਂ ਦੀ ਯਾਤਰਾ 'ਤੇ ਚਲਿਆ ਗਿਆ। ਮੁੜ ਕੇ ਆਇਆ ਤਾਂ ਇਹ ਗਿਆਨ ਲਿਆਇਆ ਕਿ ਹੁਣ ਉਹਨਾਂ ਦੇ ਸਾਹ ਮੁੱਕਣ ਵਾਲੇ ਨੇ। ਉਹਨਾਂ ਦੀ ਮ੍ਰਿਤਯੂ ਦੀ ਤਰੀਕ ਦਾ ਪਤਾ ਲੱਗ ਗਿਆ ਏ।

ਮੈਂ ਚਰਬੀ ਤੋਂ ਸੱਖਣੇ ਹੋਏ ਉਹਦੇ ਸ਼ਰੀਰ ਨੂੰ ਦੇਖ ਕੇ ਆਪਣੇ ਆਪ ਨੂੰ ਕਹਿੰਦਾ ਹਾਂ,'ਦੇਖ ਕਸਤੂਰੀ ਲਾਲ ਤਾਸੀਰ, ਏਸ ਬੰਦੇ ਕੋਲ ਹੁਣ ਕੀਮਤੀ ਲਿਬਾਸ ਨਹੀਂ। ਸ਼ਾਨਦਾਰ ਫਰਨੀਚਰ ਤੇ ਕਰੌਕਰੀ ਨਹੀਂ। ਏਨੀ ਜਾਇਦਾਦਾਂ 'ਚੋਂ ਕਿਸੇ ਦੀ ਰਜਿਸਟਰੀ ਨਹੀਂ। ਆਪਣੇ ਵੱਡਾ ਡਾਕਟਰ ਹੋਣ ਦਾ ਹੰਕਾਰ ਵੀ ਨਹੀਂ। ਫੇਰ ਵੀ ਇਹ ਜਿਊਂਦਾ ਏ। ਇਹਦੇ ਅੰਦਰ ਸ਼ਾਇਦ ਇਕ ਸ਼ੈਅ ਹੋਵੇ.. ਜਿਸ ਦਾ ਨਾ ਇਹਨੂੰ ਪਤਾ ਏ ਤੇ ਨਾ ਈ ਮੈਨੂੰ। ਇਹ ਉਹਨੂੰ ਲੱਭਣ ਦੇ ਜਤਨ ਕਰ ਰਿਹਾ ਏ। ਤੇ ਮੈਂ ਬੇਨਿਆਜ਼ ਹਾਂ।

ਉਂਜ ਪਤਾ ਨਹੀਂ ਕਿ ਉਹਨਾਂ ਦੋਹਾਂ ਵਿਚੋਂ ਪਹਿਲਾਂ ਕੀਹਨੇ ਮਰਨਾ ਏ। ਇਹ ਵੀ ਪਤਾ ਨਹੀਂ ਕਿ ਉਹਨਾਂ ਨੂੰ ਮੇਰਾ ਹੀ ਮੁਰਦਾ ਸਾਂਭਣਾ ਪੈ ਜਾਵੇ। ਜਾਂ ਫੇਰ ਡਾਕਟਰ ਦੇ ਮਰਨ ਬਾਅਦ ਮੈਂ ਵੀ ਪੂਨਮ ਦੀ ਸੇਵਾ ਕਰਨ ਲਈ ਇਥੇ ਰਹਿ ਜਾਵਾਂ? ਆਖਰ ਨੂੰ ਬੰਬਈ ਆਪਣੇ ਬੇਟੇ ਸੰਜੀਵ ਕੋਲ ਜਾਂ ਕਿਸੇ ਬਿਰਧ ਆਸ਼ਰਮ ਵਿਚ ਜਾਣਾ ਜ਼ਰੂਰੀ ਤੇ ਨਹੀਂ। ਖਬਰੇ ਕੀਹਨੂੰ ਕੀਹਦਾ ਅੰਤਮ ਸੰਸਕਾਰ ਕਰਨਾ ਕੀਹਦੇ ਕਰਮਾਂ 'ਚ 'ਲਿਖਿਆ ਏ। ਡਾ. ਰਾਓੜਾ ਫਰਸ਼ 'ਤੇ ਸੁੱਟੇ ਗੱਦੇ 'ਤੇ ਪਿਆ ਧਿਆਨ ਧਰਦਾ ਕਹਿੰਦਾ ਹੁੰਦਾ ਏ," ਬੰਦੇ ਦਾ ਪਲ ਪਲ ਪਹਿਲਾਂ ਤੋਂ ਈ ਲਿਖੇ ਮਿਥੇ ਲੇਖਾਂ ਨਾਲ ਚੱਲਦਾ ਏ।"...

ਹੁਣ ਰਾਤ ਦਾ ਖਾਣਾ ਡਾ. ਰਾਓੜਾ ਆਪਣੇ ਘੁਰਨੇ 'ਚ ਹੀ ਖਾਂਦੇ ਨੇ। ਮੈਂ ਤੇ ਪੂਨਮ ਮੇਰੇ ਕਮਰੇ ਦੇ ਅੱਗੇ ਬਣੇ ਵਰਾਂਡੇ 'ਚ ਪਏ ਟੇਬਲ 'ਤੇ ਬਹਿ ਕੇ ਖਾਂਦੇ ਹਾਂ। ਇਹ ਥਾਂ ਕਿਚਨ ਦੇ ਨੇੜੇ ਏ। ਤਵੇ 'ਤੋਂ ਲਹਿੰਦੀ ਰੋਟੀ ਪਲੇਟ 'ਤੇ ਆ ਜਾਂਦੀ ਏ। ਅਸੀਂ ਖਾਂਦੇ ਬਹੁਤੀਆਂ ਗੱਲਾਂ ਨਹੀਂ ਕਰਦੇ। ਕਦੇ ਸਾਂਝੇ ਰਿਸ਼ਤਦਾਰਾਂ ਦੀਆਂ ਕਰ ਲੈਂਦੇ ਹਾਂ। ਮੇਰੇ ਵਿਆਹ ਵਾਲੇ ਦਿਨਾਂ ਦੇ ਉਹਦੇ ਪਾਗਲਪਨ ਦੀ ਉੱਕਾ ਕੋਈ ਗੱਲ ਨਹੀਂ ਹੁੰਦੀ।

ਪਿਛਲੇ ਕਈ ਵਰ੍ਹਿਆਂ ਤੋਂ ਮੇਰੀ ਦੁਸ਼ਮਣ ਬਣੀ ਹੋਈ ਮੇਰੀ ਨੀਂਦ ਨੇ ਮੈਨੂੰ ਫੇਰ ਤੰਗ ਕੀਤਾ ਹੋਇਆ ਏ। ਆਉਂਦੀ ਏ ਤਾਂ ਛੇਤੀ ਟੁੱਟਦੀ ਨਹੀਂ। ਲਗਾਤਾਰ ਸੁਫਨਿਆਂ ਦੀ ਫਿਲਮ ਚਲਾਉਂਦੀ ਰਹਿੰਦੀ ਏ।



ਉੱਖੜਦੀ ਏ ਤਾਂ ਮੁੜ ਆਉਂਦੀ ਨਹੀਂ। ਮੈਂ ਆਪ ਮਨਚਾਹੀ ਫਿਲਮ ਚਲਾਓਣ ਲੱਗ ਪੈਂਦਾ ਹਾਂ। ਉਸੇ ਦੁਨੀਆ 'ਚ ਚਲਿਆ ਜਾਂਦਾ ਹਾਂ, ਜਿਹੜੀ ਮੇਰੇ ਮਨ ਨੇ ਪੈਦਾ ਕੀਤੀ ਹੋਈ ਏ। ਮੈਂ ਆਪਣੀ ਤੰਦ ਫੇਰ ਉਹਨਾਂ ਲੋਕਾਂ ਨਾਲ ਜੋੜ ਲੈਂਦਾ ਹਾਂ, ਜਿਹੜੇ ਪਿਛਲੇ ਚੁਰੰਜਾ ਵਰ੍ਹਿਆਂ ਤੋਂ ਮੇਰੇ ਦਿਲ ਦੇ ਨੇੜੇ ਨੇ। ਫੇਰ ਜਦੋਂ ਕਦੇ ਅੰਦਰ ਲਾਂਬੂ ਲੱਗਦਾ ਏ ਤਾਂ ਮਨ ਦੀ ਭਸਮ ਮਾਰ ਲੈਂਦਾ ਹਾਂ।

ਸਾਡੇ ਉੱਤਰੀ ਭਾਰਤ 'ਚ ਜਦੋਂ ਮੌਸਮ ਬਦਲਦਾ ਏ ਤਾਂ ਮੈਨੂੰ 'ਉਦਾਸੀ-ਰੋਗ' ਹੋਣ ਲੱਗ ਪੈਂਦਾ ਏ। ਸ਼ਾਮ ਨੂੰ ਸੂਰਜ ਡੁੱਬਣ ਨਾਲ ਮੇਰਾ ਦਿਲ ਵੀ ਡੁੱਬਣ ਲੱਗ ਪੈਂਦਾ ਏ। ਤਿਹਾਰਾਂ ਦਾ ਮਹੀਨਾ ਅਕਤੂਬਰ ਚੱਲ ਰਿਹਾ ਏ। ਏਸ ਪਹਾੜੀ ਪਿੰਡ ਦੀ ਛਿਪਦੀ ਬਾਹੀ ਦੀ ਪਹਾੜੀ 'ਤੇ ਬਣੇ ਏਸ ਹਸਪਤਾਲ ਦੀ ਚੌਰਸ ਚੋਟੀ 'ਤੇ ਮੈਂ ਤੇ ਡਾਕਟਰ ਪੂਨਮ ਸੈਰ ਕਰ ਕੇ ਪੱਥਰਾਂ 'ਤੇ ਬੈਠੇ ਹਾਂ। ਸਾਹਮਣੇ ਡੁੱਬਦੇ ਸੂਰਜ ਦਾ ਰੰਗ ਕਿਰਮਚੀ ਹੋ ਗਿਆ ਏ। ਵਿਚ ਨੀਲੀ ਭਾਅ ਵੀ ਮਾਰਦੀ ਏ। ਸੂਰਜ ਦਾ ਏਡਾ ਵੱਡਾ ਗੋਲਾ ਤੇ ਇਹ ਰੰਗ ਪੂਨਮ ਨੂੰ ਚੰਗਾ ਲੱਗਦਾ ਏ। ਪਰ ਮੈਨੂੰ ਘਬਰਾਹਟ ਹੋਣ ਲੱਗ ਪਈ ਏ। ਮੈਂ ਮੁੜਨ ਨੂੰ ਕਹਿੰਦਾ ਹਾਂ। ਪੂਨਮ ਮੇਰੀ ਅਵਸਥਾ ਨੂੰ ਸਮਝਦੀ ਹੋਈ ਉਠ ਖੜ੍ਹੀ ਏ। ਮੈਂ ਜੇਬ 'ਚੋਂ ਕੱਢ ਕੇ ਡਾ. ਦਰਸ਼ਨ ਸਿੰਘ ਦੀ ਦੱਸੀ ਗੋਲੀ ਨਿਘਾਰ ਲੈਂਦਾ ਹਾਂ। ਕਾਸ਼, ਏਥੇ ਪੂਨਮ ਦੀ ਥਾਂ ਅਨਾਰੋ ਹੁੰਦੀ। ਮੈਨੂੰ ਬਾਹਾਂ 'ਚ ਲੈ ਕੇ ਲੈ ਜਾਂਦੀ।

ਕਦੇ ਮੈਂ ਡਾਕਟਰ ਨੂੰ ਕਹਿੰਦਾ ਹੁੰਦਾ ਸੀ, ਸ਼ਾਇਦ ਈਰਖਾ ਨਾਲ, 'ਸਾਡੇ ਹੁੰਦਿਆਂ ਇਹ ਤੇਰੀ ਡਾਕਟਰੀ, ਇਹ ਬਿਲਡਿੰਗਾਂ, ਇਹ ਸ਼ੁਹਰਤ ਸਭ ਵਿਅਰਥ ਹੋ ਜਾਣੀ ਏ ਕਦੇ।'.. ਉਹ ਹੁਣ ਮੈਨੂੰ ਕਹਿੰਦਾ ਏ, 'ਸ਼ਾਇਦ ਨਵੇਂ ਮਿਲੇ ਗਿਆਨ ਨਾਲ, 'ਇਹ ਸਾਰਾ ਜਗਤ ਹੀ ਮਿੱਥਿਆ ਹੈ।'.. ਤਦ ਮੈਂ ਆਪਣੇ ਮਨ 'ਚ ਇਹ ਕਹਿੰਦਾ ਉੱਠ ਖੜ੍ਹਦਾ ਹਾਂ ਕਿ .. 'ਸਭ ਠਾਠ ਪੜਾ ਰਹਿ ਜਾਏਗਾ, ਜਬ ਲਾਦ ਚਲੇਗਾ ਬੰਜਾਰਾ'। .. ਪਰ ਜਦੋਂ ਮੈਂ ਪੂਨਮ ਦੇ ਕਮਰੇ 'ਚ ਜਾਂਦਾ ਹਾਂ ਤਾਂ ਉਹਨੂੰ ਚੂੰਢੀ ਵੱਢਵੀਂ ਟਿੱਚਰ ਕਰਦਾ ਹਾਂ। "ਦਿਲ ਕਰਦਾ ਏ ਕਿ ਠਾਠ ਰਹੇ ਨਾ ਰਹੇ, ਇਹਦੇ ਕੋਲ ਤੇ ਇਹਦੇ ਨਾਲ ਲਿਪਟਿਆ ਰਹਾਂ।"

ਮੇਰੀ ਗੱਲ ਸੁਣ ਕੇ ਉਹ ਮੁਸਕਰਾਈ ਏ। ਪਤਾ ਨਹੀਂ ਮੇਰੀ ਮੂਰਖਤਾ ਭਰੀ ਖਾਹਿਸ਼ 'ਤੇ ਜਾਂ ਆਪਣੀ ਬੇਵਸੀ 'ਤੇ। ਖਬਰੇ ਉਹਨੂੰ ਪੰਜਾਬ ਦੇ ਕਤਲਾਮਾਂ ਕਰ ਕੇ ਆਪਣਾ ਜਬਰੀ ਉੱਜੜਨਾ ਯਾਦ ਆ ਗਿਆ ਹੋਵੇ।

ਜਦੋਂ ਡਾ. ਰਾਓੜਾ ਦੇ ਮਰਨ ਦੀ ਤਰੀਕ ਨੇੜੇ ਆਓਣ ਲੱਗੀ ਤਾਂ ਪੂਨਮ ਦਾ ਕੰਮ 'ਚ ਦਿਲ ਲੱਗਣੋਂ ਹਟ ਗਿਆ। ਉਹ ਵਾਰ ਵਾਰ ਉਹਨੂੰ ਦੇਖਣ ਜਾਂਦੀ। ਮੈਂ ਵੀ ਉਹਦੇ ਕੋਲ ਬੈਠਾ ਰਹਿੰਦਾ। ਉਹ ਅਕਸਰ ਸੋਚ ਦੀ ਮੁਦ੍ਰਾ 'ਚ ਹੁੰਦਾ ਜਾਂ ਸ਼ਾਇਦ ਜਾਂ ਉਹਨੂੰ ਮੇਰਾ ਕੋਲ ਬਹਿਣਾ ਚੰਗਾ ਨਾ ਲੱਗਦਾ ਹੋਵੇ। ਉਹ ਕਦੇ ਪਿਛਲੇ ਤੇ ਕਦੇ ਅਗਲੇ ਜਨਮ ਦੀ ਗੱਲ ਕਰਦਾ। ਕਦੇ ਕੋਈ ਅਜਿਹਾ ਸ਼ਬਦ ਬੋਲਦਾ ਕਿ ਮੈਨੂੰ ਸਮਝ ਹੀ ਨਾ ਪੈਂਦੀ।.. ਉਹ ਆਪਣਾ ਆਹਾਰ ਦਿਨੋਂ ਦਿਨ ਘਟਾਈ ਜਾ ਰਿਹਾ ਸੀ। ਫੇਰ ਅੰਨ ਖਾਣਾ ਈ ਛੱਡ ਦਿੱਤਾ। ਕੋਈ ਫਲ ਜਾਂ ਨਮਕ ਮਿਲਿਆ ਪਾਣੀ ਲੈਂਦਾ। ਮੈਨੂੰ ਲੱਗਿਆ ਕਿ ਉਹ ਆਪਣੀ ਭਵਿਖਵਾਣੀ ਠੀਕ ਸਿੱਧ ਕਰਨ ਲਈ ਜੈਨੀਆਂ ਵਾਂਗੂੰ ਸੰਥਾਰਾ ਕਰ ਰਿਹਾ ਏ।

ਆਖਰ ਇਕ ਸਵੇਰ ਨੂੰ ਉਹ ਬੇਹੋਸ਼ ਹੋ ਗਿਆ ਤੇ ਇਕ ਘੰਟੇ ਦੇ ਅੰਦਰ ਅੰਦਰ ਸਾਹ ਪੂਰੇ ਕਰ ਗਿਆ। ਇਹ ਉਹਦੇ ਜਿਓਤਿਸ਼ ਤੋਂ ਦੋ ਦਿਨ ਪਹਿਲਾਂ ਹੋ ਗਿਆ ਸੀ।.. ਬਾਅਦ 'ਚ ਮੈਨੂੰ ਪੂਨਮ ਨੇ ਦੱਸਿਆ ਕਿ ਡਾਕਟਰ ਸਾਹਿਬ ਵਸੀਅਤ ਕਰ ਗਏ ਨੇ ਕਿ ਮਰਨ ਦੀ ਸੂਚਨਾ ਕਿਸੇ ਰਿਸ਼ਤੇਦਾਰ ਨੂੰ ਨਹੀਂ ਦੇਣੀ। ਫੁੱਲ ਨੇੜੇ ਦੇ ਵਗਦੇ ਪਾਣੀ 'ਚ ਪਾ ਦੇਣੇ ਨੇ। ਕਿਰਿਆ ਨਹੀਂ ਕਰਨੀ।

ਪੂਨਮ ਕਈ ਦਿਨ ਰਾਤ ਪੁਸ਼ਪੀ ਨੂੰ ਫੋਨ ਕਰਦੀ ਤੇ ਰੋਂਦੀ ਰਹੀ। ਉਹਦੇ ਕੋਲ ਉਹਦਾ ਦੁੱਖ ਵੰਡਾਓਣ ਵਾਲਾ ਰਿਸ਼ਤੇਦਾਰ ਮੈਂ ਹੀ ਸੀ। ਇਕ ਦਿਨ ਮੈਂ ਆਪਣੇ ਸਾਲੇ ਨੂੰ ਫੋਨ ਕਰ ਕੇ ਪੂਨਮ ਦੇ ਰੁੱਸੇ ਭਰਾ ਨੂੰ ਬੁਲਾ ਲਿਆ। ਉਹਨੂੰ ਮਿਲ ਕੇ ਪੂਨਮ ਰੱਜ ਕੇ ਰੋਈ।... ਦਿਲ ਟਿਕਾਓਣ ਲਈ ਅਸੀਂ ਹਵਨ ਕਰਾਇਆ। ਲੰਗਰ ਲਵਾਇਆ। ਫੇਰ ਅਸੀਂ ਹਸਪਤਾਲ ਦੇ ਕੰਮਾਂ 'ਚ ਜੋਟ ਗਏ। ਹਸਪਤਾਲ ਨੂੰ ਚਲਾਓਣ ਦਾ ਪੱਕਾ ਫੈਸਲਾ ਅਸੀਂ ਜੁਲਾਈ ਦੇ ਮਹੀਨੇ 'ਚ ਕਰ ਲਿਆ। ਅਸੀਂ ਪਿੰਡ ਦੇ ਸਰਪੰਚ ਰਾਣਾ ਸ਼ਮਸ਼ੇਰ ਸਿੰਘ ਦੀ ਪ੍ਰਧਾਨਗੀ 'ਚ ਪੱਕਾ ਟਰਸਟ ਬਣਾ ਲਿਆ। ਹਸਪਤਾਲ ਸਾਰੇ ਸਮਾਨ ਸਣੇ ਟਰਸਟ ਨੂੰ ਪੁੰਨ ਕਰ ਦਿੱਤ। ਹਸਪਤਾਲ ਦਾ ਨਾਂ 'ਪੁਸ਼ਪੀ' ਦੇ ਨਾਂ 'ਤੇ ਰੱਖਿਆ ਗਿਆ।

ਮੈਂ ਸਰਪੰਚ ਰਾਣਾ ਦੀ ਜੀਪ ਲੈ ਕੇ ਘਰੋਂ ਆਪਣਾ ਲੋੜੀਂਦਾ ਸਮਾਨ ਚੁੱਕ ਲਿਆਇਆ। ਮੇਰਾ ਘਰ

ਤੇ ਕਿਚਨ ਵਸ ਗਿਆ। ਜਿਥੇ ਮੈਂ ਹਰ ਹਰਕਤ ਲਈ ਆਜ਼ਾਦ ਸੀ। ਖਾਣੇ ਦੀ ਮੇਜ਼ ’ਤੇ ਆਓਣ ਤੋਂ ਪਹਿਲਾਂ ਮੈਂ ਆਪਣੇ ਕਮਰੇ ’ਚ ਜਾਂ ਸਰਪੰਚ ਰਾਣੇ ਦੀ ਬੈਠਕ ’ਚ ਦੋ ਪੈੱਗ ਲਾ ਲੈਂਦਾ ਹਾਂ। ਨਹੀਂ ਤਾਂ ਰਾਤ ਲੰਘਣੀ ਔਖੀ ਹੋ ਜਾਂਦੀ ਏ। ਕਦੇ ਕਦੇ ਰਾਣਾ ਵਿਸਕੀ ਲੈ ਆਉਂਦਾ ਏ। ਦਿਲ ਦੇ ਨੇੜੇ ਹੋਏ ਬੰਦੇ ਨਾਲ ਪੀ ਕੇ ਗੱਲਾਂ ਕਰਨ ਦਾ ਸੁਆਦ ਈ ਵੱਖਰਾ ਹੁੰਦਾ ਏ। ਕਦੇ ਰਾਣਾ ਆਪਣੀ ਪਿਛਲੀ ਬੈਠਕ ’ਚ ਮੀਟ ਬਨਾਓਣ ਦਾ ਜਸ਼ਨ ਕਰਦਾ ਏ। ਉਹਨੂੰ ਆਪ ਸਟੋਵ ਬਾਲ ਕੇ, ਮਸਾਲੇ ਰਗੜ ਤੇ ਭੁੰਨ ਕੇ ਤੇ ਫੇਰ ਹੌਲੀ ਹੌਲੀ ਦਾਰੂ ਦੇ ਨਾਲ ਖਾ ਕੇ ਬੜਾ ਸੁਆਦ ਆਉਂਦਾ ਏ। ਇਹ ਕੰਮ ਕਰਦਾ ਮੈਨੂੰ ਆਖੀ ਜਾਵੇਗਾ, “ਦੇਖ, ਖੁਸ਼ਬੋ ਮਸਾਲੇ ਦੀ। ਦੇਖ, ਬੱਕਰੇ ਦੇ ਪੱਟਾਂ ਦੀਆਂ ਮੱਛੀਆਂ। ਤੜਫੀਆਂ ਟੱਪਦੀਆਂ।

ਮੇਰਾ ਵੀ ਉਹਦੇ ਟੱਬਰ ਨਾਲ ਪਿਆਰ ਪੈ ਗਿਆ ਏ। ਘਰ ਦੇ ਜੀਅ ਵਰਗਾ ਸਲੂਕ ਕਰਦੇ ਨੇ ਸਾਰੇ। ਰਾਣਾ ਦੀ ਨੂੰਹ ਸੀਮਾ ਮੇਰੀ ਧੀ ਬਣ ਗਈ ਏ। ਮੈਂ ਤਿਥ ਤਿਹਾਰ ’ਤੇ ਉਹਨੂੰ ਕੋਈ ਨਾ ਕੋਈ ਤੁਹਫਾ ਦੇਂਦਾ ਹਾਂ। ਉਹਦੀ ਸੱਸ ਪਾਰਵਤੀ ਮੈਨੂੰ ‘ਵੀਰ ਜੀ’ ਕਹਿੰਦੀ ਚੰਗੀ ਲੱਗਦੀ ਏ। ਮੈਂ ਤੇ ਰਾਣਾ ਸ਼ਾਮ ਨੂੰ ਜਦੋਂ ਕਦੇ ਉਹਨਾਂ ਦੇ ਘਰ ਬਹਿ ਕੇ ਪੀਂਦੇ ਤਾਂ ਗੱਲਾਂ ਖੁਸਰ ਫੁਸਰ ’ਚ ਹੀ ਹੁੰਦੀਆਂ ਨੇ।

ਕਿਥੇ ਖੰਨਾ, ਕਿਥੇ ਪਟਿਆਲਾ, ਕਿਥੇ ਸਮਰਾਲਾ, ਕਿਥੇ ਚੰਡੀਗੜ ਤੇ ਕਿਥੇ ਹੁਣ ਇਹ ਸਨੌਰਾ। ਇਹ ਹਿਮਾਚਲ ਦਾ ਕਸਬਾ ਏ, ਜੇ ਪੰਜਾਬ ’ਚ ਹੁੰਦਾ ਤਾਂ ਪਿੰਡ ਵੱਜਦਾ।... ਹਸਪਤਾਲ ਕਰ ਕੇ ਦੋ ਹੱਟੀਆਂ ਹੋਰ ਬਣ ਗਈਆਂ ਨੇ। ਇਕ ਚਾਹ ਦੀ ਤੇ ਇਕ ਦਵਾਈਆਂ ਦੀ। ਇਕ ਨਿੱਕਾ ਜਿਹਾ ਢਾਬਾ, ਇਕ ਕਰਿਆਨੇ ਵਾਲਾ ਆ ਗਿਆ ਏ। ਪਰ ਇਥੇ ਸਭ ਤੋਂ ਵੱਧ ਪੁਰਾਣੀ ਹੱਟੀ ਜੇਠੂ ਦੀ ਚੱਲਦੀ ਏ। ਜਿਥੋਂ ਦੁਨੀਆਂ ਭਰ ਦਾ ਸੌਦਾ ਮਿਲ ਜਾਂਦਾ ਏ। ਦਵਾ ਬੂਟੀ ਵੀ। ਹੱਟੀ ਦੀ ਗੱਦੀ ’ਤੇ ਜੇਠੂ ਹੋਵੇ ਜਾਂ ਉਹਦਾ ਮੁੰਡਾ, ਗਾਹਕ ਜੇਠੂ ਕਹਿ ਕੇ ਈ ਵਾਜ ਮਾਰਦੇ ਨੇ। ਇਵੇਂ ਮੇਰਾ ਨਾਂ ਵੀ ਕਸਤੂਰੀ ਡਾਕਟਰ ਪੈ ਗਿਆ ਏ।.. ਗੁੱਜਰੀ ਸ਼ੀਦਾਂ ਤਾਂ ਮੈਨੂੰ ‘ਕਸਤੂਰੀ ਭਰਾ’ ਈ ਕਹਿੰਦੀ ਏ। ਉਹਦੇ ਘਰਵਾਲੇ ਅੱਲਾ ਬਖਸ਼ ਦਾ ਡੇਰਾ ਪਿੰਡ ਦੇ ਬਾਹਰਵਾਰ ਪਹਾੜੀ ਉਹਲੇ ਚੜ੍ਹਦੇ ਪਾਸੇ ਏ। ਮੈਂ ਆਪਣੇ ਪੇਟ ਦੀ ਗੈਸ ਠੀਕ ਕਰਨ ਲਈ ਲੰਮੀ ਸੈਰ ਕਰਦਾ ਉਹਨਾਂ ਦੇ ਡੇਰੇ ਤਕ ਚਲਿਆ ਜਾਂਦਾ ਹਾਂ। ਫੇਰ ਇਕ ਪੱਥਰ ’ਤੇ ਬਹਿ ਕੇ ਮੱਝਾਂ, ਗਾਵਾਂ ਤੇ ਬੱਕਰੀਆਂ ਦੇ ਬੱਚਿਆਂ ਦੀਆਂ ਕਲੋਲਾਂ ਦੇਖਦਾ ਰਹਿੰਦਾ ਹਾਂ। ਫੇਰ ਮੇਰੇ ਅੰਦਰ ਬੈਠਾ ਪਿੰਡ ਦਾ ਇਕ ਮੁੰਡਾ ਮੈਨੂੰ ਉੱਠਣ ਨਹੀਂ ਦੇਂਦਾ।

ਇਕ ਵੀਰਵਾਰ ਦੀ ਸ਼ਾਮ ਨੂੰ ਸ਼ੀਦਾਂ ਖਾਜੇ ਪੀਰ ਦਾ ਦਲੀਆ ਪੱਤੇ ’ਤੇ ਪਾ ਕੇ ਮੈਨੂੰ ਦੇਣ ਆਈ। ਮੈਂ ਸੁਆਦ ਨਾਲ ਖਾ ਲਿਆ। ਉਹ ਖੁਸ਼ ਹੋ ਗਈ। ਫੇਰ ਕਿਸੇ ਦਿਨ ਉਹਨੇ ਮੈਨੂੰ ਰਲ਼ੇ ਮਿਲ਼ੇ ਅਨਾਜ ਦੀ ਪੱਤੇ ਪਈ ਰੋਟੀ ਦਿੱਤੀ। ਬੜੀ ਈ ਸੁਆਦ ਲੱਗੀ। ਫੇਰ ਤਾਂ ਸ਼ੀਦਾਂ ਭੈਣ ਸ਼ੀਦਾਂ ਬਣ ਗਈ। ਤੇ ਅੱਲਾ ਬਖਸ਼ ਭਣਵਈਆ। ਦੋ ਜਵਾਨ ਮੁੰਡਿਆਂ ਦਾ ਮਾਮਾ ਵੀ। ਫੇਰ ਡੇਰੇ ਦਾ ਜਦੋਂ ਵੀ ਕੋਈ ਜੀਅ ਹਸਪਤਾਲ ਆਉਂਦਾ, ਨਾਲ ਉਹਨਾਂ ਦੇ ਟੱਬਰ ’ਚੋਂ ਕਿਸੇ ਨੂੰ ਲਿਆਉਂਦਾ। ਮੈਂ ਉਹਨਾਂ ਦਾ ਬਹੁਤਾ ਖਰਚ ਨਹੀਂ ਸੀ ਹੋਣ ਦੇਂਦਾ। ਅੱਲਾ ਬਖ਼ਸ਼ ਨੇ ਮੈਨੂੰ ਪੇਟ ਗੈਸ ਲਈ ਜੜੀ ਬੂਟੀ ਦੀ ਬਣਾਈ ਦਵਾ ਵੀ ਲਿਆ ਕੇ ਦਿੱਤੀ। ਮੈਂ ਉਹਨਾਂ ਦੇ ਡੇਰ ਜਾਂਦਾ ਤਾਂ ਉਹਨਾਂ ਦੀਆਂ ਚਿੱਠੀਆਂ ਉਰਦੂ ’ਚ ਲਿਖ ਦੇਂਦਾ ਸੀ।

ਹੁਣ ਰਾਤ ਦੇ ਅੱਠ ਵਜੇ ਨੇ। ਅੱਧਾ ਸਨੌਰਾ ਸੌਂ ਗਿਆ ਏ। ਮੈਂ ਏਸ ਹਸਪਤਾਲ ਦੇ ਲਹਿੰਦੇ ਪਾਸੇ ਬਣੇ ਵੱਡੇ ਲਿਵਿੰਗ ਰੂਮ ’ਚ ਆਪਣੇ ਦੀਵਾਨ ’ਤੇ ਬੈਠਾ ਸੋਲਨ ਵਿਸਕੀ ਦੀਆਂ ਚੁਸਕੀਆਂ ਲੈਂਦਾ ਟੀ ਵੀ ’ਤੇ ਅੰਗ੍ਰੇਜ਼ੀ ਫਿਲਮ ਦੇਖ ਰਿਹਾ ਹਾਂ। ਜੀਹਦੇ ਵਿਚ ਧੀਆਂ ਪੋਤੀਆਂ ਵਾਲੇ ਬੁੱਢੇ ਪ੍ਰੇਮੀ ਤੇ ਪ੍ਰੇਮਿਕਾ ਇਤਫਾਕ ਨਾਲ ਆਪਣੇ ਪਿੰਡ ਵਿਚ ਆਪਣੇ ਮੁਜ਼ਾਰੇ ਕਿਸਾਨ ਦੇ ਘਰ ’ਚ ਕੱਠੇ ਹੋ ਗਏ ਨੇ। ਉਹ ਪੁਰਾਣੀ ਜਿਹੀ ਕੋਠੜੀ ’ਚ ਪਏ ਪੁਰਾਣੀਆ ਯਾਦਾਂ ਤਾਜ਼ਾ ਕਰ ਰਹੇ ਨੇ। ਉਹ ਛੋਟਿਆਂ ਵਾਂਗ ਇਕ ਦੂਜੇ ਦੇ ਅੰਗਾਂ ਨੂੰ ਛੋਂਹਦੇ ਵੀ ਨੇ ਤੇ ਝਕਦੇ ਵੀ ਨੇ।

ਮੈਂ ਪੂਨਮ ਨੂੰ ਬਥੇਰਾ ਸਮਝਾਉਂਦਾ ਹਾਂ ਕਿ ਗਿਆਂ ਨਾਲ ਜਾ ਨਹੀਂ ਹੁੰਦਾ ਤੇ ਜਿਊਂਦਿਆਂ ਮਰ ਨਹੀਂ ਹੁੰਦਾ। ... ਬੰਦਾ ਜਿਹੜੀ ਹਾਲਤ ’ਚ ਵੀ ਹੋਵੇ, ਓਹਦੇ ਵਿਚੋਂ ਖੁਸ਼ੀ ਦਾ ਭੂਰ ਚੂਰ ਲੱਭਦਾ ਦਿਨ ਗੁਜ਼ਾਰੇ। ਦੁੱਖ ਆਵੇ ਤਾਂ ਸਬਰ ਕਰੇ। ਪਰ ਉਹ ਮੰਨਦੀ ਹੀ ਨਹੀਂ। ਮੇਰੇ ਵਧੇ ਹੱਥ ਨੂੰ ਝਟਕ ਦੇਂਦੀ ਏ। ਏਸੇ ਲਈ ਮੈਂ ਅਨਾਰੋ ਨਾਲ ਗੱਲ ਚਲਾ ਲਈ ਏ। ਉਹ ਰੋਟੀ ਪਕਾ ਰਹੀ ਹੋਵੇ, ਸਫਾਈ ਕਰ ਰਹੀ ਹੋਵੇ ਜਾਂ ਮਰੀਜ਼ਾਂ ਦੀ ਸੇਵਾ ’ਚ ਲੱਗੀ ਹੋਵੇ, ਰਹਿੰਦੀ ਉਹ ਹੱਸਦੀ ਈ ਏ। ਮੈਂ ਜਦੋਂ ਵੀ ‘ਅਨਾਰੋ’ ਕਹਿ ਕੇ ਵਾਜ ਮਾਰਦਾ ਹਾਂ ਤਾਂ ਮੇਰੇ ਵੱਲ ਤਕ ਕੇ, ਅੱਖਾਂ ਚਮਕਾ ਕੇ ਖਚਰੀ ਮੁਸਕਰਾਹਟ ਵਿਖਾ ਦੇਂਦੀ ਏ।



ਡਾਕਟਰ ਸਾਹਿਬ ਦੇ ਕਿਰਿਆ ਕਰਮ ਪੂਰੇ ਹੋਣ ਤੋਂ ਦਸ ਕੁ ਦਿਨ ਬਾਅਦ ਵੀ ਪੂਨਮ ਦੇ ਮਨ ਤੋਂ ਡਰ ਨਹੀਂ ਸੀ ਗਿਆ। ਮੈਂ ਉਹਦੇ ਬੈੱਡ ਰੂਮ ’ਚ ਹੋਰ ਬੈੱਡ ਲਾ ਕੇ ਸੌਂਦਾ। ਉਹ ਨੀਂਦ ਦੀ ਗੋਲੀ ਲੈ ਕੇ ਸੌਂਦੀ। ਕਦੇ ਰਾਤ ਨੂੰ ਅਚਾਨਕ ਅੱਭੜਵਾਈ ਉੱਠ ਕੇ ਬਹਿ ਜਾਂਦੀ। ਮੈਂ ਉਹਦੇ ਕੋਲ ਜਾ ਕੇ ਉਹਨੂੰ ਬਾਂਹਵਾਂ ’ਚ ਲੈ ਕੇ ਸਾਂਭਦਾ। ਪੀਣ ਲਈ ਪਾਣੀ ਦੇਂਦਾ। ਕਦੇ ਉਹਨੂੰ ਹੌਸਲਾ ਦਿੰਦਾ ਹੋਇਆ ਉਹਨੂੰ ਚੁੰਮ ਵੀ ਲੈਂਦਾ। ਕਦੇ ਉਹ ਮੇਰੀ ਛਾਤੀ ਨੂੰ ਆਪਣਾ ਸਿਰ ਲਾ ਦੇਂਦੀ। ਤੇ ਕਦੇ ਪਤਾ ਨਹੀਂ ਕੀ ਹੋ ਜਾਂਦਾ ਕਿ ਕਿ ਤੜਫ ਉੱਠਦੀ। ਮੇਰਾ ਹੱਥ ਪਰੇ ਕਰਦੀ ਕਹਿੰਦੀ, “ਮੈਨੂੰ ਨਹੀਂ ਚਾਹੀਦੇ ਇਹ ਚੋਚਲੇ ਜਿਹੇ।”

ਮੈਂ ਸ਼ਰਮਸਾਰ ਜਿਹਾ ਹੋ ਕੇ ਆਪਣੇ ਬੈੱਡ ’ਤੇ ਆ ਬਹਿੰਦਾ। ਓਹ ਸਵੇਰੇ ਜਾਗਦੀ ਤਾਂ ਟੁੱਟਿਆ ਭੱਜਿਆ ਜਿਸਮ ਲੈ ਕੇ ਬਾਥਰੂਮ ਜਾ ਵੜਦੀ। ਨ੍ਹਾ ਕੇ ਤਿਆਰ ਹੋ ਕੇ ਮੇਜ਼’ਤੇ ਆਉਂਦੀ ਤਾਂ ਰਿਤੂ ਸੈਣੀ ਨਾਸ਼ਤਾ ਪਰੋਸ ਦੇਂਦੀ। ਉਹ ਡਾਕਟਰ ਪੂਨਮ ਨਾਲ ਪਹਿਲਾਂ ਨਾਲੋਂ ਕਿਤੇ ਵੱਧ ਨਰਮੀ ਤੇ ਪਿਆਰ ਨਾਲ ਗੱਲ ਕਰਦੀ ਏ। ਉਹਨੂੰ ਵਿਧਵਾ ਹੋਣ ਦੇ ਦਰਦ ਦਾ ਪਤਾ ਏ। ਉਂਜ ਤਾਂ ਉਹ ਸਾਰਿਆਂ ਨਾਲ ਹੀ ਪਿਆਰ ਨਾਲ ਗੱਲ ਕਰਦੀ ਏ, ਪਰ ਪੂਨਮ ਲਈ ਤਾਂ ਉਹਦੇ ਸ਼ਬਦ ਮਖਮਲ ਵਰਗੇ ਹੋ ਜਾਂਦੇ ਨੇ।

ਪੂਨਮ ਆਪਣੇ ਕਮਰੇ ਦੀ ਮੇਜ਼ ’ਤੇ ਮਰੀਜ਼ਾਂ ਨੂੰ ਦੇਖਣ ਲਈ ਬਹਿਣ ਬਾਅਦ ਨਾਰਮਲ ਲੱਗਦੀ। ਪਰ ਮਰੀਜ਼ਾਂ ਤੇ ਉਹਨਾਂ ਦੇ ਨਾਲ ਆਇਆਂ ਨੂੰ ਏਨੀ ਵਿੱਥ ’ਤੇ ਰੱਖਦੀ, ਜਿਵੇਂ ਭਿੱਟ ਹੋਣ ਦਾ ਡਰ ਹੋਵੇ। ਉਹ ਆਪਣੇ ਕੱਪੜਿਆਂ ਨੂੰ ਰੋਜ਼ ਈ ਸਟੈਰੇਲਾਈਜ਼ ਕਰਾ ਕੇ ਪਾਉਂਦੀ। ਏਸ ਅਵਸਥਾ ਨੂੰ ਠੀਕ ਕਰਨ ਲਈ ਮੈਂ ਉਹਦੇ ਕਮਰੇ ’ਚ ਭਜਨਾਂ ਦੀਆਂ ਟੇਪਾਂ ਬਹੁਤ ਈ ਮੱਧਮ ਅਵਾਜ਼ ’ਚ ਲਾਉਂਦਾ। ਰਾਤ ਨੂੰ ਹਨੂਮਾਨ ਚਾਲੀਸਾ ਲਾਉਂਦਾ ਤੇ ਸਵੇਰ ਨੂੰ ਆਰਤੀਆਂ। ਆਪਰੇਸ਼ਨ ਥੀਏਟਰ ’ਚ ਇਹ ਭਜਨ ਹਮੇਸ਼ਾ ਚੱਲਦਾ.. ‘ਮਨ ਤਰਪਤ ਹਰੀ ਦਰਸ਼ਨ ਕੋ ਆਜ’।

ਇਹ ਟੇਪਾਂ ਐਵੇਂ ਮੇਰੇ ਸਮਾਨ ਨਾਲ ਆ ਗਈਆਂ ਸਨ। ਮੈਂ ਆਪਣੀ ਬੀਮਾਰ ਪਤਨੀ ਦਾ ਦਿਲ ਟਿਕਾਓਣ ਲਈ ਖਰੀਦੀਆਂ ਸਨ।... ਹੁਣ ਪੂਨਮ ਤੇ ਹੋਰ ਮਰੀਜ਼ਾਂ ਦੇ ਕੰਮ ਆ ਰਹੀਆਂ ਸਨ।

ਇਹ ਪੀਣਾ ਖਾਣਾ, ਇਹ ਪੂਨਮ ਦੇ ਕੋਲ ਰਹਿਣ ਤੇ ਸ਼ਾਮ ਦੀਆਂ ਫਜ਼ੂਲ ਹਰਕਤਾ ਕਰਨ ਨਾਲੋਂ ਵੀ ਮੈਨੂੰ ਚੰਗਾ ਲੱਗਣ ਲੱਗ ਪਿਆ ਏ ਇਹ ਹਸਪਤਾਲ ਚਲਾਓਣਾ। ਮੈਂ ਪੂਨਮ ’ਤੇ ਜ਼ੋਰ ਪਾ ਕੇ ਪਟਿਆਲੇ ਤੋਂ ਇਕ ਫੀਜ਼ੀਸ਼ੀਅਨ ਤੇ ਡਾ. ਰਾਓੜਾ ਦੇ ਪੁਰਾਣੇ ਵਿਦਿਆਰਥੀ, ਜੀਹਨੂੰ ਇਹਨਾਂ ਨੇ ਪੁੱਤਾਂ ਵਾਂਗ ਪਾਲਿਆ ਸੀ, ਮੰਗਵਾ ਲਏ ਨੇ। ਹੁਣ ਤਿੰਨੇ ਵਾਰਡ ਚੱਲ ਪਏ ਨੇ। ਆਪਰੇਸ਼ਨ ਅੱਖਾਂ ਦੇ ਵੀ ਹੁੰਦੇ ਨੇ। ਕਮਰੇ ਮਰੀਜ਼ਾਂ ਨਾਲ ਭਰੇ ਰਹਿੰਦੇ ਨੇ। ਵਿਹੜੇ ਤੇ ਕਿਚਨ ’ਚ ਉਹਨਾਂ ਦੇ ਰਿਸ਼ਤੇਦਾਰਾਂ ਦੀ ਰੌਣਕ ਰਹਿੰਦੀ ਏ। ਖਾਣਾ ਹੁਣ ਪੱਕੇ ਤੌਰ ’ਤੇ ਅਨਾਰੋ ਬਣਾਉਂਦੀ ਏ। ਰਿਤੂ ਸੈਣੀ ਸਿਰਫ ਸਾਡਾ ਖਾਣਾ ਬਣਾਉਂਦੀ ਏ। ਸਾਰਾ ਸਟਾਫ ਦਿਨ ਭਰ ਦੇ ਕੰਮ ਤੋਂ ਥੱਕ ਜਾਂਦਾ ਏ।

ਸਵੇਰੇ ਹਰੇਕ ਮਰੀਜ਼ ਨੂੰ ਪਹਿਲਾਂ ਮੇਰੇ ਮੇਜ਼ ਅੱਗੇ ਆਓਣਾ ਹੁੰਦਾ ਏ। ਮੈਂ ਉਹਦੀ ਹੈਸੀਅਤ ਅਨੁਸਾਰ ਇਲਾਜ ਦੇ ਪੈਸੇ ਤੈਅ ਕਰ ਕੇ ਪਰਚੀ ’ਤੇ ਲਿਖ ਕੇ ਡਾਕਟਰ ਕੋਲ ਭੇਜ ਦੇਂਦਾ ਹਾਂ। ਮੇਰੇ ਨਾਲ ਬੈਠੀ ਰਿਤੂ ਸੈਣੀ ਗਰਭ ਵਾਲੀਆਂ ਔਰਤਾਂ ਦਾ ਬਲੱਡ ਪ੍ਰੈਸ਼ਰ ਤੇ ਹੋਰ ਟੈਸਟ ਕਰ ਕੇ ਨੂੰ ਪੂਨਮ ਦੇ ਕਮਰੇ ਜਾਂ ਲੈਬਾਰਟਰੀ ’ਚ ਭੇਜ ਦੇਂਦੀ ਏ।

ਸ਼ਾਮ ਨੂੰ ਮੈਨੂੰ ਤਲਬ ਹੁੰਦੀ ਏ ਰਾਣਾ ਮੇਰੇ ਕਮਰੇ ’ਚ ਆ ਜਾਂਦਾ ਏ ਜਾਂ ਮੈਨੂੰ ਆਪਣੇ ਘਰ ਸੱਦ ਲੈਂਦਾ ਏ। ਉਹਦੇ ਘਰ ਦੇ ਸਾਰੇ ਟੱਬਰ ਨਾਲ ਮੇਰਾ ਪਿਆਰ ਪੈ ਗਿਆ ਏ। ਖਾਸ ਤੌਰ ’ਤੇ ਉਹਦੀ ਨੂੰਹ ਮੇਰੀ ਧੀ ਬਣੀ ਹੋਈ ਏ। ਉਹ ਪਹਿਲਾਂ ਪਰਦਾ ਕਰਦੀ ਸੀ ਮੈਥੋਂ। ਫੇਰ ਹਟ ਗਈ ਜਦੋਂ ਮੈਂ ਉਹਨੂੰ ‘ਬੇਟੀ ਸੀਮਾ’ ਕਹਿ ਕੇ ਅਵਾਜ ਮਾਰਨ ਲੱਗ ਪਿਆ। ਉਹਦੀ ਸੱਸ ਪਾਰੋ ਮੈਨੂੰ ਵੀਰ ਜੀ ਕਹਿੰਦੀ ਚੰਗੀ ਲੱਗਦੀ ਏ। ਤਿਥ ਤਿਹਾਰ ਨੂੰ ਮੈਂ ਸੀਮਾ ਨੂੰ ਧੀਆਂ ਵਾਂਗ ਮੰਨ ਕੇ ਮਠਿਆਈ ਦੇਂਦਾ ਹਾਂ।

ਬਹੁਤੀ ਵਾਰ ਸ਼ਮਸੇਰ ਮੇਰੇ ਕਮਰੇ ’ਚ ਹੀ ਆ ਜਾਂਦਾ ਏ। ਜਿਥੇ ਉਹਨੂੰ ਉੱਚੀ ਅਵਾਜ਼ ’ਚ ਗੱਲ ਕਰਨ ਦੀ ਖੁਲ੍ਹ ਹੁੰਦੀ ਏ। ਅਸੀਂ ਦੋ ਪੈੱਗ ਲੈ ਕੇ ਅਨਾਰੋ ਦੀਆਂ ਗੱਲਾਂ ਕਰਦੇ ਹਾਂ। ਓਹ ਇਹਨੂੰ ਚੰਗੀ ਨਹੀਂ ਲੱਗਦੀ। ਪਰ ਉਹਨੂੰ ਮਾੜਾ ਚੰਗਾ ਵੀ ਨਹੀਂ ਬੋਲਦਾ। .. ਰਾਣਾ ਨੂੰ ਅਨਾਰੋ ਚੰਗੀ ਨਹੀਂ ਲੱਗਦੀ, ਅਨਾਰੋ ਨੂੰ ਪੂਨਮ ਚੰਗੀ ਨਹੀਂ ਲੱਗਦੀ ਤੇ ਪੂਨਮ ਨੂੰ ਹੁਣ ਮੈਂ ਚੰਗਾ ਨਹੀਂ ਲੱਗਦਾ। ਪਤਾ ਨਹੀਂ ਕੀ ਹੋ ਗਿਆ ਏ ਏਸ ਹਸਪਤਾਲ ਦੇ ਮੌਸਮ ਨੂੰ?

ਇਕ ਦਿਨ ਮੇਰੇ ਟੱਬਰ ਦਾ ਇਕ ਹੋਰ ਜੀਅ ਹਸਪਤਾਲ ’ਚ ਆ ਗਿਆ ਤਾਂ ਬੜਾ ਚੰਗਾ ਲੱਗਿਆ। ਗੁੱਜਰੀ ਸ਼ੀਦਾਂ ਆਪਣੇ ਵਿਚਕਾਰਲੇ ਫੌਜੀ ਮੁੰਡੇ ਦੀ ਬਹੂ ਸਲਮਾ ਨੂੰ ਲਿਆਈ ਸੀ। ਮੇਰੀ ਭੈਣ ਲਾਈਨ ਭੰਨ ਕੇ ਅੱਗੇ ਆ ਗਈ। ਉਹਦੀ ਨੂੰਹ ਪੀੜ ’ਚ ਸੀ। ਮੈਂ ਉਹਦੇ ਲਈ ਆਪਣਾ ਕਮਰਾ ਖੋਲ੍ਹ ਦਿੱਤਾ। ਨੂੰਹ ਨੂੰ ਆਪਣੇ ਬੈੱਡ ’ਤੇ ਲਿਟਾ ਦਿੱਤਾ। ਉਹ ਸੰਗਦੀ ਲੇਟੇ ਨਾ। ਮੈਂ ਪਰਚੀ ਬਣਾ ਕੇ ਆਪ ਪੂਨਮ ਦੇ ਕਮਰੇ ’ਚ ਲੈ ਗਿਆ। ਉਹ ਜਦੋਂ ਆਪਰੇਸ਼ਨ ਥੀਏਟਰ ’ਚ ਲੈ ਗਈ। ਜਿਥੇ ਉਹਦੇ ਮੁੰਡਾ ਜੰਮਿਆ। ਸ਼ੀਦਾਂ ਕਮਲੀ ਹੋਈ ਫਿਰੇ ਉਂਜ ਤਾਂ ਗੁੱਜਰ ਇਹ ਕੰਮ ਆਪ ਵੀ ਬੜਾ ਸੁਹਣਾ ਕਰ ਲੈਂਦੇ ਨੇ, ਪਰ ਉਹਦੇ ਫੌਜੀ ਪੁੱਤ ਨੇ ਤਾਕੀਦ ਕੀਤੀ ਸੀ ਕਿ ਪਹਿਲਾ ਜਣੇਪਾ ਏ। ਹਸਪਤਾਲ ’ਚ ਕਰਾਓਣਾ ਏ।

ਜਦੋਂ ਮੈਂ ਬਾਹਰ ਨਿੱਕਲਿਆ ਤਾਂ ਉਹਦੇ ਵੱਡੇ ਪੁੱਤ ਨੇ ਮੇਰੇ ਗੋਡੇ ਛੋਹ ਕੇ ਕਿਹਾ,“ ਡਾਕਟਰ ਮਾਮਾ, ਸਲਾਮ, ਮੁਬਾਰਕਾਂ।”।.. ਮੇਰੀਆਂ ਅੱਖਾਂ ਭਰ ਆਈਆਂ। ਸੋਚਾਂ, ਇਥੇ ਮੈਂ ਵੀ ਕਿਸੇ ਦਾ ਮਾਮਾ ਹਾਂ। ਮੈਂ ਕਿਹਾ,“ਤੂੰ ਬਾਹਰ ਕਿਉਂ ਖੜ੍ਹਾ ਰਿਹਾ। ਅੰਦਰ ਮੇਰੇ ਕਮਰੇ ’ਚ ਆ ਬਹਿੰਦਾ?”

ਇਕ ਰਾਤ ਦੇ ਦਸ ਵਜੇ,ਜੀਹਨੂੰ ਏਥੇ ਅੱਧੀ ਰਾਤ ਮੰਨਦੇ ਨੇ,ਕਿਸੇ ਨੇ ਐਮਰਜੈਂਸੀ ਬੈੱਲ ਵਜਾਈ। ਮੈਂ ਬਾਹਰ ਨਿਕਲ ਦੇ ਦੇਖਿਆ ਤਾਂ ਅਨਾਰੋ ਖੜ੍ਹੀ ਸੀ। ਕਹਿੰਦੀ,“ਮੇਰਾ ਆਦਮੀ ਤੜਫੈ। ਪਤਹ ਨ੍ਹੀ ਕੀ ਹੋ ਗਿਆ।”.. ਆਖਕੇ ਉਹ ਰੋਣ ਲੱਗ ਪਈ।

ਮੈਂ ਜਦੋਂ ਪੂਨਮ ਨੂੰ ਜਗਾਇਆ। ਗੱਲ ਦੱਸੀ। ਉਹ ਬੇਦਿਲੀ ਨਾਲ ਤਿਆਰ ਹੋਈ। ਇਹ ਕੰਮ ਉਹਦਾ ਨਹੀਂ, ਡਾਕਟਰ ਦਾ ਸੀ। ਦਰਅਸਲ ਇਹ ਬੈੱਲ ਵੀ ਡਿਲਿਵਰੀ ਦੀ ਐਮਰਜੈਂਸੀ ਵਾਸਤੇ ਲਵਾਈ ਗਈ ਸੀ।

ਅਨਾਰੋ ਦਾ ਪਤੀ ਮੂਧਾ ਪਿਆ ਸੀ। ਉਹਨੂੰ ਸਾਹ ਲੈਣਾ ਔਖਾ ਸੀ। ਅਸੀਂ ਚੱਕ ਕੇ ਹਸਪਤਾਲ ਲੈ ਆਏ। ਪੂਨਮ ਨੇ ਆਕਸੀਜ਼ਨ ਲਾਈ ਤੇ ਇੰਜੈਕਸ਼ਨ ਦਿੱਤਾ ਤਾਂ ਉਹ ਸੌਖਾ ਹੋ ਕੇ ਸੌਂ ਗਿਆ। ਨਾਲ ਦੇ ਬੈੱਡ ’ਤੇ ਅਨਾਰੋ ਸੌਂ ਗਈ। ਸਵੇਰੇ ਡਾਕਟਰ ਨੇ ਦਵਾਈ ਦਿੱਤੀ ਤੇ ਉਹਨੂੰ ਘਰ ਛੱਡ ਆਏ। ਉਹ ਦਮਕਸ਼ੀ ਦਾ ਮਰੀਜ਼ ਸੀ।

ਸ਼ਾਮ ਨੂੰ ਮੈਂ ਜਾਨਾ ਨੂੰ ਅਨਾਰੋ ਦੇ ਪਤੀ ਦੀ ਗੱਲ ਦੱਸੀ ਤਾਂ ਉਹ ਖਿਝ ਕੇ ਕਹਿੰਦਾ,“ਹਾਲੇ ਤਾਂ ਇਹਦੇ ਫੌਜੀ ਨੂੰ ਨੀਂਦ ਘੱਟ ਐ, ਨਹੀਂ ਤਾਂ ਪਤਾ ਨਹੀਂ ਰਾਤ ਨੂੰ ਇਹ ਕੀ ਲਲ੍ਹਰ ਲਾਉਂਦੀ ਫਿਰਦੀ ਸਾਲੀ।”..

ਮੈਂ ਹੱਸਦਿਆਂ ਕਿਹਾ,“ਫੇਰ ਕੀ ਹੋ ਗਿਆ ਰਾਣਾ? ਖੁਸ਼ੀਆਂ ਵੰਡਦੀ ਫਿਰਦੀ ਐ ਜੱਗ ’ਚ।..ਨਾਲੇ ਤੀਵੀਂ ਤਾਂ ਗੰਗਾ ਜਲ ਹੁੰਦੀ ਐ। ਹਮੇਸ਼ਾ ਸੁੱਚੀ ਤੇ ਹਮੇਸ਼ਾ ਪਵਿੱਤਰ।”

ਹੁਣ ਅੱਖਾਂ ਦਾ ਡੀਪਾਰਟਮੈਂਟ ਵੀ ਬਹੁਤ ਚੱਲ ਪਿਆ ਏ। ਦੂਰੋਂ ਦੂਰੋਂ ਮਰੀਜ਼ ਆਉਂਦੇ ਨੇ ਅੱਖਾਂ ਦੇ ਆਪਰੇਸ਼ਨ ਕਰਾਓਣ। ਆਲੇ ਦੁਆਲੇ ਕਈ ਦੁਕਾਨਾਂ ਵੀ ਖੁਲ੍ਹ ਗਈਆਂ ਨੇ। ਹੁਣ ਪੰਜਾਬ ਤੋਂ ਆਉਂਦੇ ਅਖਬਾਰਾਂ ਵਿਚ ਗੋਲੀਆਂ ਚੱਲਣ ਤੇ ਲਾਸ਼ਾਂ ਡਿਗਣ ਦੀਆਂ ਖਬਰਾਂ ਵੀ ਘਟ ਗਈਆਂ ਨੇ। ਗੋਲੀ ਚੱਲਦੀ ਏ ਤਾਂ ਬਹੁਤੇ ਅੱਤਵਾਦੀ ਮਾਰੇ ਜਾ ਰਹੇ ਨੇ। ਮੇਰੇ ਮਕਾਨ ’ਚ ਨਵਾਂ ਕਿਰਾਏਦਾਰ ਬੈਂਕ ਦਾ ਨਵਾਂ ਅਫਸਰ ਰਣਜੀਤ ਸਿੰਘ ਏ। ਡਰਾਫਟ ਦੇ ਨਾਲ ਆਈ ਚਿੱਠੀ ’ਚ ਉਹਨੂੰ ਮੈਨੂੰ ਮਾਸੜ ਜੀ ਲਿਖਿਆ ਏ। ਦੂਰ ਦਾ ਰਿਸ਼ਤੇਦਾਰ ਏ ਸਾਡਾ। ਆਪ ਕੇਸਾਧਾਰੀ ਏ, ਪਰ ਵਿਆਹਿਆ ਮੋਨੇ ਖੱਤਰੀਆਂ ਦੇ ਗਿਆ ਏ। ਫੋਨ ’ਤੇ ਘਰ ਦੀ ਕੁਝ ਮੁਰੰਮਤ ਕਰਾਓਣ ਨੂੰ ਪੁੱਛਦਾ ਸੀ। ਮੈਂ ਆਖ ਦਿੱਤਾ ਕਿ ਬੇਟਾ,“ਜੋ ਮਰਜ਼ੀ , ਕਰ ਲੈ। ਮੇਰੇ ਕਮਰੇ ਨੂੰ ਸਾਫ ਕਰਾ ਦੇਣਾ, ਕਿਸੇ ਦਿਨ ਸੈਣੀ ਤੋਂ ਚਾਬੀ ਲੈ ਕੇ।”

ਫੇਰ ਇਕ ਹੋਰ ਮੌਕਾ ਆਇਆ ਖੁਸ਼ੀਆਂ ਮਨਾਓਣ ਦਾ। ਰਾਣਾ ਦੇ ਘਰ ਪੋਤਾ ਹੋਇਆ। ਬੇਟੀ ਸੀਮਾ ਹਸਪਤਾਲ ਕੀ ਆਈ ਕਿ ਪਤਵੰਤੇ ਬੰਦਿਆਂ ਦਾ ਮੇਲਾ ਲੱਗ ਗਿਆ। ਪੂਨਮ ਵੀ ਖੁਸ਼ ਸੀ ਵਧਾਈਆਂ ਲੈਂਦੀ ਦੇਂਦੀ। ਰਾਤ ਦੀ ਡਿਲਿਵਰੀ ਵੇਲੇ ਸਾਰੀਆਂ ਦਵਾਈਆਂ ਹਸਪਤਾਲ ਵਿਚੋਂ ਈ ਵਰਤੀਆਂ ਗਈਆਂ। ਸਵੇਰੇ ਚਾਰੇ ਪਾਸੇ ਵਧਾਈਆਂ ਈ ਵਧਾਈਆਂ। ਜਣੇਪੇ ਤੋਂ ਤੀਜੇ ਦਿਨ ਜਦੋਂ ਉਹ ਘਰ ਨੂੰ ਜਾਣ ਲੱਗੀ ਤਾਂ ਰੰਘੜ ਸੱਸ ਕੰਧ ਬਣ ਕੇ ਖੜ੍ਹ ਗਈ। ਕਹਿੰਦੀ,“ਹਸਪਤਾਲ ਦਾ ਬਿਲ ਦਿੱਤੇ ਬਿਨਾਂ ਘਰ ਨਹੀਂ ਜਾਣਾ।”

ਬਿਲ ਲਿਆ ਗਿਆ। ਹਸਪਤਾਲ ਨੂੰ ਦਾਨ ਵੀ ਚੋਖਾ ਮਿਲਿਆ। ਮੇਰੇ ਲਈ ਵਿਸਕੀ ਦਾ ਵਾਅਦਾ ਵੀ ਹੋਇਆ। ਸ਼ਾਮ ਨੂੰ ਰਾਣਾ ਦੇ ਬੁਲਾਵਾ ਆ ਗਿਆ। ਅਸੀਂ ਡੰਗਰਾਂ ਵਾਲੇ ਅੰਦਰ ਬੋਤਲ ਖੋਲ੍ਹੀ। ਸਟੋਵ



’ਤੇ ਵੱਡਾ ਪਤੀਲਾ ਧਰਿਆ। ਕਿੰਨਾ ਸਾਰਾ ਲ੍ਹਸਣ ਅਦਰਕ ਪਾ ਕੇ ਮਸਾਲਾ ਭੁੰਨਿਆ ਗਿਆ। ਖੁਸ਼ਬੂਆਂ ਫੈਲੀਆਂ। ਫੇਰ ਪਾਈਆਂ ਬੋਟੀਆਂ। ਜਿਨ੍ਹ ਨੂੰ ਮੈਂ ਅਨਾਰੋ ਦੇ ਪੱਟਾਂ ਦੀਆਂ ਮੱਛੀਆਂ ਕਹਿੰਦਾ ਰਿਹਾ। ਭੁੱਜਦੇ ਮਸਾਲੇ ’ਚ ਰਿਝਦੀਆਂ ਬੋਟੀਆਂ ਤੜਫਦੀਆਂ ਉੱਸਲਵਟੇ ਲੈਂਦੀਆਂ। ਜਦ ਮੈਂ ਪਹਿਲਾ ਪੈੱਗ ‘ਅਨਾਰੋ ਦੇ ਨਾਂ’ ਕਿਹਾ ਤਾਂ ਰਾਣਾ ਖਿਝ ਗਿਆ। ਕਹਿੰਦਾ,“ਛੱਡ ਪਰੇ ਡਾਕਟਰ, ਅਨਾਰੋ ਛੀਂਬੀ ਨੂੰ।”

“ਉਹ ਛੀਂਬੀ ਐ?”

“ਨਹੀਂ, ਹੈ ਤਾਂ ਪੀਂਜੀ ਸ਼ਾਇਦ। ਇਹਦੇ ਫੌਜੀ ਦਾ ਬਾਪ ਰੂੰ ਪਿੰਜਦਾ ਹੁੰਦਾ ਸੀ, ਤਾੜੇ ’ਤੇ।”

“ਤਦੇ ਏਨੇ ਚੰਗੇ ਤਾੜੇ ਮਾਰਦੀ ਐ। ਬੰਦੇ ਨੂੰ ਰੂੰ ਵਾਂਗ ਪਿੰਜ ਦੇਂਦੀ ਐ।”

ਫੇਰ ਮੈਂ ਲੋਰ ’ਚ ਚਾਮ੍ਹਲ ਕੇ ਗਾਓਣ ਲੱਗ ਪਿਆ,“ਹਾਏ ਅਨਾਰੋ.. ..ਹਾਏ ਪੀਂਜੀ..ਹਾਏ ਮੱਛੀਆਂ.. ਹਾਏ ਤਾੜੇ.. ਮਾਰ ਤਾੜੇ ..ਲਾ ਲਾਰੇ.. ਵਿਚ ਪਤੀਲੇ ਦੇ ..ਪੱਛੀਆਂ ਪੱਟਾਂ ਦੀਆਂ....।”

ਅਗਲੇ ਦਿਨ ਜਦੋਂ ਮੈਂ ਅਨਾਰੋ ਦੇ ਘਰ ਉਹਦੇ ਫੌਜੀ ਦੀ ਖਬਰ ਨੂੰ ਗਿਆ ਤਾਂ ਉਹ ਕਾਫੀ ਠੀਕ ਸੀ। ਮੈਂ ਅਨਾਰੋ ਨੂੰ ਤਾਕੀਦ ਕੀਤੀ ਕਿ ਇਹਨੂੰ ਵੀ ਸਾਫ ਸੁਥਰਾ ਕਰ ਕੇ ਰੱਖਿਆ ਕਰ। ਜਦ ਮੈਂ ਜਾਣ ਲੱਗਿਆ ਤਾਂ ਡਿਓਢੀ ’ਚ ਵੜਦਿਆਂ ਈ ਉਹਨੇ ਮੈਨੂੰ ਦੋਹਤੇ ਦੀਆਂ ਵਧਾਈਆਂ ਕਹਿ ਦਿੱਤੀਆਂ। ਮੈਂ ਉਹਨੂੰ ਘੁੱਟ ਕੇ ਜੱਫੀ ਪਾ ਕੇ ਚੁੰਮਿਆ ਤੇ ਸੌ ਦਾ ਨੋਟ ਫੜਾ ਕੇ ਬਾਹਰ ਹੋ ਗਿਆ।

ਜਦੋਂ ਦੁਪਹਿਰ ਨੂੰ ਉਹ ਰੋਟੀ ਪਕਾ ਕੇ ਹਸਪਤਾਲ ਤੋਂ ਜਾਣ ਲੱਗੀ ਤਾਂ ਮੈਂ ਨੇੜੇ ਹੋ ਕੇ ਕਿਹਾ,“ਇਕ ਰਾਤ ਦੇ ਲਾਰੇ ਨੂੰ ਆਉਂਦੇ ਨੂੰ ਕਿੰਨੇ ਮਹੀਨੇ ਹੋ ਗਏ, ਖਚਰੀਏ।”

ਕਹਿੰਦੀ,“ਕਿੰਨੇ ਕੁ ਹੋ ਗਏ।”

“ਛੇ ਮਹੀਨ ਤਾਂ ਹੋ ਈ ਗਏ ਹੋਣਗੇ।”

“ਖੁਸ਼ੀ ਨਹੀਂ ਮਿਲਦੀ ਰਹੀ ਲਾਰੇ ਨਾਲ?”

“ਮਿਲਦੀ ਤਾਂ ਰਹੀ.. ਪਰ।”

“ਤਿੰਨ ਮਹੀਨੇ ਹਰ ਨਹੀਂ ਕੱਟ ਹੁੰਦੇ? ਜਨਾਨੀਆਂ ਵੀ ਤਾਂ ਕੱਟਦੀਆਂ ਈ ਨੇ, ਨੌਂ ਮਹੀਨੇ।”

ਆਖ ਕੇ ਉਹ ਖਚਰੀ ਹਾਸੀ ਹੱਸਦੀ ਤੁਰ ਗਈ। ਮੈਂ ਕਿਚਨ ਦਾ ਕੰਮ ਦੇਖਣ ਚਲਿਆ ਗਿਆ। ਏਥੇ ਰੋਜ ਅੱਠ ਦਸ ਜਣਿਆਂ ਦਾ ਖਾਣਾ ਬਣਦਾ ਏ। ਅਨਾਰੋ ਘੰਟੇ ਡੂਢ ’ਚ ਕੰਮ ਨਬੇੜ ਦੇਂਦੀ ਏ। ਬਾਰਾਂ ਭਾਂਤ ਦੀਆਂ ਸਬਜ਼ੀਆਂ ਤੇ ਮੀਟ ਬਣਾ ਲੈਂਦੀ ਏ। ਫੇਰ ਵੀ ਰਾਣਾ ਆਖਦਾ ਏ ਕਿ ਇਹਨੂੰ ਇਥੋਂ ਹਟਾ ਦਿਓ। ਮੈਂ ਕਹਿੰਦਾ ਹਾਂ ਕਿ ਰਾਣਾ ਜੀ, ਇਹਨੇ ਤਾਂ ਆਪਣੇ ਫੌਜੀ ਦੇ ਮਰਨ ਬਾਅਦ ਏਥੇ ਈ ਡੇਰਾ ਲਾ ਲੈਣਾ ਏ। .. ਸੋ, ਉਹੀ ਗੱਲ ਹੋਈ। ਜਦੋਂ ਫੌਜੀ ਪੂਰਾ ਹੋਇਆ ਤਾਂ ਅਨਾਰੋ ਹਸਪਤਾਲ ਦੇ ਕਮਰੇ ’ਚ ਈ ਰਹਿਣ ਲੱਗ ਪਈ। ਮੈਨੂੰ ਮੌਜ ਹੋ ਗਈ। ਕਦੇ ਲਾਰਾ ਮਿਲ ਜਾਂਦਾ ਏ ਤੇ ਕਦੇ ਮੈਨੂੰ ਭਾਉਂਦੀ ਕੜ੍ਹੀ। ਇਕ ਰਾਤ ਨੂੰ ਉਹ ਖਾਸ ਤੌਰ ’ਤੇ ਮੇਰੇ ਲਈ ਬਣਾ ਕੇ ਮੇਰੇ ਕਮਰੇ ’ਚ ਆ ਗਈ। ਮੈਂ ਰੋਟੀ ਖਾਣ ਲੱਗਿਆ ਤਾਂ ਅਖਬਾਰ ਚੱਕ ਕੇ ਮੈਨੂੰ ਝੱਲਣ ਲੱਗ ਪਈ। ਮੈਂ ਉਠ ਕੇ ਹੱਥ ਧੋਤੇ। ਉਹ ਥਾਲੀ ਚੱਕਣ ਲੱਗੀ ਤਾਂ ਮੈਂ ਉਹਦੀ ਬਾਂਹ ਫੜ ਲਈ। ਉਹਨੇ ਮੂੰਹ ਪਰੇ ਕੀਤਾ ਤਾਂ ਮੈਂ ਉਹਦਾ ਹੱਥ ਫੜ ਕੇ ਤਲੀ ਦੇ ਮੋਟੇ ਮਾਸ ’ਤੇ ਦੰਦੀ ਵੱਢ ਦਿੱਤੀ। ਉਹਦੀ ਚੀਕ ਨਿਕਲ ਗਈ। ਜਦੋਂ ਮੇਰੇ ਸਾਹਮਣੇ ਪੂਨਮ ਖੜ੍ਹੀ ਸੀ। ਅਨਾਰੋ ਦਾ ਕੋਈ ਨਿਸ਼ਾਨ ਵੀ ਬਾਕੀ ਨਹੀਂ ਸੀ। ਪੂਨਮ ਕੁਝ ਬੋਲੇ ਬਿਨਾਂ ਮੁੜ ਗਈ।

ਮਾਰਚ ਦਾ ਮਹੀਨਾ ਫੇਰ ਚੜ੍ਹਿਆ ਤਾਂ ਮੌਸਮ ਬਦਲਣ ਲੱਗ ਪਿਆ। ਮੈਨੂੰ ਚਿੰਤਾ ਹੋਣ ਲੱਗੀ ਉਦਾਸੀ ਦੇ ਦੌਰਿਆਂ ਦੀ। ਪਰ ਇਕ ਚੰਗੀ ਗੱਲ ਮੈਨੂੰ ਬਚਾ ਗਈ। ਹਿਮਾਚਲ ਦੀ ਸਰਕਾਰ ਬਦਲੀ ਤਾਂ ਮੰਤਰੀ ਮੰਡਲ ’ਚ ਜਾਨਾ ਦਾ ਭਾਣਜਾ ਦਲੀਪ ਸਿੰਘ ਰਾਜ ਮਤਰੀ ਬਣ ਗਿਆ। ਦਲੀਪ ਆਪਣੇ ਨਾਨਕੇ ਮੱਥਾ ਟੇਕਣ ਆਇਆ। ਮੈਨੂੰ ਵੀ ਉਹ ਮਾਮਾ ਜੀ ਕਹਿੰਦਾ। ਰਾਣਾ ਨੇ ਵੱਡਾ ਸਮਾਰੋਹ ਕਰਾਇਆ। ਉਹਨੇ ਹਸਪਤਾਲ ਲਈ ਵੱਡੀ ਗਰਾਂਟ ਦਾ ਐਲਾਨ ਕਰ ਦਿੱਤਾ। ਫੇਰ ਤਾਂ ਮੈਂ ਤੇ ਰਾਣਾ, ਸ਼ਿਮਲੇ ਦੇ ਗੇੜੇ ’ਤੇ ਗੇੜੇ। ਫੇਰ ਸਰਕਾਰੀ ਡਾਕਟਰ, ਦਵਾਈਆਂ ਤੇ ਹੋਰ ਬਥੇਰਾ ਸਮਾਨ ਆ ਗਿਆ।

ਪੂਨਮ ਨੂੰ ਰਿਟਾਇਰ ਹੋਣ ਲਈ ਕਿਹਾ ਕਿਸੇ ਨਹੀਂ, ਉਹ ਆਪ ਈ ਅੱਕੀ ਥੱਕੀ ਕੰਮ ਛੱਡ ਬੈਠੀ। ਸ਼ਰੀਰ ਤੇ ਮਨ ’ਚ ਤਾਣ ਈ ਨਹੀਂ ਸੀ ਰਹੀ। ਸਰਕਾਰੀ ਦਖਲ ਦੇਖ ਕੇ ਮੈਂ ਆਪ ਪਾਸੇ ਹੋ ਗਿਆ। ਅਸੀਂ ਦੋਵੇਂ ਹਸਪਤਾਲ ਦੇ ਪਿੱਛੇ ਬਣੇ ਗੈਸ ਹਾਊਸ ’ਚ ਸ਼ਿਫਟ ਹੋ ਗਏ। ਅਗਲੇ ਕਮਰੇ ’ਚ ਮੈਂ ਸੀ, ਪਿਛਲੇ ਦੋਵੇਂ

ਕਮਰਿਆਂ 'ਚ ਪੂਨਮ ਤੇ ਉਹਦੇ ਸਮਾਨ ਦਾ ਢੇਰ ਤੇ ਕਿਚਨ ਦੇ ਨਾਲ ਦੇ ਕਮਰੇ 'ਚ ਰਿਤੂ ਸੈਣੀ ਆਪਣੇ ਦੋਵੇਂ ਬੱਚਿਆਂ ਨੂੰ ਲੈ ਕੇ ਆ ਗਈ ਸੀ। ਰਾਤ ਨੂੰ ਮੈਂ ਪੂਨਮ ਦੇ ਕਮਰੇ 'ਚ ਨਹੀਂ ਸੀ ਜਾ ਸਕਦਾ ਤੇ ਅਨਾਰੋ ਮੇਰੇ ਕੋਲ ਆ ਨਹੀਂ ਸਕਦੀ ਸੀ।

ਇਕ ਮਹੀਨਾ ਵੀ ਨਹੀਂ ਲੰਘਿਆ ਸੀ ਕਿ ਮੇਰਾ ਦਿਲ ਘਰ ਮੁੜਨ ਨੂੰ ਕਰਨ ਲੱਗ ਪਿਆ। ਜਿਵੇਂ ਕੋਹੀ ਮੈਨੂੰ ਵਾਜਾਂ ਮਾਰਨ ਲੱਗ ਪਿਆ ਸੀ। ਮੈਂ ਪੂਨਮ ਨੂੰ ਆਪਣੇ ਨਾਲ ਚੱਲਣ ਲਈ ਕਿਹਾ ਤੇ ਆਪਣੇ ਰਿਸ਼ਤੇਦਾਰਾਂ ਦੇ ਨੇੜੇ ਰਹਿਣ ਦੀ ਸਲਾਹ ਦਿੱਤੀ। ਪਰ ਉਹ ਸਨੌਰਾ ਛੱਡਣਾ ਨਹੀਂ ਸੀ ਚਾਹੁੰਦੀ। ਜਿਵੇਂ ਉਹਨੂੰ ਆਪਣੇ ਪਤੀ ਦੇ ਆਖਰੀ ਸਾਹਾਂ ਵਾਲੀ ਧਰਤੀ ਫੜੀ ਬੈਠੀ ਸੀ।

ਆਖਰ ਮੇਰੇ ਜਾਣ ਦਾ ਦਿਨ ਆ ਗਿਆ। ਗਰਮੀ ਵਧ ਗਈ ਸੀ। ਮੈਂ ਅਨਾਰੋ ਨੂੰ ਬੁਲਾ ਕੇ ਇਕ ਵਾਰ ਫੇਰ ਆਪਣੇ ਨਾਲ ਚੱਲਣ ਲਈ ਪੁੱਛਿਆ। ਉਹ ਮੰਨੀ ਨਾ। ਸ਼ਾਇਦ ਉਹ ਕਬੀਲਦਾਰ ਬੁੱਢੇ ਦਾ ਲਾਰਾ ਈ ਸਮਝਦੀ ਹੋਵੇ। ਜਾਂ ਉਹ ਵੀ ਆਪਣੀ ਪਹਾੜੀ ਧਰਤੀ ਤੇ ਪਹਾੜੀ ਪੰਜਾਬੀ ਬੋਲੀ ਛੱਡਣੀ ਨਾ ਚਾਹੁੰਦੀ ਹੋਵੇ। ਮੈਨੂੰ ਦੁੱਖ ਹੋਇਆ। ਫੇਰ ਆਪਣੀ ਮੂਰਖਤਾ ਦਾ ਅਹਿਸਾਸ ਵੀ। ਮੈਂ ਉਹਨੂੰ ਕਿਹਾ ਕਿ ਮੇਰੀ ਜਿਹੜੀ ਵੀ ਚੀਜ਼ ਤੈਨੂੰ ਚਾਹੀਦੀ ਏ, ਚੱਕ ਲੈ। ਉਹਨੇ ਸੰਗਦੀ ਨੇ ਦੋ ਤਿੰਨ ਚੱਕੀਆਂ। ਮੈਂ ਟੀ ਵੀ ਤੇ ਨਿੱਕਾ ਫਰਿਜ ਚਕਵਾ ਕੇ ਉਹਦੇ ਕਮਰੇ 'ਚ ਰਖਵਾ ਦਿੱਤਾ। ਬਾਕੀ ਸਾਰੇ ਸਮਾਨ ਸਮੇਤ ਆਪਣਾ ਕਮਰਾ ਰਿਤੂ ਸੈਣੀ ਦੇ ਹਵਾਲੇ ਕਰ ਕੇ ਉਹਦੇ ਸਿਰ 'ਤੇ ਹੱਥ ਫੇਰਦਿਆਂ ਕਿਹਾ,"ਲੈ ਪੁੱਤ, ਇਹ ਸਭ ਕੁਝ ਤੇਰਾ।"

ਰਾਣੇ ਦੀ ਜੀਪ ਦਾ ਡਰਾਈਵਰ ਕਾਹਲਾ ਸੀ। ਉਹਨੇ ਰਾਤ ਨੂੰ ਮੁੜਨਾ ਵੀ ਸੀ। ਅਸੀਂ ਤੁਰੇ ਤਾਂ ਜੀਪ ਪੰਜਾਂ ਮਿੰਟਾਂ ਲਈ ਰਾਣਾ ਦੇ ਘਰ ਅੱਗੇ ਰੁਕੀ। ਮੈਂ ਸਭ ਨੂੰ ਨਮਸਤੇ ਕਹੀ ਤੇ ਪਿਆਰ ਦਿੱਤਾ। ਸੀਮਾ ਬੇਟੀ ਦਾ ਸਿਰ ਆਪਣੀ ਛਾਤੀ ਨੂੰ ਲਇਆ ਤਾਂ ਮੇਰੀ ਭੁੱਬ ਨਿਕਲ ਗਈ। ਮੈਂ ਇਕ ਪਲ ਵੀ ਰੁਕੇ ਬਗੈਰ ਰਾਣਾ ਨਾਲ ਹੱਥ ਮਿਲਾ ਕੇ ਜੀਪ 'ਚ ਜਾ ਬੈਠਾ।

ਮੇਰੇ ਮਕਾਨ 'ਚ ਦਿੱਲੀ ਤੋਂ ਆਇਆ ਮਨਜੀਤ ਸਿੰਘ ਦਾ ਟੱਬਰ ਬੀਬਿਆਂ ਦਾ ਲੱਗਦਾ ਸੀ। ਉਹਦੀ ਮਾਂ ਦੰਗਿਆਂ 'ਚ ਮਾਰੇ ਗਏ ਆਪਣੇ ਪਤੀ ਨੂੰ ਹਾਲੇ ਰੋਣ ਤੋਂ ਨਹੀਂ ਸੀ ਥੱਕੀ। ਮੁਹੱਲੇ ਦੇ ਕਈ ਹਿੰਦੂ ਟੱਬਰ ਕੁਝ ਸਾਲ ਬਾਹਰ ਰੁਲ਼ ਕੇ ਮੁੜ ਆਏ ਸਨ।

ਸਵੇਰੇ ਮੈਂ ਤੇ ਮਾਲੀ ਨੇ ਰਲ਼ ਕੇ ਕਮਰਾ ਸਾਫ ਕੀਤਾ। ਆਪਣੀ ਬਣਾਈ ਚਾਹ ਪੀਂਦਿਆਂ ਅਖਬਾਰਾਂ ਪੜ੍ਹੀਆਂ। ਬੰਬਈ 'ਚ ਰੌਲ਼ੇ ਦੀਆਂ ਖਬਰਾਂ ਸਨ। ਮੈਂ ਜਦੇ ਪੁੱਤਰ ਦੇ ਘਰ ਫੋਨ ਕੀਤਾ। ਨੂੰਹ ਨੇ ਕਿ ਉਹ ਸਭ ਠੀਕ ਠਾਕ ਨੇ। ਰਾਤ ਨੂੰ ਪੁੱਤਰ ਨੇ ਦੱਸਿਆ ਕਿ ਗੁੰਡੇ ਲੜਦੇ ਪਏ ਨੇ। ਤੁਸੀਂ ਕੋਈ ਚਿੰਤਾ ਨਾ ਕਰੋ। ਚੰਗਾ ਕੀਤਾ ਤੁਸੀਂ ਘਰ ਆ ਗਏ ਹੋ। ਹੁਣ ਨਾ ਜਾਇਓ।.. ਤੁਹਾਡਾ ਪੋਤਾ ਬੰਗਲੌਰ ਚਲਿਆ ਗਿਆ ਏ, ਪੜ੍ਹਨ। ਪੋਤੀ ਨੇੜੇ ਈ ਸਕੂਲ 'ਚ ਟੀਚਰ ਲੱਗ ਗਈ ਏ।

ਮੈਂ ਆਪਣੀ ਅਵਾਜ 'ਚ ਦਮ ਪੈਦਾ ਕਰ ਕੇ ਕਿਹਾ,"ਆ ਜੋ ਹੁਣ ਤੁਸੀਂ ਵੀ। ਏਥੇ ਹੁਣ ਸ਼ਾਂਤੀ ਏ।"

ਕਹਿੰਦਾ,"ਨਹੀਂ, ਹੁਣ ਤਾਂ ਰਿਟਾਇਰ ਹੋ ਕੇ ਈ ਸੋਚਾਂਗੇ ਕਿ ਕਿਥੇ ਟਿਕਣੈ।"

ਮੈਂ ਆਪਣੇ ਕੱਲੇ ਰਹਿ ਕੇ ਜਿਊਣ ਦਾ ਸਮਾਨ ਫੇਰ ਕੱਠਾ ਕਰਨਾ ਸ਼ੁਰੂ ਕਰ ਦਿੱਤਾ ਏ। ਸ਼ਾਮ ਦਾ ਵੇਲ਼ਾ ਏ। ਕਦੇ ਮਨ ਕਹਿੰਦਾ ਏ ਕਿ 'ਪੈਂਗ ਪਾ' ਤੇ ਕਦੇ ਕਹਿੰਦਾ ਏ ਕਿ 'ਛੱਡ ਪਰੇ'। ਸੁੰਨੇ ਜਿਹੇ ਕਮਰੇ 'ਚ ਕੁਝ ਵੀ ਕਰਨ ਨੂੰ ਦਿਲ ਨਹੀਂ ਕਰਦਾ।

ਸੋਚਦਾ ਹਾਂ ਕਿ ਜੇ ਅਨਾਰੋ ਜਾਂ ਪੂਨਮ ਵਿਚੋਂ ਕੋਈ ਏਥੇ ਆਓਣਾ ਮੰਨ ਲੈਂਦੀ ਤਾਂ ਕਿਸੇ ਦਾ ਕੀ ਵਿਗੜ ਜਾਣਾ ਸੀ।

ਮੈਂ ਕੌਫੀ ਦਾ ਪਿਆਲਾ ਬਣਾ ਕੇ ਮੇਜ਼ 'ਤੇ ਅਤੇ ਲੱਤਾਂ ਮੇਜੜੀ 'ਤੇ ਰੱਖ ਕੇ ਰੱਖੀ ਬੈਠਾ ਹਾਂ। ਪਿਆਲੇ 'ਚੋਂ ਭਾਫ ਉਠ ਰਹੀ ਏ। ਖੁਸ਼ਬੂ ਆ ਰਹੀ ਏ। ਪਤਾ ਨਹੀਂ ਮਨ 'ਚ ਕੀ ਆ ਜਾ ਰਿਹਾ ਏ। ਮੈਂ ਪਾਕਿਸਤਾਨੀ ਗਾਇਕ ਦੀ ਗ਼ਜ਼ਲ ਲਾ ਲਈ ਏ:

ਮੈਂ ਨੇ ਰੋਕਾ ਭੀ ਨਹੀਂ, ਔਰ ਵੋਹ ਠਹਿਰਾ ਭੀ ਨਹੀਂ।

ਮੈਂ ਸੁਣਦਿਆਂ ਅੱਖਾਂ ਮੀਚ ਲਈਆਂ ਨੇ। ਮੇਰੇ ਅੰਦਰ ਏਸ ਗ਼ਜ਼ਲ ਦੇ ਬੋਲ ਉਲਟੇ ਗਾਏ ਜਾ ਰਹੇ ਨੇ:

ਤੂ ਨੇ ਰੋਕਾ ਭੀ ਨਹੀਂ, ਔਰ ਮੈਂ ਠਹਿਰਾ ਭੀ ਨਹੀਂ। (ਫਰਵਰੀ, 2009)

**ਪਤਾ 593, ਮੋਤਾ ਸਿੰਘ ਨਗਰ, ਜਲੰਧਰ।**



## ਕਹਾਣੀ / ਡਿਪਰੈਸ਼ਨ/ ਸੁਰਿੰਦਰ ਨੀਰ

ਮੈਨੂੰ ਲਗ ਰਿਹਾ ਸੀ ਕਿ ਮੈਂ ਬਸ ਆਖਰੀ ਸਿਖਰਾਂ ਸਫਲਤਾ ਦੀਆਂ ਛੋਹਣ ਹੀ ਵਾਲਾ ਹਾਂ। ਅਸੀਂ ਦੋਵੇਂ ਅਜ ਜਿਸ ਮੁਕਾਮ ਤੇ ਪੁੱਜ ਚੁਕੇ ਸਾਂ, ਉਥੇ ਦੋਹਾਂ ਦੇ ਮਨਾਂ ਵਿਚ ਉਥਲ-ਪੁਥਲ ਮਚੀ ਹੋਈ ਸੀ। ਪਰ ਇਸ ਉਥਲ-ਪੁਥਲ ਦੀ ਨੌਈਅਤ ਦੋਹਾਂ ਦੀ ਆਪੋ ਆਪਣੀ ਤਰ੍ਹਾਂ ਦੀ ਸੀ। "ਜਾਣਦਾ ਹੈਂ... ਕਲ ਤਕ ਜਿਹੜੀ ਕੜਵਾਹਟ ਜ਼ਹਿਰ ਵਾਂਗ ਮੇਰੇ ਲਹੂ ਵਿਚ ਦੌੜ ਰਹੀ ਸੀ ਤੇ ਉਹੋ ਜ਼ਹਿਰ ਮੇਰੇ ਬੋਲਾਂ ਰਾਹੀਂ ਮੇਰੇ ਹਾਸੇ ਤੇ ਮੇਰੇ ਹੰਝੂਆਂ ਰਾਹੀਂ ਮੇਰੇ ਵਿਵਹਾਰ ਤੇ ਮੇਰੇ ਦੁਰਵਿਵਹਾਰ ਰਾਹੀਂ ਪ੍ਰਗਟ ਹੋ ਜਾਂਦਾ ਸੀ। ਅਜ ਉਸ ਜ਼ਹਿਰ ਤੇ ਉਸ ਕੜਵਾਹਟ ਲਈ ਮੇਰੇ ਦਿਲ-ਦਿਮਾਗ਼ ਵਿਚ ਕੋਈ ਥਾਂ ਹੀ ਨਹੀਂ ਬਚੀ। ਤੂੰ ਬਲਾਟਿੰਗ ਪੇਪਰ ਵਾਂਗ ਮੇਰੇ ਅੰਦਰ ਦਾ ਸਾਰਾ ਜ਼ਹਿਰ ਚੂਸ ਲਿਆ ਹੈ...।" ਉਸਨੇ ਮੇਰੀ ਸੱਜੀ ਬਾਂਹ ਉਤੇ ਆਪਣੀਆਂ ਮੁੰਦਰੀਆਂ ਵਾਲੀਆਂ ਉਂਗਲਾਂ ਫੇਰਦਿਆਂ ਵਿਸਮਾਦ ਜਹੇ ਵਿਚ ਕਿਹਾ। "ਹੂੰ...।" ਮੈਂ ਉਸਨੂੰ ਉਸ ਵਿਸਮਾਦ ਚੋਂ ਬਾਹਰ ਕਢਣਾ ਨਹੀਂ ਸਾਂ ਚਾਹੁੰਦਾ ਇਸ ਲਈ ਆਪਣੀਆਂ ਗੱਲਾਂ ਵਿਚ ਉਲਝਾਣ ਦੀ ਜਗ੍ਹਾ ਮੈਂ ਉਸਨੂੰ ਉਸਦੇ ਆਪਣੇ ਹੀ ਸ਼ਬਦਾਂ ਦੇ ਵਹਿਣ ਵਿਚ ਵਹਿਣ ਦੇਣਾ ਜ਼ਿਆਦਾ ਮੁਨਾਸਿਬ ਸਮਝਿਆ। ਇਸ ਲਈ ਕੇਵਲ "ਹੂੰ... ਹਾਂ..." ਕਰਕੇ ਹੀ ਉਸਨੂੰ ਉਤਸ਼ਾਹਤ ਕਰਦਾ ਰਿਹਾ।

"ਪਤਾ ਹੈ... ਤੂੰ ਮੇਰੇ ਜ਼ਿਹਰ ਤੇ, ਮੇਰੀ ਸੋਚ ਉਤੇ ਇਸ ਤਰ੍ਹਾਂ ਛਾ ਗਿਆ ਹੈਂ... ਮੇਰੀ ਸੋਚ ਨੂੰ ਤੂੰ ਆਪਣੇ ਖਿਆਲਾਂ ਨਾਲ ਏਨਾ ਲਬਰੇਜ਼ ਕਰ ਦਿੱਤਾ ਹੈ ਕਿ ਹੋਰ ਕਿਸੇ ਅਣਸੁਖਾਵੇਂ ਖਿਆਲ ਦਾ ਮੇਰੀ ਸੋਚ ਵਿਚ ਦਾਖਲ ਹੋਣ ਲਈ ਕੋਈ ਸਪੇਸ਼ ਹੀ ਨਹੀਂ ਬਚੀ... ਤੈਨੂੰ ਨਹੀਂ ਪਤਾ ਤੂੰ ਮੈਨੂੰ ਕਿਨਾ ਬਦਲ ਦਿਤਾ ਹੈ...।" ਉਹ ਉਸੇ ਉਨਮਾਦ ਭਰੀ ਸਥਿਤੀ ਵਿਚ ਬੋਲ ਰਹੀ ਸੀ। ਉਸਦੀਆਂ ਉਂਗਲਾਂ ਮੇਰੀ ਬਾਂਹ ਤੇ ਲਗਾਤਾਰ ਸਿਤਾਰ ਜਿਹਾ ਵਜਾ ਰਹੀਆਂ ਨੇ ਤੇ ਮੇਰੀਆਂ ਅੱਖਾਂ ਅਗੇ ਫਿਲਮ ਦੇਵਦਾਸ ਦਾ ਦ੍ਰਿਸ਼ ਘੁੰਮ ਜਾਂਦਾ ਹੈ। ਦੇਵਦਾਸ ਚੰਦਰਮੁਖੀ ਨੂੰ ਕਹਿ ਰਿਹਾ ਹੈ... "ਪਾਰੋ ਕੇ ਨਾਮ ਸੇ ਯਹ ਦੇਵਦਾਸ ਨਾਮ ਕਾ ਪਿਆਲਾ ਇਤਨਾ ਭਰ ਚੁਕਾ ਹੈ ਚੰਦਰਮੁਖੀ ਕਿ ਇਸਮੇ ਤੁਮ ਕੁਛ ਔਰ ਡਾਲੋਗੀ ਤੋ ਛਲਕ ਜਾਏਗਾ...।"

"ਪਰ ਫਿਰ ਭੀ ਲੋਗ ਤੋ ਯਹੀ ਕਹੇਂਗੇ ਨਾ ਕਿ ਪਿਆਲੇ ਕੋ ਛੂਕੇ ਨਿਕਲੀ ਹੈ ਉਸ ਚੰਦਰਮੁਖੀ ਨੇ ਵੀ, ਮੇਰੇ ਸਾਹਮਣੇ ਬੈਠੀ ਚੰਦਰਮੁਖੀ ਵਾਂਗ ਵਿਸਮਾਦ ਭਰੀ ਹਾਲਤ 'ਚ ਕਿਹਾ ਸੀ ਦੇਵਦਾਸ ਨੂੰ। ਮੈਨੂੰ ਹਾਸਾ ਆ ਜਾਂਦਾ ਹੈ ਦੋਹਾਂ ਪ੍ਰਸਥਿਤੀਆਂ ਤੇ। ਪਰ ਮੈਂ ਜ਼ਬਰਦਸਤੀ ਆਪਣਾ ਹਾਸਾ ਦਬਾ ਲੈਂਦਾ ਹਾਂ। ਇਸ ਵਕਤ ਮੇਰਾ ਹਸਣਾ ਸ਼ਿਸ਼ਟਾਚਾਰ ਦੇ ਵਿਰੁੱਧ ਹੈ। ਕਿਉਂਕਿ ਜਿਸ ਸੰਵੇਦਨਸ਼ੀਲ ਹਾਲਤ ਵਿਚ ਇਹ ਚੰਦਰਮੁਖੀ ਇਸ ਵੇਲੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਮੇਰੇ ਸਾਹਮਣੇ ਕਰ ਰਹੀ ਹੈ, ਉਸ ਹਾਲਤ 'ਚ ਉਸਦੇ ਪ੍ਰੇਮੀ ਨੂੰ ਵੀ ਅਜਿਹੇ ਹੀ ਸੰਵੇਦਨਸ਼ੀਲ ਤੇ ਅਹਿਸਾਸਮਈ ਪ੍ਰਗਟਾਵੇ ਦੀ ਜ਼ਰੂਰਤ ਹੈ ਦੇਵਦਾਸ, ਤੇ ਦੇਵਦਾਸ ਵਾਲੀ ਚੰਦਰਮੁਖੀ ਦੇ ਫਿਲਮੀ ਡਾਇਲਾਗ ਦਾ ਵਿਸ਼ਲੇਸ਼ਨ ਫਿਰ ਕਦੀ ਸਹੀ। ਹਾਲਾਂ ਕਿ ਦੇਵਦਾਸ ਫਿਲਮ ਦੇ ਇਸ ਡਾਇਲਾਗ ਤੇ ਮੈਨੂੰ ਹਮੇਸ਼ਾ ਆਲੋਚਨਾ ਕਰਨ ਨੂੰ ਦਿਲ ਕਰਦਾ ਹੈ। ਪਰ ਇਸ ਸਮੇਂ ਇਹ ਆਲੋਚਨਾ, ਇਸ ਚੰਦਰਮੁਖੀ ਸਾਂਹਵੇ ਨਹੀਂ ਕੀਤੀ ਜਾ ਸਕਦੀ। ਇਸ ਲਈ ਮੈਂ ਆਪਣੇ ਚਿਹਰੇ ਉਤੇ ਹੱਦ ਦਰਜੇ ਦੀ ਸੰਵੇਦਨਸ਼ੀਲਤਾ ਲਿਆ ਕੇ ਆਪਣੀਆਂ ਉਂਗਲਾ ਉਸਦੇ ਕਟੇ ਵਾਲਾਂ 'ਚ ਉਲਝਾ ਲੈਂਦਾ ਹਾਂ ਤੇ ਉਹ ਜਿਵੇਂ ਤੜਪ ਕੇ ਆਪਣਾ ਮੂੰਹ ਮੇਰੇ ਸੀਨੇ ਵਿਚ ਛੁਪਾ ਲੈਂਦੀ ਹੈ।

ਚੰਦਰਮੁਖੀ ਨਾਲ ਮੇਰਾ ਰਿਸ਼ਤਾ ਵੀ ਅਜੀਬ ਹੈ। ਦੇਖਣ-ਸੁਣਨ ਵਾਲੇ ਜਾਣਦੇ ਨੇ ਕਿ ਮੈਂ ਜਿਸ ਘਰ ਕਿਰਾਏ ਤੇ ਕਮਰਾ ਲੈਂ ਕੇ, ਇਕ ਪ੍ਰਾਈਵੇਟ ਟਿਟੋਰੀਅਲ ਵਿਚ ਮੈਥਸ ਦੀ ਟਿਊਸ਼ਨ ਪੜਾਂਦਾ ਹਾਂ, ਚੰਦਰਮੁਖੀ ਉਸੇ ਮਕਾਨ ਦੀ ਮਾਲਕਿਨ ਹੈ। ਮੇਰੇ ਤੋਂ ਸਿਰਫ ਚਾਰ ਸਾਲ ਛੋਟਾ ਉਸਦਾ ਬੇਟਾ ਦੂਜੇ ਸ਼ਹਿਰ ਦੇ ਕਿਸੇ ਕਾਲੇਜ ਵਿਚ ਇੰਜੀਨੀਅਰ ਦੀ ਪੜਾਈ ਕਰ ਰਿਹਾ ਹੈ ਤੇ ਉਸ ਤੋਂ ਦੋ ਕੁ ਸਾਲ ਛੋਟੀ ਬੇਟੀ ਫੈਸ਼ਨ ਡਿਜ਼ਇਨੰਗ ਕੋਰਸ ਕਰਨ ਦਿੱਲੀ ਸਰਕਾਰੀ ਅਦਾਰੇ ਦਾ ਵੱਡਾ ਅਫਸਰ ਹੈ। ਯਾਨੀ ਕਿ ਬਿਯੂਰੋਕ੍ਰੈਟ। ਸਵੇਰੇ ਜਦ ਇਕ ਸਫੇਦ ਅੰਮਬੈਸੀਡਰ ਕਾਰ ਉਨ੍ਹਾਂ ਦੇ ਦਰਵਾਜ਼ੇ ਤੇ ਆ ਕੇ ਰੁਕਦੀ ਹੈ ਤੇ ਇਕ ਵਰਦੀਧਾਰੀ ਬੰਦਾ, ਡਰਾਈਵਰ ਦੀ ਨਾਲ ਵਾਲੀ ਸੀਟ ਤੋਂ ਬਾਹਰ ਨਿਕਲ ਕੇ ਛੇਤੀ ਛੇਤੀ ਘਰ ਦੀਆਂ ਪੌੜੀਆਂ ਚੜ੍ਹਦਾ ਹੋਇਆ ਉਪਰ ਜਾਂਦਾ ਹੈ ਤੇ ਕੁਝ ਹੀ ਦੇਰ ਬਾਅਦ ਹੱਥ ਵਿਚ ਵੱਡਾ ਜਿਹਾ ਬ੍ਰੀਫਕੇਸ ਲੈ ਕੇ ਹੇਠਾਂ ਉਤਰਦਾ

ਹੈ ਤਾਂ ਕੇਵਲ ਉਸ ਵੇਲੇ ਮੈਂ ਠੱਕ ਨੱਕ ਪੌੜੀਆਂ ਉਤਰਦੇ ਆਪਣੇ ਮਾਲਕ ਮਕਾਨ ਦੇ ਦੀਦਾਰ ਕਰਦਾ ਹਾਂ। ਉਨਾਂ ਦੀ ਗੱਡੀ ਦੇ ਤੁਰ ਜਾਣ ਬਾਦ ਤੁਰੰਤ ਮੇਰੀ ਨਜ਼ਰ ਟੈਰਿਨ ਉਤੇ ਕੈਕਟਸ ਦੇ ਗਮਲਿਆਂ ਵਿਚਕਾਰ ਖੜੀ ਚੰਦਰਮੁਖੀ ਤੇ ਪੈਂਦੀ ਹੈ। ਮੈਂ ਬੜੀ ਨੀਝ ਨਾਲ ਉਸਦੇ ਚਿਹਰੇ ਤੋਂ ਕਿਸੇ ਤਰ੍ਹਾਂ ਦਾ ਕੋਈ ਭਾਵ ਪੜ੍ਹਨ ਦੀ ਕੋਸ਼ਿਸ਼ ਕਰਦਾ ਪਰ ਕਦੀ ਸਫਲਤਾ ਨਹੀਂ ਮਿਲੀ। ਸ਼ਾਮ ਨੂੰ ਜਦ ਮੈਂ ਸੌਂ ਚੁੱਕਾ ਹੁੰਦਾ ਤਾਂ ਗੱਡੀ ਦਾ ਹਾਰਨ ਵਜਦਾ। ਨੌਕਰ ਦੌੜ ਦੌੜ ਕੇ ਗੇਟ ਖੋਹਲਦਾ। ਤੇ ਇਸ ਅਜੀਬ ਜਹੀ ਹਲਚਲ ਵਿਚ ਸਾਰੇ ਉਪਰ ਚਲੇ ਜਾਂਦੇ। ਬਸ ਉਸ ਵੇਲੇ ਮੈਨੂੰ ਪਤਾ ਚਲਦਾ ਕਿ ਮਾਲਕ ਘਰ ਆ ਗਏ ਹਨ।

ਮੇਰਾ ਕਮਰਾ ਪੋਰਚ ਦੇ ਉਪਰ ਹੈ। ਜਦ ਮੈਂ ਕਮਰਾ ਢੂੰਡਣ ਲਈ ਇਸ ਕਲੋਨੀ ਵਿਚ ਰਹਿੰਦੇ ਆਪਣੇ ਇਕ ਦੋਸਤ ਨੂੰ ਕਿਹਾ ਸੀ ਤਾਂ ਉਸਨੇ ਝੱਟ ਇਸ ਘਰ ਦੀ ਸਿਫਾਰਿਸ਼ ਕਰ ਦਿਤੀ ਸੀ। ਮੇਰੇ ਦੋਸਤ ਦੀ ਬੀਵੀ ਵੀ ਉਸੇ ਕਿੱਟੀ ਪਾਰਟੀ ਦੀ ਮੈਂਬਰ ਹੈ ਜਿਸਦੀ ਇਹ ਚੰਦਰਮੁਖੀ। ਮੈਂ ਜਦ ਆਪਣੇ ਦੋਸਤ ਦੀ ਬੀਵੀ ਰਾਹੀਂ ਇਸ ਘਰ ਵਿਚ ਕਮਰਾ ਲੈਣ ਦੀ ਗਲ ਤੋਰੀ ਤਾਂ ਚੰਦਰਮੁਖੀ ਨੇ ਸਭ ਤੋਂ ਪਹਿਲਾਂ ਇਹੋ ਗਲ ਕਹੀ ਸੀ ਕਿ ਉਸਨੂੰ ਕੋਈ ਫੈਮਿਲੀ ਵਾਲੇ ਲੋਕ ਚਾਹੀਦੇ ਹਨ। ਪ੍ਰੀਵਾਰ ਛੋਟਾ ਹੋਵੇ ਤੇ ਜੇ ਕਿਰਾਏ ਤੇ ਰਹਿਣ ਵਾਲੀ ਔਰਤ ਉਸਦੇ ਹਾਣ ਸਾਥ ਦੀ ਹੋਵੇ ਤਾਂ ਹੋਰ ਵੀ ਚੰਗਾ। ਉਹ ਦਰਅਸਲ ਆਪਣੀ ਇਲੱਕਤਾ ਤੋਂ ਬਹੁਤ ਪ੍ਰੇਸ਼ਾਨ ਰਹਿੰਦੀ ਹੈ ਤੇ ਚਾਹੁੰਦੀ ਹੈ ਕਿ ਘਰ ਵਿਚ ਕੋਈ ਉਸ ਨਾਲ ਬੋਲਣ-ਬੁਲਾਣ ਵਾਲਾ ਕੋਈ ਉਸਦੀ ਇਕੱਲਤਾ ਵੰਡਣ ਵਾਲਾ ਹੋਵੇ ਤਾਂ ਜੁ ਉਸਦੀ ਉਦਾਸੀ ਵੀ ਘਟ ਜਾਏ। ਇਹ ਗੱਲਾਂ ਮੇਰੇ ਦੋਸਤ ਦੀ ਬੀਵੀ ਨੇ ਹੀ ਮੈਨੂੰ ਦਸੀਆਂ ਸਨ। ਗੱਲਾਂ ਗੱਲਾਂ ਵਿਚ ਮੈਨੂੰ ਇਹ ਵੀ ਪਤਾ ਲਗ ਗਿਆ ਸੀ ਕਿ ਚੰਦਰਮੁਖੀ ਦਾ ਅਫਸਰ ਘਰਵਾਲਾ ਅਕਸਰ ਦੌਰਿਆਂ ਤੇ ਹੀ ਰਹਿੰਦਾ ਹੈ। ਵੈਸੇ ਵੀ ਉਹ ਸ਼ਹਿਰ ਦੇ ਵੱਡੇ ਵੱਡੇ ਕਲੱਬਾਂ ਦਾ ਮੈਂਬਰ ਹੈ ਇਸ ਲਈ ਉਸਦੀ ਰਾਤ ਦਿਨ ਦੀ ਵਿਅਸਥਤਾ ਹੀ ਚੰਦਰਮੁਖੀ ਦੀ ਇਕੱਲਤਾ ਤੇ ਡਿਪਰੈਸ਼ਨ ਦਾ ਕਾਰਨ ਹੈ। ਇਹ ਸਭ ਕੁਝ ਜਾਣਕੇ ਮੈਂ ਸ਼ਸ਼ੋਪੰਜ ਵਿਚ ਪੈ ਗਿਆ ਸਾਂ। ਕਿਰਾਏ ਤੇ ਕਮਰਾ ਲੈਣ ਦੀ ਸ਼ਰਤ ਜ਼ਰਾ ਮੁਸ਼ਕਿਲ ਤਾਂ ਸੀ ਪਰ ਦਿਲਚਸਪ ਵੀ ਘਟ ਨਹੀਂ ਸੀ। ਮੇਰੇ ਅੰਦਰ ਜਿਵੇਂ ਉਤਸੁਕਤਾ ਦਾ ਕੋਈ ਕੀੜਾ ਕੁਲਬੁਲਾਇਆ ਸੀ। "ਠੀਕ ਹੈ ਭਾਬੀ ਜੀ। ਮੈਂ ਪਾਸ਼ੀ ਤੇ ਆਪਣੀ ਬੇਟੀ ਨੂੰ ਵੀ ਇਥੇ ਹੀ ਲੈ ਆਂਦਾ ਹਾਂ। ਇਸੇ ਬਹਾਨੇ ਡਿੰਪੀ ਨੂੰ ਵੀ ਕਿਸੇ ਚੰਗੇ ਸਕੂਲ 'ਚ ਪਾ ਦਿਆਂਗੇ। ਪਾਸ਼ੀ ਵੀ ਤਾਂ ਐਮ. ਏ. , ਬੀ. ਐਡ ਹੈ। ਹੋ ਸਕਿਆ ਤਾਂ ਕਿਸੇ ਪ੍ਰਾਈਵੇਟ ਸਕੂਲ ਵਿਚ ਉਸਦੀ ਵੀ ਐਡਜਸਟਮੈਂਟ ਕਰ ਦਿਆਂਗੇ...।" ਮੈਂ ਛਟਪਟ ਹੀ ਸਾਰੀ ਵਿਉਂਤ ਬਣਾ ਲਈ ਤੇ ਅਗਲੇ ਹੀ ਦਿਨ ਅਸੀਂ ਚੰਦਰਮੁਖੀ ਦੇ ਘਰ ਕਰਾਏਦਾਰ ਹੋ ਕੇ, ਉਨ੍ਹਾਂ ਦੇ ਪੋਰਚ ਉਪਰ ਬਣੇ ਕਮਰੇ ਵਿਚ ਸ਼ਿਫਟ ਹੋ ਗਏ। ਨਾਲ ਹੀ ਇਕ ਛੋਟਾ ਜਿਹਾ ਕਿਚਨ ਸੀ। ਪਾਸ਼ੀ ਨੂੰ ਹਾਲਾ ਕਿ ਏਨਾ ਛੋਟਾ ਜਿਹਾ ਕਿਚਨ ਪਸੰਦ ਨਹੀਂ ਸੀ ਆਇਆ, ਪਰ ਬਾਕੀ ਸਾਰਾ ਵਾਤਾਵਰਨ ਉਸਦੇ ਮਿਜ਼ਾਜ ਅਨੁਕੂਲ ਸੀ। ਉਸਨੂੰ ਰੌਲਾ-ਰੱਪਾ ਪਸੰਦ ਨਹੀਂ ਸੀ। ਇਸ ਲਈ ਉਸਦੀ ਸ਼ਾਂਤੀ ਪਸੰਦ ਤਬੀਅਤ ਲਈ ਮਾਹੋਲ ਵਾਹਵਾ ਸੁਖਾਵਾਂ ਸੀ।

ਕੁਝ ਹੀ ਦਿਨਾ ਵਿਚ ਪਾਸ਼ੀ ਤੇ ਚੰਦਰਮੁਖੀ ਪੱਕੀਆਂ ਸਹੇਲੀਆਂ ਬਣ ਗਈਆਂ ਉਮਰਾਂ ਦਾ ਬਹੁਤ ਵੱਡਾ ਫਾਸਲਾ ਹੋਣ ਦੇ ਬਾਵਜੂਦ ਵੀ। ਹੌਲੀ ਹੌਲੀ ਪਾਸ਼ੀ ਰਾਹੀਂ ਮੈਨੂੰ ਚੰਦਰਮੁਖੀ ਦੇ ਅੰਦਰਲੇ ਸੁੰਨੇਪਨ ਦਾ ਅੰਦਾਜ਼ਾ ਹੋ ਗਿਆ। ਅਸੀਂ ਇਹ ਸੋਚਦੇ ਕਿ ਕੀ ਪੈਸੇ ਨਾਲ ਸਾਰੀਆਂ ਖੁਸ਼ੀਆਂ ਹਾਸਲ ਕੀਤੀਆਂ ਜਾ ਸਕਦੀਆਂ ਹਨ? ਏਨਾ ਪੈਸਾ ਹੈ ਇਨ੍ਹਾਂ ਲੋਕਾਂ ਕੋਲ ਪਰ ਦਿਲ ਨੂੰ ਚੈਨ ਨਸੀਬ ਨਹੀਂ। ਚੈਨ ਢੂੰਡਣ ਲਈ ਸਾਹਿਬ ਕਲੱਬਾਂ ਤੇ ਸ਼ਰਾਬਾਂ ਵਿਚ ਗਲਤਾਨ ਰਹਿੰਦਾ ਹੈ ਤੇ ਮੇਮ ਸਾਹਿਬ ਦੁਖ ਵੰਡਾਉਣ ਲਈ ਕਿਸੇ ਦਾ ਸਹਾਰਾ ਭਾਲਦੀ ਹੈ। ਚੰਦਰਮੁਖੀ ਹੁਣ ਅਕਸਰ ਸਾਡੇ ਘਰ ਆਣ ਲਗ ਪਈ। ਮੈਨੂੰ ਵੀ ਉਸਦਾ ਇੰਝ ਸਾਡੇ ਨਾਲ ਘੁਲ-ਮਿਲ ਜਾਣਾ ਚੰਗਾ ਲਗਦਾ ਅਸੀਂ ਮਿਲਕੇ ਟੀ. ਵੀ. ਤੇ ਕੋਈ ਫਿਲਮ ਵੇਖਦੇ। ਪਾਸ਼ੀ ਪਕੌੜੀਆਂ ਤਲ ਲਿਆਉਂਦੀ। ਕਦੀ ਮੈਂ ਬਾਹਰੋਂ ਆਈਸਕ੍ਰੀਮ ਬ੍ਰਿੱਕ ਲੈ ਆਉਂਦਾ ਤੇ ਕਦੀ ਚੰਦਰਮੁਖੀ ਦਾ ਨੌਕਰ ਕੋਈ ਮਿੱਠੀ ਜਾਂ ਨਮਕੀਨ ਚੀਜ਼ ਤਲ ਕੇ ਲੈ ਆਂਦੇ ਪਹਿਲਾਂ ਮੈਨੂੰ ਹਰ ਵੇਲੇ ਸਿਰਦਰਦ ਦੀ ਸ਼ਿਕਾਇਤ ਰਹਿੰਦੀ ਸੀ। ਪਰ ਹੁਣ ਕਈ ਦਿਨਾਂ ਤੋਂ ਮੈਨੂੰ ਸਿਰਦਰਦ ਹੋਇਆ ਹੀ ਨਹੀਂ ਨਾ ਹੀ ਰਾਤੀਂ ਨੀਂਦ ਦੀ ਗੋਲੀ ਖਾਣ ਦੀ ਲੋੜ ਪਈ ਹੈ। ਪਤਾ ਹੈ ਪਾਸ਼ੀ... ਤੁਹਾਡੇ ਨਾਲ ਗੱਪਾਂ ਮਾਰਦਿਆਂ, ਹਸਦਿਆਂ ਖੇਡਦਿਆਂ ਵਕਤ ਕਿਵੇਂ ਬੀਤ ਜਾਂਦਾ ਹੈ ਪਤਾ ਹੀ ਨਹੀਂ ਚਲਦਾ...।" ਚੰਦਰਮੁਖੀ ਅਕਸਰ ਆਖਦੀ।



ਹੁਣ ਅਸੀਂ ਵਿਹਲੇ ਵੇਲੇ ਤਾਸ਼ ਖੇਡਣ ਲਗ ਜਾਂਦੇ। ਕਦੀ ਕੈਰਮ ਤੇ ਕਦੀ ਬੈਡਮਿੰਟਨ। ਹਾਂ ਚੈੱਸ ਨਾ ਮੈਨੂੰ ਖੇਡਣੀ ਆਉਂਦੀ ਸੀ ਨਾ ਪਾਸ਼ੀ ਨੂੰ। ਪਰ ਚੰਦਰਮੁਖੀ ਨੇ ਸਾਨੂੰ ਇਹ ਵੀ ਸਿਖਾ ਦਿਤੀ।

ਚੰਦਰਮੁਖੀ ਉਸਦਾ ਅਸਲੀ ਨਾਂ ਨਹੀਂ ਹੈ। ਇਹ ਤਾਂ ਮੈਂ ਉਸਨੂੰ ਆਪਣੇ ਵਲੋਂ ਪਿਆਰ ਭਰਿਆ ਨਾਂ ਦਿੱਤਾ ਹੋਇਆ ਹੈ। ਮੇਰੇ ਲਈ ਉਹ ਚੰਦਰਮੁਖੀ ਹੀ ਹੈ। ਸਚਮੁਚ ਦੀ ਚੰਦਰਮੁਖੀ। ਕੁੱਦ ਕੇ ਪਤੀਸੇ ਵਰਗੀ, ਨਿਰੀ ਖਸਤਾ। ਜੀਭ ਦੀ ਨੋਕ ਤੇ ਰੱਖੋ ਤਾਂ ਪਲਕ ਝਪਕਦਿਆਂ ਹੀ ਘੁਲ ਕੇ ਅੰਦਰ ਲਥ ਜਾਵੇ। ਉਂਝ ਹੈ ਬੜੀ ਰਖ-ਰਖਾਓ ਵਾਲੀ। ਸ਼ੋਕ ਵੀ ਉਸਦੇ ਬਸ ਹਫਤੇ ਵਿਚ ਇਕ ਵਾਰ ਕਿੱਟੀ ਪਾਰਟੀ ਵਿਚ ਜਾਣ ਤੋਂ ਵਧ ਕੁਝ ਨਹੀਂ। ਹੁਣ ਕਦੀ ਕਦੀ ਉਹ ਤੇ ਪਾਸ਼ੀ ਬਜ਼ਾਰ ਸ਼ੌਪਿੰਗ ਕਰਨ ਵੀ ਚਲੀਆਂ ਜਾਂਦੀਆਂ ਤੇ ਪਾਸ਼ੀ ਆ ਕੇ ਦਸਦੀ 'ਇਹ ਸੂਟ ਮੈਨੂੰ ਦੀਦੀ ਨੇ ਲੈ ਦਿੱਤਾ। ਆਪਣੇ ਲਈ ਲੈਣ ਲਗੀ ਨੇ ਮੈਨੂੰ ਵੀ ਜ਼ਬਰਦਸਤੀ ਲੈ ਦਿੱਤਾ। ਬਥੇਰਾ ਨਾਂਹ ਨਾਂਹ ਕੀਤਾ। ਪਰ ਨਰਾਜ਼ ਹੋ ਗਏ। ਮੈਨੂੰ ਮਜਬੂਰਨ ਲੈਣਾ ਪਿਆ। ਸ਼ਾਇਦ ਮੈਂ ਨਰਾਜ਼ ਨਾ ਹੋ ਜਾਵਾਂ। ਇਸ ਲਈ ਪਾਸ਼ੀ ਸਪਸਟੀ ਕਰਨ ਦੇਈ ਜਾਂਦੀ।

ਪਰ ਮੈਂ ਤਾਂ ਸਗੋਂ ਅੰਦਰੋਂ ਅੰਦਰੀ ਬਹੁਤ ਖੁਸ਼ ਹੁੰਦਾ। ਭਾਵੇਂ ਜ਼ਾਹਰ ਨਹੀਂ ਸਾਂ ਹੋਣ ਦੇਣਾ ਚਾਹੁੰਦਾ। ਮੇਰੇ ਖੁਸ਼ ਹੋਣ ਦਾ ਕਾਰਨ ਇਹ ਨਹੀਂ ਸੀ ਕਿ ਮੇਰੀ ਬੀਵੀ ਨੂੰ ਚਾਰ ਪੰਜ ਸੌ ਦਾ ਸੂਟ ਮੁਫ਼ਤ ਵਿਚ ਮਿਲ ਗਿਆ ਤੇ ਮੇਰੀ ਜੇਬ ਹਲਕੀ ਹੋਣੋ ਬਚ ਗਈ। ਬਲਕਿ ਇਨ੍ਹਾਂ ਦੋਹਾਂ ਔਰਤਾਂ ਦੀ ਆਪਸੀ ਆਤਮੀਅਤਾ ਮੈਨੂੰ ਚੰਗੀ ਲਗ ਰਹੀ ਸੀ। ਕਿਉਂਕਿ ਮੈਨੂੰ ਉਦਾਸ ਚੰਦਰਮੁਖੀ ਦੇ ਚਿਹਰੇ ਉਤੇ ਅਜਕਲ ਬਦਲੇ ਬਦਲੇ ਸੂਹੇ ਰੰਗ ਦੀ ਝਲਕ ਚੰਗੀ ਲਗ ਰਹੀ ਸੀ। ਮੈਂ ਮਹਿਸੂਸ ਕਰ ਰਿਹਾ ਸਾਂ ਕਿ ਇਕੱਲਤਾ ਦੇ ਹਨੇਰੇ ਚੋਂ ਨਿਕਲ ਕੇ ਉਹ ਰੰਗਾਂ ਨਾਲ ਖੇਡਣ ਦੀ ਕੋਸ਼ਿਸ਼ ਕਰ ਰਹੀ ਹੈ। ਇਕੱਠੇ ਬੈਠਿਆਂ, ਤਾਸ਼ ਜਾਂ ਕੈਰਮ ਖੇਡਦਿਆਂ ਉਂਝ ਹੀ ਭੁਲ ਭੁਲੇਖੇ ਜੇ ਕਈ ਸਾਡੇ ਹੱਥ ਆਪਸ ਵਿਚ ਛੂਹ ਜਾਂਦੇ ਤਾਂ ਮੈਂ ਚੋਰ ਅੱਖ ਨਾਲ ਉਸਦੇ ਚਿਹਰੇ ਵਲ ਵੇਖ ਲੈਂਦਾ। ਪਰ ਉਹ ਆਪਣੇ ਭਾਵਾਂ ਨੂੰ ਲਖ ਚਤੁਰਾਈ ਨਾਲ ਛੁਪਾਂਦੇ ਹੋਏ ਵੀ ਮੇਰੇ ਸਾਹਮਣੇ ਜ਼ਾਹਿਰ ਹੋ ਹੀ ਜਾਂਦੀ।

ਅਸੀਂ ਕਿਰਾਏ ਤੇ ਰਹਿਣ ਕਾਰਨ ਆਪਣਾ ਨਿੱਜੀ ਟੈਲੀ ਫੋਨ ਨਹੀਂ ਸੀ ਲਗਵਾਇਆ ਹੋਇਆ। ਇਸ ਲਈ ਆਪਣੀ ਜਾਣ ਪਹਿਚਾਣ ਦੇ ਲੋਕਾਂ ਤੇ ਹੋਰ ਰਿਸ਼ਤੇਦਾਰਾਂ ਨੂੰ ਅਸਾਂ ਨੇ ਮਕਾਨ ਮਾਲਕਾਂ ਦਾ ਹੀ ਨੰਬਰ ਦਿਤਾ ਹੋਇਆ ਸੀ ਵੇਲੇ ਕੁਵੇਲੇ ਮੈਨੂੰ ਜਾਂ ਪਾਸ਼ੀ ਨੂੰ ਚੰਦਰਮੁਖੀ ਦੇ ਘਰ ਫੋਨ ਸੁਣਨ ਜਾਣਾ ਪੈਂਦਾ। ਪਹਿਲਾਂ ਪਹਿਲ ਤਾਂ ਮੈਂ ਆਪ ਫੋਨ ਸੁਣਨ ਜਾਂਦਿਆਂ ਝਿਜਕਦਾ ਸਾਂ ਤੇ ਜ਼ਬਰ ਦਸਤੀ ਪਾਸ਼ੀ ਨੂੰ ਨਾਲ ਲੈ ਜਾਂਦਾ। ਪਰ ਹੁਣ ਕਿਉਂਕਿ ਹੁਣ ਅਸੀਂ ਆਪਸ ਵਿਚ ਕਾਫੀ ਬੇਤਕੱਲੁਫ ਹੋ ਗਏ ਸਾਂ ਇਸ ਲਈ ਮੇਰਾ ਨਿੱਜੀ ਫੋਨ ਆਉਣ ਤੇ ਪਾਸ਼ੀ ਖਿੱਝ ਕੇ ਆਖਦੀ, "ਮੈਨੂੰ ਕਿਉਂ ਨਾਲ ਘਸੀਟਦੇ ਰਹਿੰਦੇ ਹੋ? ਉਥੇ ਕੌਣ ਹੈ ਜੋ ਤੁਹਾਨੂੰ ਖਾ ਜਾਏਗਾ? ਦੀਦੀ ਕੋਲੋਂ ਡਰਦੇ ਹੋ? ਉਨ੍ਹਾਂ ਦੇ ਤਾਂ ਬੱਚੇ ਸਾਡੀ ਉਮਰ ਦੇ ਹਨ" ਤੇ ਮੈਂ ਨਿਸ਼ਚਿੰਤ ਜਿਹਾ ਹੋ ਕੇ ਚੰਦਰਮੁਖੀ ਦੇ ਕਮਰੇ ਵਿਚ ਚਲਾ ਜਾਂਦਾ। ਅਜਕਲ ਫੋਨ ਵੀ ਕੁਝ ਜ਼ਿਆਦਾ ਹੀ ਆਣ ਲਗ ਪਏ ਸਨ ਕਮ ਬਖਤ...।

ਇਕ ਦਿਨ ਚੰਦਰਮੁਖੀ ਦਾ ਨੌਕਰ ਘਬਰਾਇਆ ਹੋਇਆ ਦੌੜਦਾ ਆਇਆ, "ਮੇਮ ਸਾਹਿਬ ਬਹੁਤ ਪ੍ਰੇਸ਼ਾਨੀ ਵਿਚ ਰੋ ਰਹੇ ਨੇ। ਤੁਸੀਂ ਚਲ ਕੇ ਪੁੱਛੋਂ ਜ਼ਰਾ..." ਅਸੀਂ ਘਬਰਾਏ ਹੋਏ ਉਥੇ ਪੁਜੇ ਤਾਂ ਵੇਖਿਆ ਉਹ ਹਿਚਕੀਆਂ ਲੈ ਲੈ ਰੋ ਰਹੀ ਸੀ ਅੱਖਾਂ ਸੁੱਜੀਆਂ ਤੇ ਚਿਹਰਾ ਲਾਲ। ਬੜਾ ਪੁਛਣ ਤੇ ਉਸ ਦਸਿਆ ਕਿ ਪੇਕਿਓਂ ਫੋਨ ਆਇਆ ਹੈ ਉਸਦੀ ਮਾਤਾ ਜੀ ਬਹੁਤ ਬਿਮਾਰ ਹਨ। ਉਹ ਫਿਰ ਜ਼ਾਰੋ ਜ਼ਾਰ ਰੋਣ ਲਗ ਪਈ। ਬੜੀ ਮੁਸ਼ਕਿਲ ਨਾਲ ਅਸਾਂ ਉਸਨੂੰ ਹੋਸਲਾ ਦਿੱਤਾ। ਚੁਪ ਕਰਾਣ ਦੇ ਬਹਾਨੇ ਅਸੀਂ ਐਵੇਂ ਉਸਨੂੰ ਗੱਲਾਂ ਵਿਚ ਲਗਾਣਾ ਚਾਹਿਆ। ਉਸਦੇ ਪਤੀ ਨੂੰ ਨੌਕਰ ਨੇ ਫੋਨ ਤੇ ਸਾਰੀ ਗਲ ਦਸ ਦਿੱਤੀ। ਅਗੋਂ ਉਨ੍ਹਾਂ ਨੇ ਛੇਤੀ ਘਰ ਆਉਣ ਦਾ ਵਾਦਾ ਕੀਤਾ। ਚੰਦਰਮੁਖੀ ਨੇ ਥੋੜਾ ਸੰਭਲ ਕੇ ਆਪਣੇ ਬਾਰੇ ਸਾਨੂੰ ਦਸਣਾ ਸ਼ੁਰੂ ਕੀਤਾ। ਉਹ ਦਰਅਸਲ ਦੂਰ ਦਰਾਜ਼ ਦੇ ਇਕ ਪਿੰਡ ਦੀ ਅਲ੍ਹੜ ਪਰ ਬੇਹਦ ਖ਼ੂਬਸੂਰਤ ਹੁੰਦੀ ਸੀ (ਖ਼ੂਬਸੂਰਤ ਤਾਂ ਉਹ ਅੱਜ ਵੀ ਹੈ ਮਾਸ਼ਾ ਅਲਾਹ... ਤੇ ਉਦੋਂ ਐਨੀ ਕੁ ਹੁੰਦੀ ਹੋਵੇਗੀ... ਮੇਰੀ ਨਜ਼ਰ ਉਸਦਾ ਭਰਪੂਰ ਜਾਇਜ਼ਾ ਲੈਂਦੀ ਹੈ। ਮਨ ਹੀ ਮਨ ਮੁਸਕ੍ਰਾ ਪੈਂਦਾ ਹਾਂ। ਫਿਰ ਆਪਣੇ ਆਪ ਨੂੰ ਕੋਸਣ ਲਗਦਾ ਹਾਂ ਕਿਉਂਕਿ ਚੰਦਰਮੁਖੀ ਸੂੰ ਕਰਦੀ, ਨੱਕ ਤੇ ਅੱਖਾਂ ਪੂੰਝਦੀ ਆਪਣੀ ਕਹਾਣੀ ਸੁਣਾ ਰਹੀ ਹੈ। ਉਸਦੀ ਸੱਸ ਨੇ ਕਿਸੇ ਵਿਆਹ ਵਿਚ ਉਸਨੂੰ ਵੇਖ ਕੇ ਆਪਣੇ ਪੜ੍ਹੇ ਲਿਖੇ ਸ਼ਹਿਰੀ ਪੁੱਤਰ ਲਈ, ਮੈਨੂੰ ਲੱਭ ਕੇ ਪਸੰਦ ਕਰ ਲਿਆ।

ਪੜ੍ਹੀ ਲਿਖੀ ਭਾਵੇਂ ਉਹ ਵੀ ਸੀ ਪਰ ਪਿੰਡ ਦੀ ਕੁੜੀ ਹੋਣ ਕਰਕੇ ਸ਼ਹਿਰੀ ਮੁੰਡੇ ਨੇ ਬਥੇਰੀ ਨਾਂਹ-ਨੁਕਰ ਕੀਤੀ। ਉਸਨੂੰ ਆਪਣੇ ਸਟੇਟਸ, ਆਪਣੇ ਆਪ ਤੇ ਆਪਣੇ ਵਰਗੇ ਖੁਲੇ ਵਿਚਾਰਾਂ ਵਾਲੀ ਜੀਵਨ ਸਾਥਣ ਦੀ ਤਲਾਸ਼ ਸੀ ਪਰ ਮਾਂ ਹੱਠ ਅੱਗੇ ਉਸਦੀ ਇਕ ਨਾ ਚਲੀ। ਤੇ ਚੰਦਰਮੁਖੀ ਸ਼ਹਿਰੀ ਅਫਸਰ ਦੀ ਅਫਸਰਰਾਣੀ ਬਣਕੇ ਇਸ ਤਲਿੱਸਮੀ ਕੱਚ ਦੇ ਰੰਗੀਨ ਮਹੱਲ ਵਿਚ ਕੈਦ ਹੋ ਗਈ ਕੋਸ਼ਿਸ਼ ਦੇ ਬਾਵਜੂਦ ਉਹ ਆਪਣੇ ਆਪ ਨੂੰ ਸ਼ਹਿਰੀ ਰੰਗੀਨੀਆਂ, ਬੇਬਾਕ ਹਾਸਿਆ ਦੇ ਕਲੱਬਾਂ ਦੇ ਮਦਹੋਸ਼ ਕਲਚਰ ਵਿਚ ਢਾਲ ਨਾ ਸਕੀ। ਇਸ ਲਈ ਹੌਲੀ ਹੌਲੀ ਇਕੱਲਤਾ ਦੀ ਡੂੰਘੀ ਖਾਈ ਵਿਚ ਡਿਗਦੀ ਡਿਗਦੀ ਕਈ ਮਾਨਸਿਕ ਬਿਮਾਰੀਆਂ ਦੀ ਸ਼ਿਕਾਰ ਹੋ ਗਈ। ਸਾਹਿਬ ਦੀ ਆਪਣੀ ਰੰਗੀਨ ਦੁਨੀਆਂ ਸੀ ਤੇ ਮੇਮ ਸਾਹਿਬ ਦੀ ਆਪਣੀ ਹਨੇਰੀ ਦੁਨੀਆਂ। ਦੋਵੇਂ ਦਰਿਆ ਦੇ ਦੋ ਕਿਨਾਰਿਆਂ ਵਾਂਗ ਨਾਲੋ ਨਾਲ ਤਾਂ ਸਨ ਵਿਚਕਾਰ ਬਹੁਤ ਕੁਝ ਪਾਣੀ ਦੇ ਤੇਜ਼ ਬਹਾਓ ਵਾਂਗ ਨਿਰੰਤਰ ਵਹਿ ਰਿਹਾ ਸੀ।

ਅਗਲੇ ਦਿਨ ਚੰਦਰਮੁਖੀ ਸਾਨੂੰ ਸੌ ਸੌ ਹਿਦਾਇਤਾਂ ਦੇਂਦੀ ਨੌਕਰਾਂ ਉਤੇ ਨਿਗਾਹ ਰਖਣ ਦੀ ਤਾਕੀਦ ਕਰਦੀ ਆਪਣੇ ਪੇਕੇ ਤੁਰ ਗਈ। ਉਸਦਾ ਪਤੀ ਨੌਕਰੀ ਦੀ ਮਸਰੂਫੀਅਤ ਕਾਰਨ ਉਸਦੇ ਨਾਲ ਨਹੀਂ ਸੀ ਜਾ ਸਕਿਆ। ਇਸ ਲਈ ਡਰਾਈਵਰ ਹੀ ਉਸਨੂੰ ਛੱਡ ਆਇਆ ਸੀ। ਮਸਾਂ ਦੋਹਾਂ ਨੇ ਉਸਦੇ ਘਰ ਦੀ ਪੂਰੀ ਹਿਫਾਜ਼ਤ ਤੇ ਦੇਖ ਭਾਲ ਰੱਖਣ ਦਾ ਉਸਨੂੰ ਚੰਗੀ ਤਰ੍ਹਾਂ ਯਕੀਨ ਦਵਾਇਆ ਸੀ। ਤੇ ਹੁਣ ਅਸੀਂ ਆਪਣੇ ਕਮਰੇ ਵਿਚ ਬੈਠੇ ਉਸੇ ਬਾਰੇ ਗੱਲਾਂ ਕਰ ਰਹੇ ਸਾਂ।

ਉਸਨੂੰ ਪੇਕੇ ਗਿਆ ਅਜੇ ਦੋ ਦੀ ਦਿਨ ਹੋਏ ਸਨ। ਮੈਂ ਟਿੱਟਰੀਅਲ ਤੋਂ ਪਰਤ ਕੇ ਆਇਆ, ਤਾਂ ਵੇਖਿਆ ਪਾਸ਼ੀ ਬੜੀ ਪੇਸ਼ਾਨੀ ਵਿਚ, ਸਗੋਂ ਗੁੱਸੇ ਦੀ ਹਾਲਤ ਵਿਚ ਭਰੀ ਪੀਤੀ ਮੇਰਾ ਇੰਤਜ਼ਾਰ ਕਰ ਰਹੀ ਸੀ। ਮੇਰੇ ਪੁਜਦਿਆਂ ਹੀ ਉਸਨੇ ਹਮੇਸ਼ਾ ਦੀ ਆਦਤ ਅਨੁਸਾਰ ਪਾਣੀ ਦਾ ਗਿਲਾਸ ਦੇਣ ਦੇ ਬਜਾਇ ਆਪਣਾ ਗੁੱਸਾ ਉਗਲ ਦਿਤਾ। "ਪਤਾ ਨਹੀਂ ਕੈਸਾ ਮਰਦ ਹੈ ਇਹ ਕੁੱਤਾ ਹਰਾਮਜ਼ਾਦਾ...।" ਪਾਸ਼ੀ ਦੇ ਮੂੰਹੋਂ 'ਹਰਾਮਜ਼ਾਦਾ' ਲ਼ਫਜ਼ ਸੁਣਕੇ ਮੇਰੇ ਉਤੇ ਜਿਵੇਂ ਅਸਮਾਨੀ ਬਿਜਲੀ ਡਿਗ ਪਈ। ਇਹ ਅਸਲੋਂ ਹੀ ਨਵਾਂ ਸ਼ਬਦ ਪਾਸ਼ੀ ਦੀ ਨਿੱਜੀ ਡਿਕਸ਼ਨਰੀ ਵਿਚ ਸ਼ਾਮਲ ਹੋਇਆ ਸੀ। ਪਰ ਉਸਦਾ ਤਮਤਮਾਇਆ ਚਿਹਰਾ ਤੇ ਗੁਸੇ ਵਿਚ ਆਪੋ ਵਿਚ ਉਲਝ ਰਹੀਆਂ ਉਸ ਦੀਆਂ ਉਂਗਲਾ ਦੀ ਬੇਚੈਨੀ ਵੇਖ ਮੈਂ ਸਮਝ ਗਿਆ ਸਾਂ, ਕਿ ਮਾਮਲਾ ਕੋਈ ਅਤਿ ਗੰਭੀਰ ਹੈ। ਕਿਧਰੇ ਪਾਸ਼ੀ ਨਾਲ ਕਿਸੇ ਨੇ...' ਸੋਚਦਿਆਂ ਮੇਰੇ ਸਰੀਰ ਨੂੰ ਕਾਂਬਾ ਜਿਹਾ ਛਿੜ ਗਿਆ। ਪਰ ਛੇਤੀ ਹੀ ਆਪਣੇ ਆਪ ਨੂੰ ਸੰਭਾਲਦਿਆਂ ਮੈਂ ਉਸਨੂੰ ਦੋਹਾਂ ਮੋਢਿਆਂ ਤੋਂ ਫੜ ਕੇ ਝੰਜੋੜਦਿਆਂ ਜਿਹਾ ਪੁਛਿਆ, "ਕੀ ਗੱਲ ਹੋ ਗਈ, ਖੈਰੀਅਤ ਤਾਂ ਹੈ? ਤੂੰ ਕਿਸਦੇ ਬਾਰੇ ਗਲ ਕਰ ਰਹੀ ਹੈ? ਕੋਈ ਹਰਾਮਜ਼ਾਦਾ ... ?" ਘਬਰਾਹਟ ਤੇ ਪ੍ਰੇਸ਼ਾਨੀ ਵਿਚ ਮੈਂ ਪਤਾ ਨਹੀਂ ਕਿੰਨੇ ਸੁਆਲ ਪੁੱਛ ਗਿਆ ਸਾਂ। ਆਪਣੀ ਘਬਰਾਹਟ ਦਾ ਅੰਦਾਜ਼ਾ ਮੈਨੂੰ ਛੇਤੀ ਹੀ ਹੋ ਗਿਆ। ਕਿਉਂਕਿ ਪਾਸ਼ੀ ਨੂੰ ਦਿਲਾਸਾ ਜਿਹਾ ਦੇਣ ਵੇਲੇ ਮੇਰੇ ਦੋਵੇਂ ਹਥ ਅਣਭੋਲ ਹੀ ਏਨੀ ਤਾਕਤ ਨਾਲ ਉਸਦੇ ਮੋਢਿਆਂ ਤੇ ਦੱਬ ਗਏ ਸਨ ਕਿ ਪੀੜ ਨਾਲ ਖਿੱਝੇ ਹੋਏ ਉਸ ਮੇਰੇ ਹੱਥ ਹਟਾਏ। ਮੈਂ ਵੇਖਿਆ। ਉਥੇ ਡੂੰਘੀ ਲਾਲਸਾ ਉਭਰ ਆਈ ਸੀ। ਮੈਂ ਥੋੜਾ ਨਰਮ ਪੈਂਦਿਆਂ ਫਿਰ ਪੁਛਿਆ, "ਸੌਰੀ ਪਾਸ਼ੀ... ਪਰ ਇਹ ਦਸ ਤੂੰ ਅਜ ਕਿਸ ਉਤੇ ਬਰਸ ਰਹੀ ਹੈਂ...।" ਉਹ ਵੀ ਜ਼ਰਾ ਸੰਭਲ ਚੁਕੀ ਸੀ। ਇਸ ਲਈ ਠਰੰਮੇ ਪਰ ਸੜੇ ਹੋਏ ਲਹਿਜੇ ਵਿਚ ਬੋਲੀ, "ਇਹ ਮਰਦ ਸਾਰੇ ਹੀ ਪਤਾ ਨਹੀਂ ਇਕੋ ਜਹੇ ਹੁੰਦੇ ਹਨ... ਮੌਕੇ ਦੀ ਤਲਾਸ਼ ਵਿਚ ਕੁੱਤਿਆਂ ਵਾਂਗ ਸੁੰਘਦੇ ਫਿਰਦੇ ਕਿ ਕਦੋਂ ਕੋਈ ਮੌਕਾ ਹੱਥ ਆਵੇ ਤਾਂ ਬਸ...।" ਉਸਨੇ ਦੰਦ ਪੀਸਦਿਆਂ ਕਿਹਾ ਪਰ ਮੇਰਾ ਸਬਰ ਹੁਣ ਜੁਆਬ ਦੇ ਗਿਆ। ਮੈਂ ਲਗਭਗ ਚੀਖ ਹੀ ਪਿਆ, "ਸੱਚ ਸੱਚ ਬਕ ਨਾ ਕੀ ਗਲ ਹੋਈ ਹੈ? ਕੀ ਤੈਨੂੰ ਕਿਸੇ ਕੁਝ...?" ਉਸਨੇ ਮੇਰੀ ਗਲ ਵਿੱਚ ਹੀ ਕਟਦਿਆਂ ਕਿਹਾ, "ਏਨੀ ਹਿੰਮਤ ਹੈ ਕਿਸੇ ਵਿਚ ਜੋ ਕੋਈ ਮੈਨੂੰ ਕੁਝ ਕਹਿ ਸਕੇ ਪਰ ਇਹ ਸਾਡਾ ਮਕਾਨ ਮਾਲਿਕ... ਵੱਡਾ ਅਫਸਰ... ਬੀਵੀ ਤਿੰਨ ਦਿਨ ਦੀ ਆਪਣੀ ਬਿਮਾਰ ਮਾਂ ਕੋਲ ਗਈ ਹੋਈ ਹੈ ਤੇ ਇਹ ਹਰਾਮੀ (ਪਾਸ਼ੀ ਨੇ ਦੂਜੀ ਵਾਰ ਦੰਦ ਪੀਸਦਿਆਂ ਇਹ ਲਫਜ਼ ਇਸਤੇਮਾਲ ਕੀਤਾ।) ਆਪਣੀ ਬੀਵੀ ਦੀ ਗੈਰਹਾਜ਼ਰੀ ਵਿਚ ਕਿਸੇ ਬਾਲਕਟੀ ਕੰਜਰੀ ਨੂੰ ਘਰ ਲਿਆਇਆ ਹੋਇਆ ਸੀ, ਰੰਗਰਲੀਆਂ ਮਨਾਣ ਲਈ" ਪਾਸ਼ੀ ਦੀ ਗਲ ਸੁਣ ਭਾਵੇਂ ਮੈਨੂੰ ਵੀ ਬੜੀ ਹੈਰਾਨੀ ਹੋਈ ਸੀ ਪਰ ਫਿਰ ਵੀ ਮੈਂ ਕੋਈ ਸਿਰਾ ਫੜਨ ਦੀ ਕੋਸ਼ਿਸ਼ ਵਿਚ ਕਿਹਾ, "ਹੋ ਸਕਦਾ ਹੈ ਉਨ੍ਹਾਂ ਦੀ ਕੋਈ ਦੋਸਤ, ਕੋਈ ਜਾਣ ਪਛਾਣ ਵਾਲੀ ਜਾਂ ਕੋਈ ਰਿਸ਼ਤੇਦਾਰ ਹੀ ਹੋਵੇ। ਏਨਾ ਵੱਡਾ ਬੰਦਾ ਹੈ। ਉਸਦਾ ਸਮਾਜਕ ਦਾਇਰਾ ਵੀ ਤਾਂ



ਏਨਾ ਹੀ ਵੱਡਾ ਹੋਵੇਗਾ। ਹੋ ਸਕਦਾ ਹੈ ਤੈਨੂੰ ਐਵੇਂ ਭੁਲੇਖਾ ਲਗਾ ਹੋਵੇ" ਮੈਂ ਉਸਦੀ ਤਸੱਲੀ ਕਰਨੀ ਚਾਹੀ ਪਰ ਉਹ ਤਾਂ ਜਿਵੇਂ ਮਕਾਨ ਮਾਲਿਕ ਦਾ ਸਾਰਾ ਗੁੱਸਾ ਮੇਰੇ ਉਤੇ ਹੀ ਕੱਢਣ ਤੇ ਤੁਲੀ ਹੋਈ ਸੀ। "ਹਾਂ ਹਾਂ ਤੁਸੀਂ ਵੀ ਤਾਂ ਮਰਦ ਹੀ ਹੋ! ਤੁਸਾਂ ਤਾਂ ਉਸਦੀ ਤਰਫਦਾਰੀ ਕਰਨੀ ਹੀ ਹੋਈ। ਪਰ ਮੈਂ ਕੋਈ ਬੇਵਕੂਫ ਹਾਂ? ਮੈਂ ਉਨ੍ਹਾਂ ਦੋਹਾਂ ਨੂੰ ਗੱਡੀ ਚੋਂ ਉਤਰ ਕੇ ਪੌੜੀਆਂ ਚੜ੍ਹਦੇ ਵੇਖਿਆ ਸੀ ਦਰਵਾਜ਼ੇ ਦੀ ਜਾਲੀ ਵਿਚੋਂ। ਤੌਬਾ! ਤੌਬਾ!! ਕਿਵੇਂ ਇਕ ਦੂਜੇ ਦੀਆਂ ਬਾਹਾਂ ਵਿਚ ਝੂਲਦੇ ਤੇ ਚਿਮਟੇ ਹੋਏ ਚੁੰਮਾ-ਚੱਟੀ ਕਰਦੇ ਹੋਏ ਆਪਣੇ ਕਮਰੇ ਵਿਚ ਵੜ ਗਏ। ਸਚ ਦਸਾਂ? ਮੈਨੂੰ ਤਾਂ ਵੇਖ ਕੇ ਉਬਕਾਈ ਆ ਗਈ ਸੀ ਪਾਸ਼ੀ ਨੇ ਸੁਚਮੁਚ ਹੀ ਵਾਸ਼ਬੇਸਨ ਵਿਚ ਜ਼ੋਰ ਦੀ ਥੁੱਕ ਦਿੱਤਾ। ਮੈਂ ਇਸ ਸਥਿਤੀ ਨੂੰ ਹਾਲੇ ਵੀ ਸਮਝਣ ਦਾ ਯਤਨ ਕਰ ਰਿਹਾ ਸਾਂ। ਇਸ ਲਈ ਪਾਸ਼ੀ ਅਗੇ ਮੁੜ ਖਦਸ਼ਾ ਜ਼ਾਹਿਰ ਕੀਤਾ।" ਉਨ੍ਹਾਂ ਦਾ ਨੌਕਰ ਵੀ ਤਾਂ ਘਰ ਹੀ ਹੋਵੇਗਾ, ਕੀ ਉਸਦੇ ਸਾਹਮਣੇ ਹੀ...? ਉਹ ਪਾਣੀ ਦਾ ਗਿਲਾਸ ਭਰ ਲਿਆਈ ਸੀ ਤੇ ਮੈਨੂੰ ਧੱਕੇ ਜਹੇ ਨਾਲ ਫੜਾਉਂਦਿਆਂ ਬੋਲੀ, "ਉਨ੍ਹਾਂ ਦੇ ਕਮਰੇ ਵਿਚ ਜਾਣ ਦੇ ਦਸ ਕੁ ਮਿੰਟ ਬਾਦ ਮੈਂ ਨੌਕਰ ਨੂੰ ਤੇਜ਼ ਤੇਜ਼ ਬਾਹਰ ਜਾਂਦਿਆਂ ਵੇਖਿਆ ਸੀ। ਮੈਂ ਅਵਾਜ਼ ਦੇ ਕੇ ਹੋਲੀ ਜਹੀ ਉਸਨੂੰ ਬੁਲਾਇਆ ਵੀ ਸੀ ਪਰ ਉਹ ਜਾਣਬੁਝ ਕੇ ਅਣਸੁਣਾ ਜਿਹਾ ਕਰਕੇ ਬਾਹਰ ਨਿਕਲ ਗਿਆ। ਤੇ ਮੁੜਕੇ ਤਕ ਤਕ ਅੰਦਰ ਨਹੀਂ ਆਇਆ ਜਦ ਤਕ ਕਿ ਇਹ ਹਰਾਮੀ ਤੇ ਹਰਾਮਣ ਘਰੋਂ ਦਫਾ ਨਹੀਂ ਹੋ ਗਏ...।" ਭਰੀ ਪੀਤੀ ਪਾਸ਼ੀ ਨੇ ਸਾਰਾ ਅੱਖੀਂ ਵੇਖਿਆ ਹਾਲ ਬਿਆਨ ਕਰ ਦਿੱਤਾ। ਮੈਂ ਸੋਚ ਰਿਹਾ ਸਾਂ ਕਿ ਬੇੜਾ ਗਰਕ ਹੋਵੇ ਇਨ੍ਹਾਂ ਕੰਜਰਾਂ ਦਾ ਜਿਨਾਂ ਨੇ ਮੇਰੀ ਸੋਹਣੀ, ਸੁਸ਼ੀਲ, ਸੁਚੱਜੀ ਤੇ ਮਿਠ ਭਾਸ਼ੀ ਬੀਵੀ ਦੀ ਜ਼ੁਬਾਨ ਤੇ 'ਹਰਾਮੀ' ਤੇ 'ਹਰਾਮਣ' ਜਹੇ ਭੱਦੇ ਤੇ ਵਾਹੀਆਤ ਲਫਜ਼ ਲਿਆ ਧਰੇ। ਪਰ ਮੈਂ ਜਾਣਦਾ ਸਾਂ ਇਸ ਵਿਚ ਵਿਚਾਰੀ ਬੀਵੀ ਦਾ ਕੋਈ ਦੋਸ਼ ਨਹੀਂ। ਸਗੋਂ ਪ੍ਰਸਥਿਤੀ ਹੀ ਅਜੇਹੀ ਸੀ। ਖਾਸ ਕਰਕੇ ਜਦੋਂ ਅਸਾਂ ਦੋਹਾਂ ਨੇ ਚੰਦਰਮੁਖੀ ਨੂੰ ਉਸਦੇ ਘਰ ਦੀ ਹਰ ਚੀਜ਼ ਦੀ ਹਿਫਾਜ਼ਤ ਕਰਨ ਦਾ ਵਾਅਦਾ ਕੀਤਾ ਹੋਇਆ ਸੀ। ਪਰ ਕੀ ਅਸੀਂ ਉਸ ਦੇ ਘਰ ਦੀ ਹਿਫਾਜ਼ਤ ਕਰ ਸਕੇ ਸਾਂ? ਕੀ ਜੁਆਬ ਦਿਆਂਗੇ ਅਸੀਂ ਚੰਦਰਮੁਖੀ ਨੂੰ। "ਮੈਂ ਤਾਂ ਦੀਦੀ ਨੂੰ ਸਭ ਦਸ ਦਿਆਂਗੀ" ਪਾਸ਼ੀ ਗੁੱਸੇ ਵਿਚ ਬੋਲਦੀ ਹੈ। ਉਸਦਾ ਕੋਮਲ ਨਾਰੀ ਮਨ ਦੂਜੀ ਨਾਰੀ ਦੀ ਹੱਕਤਲਫੀ ਹੁੰਦਿਆਂ ਵੇਖ ਬਰਦਾਸ਼ਤ ਨਹੀਂ ਸੀ ਕਰ ਸਕਿਆ। "ਨਹੀਂ ਪਾਸ਼ੀ ਨਹੀਂ ਪਤੀ ਪਤਨੀ ਦਾ ਰਿਸ਼ਤਾ ਬੜਾ ਨਾਜ਼ੁਕ ਹੁੰਦਾ ਹੈ। ਜੇ ਆਪਸੀ ਚ ਵਿਸ਼ਵਾਸ ਤਿੜਕ ਜਾਏ ਤਾਂ ਰਿਸ਼ਤੇ ਟੁਟ ਜਾਂਦੇ ਹਨ। ਇਸ ਕਰਕੇ ਰਿਸ਼ਤਿਆਂ ਦੇ ਭਰਮ ਬਣੇ ਰਹਿਣੇ ਚਾਹੀਦੇ ਹਨ। ਸਾਨੂੰ ਕੀ ਫਾਇਦਾ ਚੰਦਰਮੁਖੀ ਨੂੰ ਸਭ ਕੁਝ ਦਸਕੇ ਉਸਦਾ ਘਰ ਤੋੜਨ ਨਾਲ...? ਤੂੰ ਐਂ ਕਰੀਂ ਚਾਰ ਦਿਨ ਰਹਿਣਾ ਹੈ, ਚੁੱਪ ਕਰਕੇ ਰਹੁ... ਛਡ ਪਰੇ..."

-"ਅਸਾਂ ਚਾਰ ਦਿਨ ਰਹਿਣਾ ਹੈ, ਚੁੱਪ ਕਰਕੇ ਰਹੁ... ਛਡ ਪਰੇ।"

"ਇਹ ਤਾਂ ਮੈਂ ਪੁਛ ਰਹੀ ਹਾਂ ਕਿ ਰਿਸ਼ਤਿਆਂ ਦੀ ਪਵਿੱਤ੍ਰਤਾ ਤੇ ਨਜ਼ਾਕਤ ਦਾ ਅਹਿਸਾਸ ਕੀ ਮਰਦਾਂ ਨੂੰ ਨਹੀਂ ਹੁੰਦਾ? ਅਗਰ ਇਹੋ ਕੁਝ ਕੋਈ ਔਰਤ ਕਰੇ ਤਾਂ...? ਪਾਸ਼ਾ ਦੰਦ ਪੀਸਦਿਆਂ ਪੁਛਦੀ ਹੈ। ਪਤਾ ਨਹੀਂ ਕਿਉਂ ਉਸਦੀ ਗਲ ਸੁਣ ਮੈਨੂੰ ਅਚਵੀ ਜਹੀ ਲਗ ਜਾਂਦੀ ਹੈ ਤੇ ਮੈਂ ਗਲ ਟਾਲਣ ਦੇ ਬਹਾਨੇ ਉਸਤੋਂ ਸਟਰੌਂਗ ਜਹੀ ਕੌਫੀ ਦੀ ਮੰਗ ਕਰ ਬੈਠਦਾ ਹਾਂ। ਉਹ ਭਰੇ ਮਨ ਨਾਲ ਕਿਚਨ ਵਲ ਚਲੀ ਜਾਂਦੀ ਹੈ ਤੇ ਮੇਰਾ ਧਿਆਨ ਚੰਦਰਮੁਖੀ ਵਲ ਚਲਾ ਜਾਂਦਾ ਹੈ।

ਮੇਰੀ ਹੈਰਾਨੀ ਦੀ ਉਦੋਂ ਹੱਦ ਹੀ ਨਹੀਂ ਰਹਿੰਦੀ ਜਦ ਅਗਲੇ ਦਿਨ ਵੀ ਸ਼ਾਮੀ ਪਰਤਣ ਤੇ ਪਾਸ਼ੀ ਨੇ ਦੱਸਿਆ ਕਿ ਅਜ ਵੀ ਸਾਹਿਬ ਨਾਲ ਕੋਈ ਹੋਰ ਜ਼ਨਾਨੀ ਆਈ ਸੀ ਤੇ ਤੀਜੇ ਦਿਨ ਕੋਈ ਹੋਰ। ਮੈਂ ਸੋਚ ਰਿਹਾ ਸਾਂ ਕਿ ਕੀ ਇਸ ਬੰਦੇ ਨੂੰ ਇਹ ਗੱਲ ਦੀ ਵੀ ਸ਼ਰਮ ਨਹੀਂ ਕਿ ਘਰ ਵਿਚ ਕੋਈ ਕਿਰਾਏਦਾਰ ਵੀ ਰਹਿੰਦੇ ਹਨ। ਪਰ ਆਪ ਹੀ ਜੁਆਬ ਲੱਭ ਲਿਆ। ਉਹ ਵਿਚਾਰਾ ਸਵੇਰੇ ਨੌਂ ਵਜੇ ਘਰੋਂ ਨਿਕਲਦਾ ਹੈ ਜਦ ਕਿ ਮੈਂ ਮੂੰਹ ਹਨੇਰੇ ਸੱਤ ਵਜੇ ਜਾ ਚੁਕਾ ਹੁੰਦਾ ਹਾਂ। ਪਾਸ਼ੀ ਤਾਂ ਸਾਰਾ ਦਿਨ ਘਰੋ ਬਾਹਰ ਹੀ ਨਹੀਂ ਨਿਕਲਦੀ। ਜਦ ਉਹ ਰਾਤੀ ਦਸ ਜਾਂ ਗਿਆਰਾਂ ਵਜੇ ਮੁੜਦਾ ਹੈ ਉਦੋ ਅਸੀਂ ਸੌਂ ਚੁਕੇ ਹੁੰਦੇ ਹਾਂ। ਉਸਦੇ ਆਣ ਤੇ ਵੀ ਸਾਨੂੰ ਉਦੋਂ ਪਤਾ ਲਗਦਾ ਹੈ ਜਦ ਨੌਕਰ, ਉਸਦਾ ਡਰਾਈਵਰ ਤੇ ਚਪਰਾਸੀ ਉਸਨੂੰ ਬਾਹਾਂ ਵਿਚ ਘਸੀਟਦੇ ਜਹੇ ਪੌੜੀਆਂ ਚੜਾ ਕੇ ਉਪਰ ਲੈ ਜਾਂਦੇ ਹਨ। ਆਪ ਤੁਰਨ ਜਾਂ ਪੌੜੀਆਂ ਚੜਨ ਦੇ ਕਾਬਿਲ ਉਹ ਤਦ ਤਕ ਰਿਹਾ ਨਹੀਂ ਹੁੰਦਾ। ਅਜਿਹੀ ਸਥਿਤੀ ਵਿਚ ਉਸਨੂੰ ਕੀ ਪਤਾ ਕਿ ਘਰ ਵਿਚ ਕੌਣ ਰਹਿੰਦਾ ਹੈ ਤੇ ਕੌਣ ਨਹੀਂ। ਉਸਨੂੰ ਬਸ ਆਪਣੇ ਨੌਕਰ ਦਾ ਹੀ ਪਤਾ ਹੋਵੇਗਾ। ਜਿਸ ਨੂੰ ਉਹ ਅਜੇਹੇ ਮੌਕੇ ਬਾਜ਼ਾਰ ਜਾਂ ਕੋਈ

ਫਿਲਮ ਵੇਖਣ ਭੇਜ ਦੇਂਦਾ ਹੋਵੇਗਾ। ਕੋਈ ਕੋਰਾ ਜਿਹਾ ਨੋਟ ਫੜਾਕੇ। ਆਪਣੀ ਆਦਤ ਅਨੁਸਾਰ ਮੈਂ ਇਸ ਵੇਲੇ ਵੀ ਹੱਸ ਪੈਂਦਾ ਹਾਂ ਇਨ੍ਹਾਂ ਸਫੇਦਪੋਸ਼ਾਂ ਦੀ ਮਸਰੂਫੀਅਤ ਬਾਰੇ ਸੋਚਕੇ। ਅਗਲੇ ਪਲ ਮੈਨੂੰ ਇਸ ਬੁਢੇ ਖੂਸਟ ਅਫਸਰ ਤੇ ਗੁੱਸਾ ਆ ਜਾਂਦਾ ਹੈ। ਰਿਟਾਇਰ ਹੋਣ ਨੂੰ ਦੋ ਸਾਲ ਰਹਿ ਗਏ ਨੇ ਸਾਲੇ ਦੇ ਪਰ ਫਿਰ ਵੀ ਇਹ ਰੰਗਰਲੀਆਂ। ਰਬ ਵੀ ਸਾਲਾ ਕਿਨੀ ਬੇਇਨਸਾਫੀ ਕਰਦਾ ਹੈ ਕੀ ਉਸਦੀਆਂ ਮਿਹਰਬਾਨੀਆਂ ਦੇ ਪਾਤਰ ਸਿਰਫ ਇਹ ਲਖਪਤੀ ਤੇ ਕਰੋੜਪਤੀ ਹੀ ਹੁੰਦੇ ਨੇ? ਕਦੀ ਉਸਦੀ ਕੋਈ ਮਿਹਰਬਾਨੀ ਸਾਡੇ ਜਹਿਆਂ ਤੇ ਨਹੀਂ ਹੋ ਸਕਦੀ? ਕੀ ਅਸੀਂ ਉਸਦੇ ਸਕੇ ਨਹੀਂ ਹਾਂ? ਪਤਾ ਨਹੀਂ ਗੁੱਸਾ ਆਂਦੇ ਆਂਦੇ ਮੈਨੂੰ ਰਸ਼ਕ ਜਿਹਾ ਕਿਉਂ ਆਨ ਲਗ ਪੈਂਦਾ ਹੈ। ਧੁਰ ਅੰਦਰ ਜਲੂਣ ਜਹੀ ਮਹਿਸੂਸ ਹੁੰਦੀ ਹੈ। ਹੁਣ ਸਮਝ ਆ ਰਹੀ ਹੈ ਕਿ ਜਦੋਂ ਅਸੀਂ ਲੋਕ ਨੈਤਿਕ ਮੁਲਾਂ, ਸਮਾਜ ਚੋਂ ਖਾਰਜ ਹੋ ਰਹੇ ਆਦਰਸ਼ਾਂ ਤੇ ਹੋਰ ਫਲਾਣ-ਢੀਂਗਾ ਦੀ ਦੁਹਾਈ ਦੇਦੇ ਹੱਲਾ ਮਚਾਂਦੇ ਹਾਂ ਤਾਂ ਕਿਧਰੇ ਨਾ ਕਿਧਰੇ ਸਾਨੂੰ ਗੁੱਸਾ ਇਸ ਗਲ ਦਾ ਹੁੰਦਾ ਹੈ ਕਿ ਸਾਲਾ ਉਹ ਕਿਉਂ ਖਾ ਗਿਆ ਉਸਦੀ ਜਗਾ ਇਹ ਸਭ ਮੈਨੂੰ ਕਿਉਂ ਨਹੀਂ ਮਿਲ ਰਿਹਾ...।

ਸਾਡੀ ਬੇਟੀ ਡਿੰਪੀ ਦੀ ਐਡਮਿਸ਼ਨ ਕਲੋਨੀ ਦੇ ਹੀ ਇਕ ਵਧੀਆ ਸਕੂਲ ਵਿਚ ਹੋ ਗਈ। ਪਾਸ਼ੀ ਵੀ ਇਸੇ ਸਕੂਲ ਵਿਚ ਨੌਕਰੀ ਕਰਨ ਦੀ ਗਲ ਕਈ ਵਾਰ ਕਰ ਚੁੱਕੀ ਹੈ। ਮੈਂ ਵੀ ਆਪਣੀ ਜਾਣ ਪਛਾਣ ਦੇ ਲੋਕਾਂ ਵਿਚ ਇਸ ਬਾਰੇ ਗਲ ਛੇੜੀ ਹੋਈ ਹੈ ਸ਼ਾਇਦ ਕਿਧਰੇ ਕੋਈ ਜੁਗਾੜ ਬਣ ਹੀ ਜਾਵੇ। ਚੰਦਰਮੁਖੀ ਵੀ ਵਾਪਸ ਪਰਤ ਆਈ ਹੈ। ਬਹੁਤ ਉਦਾਸ ਤੇ ਪੀਲੀ ਜ਼ਰਦ ਹੋਈ ਉਹ ਆਂਦਿਆਂ ਦੀ ਪਾਸ਼ੀ ਦੇ ਗਲ ਲਗ ਕੇ ਸਿਸਕ ਪਈ ਸੀ, "ਲਗਦਾ ਹੈ ਮੇਰੀ ਮਾਂ ਜੀ ਹੁਣ ਥੋੜੇ ਹੀ ਦਿਨ ਦੀ ਮਹਿਮਾਨ ਹੈ। ਜੀਅ ਤੇ ਨਹੀਂ ਸੀ ਕਰਦਾ ਮੈਨੂੰ ਆਉਣ ਦਾ, ਪਰ ਘਰ ...।" ਪਰ ਨਹੀਂ ਕਿਉਂ 'ਘਰ' ਕਹਿੰਦਿਆਂ ਉਸਦੀ ਜੀਭ ਜਿਵੇਂ ਅਟਕ ਗਈ। ਮੇਰੀ ਤੇ ਪਾਸ਼ੀ ਦੀ ਨਜ਼ਰ ਵੀ ਆਪਸ ਵਿਚ ਮਿਲੀ ਪਰ ਘਬਰਾ ਕੇ ਝੁਕ ਗਈ। ਚੰਦਰਮੁਖੀ ਨੇ ਜਿਵੇਂ ਸਾਡੇ ਚਿਹਰਿਆਂ ਤੋਂ ਕੁਝ ਪੜ੍ਹ ਲਿਆ ਸੀ ਪਰ ਫਿਰ ਗੱਲ ਟਾਲਦਿਆਂ ਜਿਹਾਂ ਬੋਲਿਆ,

"ਮੈਂ ਥੋੜਾ ਫਰੈੱਸ਼ ਹੋ ਲੈਂਦੀ ਹਾਂ, ਫਿਰ ਗੱਲਾਂ ਕਰਾਂਗੇ " ਆਖ ਉਹ ਚਲੀ ਗਈ। ਮੈਂ ਪਾਸ਼ੀ ਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ ਸੀ ਕਿ ਉਹ ਭਾਵੁਕਤਾ ਵਿਚ ਅਜੇਹੀ ਕੋਈ ਗਲ ਨਾ ਕਰ ਬੈਠੇ ਜਿਸ ਕਾਰਨ ਉਨ੍ਹਾਂ ਦੇ ਘਰ ਵਿਚ ਕਲੇਸ਼ ਪੈ ਜਾਏ।

ਅਗਲੇ ਦਿਨ ਟਿਟੋਰੀਅਲ ਤੋਂ ਮੇਰੀ ਛੁੱਟੀ ਸੀ। ਪਾਸ਼ੀ ਸਵੇਰੇ ਸਵੇਰੇ ਤਿਆਰ ਹੋ ਕੇ ਕਿਸੇ ਸਕੂਲ ਵਿਚ ਇੰਟਰਵਿਯੂ ਦੇਣ ਚਲੀ ਗਈ। ਅਜ ਕਲ ਉਸਦੀ ਇਹੀ ਮਸਰੂਫੀਅਤ ਹੈ। ਡਿੰਪੀ ਵੀ ਸਕੂਲ ਗਈ ਹੋਈ ਹੈ। ਮੈਂ ਅਵੇਸਲਾ ਜਿਹਾ ਘਰ ਵਿਚ ਬੈਠਾ ਹੋਇਆ ਹਾਂ। ਅਚਾਨਕ ਚੰਦਰਮੁਖੀ ਅੰਦਰ ਆ ਗਈ। ਸਾਡੇ ਘਰ ਆਣ ਲਗਿਆ ਉਸ ਨੂੰ ਕਦੀ ਦਸਤਕ ਦੇਣ ਦੀ ਲੋੜ ਨਹੀਂ ਸੀ ਪੈਂਦੀ। ਕਿਉਂਕਿ ਘਰ ਵਿਚ ਇਸ ਵੇਲੇ ਸਿਰਫ ਪਾਸ਼ੀ ਹੀ ਹੁੰਦੀ ਹੈ। ਪਰ ਅਜ ਪਾਸ਼ੀ ਦੀ ਜਗਾ ਮੈਂ ਸ਼ਾਰਟਸ ਹੀ ਪਾਏ ਸੀ। ਬਨੈਣ ਲਾਹ ਕੇ ਮੈਂ ਕੂਲਰ ਚਲਾਇਆ ਹੋਇਆ ਸੀ ਤੇ ਸਾਹਮਣੇ ਟੀ. ਵੀ. ਤੇ ਕੋਈ ਫਿਲਮ ਚਲ ਰਹੀ ਸੀ। ਮੇਰੇ ਹਥ 'ਚ ਰਿਮੋਟ ਸੀ ਪਰ ਮੇਰਾ ਧਿਆਨ ਫਿਲਮ ਵਿਚ ਉੱਕਾ ਹੀ ਨਹੀਂ ਸੀ। ਸਗੋਂ ਮੇਰਾ ਜ਼ਿਹਨ ਗਿਣਤੀਆਂ ਬੁਣਤੀਆਂ ਵਿਚ ਉਲਝਿਆ ਹੋਇਆ ਸੀ। ਬੇ ਧਿਆਨੇ ਹੀ ਰਿਮੋਟ ਦੇ ਬਟਨ ਦਬੀ ਜਾ ਰਹੇ ਸਨ। ਚੈਨਲ ਬਦਲੇ ਜਾ ਰਹੇ ਸਨ ਤੇ ਮੇਰੇ ਖਿਆਲਾਂ ਦੇ ਘੋੜੇ ਸਰਪਟ ਦੌੜ ਰਹੇ ਸਨ। ਮੇਰੀ ਖੋਪੜੀ ਵਿਚਲਾ ਸ਼ੈਤਾਨੀ ਦਿਮਾਗ ਸ਼ੈਤਾਨੀ ਵਿਉਂਤਾ ਘੜ ਰਿਹਾ ਸੀ। ਪਰ ਇਨਾਂ ਸ਼ੈਤਾਨੀ ਵਿਉਂਤਾ ਦਾ ਤਾਣਾ-ਬਾਣਾ ਏਨੀ ਸੂਖਮਤਾ ਤੇ ਕਲਾਤਮਿਕਤਾ ਨਾਲ ਬੁਣਨਾ ਪੈਣਾ ਸੀ ਕਿ ਮੇਰੀ ਇਕ ਇਕ ਹਰਕਤ ਕਲਾਸਿਕ ਛੁਹ ਬਣ ਜਾਏ। ਜਿਵੇਂ ਕੋਈ ਬੁਤਘੜ ਕੋਈ ਸ਼ਾਹਕਾਰ ਤਰਾਸ਼ਦਾ ਹੈ। ਛੈਣੀਆਂ ਦੀਆਂ ਨਾਜ਼ੁਕ ਟਕੋਰਾਂ ਨਾਲ। ਹੁਣ ਮੇਰੀ ਕਲਾਤਮਿਕਤਾ ਦਾ ਇਮਤਿਹਾਨ ਸੀ। ਮੈਂ ਮੁਸਕਰਾ ਪਿਆ।

ਚੰਦਰਮੁਖੀ ਅੰਦਰ ਤਾਂ ਆ ਗਈ ਪਰ ਠਿਠਕ ਕੇ ਦਰਵਾਜ਼ੇ ਵਿਚ ਹੀ ਖੜੋ ਗਈ। ਮੈਂ ਵੀ ਸ਼ਰਮਿੰਦਾ ਜਿਹਾ ਹੋਣ ਦਾ ਨਾਟਕ ਕਰਦਿਆਂ ਸਾਹਮਣੇ ਟੰਗੀ ਸਲੀਵਲੈੱਸ ਟੀ. ਸਰਟ ਪਾ ਲਈ। "ਆ ਜਾਉ... ਆ ਜਾਉ... ਪਲੀਜ਼ ਬੈਠੋ ਖੜੇ ਕਿਉਂ ਹੋ?" ਮੈਂ ਕੁਰਸੀ ਵਲ ਇਸ਼ਾਰਾ ਕਰਦਿਆਂ ਸ਼ੀਸ਼ੇ ਸਾਹਮਣੇ ਆਪਣੇ ਵਾਲਾਂ 'ਚ ਬ੍ਰਸ਼ ਮਾਰਦਿਆਂ ਚੋਰ ਨਜ਼ਰਾਂ ਨਾਲ ਉਸ ਵਲ ਵੇਖਿਆ। ਉਹ ਝਿਜਕਦਿਆਂ ਜਿਹਾ ਕੁਰਸੀ ਤੇ ਬੈਠ ਗਈ। "ਪਾਸੀ ਕਿਥੇ ਹੈ? ਉਸ ਪੁੱਛਿਆ ਤਾਂ ਮੈਂ ਹਸ ਕੇ ਅਜਕਲ ਪਾਸ਼ੀ ਦੇ ਇੰਟਰਵਿਯੂਆਂ ਬਾਰੇ ਉਸਨੂੰ ਦਸ ਦਿਤਾ। ਹੁਣ ਉਹ ਥੋੜਾ ਨਾਰਮਲ ਹੋ ਕੇ ਬੈਠ ਗਈ। "ਮੈਨੂੰ ਦਸਣਾ ਸੀ ਨਾ, ਮੈਂ ਤਾਂ ਬੜੇ ਅਰਾਮ



ਨਾਲ ਉਸਨੂੰ ਕਿਸੇ ਵੀ ਚੰਗੇ ਸਕੂਲ ਵਿਚ ਐਡਜਸਟ ਕਰਾ ਸਕਦੀ ਹਾਂ।" ਅਸੀਂ ਨਿੱਕੀਆਂ ਨਿੱਕੀਆਂ ਗੱਲਾਂ 'ਚ ਰੁਝ ਗਏ। ਚੰਦਰਮੁਖੀ ਪਲੇਟ ਵਿਚ ਮੁਰੱਬਾ ਲੈ ਕੇ ਆਈ ਹੋਈ ਸੀ। ਸ਼ਾਇਦ ਉਸਦੇ ਪੇਕੇ ਸ਼ਹਿਰ ਦੀ ਸੌਗਾਤ ਸੀ। ਮੈਂ ਆਂਵਲੇ ਦਾ ਨਿੱਕਾ ਜਿਹਾ ਟੁਕੜਾ ਚੁਕ ਮੂੰਹ ਵਿਚ ਪਾਂਦਿਆਂ ਕਿਹਾ, "ਬਹੁਤ ਮਿੱਠਾ ਹੈ।" ਮੇਰੀਆਂ ਨਜ਼ਰਾਂ ਉਸ ਦੀਆਂ ਨਜ਼ਰਾਂ ਨਾਲ ਜਾ ਮਿਲੀਆਂ। ਉਹ ਸ਼ਰਮਾ ਕੇ ਹਸ ਪਈ, "ਹੋਰ ਲਵੋ ਨਾ" ਤੇ ਮੈਂ ਲੈ ਲਿਆ। ਫਿਰ ਇਕ ਹੋਰ। ਮੈਨੂੰ ਲਗਾ ਇਹ ਮੌਕਾ ਬਹੁਤ ਚੰਗਾ ਹੈ ਤੇ ਇਸਦਾ ਸਹੀ ਉਪਯੋਗ ਕਰਣਾ ਚਾਹੀਦਾ ਹੈ। ਕਲਾਸੀਕਲ ਛੋਹਾਂ ਬੜੇ ਨਰਮ ਤੇ ਹਲਕੇ ਬ੍ਰੱਸ਼ ਨਾਲ ਦਿਤੀਆਂ ਜਾਂਦੀਆਂ ਹਨ। ਮੈਂ ਉਸਦੇ ਹੱਥੋਂ ਪਲੇਟ ਲੈ ਕੇ ਆਪ ਉਸਦੇ ਸਾਹਮਣੇ ਕਰ ਦਿੱਤੀ, "ਤੁਸੀਂ ਵੀ ਲਵੋ ਨਾ" ਉਹ ਖਿੜਖਿੜਾ ਕੇ ਹੱਸ ਪਈ। "ਵਾਹ ਜੀ! ਬੜੇ ਚਲਾਕ ਹੋ ਤੁਸੀਂ, ਮੇਰੀ ਹੀ ਚੀਜ਼ ਨਾਲ ਮੇਰੀ ਮਹਿਮਾਨ ਨਵਾਜ਼ੀ? ਬਈ ਵਾਹ ਪ੍ਰੋਫੈਸਰ ਸਾਹਬ ਤੁਸੀਂ ਤਾਂ ਬੜੇ ਕੰਜੂਸ ਨਿਕਲੇ ।" ਉਸਦੀ ਟਿੱਚਰ ਸੁਣਕੇ ਮੇਰੀਆਂ ਨਸਾਂ ਵਿਚ ਖੂਨ ਦੀ ਰਵਾਨੀ ਵਧ ਜਹੀ ਗਈ। ਮੈਂ ਮੁਸਕਰਾਉਂਦਿਆਂ ਰਸੋਈ ਵਿਚੋਂ ਸੁੰਢ ਦੀ ਕੌਲੀ ਭਰ ਲਿਆਇਆ। 'ਲਉ ਜੀ ਸਾਡੇ ਵਲੋਂ ਇਹ ਸੌਗਾਤ ਪਰ ਵੇਖਣਾ ਇਹ ਬੜੀ ਗਰਮ ਚੀਜ਼ ਹੁੰਦੀ ਹੈ... ਕਿਧਰੇ ..." ਮੈਂ ਜਾਣਬੁਝ ਕੇ ਗਲ ਵਿਚੋਂ ਹੀ ਛਡ ਉਸਦੇ ਚਿਹਰੇ ਦੇ ਭਾਵ ਦੇਖਣੇ ਚਾਹੇ। ਪਰ ਉਸਨੇ ਬੜੀ ਚਲਾਕੀ ਨਾਲ ਗੱਲ ਟਾਲਦਿਆਂ ਕਿਹਾ, "ਅਰੇ ਏਨੇ ਗਰਮ ਮੌਸਮ ਵਿਚ ਸੁੰਢ? ਕਿਧਰੇ ਪਾਸ਼ੀ ਦੁਬਾਰਾ..."

"ਨਹੀਂ ਨਹੀਂ ਜੀ. ਤੋਬਾ ਕਰੋ। ਸਾਡੇ ਤੋਂ ਤਾਂ ਇਕ ਹੀ ਚੱਜ ਨਾਲ ਨਹੀਂ ਸੰਭਾਲਿਆਂ ਜਾਂਦਾ, ਦਰਅਸਲ ਪਾਸ਼ੀ ਨੂੰ ਕੁਝ ਦਿਨਾਂ ਤੋਂ ਡੇਟ ਆਉਣ ਤੇ ਬੜੀ ਦਰਦ ਹੋਣ ਲਗ ਪਈ ਸੀ। ਕਿਸੇ ਨੇ ਉਸਨੂੰ ਇਹ ਦੇਸੀ ਇਲਾਜ ਦਸਿਆ ਸੀ। ਬਸ ਇਸੇ ਲਈ" ਉਹ ਹਸ ਪਈ। ਮੈਂ ਆਪਣੇ ਤੀਰ ਅਜ਼ਮਾਉਣ ਲਗ ਪਿਆ।

"ਤੁਸੀਂ ਦਸੋ ਪੇਕੇ ਸਭ ਠੀਕ ਠਾਕ ਸੀ? ਮਾਂ ਜੀ ਦਾ ਕੀ ਹਾਲ ਐ ਹੁਣ?"

"ਹਾਂ ਜੀ ਮਾਂ ਤਾਂ ਠੀਕ ਰਹੀ। ਤੁਸੀਂ ਦਸੋ ਇਥੇ ਪਿਛੋ ਸਭ ਕੁਝ ਠੀਕ ਰਿਹਾ?"

"ਹਾਂ ਠੀਕ ਰਿਹਾ... ਪਰ ਸਭ ਕੁਝ ਨਹੀਂ ... ਮੇਰਾ ਮਤਲਬ... ਮੇਰਾ ਮਤਲਬ.... ਅਸਾਂ ਤੁਹਾਡੇ ਨਾਲ ਵਾਦਾ ਕੀਤਾ ਸੀ ਕਿ ਤੁਹਾਡੇ ਘਰ ਦੀ ਹਿਫਾਜ਼ਤ ਕਰਾਂਗੇ ਪਰ...।" ਮੈਂ ਸ਼ਰਮਿੰਦਾ ਜਿਹਾ ਹੋਣ ਦਾ ਸਵਾਂਗ ਕਰਦਿਆਂ ਅਟਕ ਅਟਕ ਕੇ ਕਿਹਾ। ਮੈਨੂੰ ਯਕੀਨ ਸੀ ਕਿ ਚੰਦਰਮੁਖੀ ਘਬਰਾ ਕੇ ਪੁਛੇਗੀ ਕਿ ਕੀ ਹੋਇਆ? ਤੇ ਫਿਰ ਹੌਲੀ ਹੌਲੀ ਮੈਂ ਉਸਨੂੰ ਸਾਰਾ ਕਿੱਸਾ ਸੁਣਾਵਾਂਗਾ। ਫਿਰ ਜਦ ਉਹ ਡੁਸਕੇਗੀ ਤਾਂ ਉਸਨੂੰ ਦਿਲਾਸਾ ਦਿਆਂਗਾ... ਉਸਦੇ ਅੱਥਰੂ ਪੂੰਝਾਂਗਾ। ... ਫਿਰ... ਸ਼ਾਇਦ ਇਸੇ ਲਈ ਮੇਰੇ ਸ਼ੈਤਾਨ ਮਨ ਨੇ ਪਾਸੀ ਨੂੰ ਚੰਦਰਮੁਖੀ ਨੂੰ ਕੁਝ ਵੀ ਦਸਣ ਤੋਂ ਵਰਜ ਦਿੱਤਾ ਸੀ। ਇਹ ਸਭ ਕੁਝ ਮੈਂ ਆਪ, ਆਪਣੇ ਢੰਗ ਨਾਲ ਉਸਨੂੰ ਸੁਣਾਨਾ ਚਾਹੁੰਦਾ ਸਾਂ। ਉਸੇ ਕਲਾਤਮਕ ਢੰਗ ਨਾਲ। ਅਗਰ ਸਭ ਕੁਝ ਜਾਣ ਕੇ ਉਸਨੇ ਟੁਟਣਾ ਹੀ ਸੀ ਤਾਂ ਉਸਨੂੰ ਸਾਂਭਣ ਵਾਲਾ ਵੀ ਤਾਂ ਕੋਈ ਚਾਹੀਦਾ ਸੀ। ਤੇ ਮੈਂ ਇਸ ਕੰਮ ਲਈ ਆਪਣੇ ਆਪ ਨੂੰ ਸਭ ਤੋਂ ਮਾਹਿਰ ਸਮਝਦਾ ਹਾਂ। ਪਰ ਚੰਦਰਮੁਖੀ ਨਾ ਤਾਂ ਉਛਲੀ ਨਾ ਹੈਰਾਨ ਹੋਈ , "ਮੈਂ ਸਭ ਜਾਣਦੀ ਹਾਂ। ਜੋ ਕੁਝ ਤੁਸੀਂ ਅਜ ਦੇਖ ਰਹੇ ਹੋ ਉਹ ਸਭ ਕੁਝ ਮੈਂ ਪਿਛਲੇ ਵੀਹ ਸਾਲਾਂ ਤੋਂ ਦੇਖਦੀ ਆ ਰਹੀ ਹਾਂ। ਤੁਹਾਨੂੰ ਵੀ ਮੇਰੇ ਵਾਂਗ ਹੌਲੀ ਹੌਲੀ ਆਦਤ ਪੈ ਜਾਏਗੀ।" ਉਹ ਉਠ ਕੇ ਜਾਣ ਲੱਗੀ ਤਾਂ ਮੈਂ ਹੋਲੀ ਜਹੇ ਉਸਦਾ ਹਥ ਫੜ ਲਿਆ। ਉਸਨੇ ਪਰਤ ਕੇ ਮੇਰੇ ਵਲ ਵੇਖਿਆ ਤਾਂ ਮੈਂ ਆਪਣੇ ਚਿਹਰੇ ਉਤੇ ਬੜੀ ਮਾਸੂਮੀਅਤ ਸਜਾ ਕੇ ਦੁਖ ਨਾਲ ਕਿਹਾ , "ਮੇਰੇ ਤੋਂ ਤੁਹਾਡਾ ਇਹ ਦੁਖ ਇਹ ਇਲੱਕਤਾ... ਇਹ ਘੁੱਟ ਘੁੱਟ ਕਰਕੇ ਜ਼ਹਿਰ ਪੀਣ ਸਜ਼ਾ ਵੇਖੀ ਨਹੀਂ ਜਾਂਦੀ। ਤੁਸੀਂ ਕਿਉਂ ਸਹਿ ਰਹੇ ਹੋ ਇਹ ਸਭ? ਕਿਉਂ ਨਹੀਂ ਆਪਣੇ ਹਾਲਾਤ ਤੋਂ ਵਿਦ੍ਰੋਹ ਕਰਦੇ।" ਚੰਦਰਮੁਖੀ ਦੀਆਂ ਅੱਖਾਂ ਭਰ ਆਈਆਂ ਤੇ ਮੈਂ ਦਿਲਾਸਾ ਦੇਂਦੇ ਹੌਲੀ ਜਹੀ ਉਸਨੂੰ ਆਪਣੇ ਸੀਨੇ ਨਾਲ ਲਗਾ ਲਿਆ। ਮੈਨੂੰ ਉਮੀਦ ਸੀ ਕਿ ਉਹ ਝਟਕੇ ਨਾਲ ਅਲਗ ਹੋ ਕੇ ਕਮਰੇ ਚੋਂ ਬਾਹਰ ਚਲੀ ਜਾਏਗੀ ਤੇ ਬਾਦ ਵਿਚ ਮੈਨੂੰ ਸ਼ਰਮਿੰਦਗੀ ਜ਼ਾਹਿਰ ਕਰਨ ਦੇ ਪਤਾ ਨਹੀਂ ਕਿਨੇ ਸਵਾਂਗ ਭਰਣੇ ਪੈਣਗੇ। ਪਰ ਇਥੇ ਤਾਂ ਪ੍ਰਸਥਿਤੀ ਹੀ ਮੇਰੀ ਸੋਚ ਤੋਂ ਉਲਟ ਹੋ ਗਈ। ਚੰਦਰਮੁਖੀ ਮੇਰੇ ਸੀਨੇ ਨਾਲ ਲੱਗੀ ਅੱਥਰੂ ਵਹਾ ਰਹੀ ਸੀ ਤੇ ਉਸਦੇ ਹੱਥ ਮੇਰੀ ਕਮਰ ਦੁਆਲੇ ਅਣਭੋਲ ਹੀ ਕਸੇ ਗਏ ਸਨ। ਮੇਰੇ ਹੋਠਾਂ ਤੇ ਚਿਰਪ੍ਰਿਚਤ ਮੁਸਕਾਨ ਸੀ। ਆਪਣੇ ਆਪ ਨੂੰ ਪਹਿਲੀ ਸਫਲਤਾ ਤੇ ਮੁਬਾਰਕਬਾਦ ਦੇਣ ਵਾਲੀ ਮੁਸਕਾਨ। ਮੈਂ ਉਸਦੇ ਵਾਲਾਂ ਤੇ ਆਪਣੇ ਹੋਠ ਰੱਖ ਦਿੱਤੇ। ਪਿੱਠ ਤੇ ਕੋਮਲਤਾ ਨਾਲ ਹੱਥ ਫੇਰਿਆ ਤੇ ਆਪਣੀਆਂ ਅੱਖਾਂ ਨੂੰ ਉਸਦੇ ਸਾਹਮਣੇ ਰਗੜਦਿਆਂ ਉਦਾਸੀ ਨਾਲ ਕਿਹਾ, "ਚਲੋ ਛਡੋ! ਹੌਸਲਾ ਰਖੋ...

ਜਿਥੇ ਏਨੀ ਜ਼ਿੰਦਗੀ ਕਟ ਗਈ, ਬਾਕੀ ਵੀ ਕਟ ਜਾਏਗੀ। ਵੈਸੇ ਮੈਂ ਤੁਹਾਡੇ ਹੌਂਸਲੇ ਦੀ ਦਾਦ ਦੇਂਦਾ ਹਾਂ। ਏਨਾ ਦੁਖ ਕੋਈ ਔਰਤ ਚੁੱਪ ਚਾਪ ਸਹਿ ਜਾਵੇ ਤੇ ਉੱਫ ਤਕ ਨਾ ਕਰੇ... ਤੁਹਾਡੇ ਵਰਗਿਆਂ ਨੂੰ ਹੀ 'ਸੰਤ' ਕਿਹਾ ਜਾਂਦਾ ਹੈ। ਤੁਸੀਂ ਸਚਮੁੱਚ ਮਹਾਨ ਹੋ।" ਤੇ ਮੈਂ ਇਕ ਵਾਰ ਜਰਾ ਘੁੱਟ ਕੇ ਸੀਨੇ ਨਾਲ ਲਗਾ ਲਿਆ।

ਮੈਂ ਤੁਹਾਨੂੰ ਦਸਿਆ ਨਾ ਕਿ ਮੈਂ ਜਲਦਬਾਜ਼ੀ ਵਿਚ ਕਦੀ ਕੁਝ ਨਹੀਂ ਕਰਦਾ। ਚੰਦਰਮੁਖੀ ਨੂੰ ਸੋਨੇ ਦੇ ਪਿੰਜਰੇ ਚੋਂ ਕਢ ਕੇ ਆਪਣੀ ਬੁੱਕਲ ਤਕ ਲਿਆਉਣ ਲਈ ਮੈਨੂੰ ਆਪਣੇ ਆਪ ਨੂੰ ਬਹੁਤ ਨਿਖਾਰਨਾ ਤੇ ਸੰਵਾਰਨਾ ਪਿਆ।

ਉਸ ਦੀ ਹੀ ਸਿਫਾਰਸ਼ ਤੇ ਪਾਸ਼ੀ ਨੂੰ ਇਕ ਪ੍ਰਾਈਵੇਟ ਸਕੂਲ ਵਿਚ ਨੌਕਰੀ ਮਿਲ ਗਈ। ਅਜਕਲ ਬਚਿਆਂ ਦੇ ਪੇਪਰ ਚਲ ਰਹੇ ਸਨ ਜਿਸ ਕਾਰਨ ਮੈਨੂੰ ਟਿੱਟਰੀਅਲ ਤੋਂ ਛੁਟੀਆਂ ਸਨ। ਪਾਸ਼ੀ ਆਪਣੇ ਸਕੂਲ ਵਿਚ ਬਿਜ਼ੀ ਸੀ। ਡਿੰਪੀ ਆਪਣੇ ਸਕੂਲ ਤੇ ਮੈਂ ਘਰ। ਪਾਸ਼ੀ ਨੂੰ ਖੁਸ਼ ਰੱਖਣ ਲਈ ਮੈਂ ਨਾਸ਼ਤੇ ਤੋਂ ਲੈ ਕੇ ਲੰਚ ਤਕ ਦਾ ਸਾਰਾ ਖਾਣਾ ਆਪਣੇ ਹੱਥੀਂ ਬਣਾ ਰਖਦਾ। ਕਿਚਨ ਦੀਆਂ ਟਾਇਲਾਂ ਰਗੜ ਰਗੜ ਚਮਕਾ ਦੇਂਦਾ। ਭਾਂਡੇ ਲਿਸ਼ਕਾ ਕੇ ਰੈਂਕ ਵਿਚ ਸਜੇ ਹੁੰਦੇ। ਆਂਦਿਆਂ ਹੀ ਪਾਸ਼ੀ ਨੂੰ ਤਾਜ਼ਾ ਫ਼ਲਾ ਦਾ ਜੂਸ ਪੇਸ਼ ਕਰਦਾ ਤਾਂ ਉਹ ਨਿਹਾਲ ਹੋ ਜਾਂਦੀ। ਕਦੀ ਕਦੀ ਹੈਰਾਨੀ ਨਾਲ ਟਿੱਚਰ ਜਹੀ ਕਰ ਵੀ ਦੇਂਦੀ ਕਿ ਪਤੀ ਅਗਰ ਪਤਨੀ ਦੀ ਵਧ ਚੜ੍ਹ ਕੇ ਸੇਵਾ ਕਰਨੀ ਸ਼ੁਰੂ ਕਰ ਦੇਵੇ ਤਾਂ ਸਮਝੋ ਉਸਦੀ ਨੀਅਤ ਵਿਚ ਕੋਈ ਖੋਟ ਆ ਗਿਆ ਹੈ। ਮੈਂ ਹੱਸ ਕੇ ਟਾਲ ਜਾਂਦਾ।

ਚੰਦਰਮੁੱਖੀ ਦਿਨੇ ਹੁਣ ਅਕਸਰ ਹੀ ਮੇਰੇ ਵਲ ਆ ਜਾਂਦੀ। ਅਸੀਂ ਕਦੀ ਫਿਲਮ ਵੇਖਦੇ, ਕਦੀ ਤਾਸ਼ ਖੇਡਦੇ ਤੇ ਕਦੀ ਚੈੱਸ। ਗਲਾਂ ਕਰਦਿਆਂ ਟੀ. ਵੀ. ਵੇਖਦਿਆਂ ਅਕਸਰ ਸਾਡੇ ਹੱਥ ਇਕ ਦੂਜੇ ਦੇ ਹੱਥਾਂ ਵਿਚ ਹੁੰਦੇ। ਮੈਂ ਕਦੀ ਕੋਈ ਉਤਾਵਲਾਪਨ ਬੇਹੂਦਾਪਨ ਜ਼ਾਹਿਰ ਨਹੀਂ ਸਾਂ ਹੋਣ ਦਿੰਦਾ। ਬੇਸ਼ਕ ਮਨ ਵਿਚ ਬਥੇਰੀਆਂ ਬੇਹੂਦਗੀਆਂ ਉਥਲ-ਪੁਥਲ ਮਚਾਉਂਦੀਆਂ ਪਰ ਮੈਂ ਕਮਾਲ ਜ਼ਬਤ ਨਾਲ ਆਪਣੇ ਆਪ ਨੂੰ ਸੰਭਾਲ ਲੈਂਦਾ ਮੈਂ ਚਾਹੁੰਦਾ ਸਾਂ ਕਿ ਜੋ ਵੀ ਹੋਵੇ ਉਹ ਚੰਦਰਮੁਖੀ ਵਲੋਂ ਹੀ ਹੋਵੇ। ਮੈਂ ਇਹ ਵੀ ਚਾਹੁੰਦਾ ਕਿ ਉਹ ਆਪਣੇ ਜ਼ਬਤ ਦੇ ਸਾਰੇ ਬੰਨ ਤੋੜ ਕੇ ਆਪ ਟੁਟ ਕੇ ਬਿਖਰ ਜਾਵੇ ਤੇ ਫਿਰ ਮੇਰੀ ਸਾਂਤਵਨਾ ਪ੍ਰਾਪਤ ਕਰਨ ਲਈ ਤੜਪ ਕੇ ਮੇਰੀਆਂ ਬਾਂਹਾਂ 'ਚ ਢੇਰ ਹੋ ਜਾਵੇ। ਤੇ ਫਿਰ ਸਭ ਕੁਝ ਇਕੋ ਝਟਕੇ ਨਾਲ ਨਾ ਹੋ ਕੇ, ਆਹਿਸਤਾ ਆਹਿਸਤਾ ਸਟੈੱਪ ਬਾਈ ਸਟੈੱਪ ਪੂਰੀ ਖੂਬਸੂਰਤੀ ਤੇ ਨਜ਼ਾਕਤ ਨਾਲ ਹੋਵੇ ਨਾ ਕਿ ਜਲਦਬਾਜ਼ੀ ਜਾਂ ਜਾਹਿਲਪਨ ਨਾਲ। ਮੈਂ ਹੌਲੀ ਹੌਲੀ ਇਕੱਲਤਾ ਵਿਚ ਉਸ ਨਾਲ ਉਸਦੇ ਪਤੀ ਦੀ ਬੇਵਫਾਈ ਦੀਆਂ ਗਲਾਂ ਛੇੜ ਕੇ ਉਸਨੂੰ ਇਹ ਵੀ ਦਸ ਦਿੱਤਾ ਸੀ ਕਿ ਉਹ ਜਦੋਂ ਘਰ ਨਹੀਂ ਹੁੰਦੀ ਤਾਂ ਕੋਈ ਨਾ ਕੋਈ ਸਵੀਟ ਉਸ ਦੇ ਪਤੀ ਲਈ ਹੋਮ ਡਿਲੀਵਰੀ ਵਾਂਗ ਪੁਜ ਜਾਂਦੀ ਹੈ। ਉਹ ਹੌਂਕਾ ਭਰਕੇ ਉਦਾਸੀਨਤਾ ਨਾਲ ਆਖਦੀ ਕਿ ਇਹ ਤਾਂ ਕੁਝ ਵੀ ਨਹੀਂ। ਉਸਨੇ ਕਈ ਵਾਰ, ਇਸੇ ਕਮਰੇ ਵਿਚ, ਜਿਹੜਾ ਕਮਰਾ ਹੁਣ ਸਾਡੇ ਕੋਲ ਕਿਰਾਏ ਤੇ ਹੈ, ਆਪਣੇ ਅਫਸਰ ਪਤੀ ਨੂੰ ਬੇਗਾਨੀਆਂ ਔਰਤਾਂ ਨਾਲ ਨਾਜਾਇਜ਼ ਹਾਲਤ ਵਿਚ ਵੇਖਿਆ ਹੈ। "ਤੁਹਾਡੇ ਘਰ ਵਿਚ ਹੁੰਦਿਆਂ ਵੀ?" ਮੈਂ ਹੈਰਾਨ ਹੋ ਕੇ ਪੁਛਿਆ "ਹਾਂ ... ਦਰਅਸਲ ਉਨ੍ਹਾਂ ਨੇ ਇਹ ਕਮਰਾ ਬਣਾਇਆ ਹੀ ਬਾਹਰਲੇ ਲੋਕਾਂ ਨਾਲ ਮੁਲਾਕਾਤ ਕਰਨ ਲਈ ਸੀ। ਦਫਤਰੀ ਕੰਮਾਂ ਲਈ ਆਏ ਲੋਕਾਂ ਨੂੰ ਉਹ ਇਥੇ ਹੀ ਮਿਲਦੇ ਸਨ। ਇਨ੍ਹਾਂ ਲੋਕਾਂ ਨਾਲ ਮੇਰਾ ਕਿਸੇ ਤਰਾਂ ਦੇ ਸੰਪਰਕ ਦਾ ਕੋਈ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਕੇਵਲ ਨੌਕਰ ਹੀ ਚਾਹ ਪਾਣੀ ਲੈ ਕੇ ਜਾ ਸਕਦਾ ਸੀ। ਉਹ ਤਾਂ ਸਾਰੇ ਨੌਕਰਾਂ ਨੂੰ ਕਦੀ ਪੈਸੇ, ਕਦੀ ਕਪੜੇ ਕਦੀ ਦੀਵਾਲੀ -ਈਦ ਤੇ ਗਿਫਟ ਦੇ ਕੇ ਆਪਣੇ ਵਿਸ਼ਵਾਸ ਵਿਚ ਲੈ ਲਿਆ ਤਾਂ ਜਾ ਕੇ ਡਰਦੇ ਝਿਜਕਦੇ ਉਹ ਮੈਨੂੰ ਇਹ ਗੱਲਾਂ ਦਸਦੇ। ਪਰ ਜਦ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਕਿ ਮੇਰੀ ਤੁੱਛ ਹਸਤੀ ਤੋਂ ਉਨ੍ਹਾਂ ਨੂੰ ਕੋਈ ਖਤਰਾ ਨਹੀਂ ਤਾਂ ਉਹ ਬੇਖੌਫ ਹੋ ਕੇ ਮੈਨੂੰ ਸਭ ਕੁਝ ਦਸ ਦੇਂਦੇ। ਕਈ ਵਾਰੀ ਪੌੜੀਓ ਉਤਰਦੇ ਚੜਦੇ ਮੈਂ ਆਪ ਬੜੇ ਅਪਮਾਨ ਜਨਕ ਨਜ਼ਾਰੇ ਵੇਖਦੀ... ਪਰ ...।"

"ਪਰ ਤੁਸੀਂ ਕਦੀ ਏਤਰਾਜ਼ ਨਹੀਂ ਕੀਤਾ। ਆਖਰ ਪਤਨੀ ਹੋ ਤੁਸੀਂ ਉਨ੍ਹਾਂ ਦੀ।" ਮੇਰੇ ਹੱਥ ਉਸਨੂੰ ਸਾਂਤਵਨਾ ਦੇ ਰਹੇ ਹੁੰਦੇ ਤੇ ਉਹ ਆਪਣਾ ਦੁਖ ਫਰੋਲਦੀ ਰਹਿੰਦੀ। "ਉਹ ਸਖਤ ਅਫਸਰ ਹੀ ਨਹੀਂ ਸਖਤ ਪਤੀ ਵੀ ਨੇ। ਮੇਰੀ ਏਨੀ ਹੈਸੀਅਤ ਨਹੀਂ ਤੇ ਨਾ ਹੀ ਹਿੰਮਤ ਕਿ ਮੈਂ ਉਨ੍ਹਾਂ ਸਾਹਵੇਂ ਜ਼ੁਬਾਨ ਖੋਲਾਂ। ਇਸ ਲਈ ਮੈਂ ਸਾਰਾ ਜ਼ਹਿਰ ਆਪਣੇ ਅੰਦਰ ਹੀ ਸਾਂਭ ਲਿਆ...।"

ਚੰਦਰਮੁਖੀ ਆਪਣੇ ਜ਼ਹਿਰ ਨੂੰ ਸਾਂਭ ਕੇ ਰਖਣ ਦੀ ਗਲ ਕਰ ਰਹੀ ਹੈ ਤੇ ਸੋਚ ਰਹੀ ਹਾਂ ਕਿ ਕੀ ਹੁਣ ਉਹੋ ਜ਼ਹਿਰ ਆਪਣੀਆਂ ਹੱਦਾਂ ਤੋਂ ਉਛਲ ਕੇ ਬਾਹਰ ਡੁੱਲ ਜਾਣ ਲਈ ਉਤਾਵਲਾ ਹੋ ਰਿਹਾ ਹੈ? ਤੇ ਕੀ



ਉਸੇ ਜ਼ਹਿਰ ਨੂੰ ਸ਼ਿਵ ਵਾਂਗ ਡੀਕ ਕੇ ਆਪਣਾ ਕੰਠ ਨੀਲਾ ਕਰ ਲੈਣ ਦਾ ਝੱਲਪੁਣਾ ਨਹੀਂ ਕਰ ਰਿਹਾ? ਫਿਰ ਮੈਨੂੰ ਇਸ ਝੱਲਪੁਣੇ ਵਿਚ ਕੋਈ ਮਹਾਨਤਾ ਜਾਂ ਤਿਆਗ ਨਜ਼ਰ ਨਹੀਂ ਆ ਰਿਹਾ। ਸਗੋਂ ਇਹ ਮੇਰਾ ਫ਼ਤੂਰ ਜਾਂ ਇੰਝ ਕਹਾਂ ਕਿ ਆਦਿ ਜੁਗਾਦਿ ਤੋਂ ਮਰਦ ਦੇ ਅੰਦਰਲੇ ਅਹੰਕਾਰ ਕਮੀਨਾਪਨ ਹੈ ਕਿ ਹਮਦਰਦੀ ਦੇ ਨਾਂ ਤੇ ਆਪਣੀ ਬੀਵੀ ਦੇ ਹੁੰਦਿਆਂ ਚਤੁਰਾਈ ਨਾਲ ਵੀ ਅਜੇਹੀ ਔਰਤ ਜਿਸਦੇ ਬੱਚੇ ਮੇਰੀ ਉਮਰ ਤੋਂ ਥੋੜੇ ਹੀ ਛੋਟੇ ਹੋਣਗੇ ਪਲ ਕੁ ਲਈ ਮੈਨੂੰ ਗਿਲਾਨੀ ਹੋਈ, ਪਰ ਤਦੇ ਮੈਨੂੰ ਅਹਿਸਾਸ ਹੋ ਆਇਆ ਕਿ ਜਿਸ ਔਰਤ ਬਾਰੇ ਸੋਚ ਕੇ ਮੈਂ ਹੀਣਭਾਵਨਾ ਮਹਿਸੂਸ ਕਰ ਰਿਹਾ ਹਾਂ ਉਹ ਤਾਂ ਆਪ ਇਕ ਪਾਣੀ ਦੇ ਮੱਛੀ ਵਾਂਗ ਸੁੱਕੀ ਰੇਤ ਉਤੇ ਨਹੀਂ ਸਗੋਂ ਮੇਰੀ ਗੋਦ ਵਿਚ ਛੁਟਪਟਾ ਰਹੀ ਸੀ।

ਉਨਮਾਦ ਦੇ ਇਨ੍ਹਾਂ ਪਲਾਂ ਵਿਚ ਸਾਨੂੰ ਘੜੀ ਵਲ ਦੇਖਣ ਦਾ ਹੋਸ਼ ਹੀ ਨਹੀਂ ਰਿਹਾ ਕਿ ਅਚਾਨਕ ਪੌੜੀਆਂ ਤੇ ਠੱਕ ਠੱਕ ਦੀ ਅਵਾਜ਼ ਆਈ। ਪਾਸ਼ੀ ਦੀ ਹਾਈ ਹੀਲ ਸੈਂਡਲ ਦੀ ਵਿਸ਼ੇਸ਼ ਠੱਕ ਠੱਕ ਭਲਾ ਮੈਂ ਕਿਵੇਂ ਨਾ ਪਛਾਣ ਲੈਂਦਾ? "ਪਾਸ਼ੀ" ਮੇਰੇ ਮੂੰਹੋਂ ਘਬਰਾਹਟ ਨਾਲ ਨਿਕਲਿਆ ਤੇ ਚੰਦਰਮੁਖੀ ਕਿਸੇ ਗੇਂਦ ਵਾਂਗ ਉਛਲ ਕੇ ਕੁਰਸੀ ਉਤੇ ਜਾ ਬੈਠੀ ਆਨਨ-ਫਾਨਨ ਵਿਚ ਉਸ ਆਪਣਾ ਮੂੰਹ, ਕਪੜੇ, ਵਾਲ, ਲਿਪਸਟਿਕ ਯਥਾਸ਼ਕਤੀ ਨਾਲ ਸੰਵਾਰ ਦਿੱਤੇ। ਪਰ ਨੰਗਾ ਜਿਵੇਂ ਆਪਣੇ ਹੀ ਨੰਗੇਜ ਤੋਂ ਸ਼ਰਮਸ਼ਾਰ ਹੋ ਜਾਏ ਅਸਾਂ ਦੋਹਾਂ ਦੀ ਇਹੋ ਹੀ ਹਾਲਤ ਸੀ। ਸਾਡੇ ਕਮਰੇ ਦਾ ਦਰਵਾਜ਼ਾ ਪਹਿਲਾਂ ਕਦੀ ਬੰਦ ਨਹੀਂ ਸੀ ਰਹਿੰਦਾ ਪਰ ਅੱਜ ਉਹ ਬੰਦ ਸੀ ਸ਼ੁਕਰ ਹੈ ਕਿ ਕੁੰਡੀ ਨਹੀਂ ਸੀ ਲਗਾਈ। ਅਸੀਂ ਦੋਏਂ ਅੰਦਰ, ਤੇ ਪਾਸ਼ੀ ਬਾਹਰ ਦਰਵਾਜ਼ੇ ਉਤੇ ਹੈਰਾਨੀ ਦੀ ਮੂਰਤ ਬਣੀ ਖੜੀ ਸੀ। ਚੰਦਰਮੁਖੀ ਨੇ ਛੇਤੀ ਛੇਤੀ ਆਪਣੇ ਘਰੋਂ ਬਣਾ ਕੇ ਲਿਆਏ ਹੋਏ ਬੈਂਗਣ ਦੇ ਪਕੌੜਿਆਂ ਦੀ ਪਲੇਟ ਚੁਕ ਲਈ ਜਿਸ ਵਲ ਹੁਣ ਤਕ ਸਾਡਾ ਧਿਆਨ ਹੀ ਨਹੀਂ ਸੀ ਗਿਆ। "ਅੱਜ ਨੌਕਰ ਕੋਲੋਂ ਬੈਂਗਣ ਦੇ ਪਕੌੜੇ ਬਣਵਾਏ ਸਨ, ਸੋਚਿਆਂ ਇਕੱਠੇ ਹੀ ਖਾਂਦੇ ਹਾਂ। ਉਹੋ ਲੈ ਕੇ ਮੈਂ ਇਧਰ ਆ ਗਈ ਸਾਂ।" ਚੰਦਰਮੁਖੀ ਨੇ ਭਾਵੇਂ ਸਹਿਜ ਹੋਣ ਦੀ ਕੋਸ਼ਿਸ਼ ਕੀਤੀ ਪਰ ਉਸਦੀ ਅਵਾਜ਼ ਦੀ ਲਰਜ਼ਸ਼ ਨੂੰ ਮੈਂ ਮਹਿਸੂਸ ਕਰ ਰਿਹਾ ਸਾਂ। ਪਾਸ਼ੀ ਨੇ ਮੁਸਕਰਾ ਕੇ ਇਕ ਪਕੌੜਾ ਪਲੇਟ ਚੋਂ ਚੁਕ ਲਿਆ। ਮੈਨੂੰ ਲੱਗਾ ਜਿਵੇਂ ਪਾਸ਼ੀ ਦੀ ਨਜ਼ਰ ਇਕ ਪਲ ਲਈ ਚੰਦਰਮੁਖੀ ਦੇ ਵਾਲਾਂ ਤੇ ਅਟਕੀ ਹੈ ਪਰ ਸ਼ਾਇਦ ਇਹ ਮੇਰਾ ਵਹਿਮ ਹੀ ਹੋਵੇ। "ਮੈਂ ਚਾਹ ਬਣਾ ਕੇ ਲਿਆਉਂਦੀ ਹਾਂ" ਆਖਦਿਆਂ ਪਾਸ਼ੀ ਕਿਚਨ ਵਲ ਚਲੀ ਗਈ। ਮੈਂ ਤੇ ਚੰਦਰਮੁਖੀ ਨੇ ਇਕ ਦੂਜੇ ਵਲ ਵੇਖ ਕੇ ਰਬ ਨੂੰ ਧਿਆਇਆ ਕਿ ਉਸ ਨੇ ਅਜ ਅਸਾਂ ਦੋਹਾਂ ਦੀ ਇਜ਼ਤ ਰੱਖ ਦਿੱਤੀ।

ਉਸ ਰਾਤ ਮੈਂ ਮਹਿਸੂਸ ਕੀਤਾ ਜਿਵੇਂ ਪਾਸ਼ੀ ਰਾਤ ਭਰ ਉੱਸਲਵੱਟੇ ਲੈਂਦੀ ਰਹੀ ਸੀ। ਬਾਰ ਬਾਰ ਉਹ ਉਠ ਕੇ ਬੈਠ ਜਾਂਦੀ। ਕਦੀ ਬਾਥਰੂਮ ਜਾਂਦੀ ਤੇ ਕਦੀ ਫਰਿਜ ਚੋਂ ਪਾਣੀ ਦੇ ਗਿਲਾਸ ਭਰ ਭਰ ਪੀਂਦੀ। "ਕਿ ਗਲ ਪਾਸ਼ੀ , ਤੂੰ ਠੀਕ ਤਾਂ ਹੈ।" ਮੈਂ ਵੀ ਉਠ ਬੈਠਾ " ਪਤਾ ਨਹੀਂ ਕਿਉਂ ਬੇਚੈਨੀ ਜਹੀ ਹੋ ਰਹੀ ਹੈ। ਸਿਰ ਵਿਚ ਅਜੀਬ ਜਿਹਾ ਦਰਦ ਉਠ ਰਿਹਾ ਹੈ ਜਿਵੇਂ ਬੀ. ਪੀ. ਲੋਅ ਹੋ ਗਿਆ ਹੋਵੇ। ਉਸਨੇ ਸਿਰ ਦੋਹਾਂ ਹੱਥਾਂ ਨਾਲ ਘੁਟਦਿਆਂ ਕਿਹਾ। "ਬੀ. ਪੀ. ਲੋਅ...?" ਮੈਂ ਹੈਰਾਨੀ ਨਾਲ ਪੁਛਿਆ। ਕਿਉਂਕਿ ਪਾਸ਼ੀ ਬੀ. ਪੀ. ਹਾਈ ਆਖਦੀ ਤਾਂ ਹੈਰਾਨੀ ਵਾਲੀ ਗਲ ਨਹੀਂ ਸੀ, ਪਰ ਲੋਅ...?" ਉਸ ਤੋਂ ਬਾਅਦ ਵੀ ਕਈ ਵਾਰੀ ਪਾਸ਼ੀ ਨੂੰ ਮੈਂ ਸਿਰ ਹੱਥਾਂ ਵਿਚ ਲੈ ਕੇ ਘੁੱਟਦੇ ਵੇਖਿਆ। ਜਦ ਰਿਹਾ ਨਾ ਗਿਆ ਤਾਂ ਪੁਛ ਹੀ ਬੈਠਾ ਕਿ ਅੱਜ ਇਸ ਮਰਜ਼ ਨੇ ਉਸਨੂੰ ਕਿਉਂ ਘੇਰ ਲਿਆ ਹੈ। ' ਪਤਾ ਨਹੀਂ... ਪਰ ਕਲ ਪਰਸੋਂ ਵੀ ਸਕੂਲ ਵਿਚ ਬੜੀ ਤੇਜ਼ ਸਿਰਦਰਦ ਹੋ ਗਈ ਸੀ। ਡਾਕਟਰ ਨੂੰ ਵੀ ਦਸਿਆ। ਉਸੇ ਨੇ ਕਿਹਾ ਕਿ ਮੇਰਾ ਬੀ. ਪੀ. ਲੋਅ ਹੈ। ਦਵਾਈ ਖਾਧੀ ਠੀਕ ਹੋ ਗਿਆ ਸੀ ਪਰ...

"ਪਰ ਪਾਸ਼ੀ ਤੂੰ ਮੈਨੂੰ ਦਸਿਆ ਨਹੀਂ" ਮੈਂ ਸ਼ਿਕਾਇਤ ਕੀਤੀ।

"ਨਾ ਕੋਈ ਐਡੀ ਵੱਡੀ ਦਸਣ ਵਾਲੀ ਗਲ ਥੋੜੇ ਸੀ। ਸਿਰਦਰਦ ਤਾਂ ਆਮ ਹੀ ਹੁੰਦੇ ਰਹਿੰਦੇ ਨੇ। ਇਹਦੇ ਵਿਚ ਢਿੰਡੋਰਾ ਪਿੱਟਣ ਵਾਲੀ ਕਿਹੜੀ ਗਲ ਸੀ।" ਪਾਸ਼ੀ ਉਠ ਕੇ ਟੇਬਲੈਟ ਢੂੰਡਣ ਲਗ ਪਈ। "ਮੈਂ ਕੌਫੀ ਬਣਾ ਕੇ ਲਿਆਉਂਦਾ ਹਾਂ। ਲੋਅ ਬੀ. ਪੀ. ਵਿਚ ਬੈਸਟ ਰਹਿੰਦੀ ਹੈ। " ਆਖਦਿਆਂ ਮੈਂ ਕਿਚਨ ਵਲ ਜਾਣ ਲਗਾ। ਤਾਂ ਉਸ ਰੋਕ ਲਿਆ। ਅੱਧ ਰਾਤ ਨੂੰ ਕੌਫੀ ਪੀ ਕੇ, ਬਾਕੀ ਰਾਤ ਨੀਂਦ ਕਿਥੇ ਆਏਗੀ। ਮੈਂ ਟੇਬਲੈੱਟ ਖਾ ਲਈ ਹੈ ਨਾ। ਰਿਲੀਫ ਮਿਲ ਜਾਏ ਤੇ ਨੀਂਦ ਵੀ ਆ ਜਾਏ। ਉਹ ਲੇਟ ਗਈ ਤੇ ਮੈਂ ਵੀ ਕੂਹਣੀਆਂ ਭਾਰ ਲੰਮਾ ਪੈ ਕੇ ਉਸਦਾ ਮੱਥਾ ਸਹਿਲਾਉਣ ਲਗਾ। ਉਸਦਾ ਮੱਥਾ ਸਹਿਲਾਉਂਦਾ ਹੋਇਆ ਮੇਰਾ ਮਨ ਭਟਕਣ ਲਗਾ। ਦੋ ਆਕਾਰ ਆਪਸ ਵਿਚ ਰਲਗਡ ਹੁੰਦੇ ਦਿਸਣ ਲੱਗੇ। ਪਾਸ਼ੀ ਚੰਦਰਮੁਖੀ, ਚੰਦਰਮੁਖੀ

ਪਾਸ਼ੀ। ਮੈਂ ਦਿਮਾਗ਼ ਨੂੰ ਝਟਕ ਕੇ ਧਿਆਨ ਹਟਾਉਣ ਦੀ ਕੋਸ਼ਿਸ਼ ਕੀਤੀ। ਪਾਸ਼ੀ ਸ਼ਾਇਦ ਸੌਂ ਚੁਕੀ ਸੀ। ਮੈਨੂੰ ਆਪਣਾ ਸਰੀਰ ਥਕਿਆ ਟੁੱਟਿਆ ਜਿਹਾ ਮਹਿਸੂਸ ਹੋ ਰਿਹਾ ਸੀ ਤੇ ਅਜਿਹੀ ਸਥਿਤੀ ਵਿਚ ਵੀ ਆਪਣੀ ਆਦਤ ਅਨੁਸਾਰ ਮਨ ਹੀ ਮਨ ਹੱਸ ਪਿਆ ਸਾਂ ਆਪਣੀ ਥਕਾਵਟ ਬਾਰੇ ਸੋਚ ਕੇ। ਥਕਾਵਟ ਹੋਵੇ ਵੀ ਕਿਉਂ ਨਾ? ਦੋ ਦੋ ਸ਼ਿਫਟਾਂ ਵਿਚ ਕੰਮ ਕਰਨਾ ਸੌਖਾ ਵੀ ਤਾਂ ਨਹੀਂ ਹੁੰਦਾ।

ਸਿਆਣੇ ਸੱਚ ਹੀ ਆਖਦੇ ਹਨ ਕਿ ਮੁਜਰਿਮ ਭਾਵੇਂ ਕਿੰਨਾ ਵੀ ਚਲਾਕ ਕਿਉਂ ਨਾ ਹੋਵੇ, ਪਰ ਜਾਣੇ ਅਣਜਾਣੇ ਉਹ ਆਪਣੇ ਜੁਰਮ ਦੇ ਨਿਸ਼ਾਨ ਕਿਵੇਂ ਨਾ ਕਿਵੇਂ ਛਡ ਹੀ ਜਾਂਦਾ ਹੈ। ਮੈਂ ਮੈਥਸ ਦਾ ਤਜਰੁਬੇਕਾਰ ਟਿਯੂਟਰ ਹਾਂ। ਇਸ ਲਈ ਹਰ ਵੇਲੇ ਜਮ੍ਹਾ ਮਨਫੀ, ਜ਼ਰਬਾਂ ਤੇ ਤਕਸੀਮਾਂ ਦੀਆਂ ਹੀ ਵਿਉਂਤਾ ਬਣਾਂਦਾ ਰਹਿੰਦਾ ਹਾਂ। ਪਰ ਕਦੀ ਕਦੀ ਇਹ ਜਮ੍ਹਾਂ ਮਨਫੀ ਜ਼ਰਬ ਤਕਸੀਮ ਆਪੋ ਵਿਚ ਇਸ ਤਰ੍ਹਾਂ ਗੁਥਮ ਗੁਥਾ ਹੋ ਜਾਂਦੇ ਹਨ ਕਿ ਸਾਰਾ ਫਾਰਮੂਲਾ ਹੀ ਗਲਤ ਸਿੱਧ ਹੋ ਜਾਂਦਾ ਹੈ।

ਡਿੰਪੀ ਦੇ ਪੇਪਰ ਖਤਮ ਹੋ ਚੁੱਕੇ ਨੇ ਤੇ ਅਜ ਕਲ ਘਰ ਹੀ ਰਹਿੰਦੀ ਹੈ। ਪਾਸ਼ੀ ਨੂੰ ਸਕੂਲ ਦੇ ਬੱਚਿਆਂ ਦਾ ਰਿਜ਼ਲਟ ਬਣਾਣ ਲਈ ਰੁਟੀਨ 'ਚ ਸਕੂਲ ਜਾਣਾ ਪੈਂਦਾ ਹੈ ਮੇਰਾ ਵੀ ਨਵਾਂ ਸੈਸ਼ਨ ਅਜੇ ਸ਼ੁਰੂ ਨਹੀਂ ਹੋਇਆ। ਇਸ ਲਈ ਘਰ ਹੀ ਹੁੰਦਾ ਹਾਂ।

ਡਿੰਪੀ ਟੀ. ਵੀ. ਉਤੇ ਕਾਰਟੂਨ ਵੇਖਣ ਵਿਚ ਮਸਤ ਹੈ। ਮੈਂ ਕੁਝ ਸੋਚ ਕੇ ਉਠ ਜਾਂਦਾ ਹਾਂ ," ਡਿੰਪੀ ਬਹੁਤ ਵੇਖ ਲਿਆ ਟੀ. ਵੀ. ਹੁਣ ਥੋੜਾ ਅਰਾਮ ਕਰ, ਅੱਖਾਂ ਖਰਾਬ ਹੋ ਜਾਣਗੀਆਂ।" ਮੈਂ ਰਿਮੋਟ ਹੱਥ 'ਚ ਲੈ ਲਿਆ ਤਾਂ ਉਹ ਮਚਲ ਉੱਠੀ, "ਪਾਪਾ, ਅਜੇ ਤਾਂ ਅਲੈਵਨ–ਓ–ਕਲਾਕ ਹੋਇਆ ਹੈ। ਪਲੀਜ਼ ਇਹ ਟੌਮ–ਐਂਡ–ਜੈਰੀ ਵਾਲਾ ਕਾਰਟੂਨ ਖਤਮ ਕਰ ਲੈਣ ਦਿਓ ਫਿਰ ਮੈਂ ਸੌਂ ਜਾਵਾਂਗੀ।" ਮੈਂ ਹਿਸਾਬ ਲਗਾਇਆ। ਅਜੇ ਟੌਮ ਐਂਡ ਜੈਰੀ ਅੱਧਾ ਘੰਟਾ ਹੋਰ ਰਹਿੰਦਾ ਸੀ।

"ਦੀਪ ਤੇਰਾ ਫੋਨ ਹੈ।" ਚੰਦਰਮੁਖੀ ਦੀ ਸ਼ਹਿਦ ਵਰਗੀ ਅਵਾਜ਼ ਆਂਦੀ ਹੈ। ਮੈਂ ਡਿੰਪੀ ਵੱਲ ਵੇਖਦਾ ਹਾਂ। "ਡਿੰਪੀ ਬੇਟਾ ਅਲੈਵਨ ਥਰਟੀ ਤੇ ਟੀ. ਵੀ. ਬੰਦ ਕਰ ਦੇਣਾ। ਮੈਂ ਫੋਨ ਸੁਣਨ ਉਪਰ ਜਾ ਰਿਹਾਂ ... ਠੀਕ ਹੈ?"

"ਠੀਕ ਪਾਪਾ...।" ਆਖ ਕੇ ਡਿੰਪੀ ਫਿਰ ਚੂਹਿਆਂ ਬਿੱਲੀਆਂ 'ਚ ਮਸਤ ਹੋ ਗਈ।

ਚੰਦਰਮੁਖੀ ਦੇ ਕਮਰੇ ਵਿਚ ਏ ਸੀ ਫੁਲ ਸਪੀਡ ਤੇ ਹੈ। ਲਾਬੀ ਵਿਚ ਗਰਮੀ ਹੋਣ ਕਾਰਨ, ਉਥੇ ਫੋਨ ਸੁਣਨ ਦੇ ਬਜਾਏ ਉਹ ਮੈਨੂੰ ਆਪਣੇ ਠੰਡੇ ਕਮਰੇ ਵਿਚ ਹੀ ਫੋਨ ਸੁਣਨ ਬੁਲਾ ਲੈਂਦੀ ਹੈ। ਮੈਂ ਵੇਖਿਆ ਉਹ ਬੜੇ ਹੀ ਰਿਲੈਕੱਸ ਮੂਡ ਵਿਚ ਪਲੰਘ ਉਤੇ ਲੇਟੀ ਹੋਈ ਹੈ। ਦੁਪੱਟਾ ਕਿਧਰੇ ਹੈ, ਵਾਲ਼ ਸ਼ਾਇਦ ਉਸਨੇ ਹੁਣੇ ਹੁਣੇ ਧੋਤੇ ਹਨ। ਸ਼ੈਂਪੂ ਤੇ ਕੰਡੀਸ਼ਨਰ ਦੀ ਮਹਿਕ ਮੈਨੂੰ ਜਿਵੇਂ ਇਸ਼ਾਰੇ ਕਰ ਰਹੀ ਹੈ। ਮੈਂ ਇਕ ਨਜ਼ਰ ਉਸ ਨੂੰ ਵੇਖਦਾ ਹਲਕੀ ਗ੍ਰੇਅ ਸ਼ੇਡ ਦੀ ਲਿਪਸਟਿਕ ਉਸਦੀ ਸਾਂਵਲੀ ਰੰਗਤ ਤੇ ਫੱਬ ਰਹੀ ਹੈ। ਮੈਂ ਫੋਨ ਤੇ ਗਲ ਤਾਂ ਕਰ ਰਿਹਾ ਹਾਂ ਪਰ ਹੱਥ ਮੇਰੇ ਕਿਧਰੇ ਹੋਰ ਵਿਅਸਥ ਹੋ ਜਾਂਦੇ ਨੇ। ਐਸੇ ਮੌਕੇ ਵਕਤ ਨੂੰ ਪਤਾ ਨਹੀਂ ਕਿਵੇਂ ਖੰਭ ਉੱਗ ਆਉਂਦੇ ਹਨ। ਚੰਦਰਮੁਖੀ ਦਾ ਨੌਕਰ ਵੀ ਬਜ਼ਾਰ ਗਿਆ ਹੋਇਆ ਜਾਂਦਿਆਂ ਗੇਟ ਉਪਰੋਂ ਦੀ ਬੰਦ ਕਰਕੇ ਚਲਾ ਗਿਆ ਹੈ। ਇਸ ਲਈ ਬਾਹਰੋਂ ਆਣ ਵਾਲਾ ਕੋਈ ਬੰਦਾ ਕੁੰਡੀ ਹਿਲਾ ਕੇ ਸੌਖਿਆ ਹੀ ਗੇਟ ਖੋਲ ਸਕਦਾ ਹੈ। ਪਰ ਇਸ ਵੇਲੇ ਸਾਡਾ ਧਿਆਨ ਉਧਰ ਕਿਧਰ...?

ਧਿਆਨ ਸਾਡਾ ਉਦੋਂ ਉਖੜਦਾ ਹੈ ਜਦ ਆਪਣੇ ਕਮਰੇ ਵਿਚੋਂ ਪਾਸ਼ੀ ਗੁੱਸੇ ਵਿਚ ਚੀਖ ਕੇ ਪੁਕਾਰਿਆ ਮੇਰਾ ਨਾਂ ਸਾਡੇ ਕੰਨਾਂ ਵਿਚ ਗੂੰਜਦਾ ਹੈ। ਪਲ ਦੀ ਪਲ ਅਸੀਂ ਘਬਰਾ ਜਾਂਦੇ ਹਾਂ ਤੇ ਫੁਲ ਏ. ਸੀ. ਵਿਚ ਵੀ ਮੇਰੇ ਮੱਥੇ ਤੇ ਪਸ਼ੀਨੇ ਦੀਆਂ ਬੂੰਦਾਂ ਚਮਕ ਪੈਂਦੀਆਂ ਹਨ। ਮੈਂ ਮੱਥਾ ਪੂੰਝਦਾ ਹੋਇਆ ਆਪਣੇ ਕਮਰੇ ਵਲ ਭੱਜਦਾ ਹਾਂ। ਪਾਸ਼ੀ ਗੁੱਸੇ ਵਿਚ ਮੇਰੇ ਵਲ ਵੇਖਦੀ ਪੁਛਦੀ ਹੈ ਕਿ ਮੈਂ ਡਿੰਪੀ ਨੂੰ ਇੱਕਲਿਆ ਛੱਡ ਉਥੇ ਕੀ ਕਰ ਰਿਹਾ ਸਾਂ। "ਮੇਰਾ ਫੋਨ ਆਇਆ ਸੀ ਡਾਰਲਿੰਗ, ਉਹੋ ਸੁਣਨ ਗਿਆ ਸਾਂ।" ਪਹਿਲੀ ਵਾਰ ਅੱਜ ਮੇਰੇ ਮੂੰਹੋਂ ਪਾਸ਼ੀ ਲਈ 'ਡਾਰਲਿੰਗ' ਸ਼ਬਦ ਨਿਕਲਦਾ ਹੈ, ਚੰਦਰਮੁਖੀ ਲਈ ਤਾਂ ਸੰਬੋਧਨ ਹੀ ਇਹੋ ਹੈ।

"ਕਿਨੇ ਵਜੇ ਗਏ ਸੀ ਦੀਪ?" ਉਹ ਤਿੱਖੀਆਂ ਨਜ਼ਰਾਂ ਨਾਲ ਸੁਆਲ ਕਰਦੀ ਹੈ। ਮੇਰੀ ਨਜ਼ਰ ਘੜੀ ਤੋਂ ਹੁੰਦੀ ਹੋਈ ਡਿੰਪੀ ਦੇ ਚਿਹਰੇ ਤੇ ਪੈਂਦੀ ਹੈ ਤੇ ਮੈਨੂੰ ਝਟਕਾ ਜਿਹਾ ਲਗਦਾ ਹੈ। ਡਿੰਪੀ ਦਾ ਚਿਹਰਾ ਰੋ ਰੋ ਕੇ ਸੁੱਜਿਆ ਹੋਇਆ ਸੀ। ਪਤਾ ਨਹੀਂ ਕਿੰਨੀ ਦੇਰ ਤੋਂ ਉਹ ਰੋਂਦੀ ਰਹੀ ਹੈ। ਮੈਂ ਪਾਸ਼ੀ ਦੇ ਸੁਆਲ ਨੂੰ ਨਜ਼ਰ ਅੰਦਾਜ਼ ਕਰ ਡਿੰਪੀ ਨੂੰ ਪੁਚਕਾਰਨ ਲਈ ਬਾਹਾਂ 'ਚ ਚੁੱਕ ਲੈਂਦਾ ਹਾਂ। "ਕੀ ਹੋਇਆ ਮੇਰੇ ਬੱਚੇ ਨੂੰ। ਰੋ ਕਿਉਂ ਰਹੀ ਹੈ?"



"ਪਾਪਾ, ਅਲੈਵਨ ਓ ਕਲਾਕ ਤੇ ਤੁਸੀਂ ਆਂਟੀ ਘਰ ਗਏ ਸੀ। ... ਮੈਂ ਕਾਰਟੂਨ ਵੇਖ ਰਹੀ ਸਾਂ ਕਿ ਅਚਾਨਕ ਟੀ. ਵੀ. ਚੋਂ ਨਿਕਲ ਕੇ, ਟੌਮ–ਐਂਡ–ਜੈਰੀ ਵਾਲਾ ਟੌਮ (ਚੂਹਾ) ਕਮਰੇ ਵਿਚ ਦੌੜਨ ਲੱਗਾ ਪਾਪਾ, ਕਦੀ ਟੀ. ਵੀ. ਪਿਛੇ ਤੇ ਕਦੀ ਕੁਰਸੀ ਪਿਛੇ... ਉਹ ਬੈੱਡ ਤੇ ਵੀ ਚੜ੍ਹਨ ਲੱਗਾ ਸੀ ਪਾਪਾ...।" ਉਹ ਫਿਰ ਹਿਚਕੀਆਂ ਲੈਣ ਲਗ ਪਈ ਤਾਂ ਪਹਿਲੀ ਵਾਰ ਮੇਰਾ ਅੰਦਰਲਾ ਸੈਤਾਨ ਮਨ ਮਾਸੂਮ ਜਿਹੀ ਬੇਟੀ ਸਾਂਹਵੇ ਅਪਰਾਧੀ ਬਣ ਖੜੋ ਗਿਆ। ਦੋਵੇਂ ਹੱਥ ਕੰਨਾ ਨੂੰ ਲਗਾ ਕੇ "ਸੌਰੀ ਬੇਟਾ... ਉਹ ਦਰਅਸਲ..." ਮੈਂ ਕੁਝ ਬੋਲਣ ਹੀ ਲਗਾ ਸਾਂ ਪਰ ਪਾਸੀ ਨੇ ਬਾਥਰੂਮ ਵਿਚ ਵੜ, ਜ਼ੋਰ ਦੀ ਦਰਵਾਜ਼ਾ ਬੰਦ ਕਰ ਦਿੱਤਾ ਸੀ। ਅੰਦਰੋਂ ਫੁੱਲ ਸਾਵਰ 'ਚੋਂ ਪਾਣੀ ਦੀ ਤੇਜ਼ ਫੁਹਾਰ ਡਿਗਣ ਦੀ ਅਵਾਜ਼ ਮੇਰੇ ਮਨ ਨੂੰ ਬੇਚੈਨ ਕਰ ਰਹੀ ਸੀ। ਮੈਂ ਡਿੰਪੀ ਨੂੰ ਬਾਹਾਂ 'ਚ ਚੁੱਕ ਬਜ਼ਾਰ ਆ ਗਿਆ। ਇਸ ਵੇਲੇ ਸਥਿਤੀ ਨੂੰ ਟਾਲਣ ਲਈ ਇਸ ਤੋਂ ਚੰਗਾ ਹਲ ਮੈਨੂੰ ਨਹੀਂ ਸੀ ਸੁਝਿਆ।

ਪਰ ਪਾਸ਼ੀ ਇੰਝ ਖਾਮੋਸ਼ੀ ਨਾਲ ਬਾਥਰੂਮ 'ਚ ਸ਼ਾਵਰ ਥੱਲੇ ਕਿਉਂ ਖਲੋ ਗਈ ਹੈ। ਨਾਰਮਲ ਔਰਤਾਂ ਵਾਂਗ ਉਸਨੂੰ ਮੇਰੇ ਉੱਤੇ ਚੀਖਣਾ ਚਿਲਾਣਾ ਚਾਹੀਦਾ ਸੀ। ਸੜਕਾਂ ਤੇ ਤੁਰਦਿਆਂ ਅਚਾਨਕ ਬਚਪਨ ਦਾ ਇਕ ਦ੍ਰਿਸ਼ ਮੇਰੀਆਂ ਅੱਖਾਂ ਸਾਹਮਣੇ ਘੁੰਮ ਗਿਆ। ਨਿੱਕਾ ਹੀ ਸਾਂ ਮੈਂ ਉਦੋਂ। ਅਸੀਂ ਸਾਰੇ ਘਰ ਦੇ ਕਿਸੇ ਰਿਸ਼ਤੇਦਾਰ ਦੇ ਵਿਆਹ ਤੇ ਗਏ ਸਾਂ ਮਹਿੰਦੀ ਰਾਤ ਸੀ। ਹਰ ਪਾਸੇ ਹੰਗਾਮੇ ਵਰਗੀ ਹਾਲਤ। ਢੋਲ ਵਜ ਰਿਹਾ ਸੀ। ਭੰਗੜਾ ਪੈ ਰਿਹਾ ਸੀ ਕਿ ਅਚਾਨਕ ਰੰਗ ਵਿਚ ਭੰਗ ਪੈ ਗਈ। ਮੇਰੇ ਡੈਡੀ ਨੇ ਯਾਰ ਬੇਲੀਆਂ ਨਾਲ ਮਿਲ ਕੇ ਖੂਬ ਦੇਸੀ ਦਾਰੂ ਚੜ੍ਹਾ ਲਈ ਸੀ ਤੇ ਰਿਸ਼ਤੇ 'ਚ ਲਗਦੀ ਆਪਣੀ ਕਿਸੇ ਭਾਬੀ ਨੂੰ ਛੇੜ ਬੈਠਾ। ਬੜਾ ਸ਼ੋਰ ਪਿਆ। ਮਾਂ ਜੀ ਤਾਂ ਗੁੱਸੇ ਵਿਚ ਕਿਨੇ ਮਹੀਨੇ ਪੇਕੇ ਜਾ ਬੈਠੀ ਸੀ। ਫਿਰ ਹੌਲੀ ਹੌਲੀ ਇਹ ਗੱਲ ਵੀ ਨਿਕਲ ਤੁਰੀ ਕਿ ਡੈਡੀ ਦਾ ਉਸ ਭਾਬੀ ਨਾਲ ਉਦੋਂ ਤੋਂ ਚਕਰ ਚਲ ਰਿਹਾ ਸੀ। ਜਦੋਂ ਤੋਂ ਉਹ ਵਿਆਹ ਕੇ ਇਸ ਪਿੰਡ ਆਈ ਸੀ। ਪਰ ਡੈਡੀ ਹੁਰਾਂ ਦਾ ਸਬਰ ਛਲਕ ਪਿਆ ਸੀ ਵਿਆਹ ਦੇ ਢੋਲ ਢਮਾਕਿਆ ਵਿਚ ਦੇਸੀ ਠੱਰਾ ਪੀ ਕੇ ਮਾਂ ਜੀ ਬੜੀ ਬੜੀ ਮੁਸ਼ਕਿਲ ਨਾਲ ਸੌ ਸੌ ਸ਼ਰਤਾਂ ਰਖ ਕੇ ਪੇਕਿਓਂ ਵਾਪਸ ਮੁੜੀ ਸੀ। ਮੈਨੂੰ ਯਾਦ ਹੈ, ਮੰਮੀ ਨੇ ਆਂਦਿਆਂ ਹੀ ਬਰਾਂਡੇ ਤੇ ਖੜੋ ਕੇ ਅਸਾਂ ਚਾਰੇ ਭੈਣਾਂ–ਭਰਾਵਾਂ ਨੂੰ ਬੁੱਕਲ ਵਿਚ ਸਮੇਟਦਿਆਂ ਗੁੱਸੇ ਨਾਲ ਕਿਹਾ ਸੀ, "ਦੀਪੇ ਦੇ ਡੈਡੀ ਇਹ ਨਾ ਸੋਚਣਾ ਕਿ ਮੈਂ ਬੁੱਧੂ ਹਾਂ ਤੇ ਕੁਝ ਜਾਣਦੀ ਨਹੀਂ। ਮੈਨੂੰ ਸ਼ੁਰੂ ਤੋਂ ਹੀ ਸਭ ਪਤਾ ਸੀ ਜੋ ਖਿਚੜੀ ਪਕਦੀ ਰਹੀ। ਪਰ ਮੈਂ ਆਪਣੇ ਨਿੱਕੇ ਨਿੱਕੇ ਨਿਆਣਿਆਂ ਕਰਕੇ ਚੁੱਪ ਰਹੀ। ਪਰ ਹੁਣ ਮੈਂ ਆਖਰੀ ਵਾਰ ਤੁਹਾਨੂੰ ਸੁਣਾ ਰਹੀ ਹਾਂ ਜੋ ਮੁੜ ਕੇ ਅਜੇਹੀ ਕੋਈ ਹਰਕਤ ਹੋਈ ਤਾਂ ਮੈਂ ਅਦਾਲਤ ਵਿਚ ਜਾ ਕੇ ਫੈਸਲਾ ਕਰਾਉਂ " ਬਚਪਨ ਦਾ ਇਹ ਸੀਨ ਯਾਦ ਕਰਕੇ ਮੇਰਾ ਸ਼ੈਤਾਨ ਮਨ ਗੁੱਸਾ ਜਾਂ ਸ਼ਰਮਿੰਦਾ ਹੋਣ ਦੇ ਬਜਾਏ ਆਪਣੀ ਆਦਤ ਅਨੁਸਾਰ ਫਿਰ ਮੁਸਕਰਾ ਪਿਆ। ਅਗਰ ਅਜ ਪਤਾ ਚਲਦਾ ਡੈਡੀ ਤੇ ਮਾਂ ਜੀ ਜ਼ਿੰਦਾ ਹੁੰਦੇ ਤਾਂ ਉਨ੍ਹਾਂ ਨੂੰ ਮੇਰੀਆਂ ਇਨ੍ਹਾਂ ਬੇਹੂਦਗੀਆਂ ਦਾ ਪਤਾ ਚਲਦਾ ਤਾਂ ਕੀ ਹੁੰਦਾ? ਡੈਡੀ ਸ਼ਾਇਦ ਮੁੱਛਾਂ ਹੀ ਮੁੱਛਾਂ ਵਿਚ ਮੁਸਕਰਾਂਦਿਆਂ ਸੋਚਦੇ, 'ਸ਼ੇਰ ਦਾ ਪੁੱਤ ਸ਼ੇਰ ਹੀ ਨਿਕਲਿਆ ਸਾਲਾ...' ਤੇ ਮਾਂ ਨੇ ਉਸ ਦਿਨ ਵਾਂਗ ਹੀ ਕਮਰ ਤੇ ਦੋਵੇਂ ਹੱਥ ਟਿਕਾ ਕੇ ਗਰਜਦਿਆਂ ਆਖਣਾ ਸੀ, "ਵੇ ਚੰਦਰਿਆਂ ਤੂੰ ਸਾਬਤ ਕਰ ਦਿੱਤਾ ਕਿ ਕਿਹੜੇ ਪਿਓ ਦਾ ਪੁੱਤਰ ਹੈਂ?" ਇਸ ਦ੍ਰਿਸ਼ ਦੀ ਕਲਪਨਾ ਕਰਦਿਆਂ ਮੇਰੇ ਮੂੰਹ ਚੋਂ ਗੜ੍ਹਾਕਾ ਜਿਹਾ ਨਿਕਲ ਗਿਆ। ਕੋਈ ਕਿਹੜੇ ਪਿਓ ਦਾ ਪੁੱਤਰ ਹੈ ਭਲਾ ਇਹ ਵਿਚਾਰਾ ਪਿਓ ਕਿਵੇਂ ਦਾਅਵਾ ਕਰ ਸਕਦਾ ਹੈ। ਉਹ ਤਾਂ ਬਸ ਮਾਂ ਹੀ ਦਾਅਵਾ ਕਰ ਸਕਦੀ ਹੈ ਜਿਹੜੀ ਆਪ ਜਾਣੀ ਜਾਣ ਹੁੰਦੀ ਹੈ। ਚੰਗਾ ਹੈ ਜੇ ਅੱਜ ਵਰਗਾ ਅੱਗ ਲੱਗਾ ਡੀ. ਐਨ. ਏ. ਟੈਸਟ ਪਹਿਲਾਂ ਨਹੀਂ ਸੀ ਹੁੰਦਾ, ਨਹੀਂ ਤਾਂ ਇਸ ਸ੍ਰਿਸ਼ਟੀ ਉਤੇ ਹਰ ਪਲ ਹੀ ਭਿਆਨਕ ਉਥਲ–ਪੁਥਲ ਹੁੰਦੀ ਰਹਿੰਦੀ।

ਬਜ਼ਾਰੋਂ ਡਿੰਪੀ ਨੂੰ ਨਿਕੜ–ਸੁਕੜ ਲੈ ਕੇ ਦੇਂਦਿਆਂ ਕਾਫੀ ਸਮਾਂ ਬੀਤ ਗਿਆ ਵਾਪਸ ਮੁੜਦਿਆਂ ਮੈਂ ਸੋਚ ਰਿਹਾ ਸਾਂ ਕਿ ਹੁਣ ਸ਼ਾਇਦ ਘਰ ਜਾਂਦਿਆਂ ਪਾਸ਼ੀ ਮੇਰੇ ਤੇ ਬਰ ਪਵੇ। ਮਨ ਹੀ ਮਨ ਮੈਂ ਉਸ ਵਲੋਂ ਕੀਤੇ ਜਾਣ ਵਾਲੇ ਸੁਆਲਾਂ ਦਾ ਕਿਆਸ ਲਗਾਦਿਆਂ ਜੁਆਬ ਢੂੰਡਣ ਦੀ ਕੋਸ਼ਿਸ਼ ਕੀਤੀ। ਪਰ ਜੇ ਪਾਸ਼ੀ ਵੀ ਮਾਂ ਜੀ ਵਾਂਗ ਸ਼ਰਤਾਂ ਰਖਣ ਲੱਗ ਪਈ ਤਾਂ? ਖ਼ੈਰ ਘਰ ਆ ਗਿਆ। ਪਰ ਇਥੇ ਸਭ ਕੁਝ ਹੀ ਮੇਰੀ ਸੋਚ ਤੋਂ ਉਲਟ ਸੀ ਪਾਸ਼ੀ ਹਮੇਸ਼ਾ ਵਾਂਗ ਹੀ ਨਾਰਮਲ ਦਿਸ ਰਹੀ ਸੀ ਪਰ ਭਿਆਨਕ ਜਹੀ ਖਾਮੋਸ਼ੀ ਦੀ ਚਾਦਰ ਵਿਚ ਲਿਪਟੀ ਹੋਈ। ਡਿੰਪੀ ਜਾਂਦਿਆਂ ਹੀ ਸੌਂ ਗਈ। ਮੈਂ ਟੀ. ਵੀ. ਆਨ ਕਰ ਲਿਆ। ਸ਼ਾਇਦ ਮੈਂ ਵੀ ਨਾਰਮੱਲ ਦਿਸਣ ਦੀ ਕੋਸ਼ਿਸ਼ ਕਰ ਰਿਹਾ ਸਾਂ। ਪਾਸ਼ੀ ਕੋਈ ਟੇਬਲੇੱਟ ਖਾ ਕੇ ਕੂਲਰ ਅੱਗੇ ਸੌਂ ਗਈ। ਮੈਂ ਸੋਚਣ

ਲਗਾ ਕਿ ਇਨ੍ਹਾਂ ਪੜ੍ਹੀਆਂ ਲਿਖੀਆਂ ਮਾਡਰਨ ਔਰਤਾਂ ਦੀ ਮਾਨਸਿਕਤਾ ਕਿਹੋ ਜਹੀ ਹੋ ਗਈ ਹੈ? ਕੀ ਸਟੇਟਸ ਕਾਨਸੰਗ ਹੋਣ ਕਰਕੇ ਹੀ ਉਹ ਕਿਸੇ ਵੀ ਅਸਹਿ ਸਥਿਤੀ ਨੂੰ ਜ਼ਹਿਰ ਵਾਂਗ ਪੀ ਲੈਣ ਲਈ ਮਜ਼ਬੂਰ ਨੇ? ਮੈਨੂੰ ਆਪਣੀ ਮਾਂ ਤੇ ਉਸ ਵਰਗੀਆਂ ਅਨਪੜ੍ਹ ਔਰਤਾਂ ਚੰਗੀਆਂ ਲਗੀਆਂ ਜਿਹੜੀਆਂ ਅਜਿਹੀ ਸਥਿਤੀ ਵਿਚ ਪਿੱਟ-ਸਿਆਪਾ ਕਰਕੇ ਭੜਾਸ ਕਢ ਲੈਂਦੀਆਂ ਸਨ। ਤੇ ਫਿਰ ਗਰਜ ਬਰਸ ਕੇ ਸ਼ਾਂਤ ਵੀ ਹੋ ਜਾਂਦੀਆਂ ਸਨ। ਪਰ ਅਜ ਕਲ ਦੀਆਂ ਔਰਤਾਂ ਚੀਖਣ-ਚਿਲਾਣ ਦੇ ਬਜਾਇ ਇਕ ਘੁਟਨ ਭਰੀ ਖ਼ਾਮੋਸ਼ੀ ਦਾ ਵਾਤਾਵਰਨ ਸਿਰਜ ਕੇ ਟੌਰਚਰ ਕਰਨ ਲਗ ਪੈਂਦੀਆਂ ਹਨ ਮੈਨੂੰ ਯਾਦ ਆਇਆ, ਮੈਂ ਕਿਸੇ ਪੁਸਤਕ ਵਿਚ 'ਚਾਈਨੀਜ਼ ਮੈਥੱਡ ਆਰ ਟੌਰਚਰ' ਪੜ੍ਹਿਆ ਸੀ। ਲਿਖਿਆ ਸੀ ਕਿ ਚਾਇਨਾ ਵਿਚ ਸਭ ਤੋਂ ਸੰਗੀਨ ਸਜ਼ਾ ਦੇ ਤੌਰ ਤੇ ਅਪਰਾਧੀ ਦਾ ਸਿਰ ਮੁੰਡਾ ਦਿੱਤਾ ਜਾਂਦਾ ਸੀ। ਬਿਲਕੁੱਲ ਸਫਾਚੱਟ। ਫਿਰ ਉਸਨੂੰ ਕਿਸੇ ਕੁਰਸੀ ਤੇ ਬਿਠਾ ਕੇ ਸਿਰ ਉਪਰ ਪਾਣੀ ਦਾ ਘੜਾ ਇਸ ਤਰ੍ਹਾਂ ਟੰਗ ਦਿੱਤਾ ਜਾਂਦੀ ਸੀ ਪਾਣੀ ਦਾ ਇਕ ਇਕ ਤੁਪਕਾ ਵਕਫੇ ਵਕਫੇ ਬਾਦ ਅਪਰਾਧੀ ਦੀ ਗੰਜੀ ਖੋਪੜੀ ਤੇ ਡਿਗਦਾ ਰਹਿੰਦਾ। ਠੰਡੇ ਬਰਫ ਪਾਣੀ ਦੇ ਇਕ ਤੁਪਕੇ ਦੇ ਡਿਗਣ ਬਾਅਦ ਤੋਂ ਅਗਲੇ ਤੁਪਕੇ ਦੇ ਡਿਗਣ ਵਿਚਾਲੇ ਜਿਹੜਾ ਮਾਨਸਿਕ ਕਸ਼ਟ ਉਹ ਅਪਰਾਧੀ ਭੋਗਦਾ ਸੀ। ਉਹ ਕਿਸੇ ਫਾਂਸੀ ਦੀ ਸਜ਼ਾ ਤੋਂ ਘਟ ਨਹੀਂ ਸੀ। ਬਲਕਿ ਪਲ ਪਲ ਬਾਦ ਮੌਤ ਦੀ ਸਜ਼ਾ ਸੀ। ਕੀ ਇਹ ਖਾਮੋਸ਼ੀ ਵੀ ਉਸੇ ਚਾਈਨੀਜ਼-ਮੈਥੱਡ-ਆਫ ਟਾਰਚਰ ਵਰਗੀ ਅਸਹਿ ਸਜ਼ਾ ਨਹੀਂ?

ਅਗਲੇ ਦਿਨ ਪਾਸ਼ੀ ਨੇ ਛੁੱਟੀਆਂ ਹੋਣ ਕਰਕੇ ਘਰ ਵਾਪਸ ਜਾਣ ਦਾ ਫੈਸਲਾ ਕਰ ਲਿਆ। 'ਪਰ ਪਾਸ਼ੀ ਮੇਰੀਆਂ ਟਿਯੂਸ਼ਨਾ ਤੇ ਹੁਣ ਸ਼ੁਰੂ ਹੋਣ ਵਾਲੀਆਂ ਨੇ... ਮੈਂ ਕਿਸ ਤਰ੍ਹਾਂ ...? ਪ੍ਰੇਸ਼ਾਨੀ ਜਹੀ 'ਚ ਮੈਂ ਕਹਿ ਬੈਠਾ। "ਤੁਹਾਨੂੰ ਕੌਣ ਮਜਬੂਰ ਕਰ ਰਿਹੈ ਚਲਣ ਨੂੰ... ਤੁਸੀਂ ਬੇਸ਼ਕ ਇਥੇ ਹੀ ਰਹੋ ਬਸ ਡਿੰਪੀ ਨੂੰ ਨਾਲ ਲੈ ਕੇ ਜਾ ਰਹੀ ਹਾਂ।" ਉਹ ਆਪਣਾ ਤੇ ਡਿੰਪੀ ਦਾ ਸਮਾਨ ਪੈਕ ਕਰਨ ਚਲੀ ਗਈ। ਆਪਣੇ ਕਮਰੇ ਵਿਚ ਮੈਂ ਇਕੱਲਾ ਰਹਿ ਗਿਆ ਤੇ ਉਪਰਲੇ ਕਮਰੇ ਚੰਦਰਮੁਖੀ। ਪਤਾ ਨਹੀਂ ਕਿਉਂ ਮੈਨੂੰ ਇਸ ਖਾਮੋਸ਼ੀ ਤੋਂ ਡਰ ਜਿਹਾ ਆਣ ਲਗ ਪਿਆ ਤੇ ਕਮਰੇ 'ਚੋਂ ਨਿਕਲ ਕੇ ਬਾਹਰ ਖੁੱਲੀਆਂ ਸੜਕਾਂ ਤੇ ਤੁਰਨ ਲਗ ਪਿਆ।

ਪਾਸ਼ੀ ਡਿੰਪੀ ਨੂੰ ਲੈ ਕੇ ਚਲੀ ਗਈ ਸੀ। ਘਰ ਖਾਲੀ ਖਾਲੀ ਲਗ ਰਿਹਾ ਸੀ। ਮੈਂ ਘਰੋਂ ਨਿਕਲ ਕੇ ਕੁਝ ਪੁਰਾਣੇ ਦੋਸਤਾਂ ਨੂੰ ਮਿਲਿਆ ਤੇ ਤਾਜ਼ਾ ਜਿਹਾ ਹੋ ਕੇ ਫਿਰ ਨਵੀਂ ਫੁਰਤੀ ਨਾਲ ਆਪਣੇ ਰਉਂ ਵਿਚ ਆ ਗਿਆ। ਸਵੇਰੇ ਸਵੇਰੇ ਹਲਕਾ ਜਿਹਾ ਨਾਸ਼ਤਾ ਕਰਨ ਬਾਦ ਮੈਂ ਅਰਾਮ ਨਾਲ ਨਹਾ ਧੋ ਕੇ ਸ਼ੇਵ ਕੀਤਾ, ਵੈਲ-ਡਰੈਸ ਹੋ ਕੇ ਪਰਫਿਯੂਮ ਛਿੜਕਿਆ ਤੇ ਟੀ. ਵੀ. ਆਨ ਕਰਕੇ ਬੈਠ ਗਿਆ। ਤਦੋ ਦਰਵਾਜੇ ਤੇ ਠੱਕ ਠੱਕ ਹੋਈ। ਸਾਹਮਣੇ ਚੰਦਰਮੁੱਖੀ ਖੜੀ ਸੀ। ਹੱਥਾਂ 'ਚ ਕਲਾਕੰਧ ਦੀ ਪਲੇਟ ਫੜੀ। ਆਪ ਵੀ ਉਹ ਨਿਖਰੀ ਨਿਖਰੀ ਕਲਾਕੰਧ ਦੇ ਟੁਕੜੇ ਵਰਗੀ ਹੀ ਤਾਜ਼ੀ ਲਗ ਰਹੀ ਸੀ।

"ਅੱਜ ਮੇਰੀ ਸ਼ਾਦੀ ਦੀ ਸਾਲਗਿਰਾਹ ਹੈ।" ਆਖਦਿਆਂ ਉਹ ਪਲੇਟ ਰੱਖ ਕੇ ਚਲੀ ਗਈ ਕੱਲ ਜਾਣ ਲੱਗਿਆਂ ਪਾਸ਼ੀ ਉਸਨੂੰ ਬੜੇ ਨਿੱਘ ਨਾਲ ਮਿਲਕੇ ਗਈ ਸੀ। ਜਾਂਦਿਆਂ ਜਾਂਦਿਆਂ ਉਸਦਾ ਚੰਦਰਮੁਖੀ ਨੂੰ ਮੇਰਾ ਧਿਆਨ ਰਖਣ ਲਈ ਕਹਿਣਾ ਮੇਰੇ ਲਈ ਅਸਚਰਜਤਾ ਭਰਿਆ ਵਤੀਰਾ ਸੀ। ਪਰ ਫਿਰ ਮੈਂ ਇਸ ਸੋਚ ਤੋਂ ਅਵੇਸਲਾ ਹੋ ਗਿਆ ਚੰਦਰਮੁਖੀ ਦੇ ਨੌਕਰ ਨੂੰ ਬਾਹਰ ਜਾਂਦਿਆਂ ਵੇਖ ਮੈਂ ਪੁਛ ਲਿਆ ਕਿ ਕਿਧਰ ਜਾ ਰਿਹਾ ਹੈ। ਅੱਜ ਮੇਮ ਸਾਹਬ ਦੀ ਮੈਰਿਜ ਐਨੀਵਰਸਿਰੀ ਹੈ। ਉਨ੍ਹਾਂ ਖੁਸ਼ ਹੋ ਕੇ ਮੈਨੂੰ ਫਿਲਮ ਦੇਖਣ ਲਈ ਪੈਸੇ ਦਿੱਤੇ ਹਨ। ਬਾਬੂ ਜੀ ਅੱਜ ਮੈਂ ਸ਼ਾਹਰੁਖ ਖਾਨ ਦੀ ਕੋਈ ਫਿਲਮ ਵੇਖਾਂਗਾ।" ਆਖਦਿਆਂ ਨੌਕਰ ਖੁਸ਼ੀ ਖੁਸ਼ੀ ਪੌੜੀਆਂ ਉਤਰਦਾ ਚਲਾ ਗਿਆ।

ਮੈਨੂੰ ਆਪਣੀ ਅਸ਼ਿਸ਼ਟਤਾ ਦਾ ਅਹਿਸਾਸ ਹੋਇਆ ਚੰਦਰਮੁਖੀ ਏਨੀ ਮਿਹਨਤ ਨਾਲ ਸਜ ਸੰਵਰ ਕੇ ਮੈਨੂੰ ਆਪਣੀ ਸਾਲਗਿਰਾਹ ਦੀ ਸੂਚਨਾ ਦੇਣ ਆਈ ਸੀ । ਪਰ ਮੇਰੇ ਤੋਂ ਤਾਂ ਉਸਨੂੰ ਵਧਾਈ ਵੀ ਨਾ ਦੇ ਹੋਈ। ਮੈਂ ਇਕ ਵਾਰ ਫਿਰ ਪਰਫਿਊਮ ਦਾ ਸਪ੍ਰੇਅ ਆਪਣੀਆਂ ਬਗਲਾਂ ਵਿਚ ਕਰਕੇ ਉਹਦੇ ਕਮਰੇ 'ਚ ਚਲਾ ਗਿਆ। ਹਮੇਸ਼ਾ ਵਾਂਗ ਹੀ ਉਹ ਆਪਣੇ ਏ. ਸੀ. ਕਮਰੇ 'ਚ ਲਾਪ੍ਰਵਾਹੀ ਨਾਲ ਲੇਟੀ ਹੋਈ ਸੀ। ਪਰ ਉਹਦੀਆਂ ਅੱਖਾਂ 'ਚ ਉਦਾਸੀ ਸੀ। 'ਚੰਦਰਮੁਖੀ..." ਮੈਂ ਕੋਲ ਆ ਕੇ ਉਸਨੂੰ ਛੂਹ ਕੇ ਹੋਲੇ ਜਹੇ ਪੁਕਾਰਿਆ। ਉਸਨੇ ਸ਼ਿਕਾਇਤ ਭਰੀਆਂ ਨਜ਼ਰਾਂ ਨਾਲ ਮੇਰੇ ਵਲ ਵੇਖਿਆ, ਪਰ ਬੋਲੀ ਕੁਝ ਨਹੀਂ।

"ਚੰਦਰਮੁਖੀ ਤੂੰ ਸੋਚਦੀ ਹੋਵੇਂਗੀ ਕਿ ਮੈਂ ਤੈਨੂੰ ਵਧਾਈ ਨਹੀਂ ਦਿੱਤੀ। ਪਰ ਮੇਰੀ ਜਾਨ ਤੂੰ ਹੀ ਦਸ ਕੀ ਮੈਂ ਤੈਨੂੰ ਤੇਰੀ ਇਸ ਸ਼ਾਦੀ ਦੀ ਵਧਾਈ ਦੇ ਸਕਦਾ ਹਾਂ। ਕੀ ਮੈਂ ਨਹੀਂ ਜਾਣਦਾ ਕਿ ਇਸ ਸ਼ਾਦੀ ਨੇ ਤੈਨੂੰ



ਕਿਨਾ ਦਰਦ ਦਿੱਤਾ ਹੈ? ਕੀ ਮੇਰੇ ਤੇਰੇ ਦਰਦ ਤੋਂ ਅਣਜਾਣ ਹਾਂ? " ਮੇਰੀਆਂ ਭਾਵੁਕ ਗੱਲਾਂ ਨੇ ਚੰਦਰਮੁਖੀ ਦੇ ਚਿਹਰੇ ਤੇ ਨਰਾਜ਼ਗੀ ਦੀ ਥਾਂ ਉਦਾਸ ਜਹੀ ਕੋਮਲਤਾ ਲੈ ਆਂਦੀ। ਉਸਦੇ ਹੋਠਾਂ ਤੇ ਉਂਗਲੀ ਫੇਰਦਿਆਂ ਮੈਂ ਕਿਹਾ ਤੈਨੂੰ ਪਤਾ ਹੈ ਕਿ ਸ਼ਾਦੀ ਦੇ ਨਾਂ ਤੇ ਹੀ ਮੈਨੂੰ ਸਲਾਖਾਂ ਵਿਚ ਕੈਦ ਕੋਈ ਮਾਸੂਮ ਹਿਰਨੀ ਲਗਦੀ ਹੈਂ... ਮੈਨੂੰ ਦੁਖ ਹੁੰਦਾ ਹੈ ਚੰਦਰਮੁਖੀ ... ਤੂੰ ਇਹ ਸਲਾਖਾਂ ਤੋੜ ਕਿਉਂ ਨਹੀਂ ਦੇਂਦੀ? ਅਜ਼ਾਦ ਕਿਉਂ ਨਹੀਂ ਹੋ ਜਾਂਦੀ ਇਕੱਲਤਾ ਦੇ ਇਸ ਨਰਕ ਕੁੰਡ 'ਚੋਂ ... ਕਿਉਂ ਪੀ ਰਹੀ ਹੈਂ ਇਹ ਜ਼ਹਿਰ ਮੇਰੀ ਜਾਨ ?" ਮੈਂ ਆਪਣੇ ਆਪ ਨੂੰ ਉਸਦੀ ਗੋਦ ਵਿਚ ਢਾਹ ਜਿਹਾ ਦਿੱਤਾ ਸੀ ਤੇ ਅੱਖਾਂ ਉਸਦੀਆਂ ਅੱਖਾਂ ਵਿਚਲਾ ਅਕਸ ਦੇਖਣ ਵਿਚ ਕੁਝ ਕੁਝ ਗਈਆਂ ਉਸਦੀਆਂ ਨਰਮ ਉਂਗਲਾਂ ਮੇਰੇ ਵਾਲਾਂ ਵਿਚ ਫਿਰਨ ਲੱਗੀਆਂ।

"ਦੀਪ ਜਿਸ ਭਿਆਨਕ ਜ਼ਹਿਰ ਨੂੰ ਮੈਂ ਅਜ ਤੱਕ ਘੁੱਟ ਘੁੱਟ ਕਰਕੇ ਆਪਣੇ ਅੰਦਰ ਜਜ਼ਬ ਕੀਤਾ ਹੈ। ਉਸਦਾ ਤੋੜ ਉਸਤੋਂ ਵੀ ਤਿੱਖਾ ਜ਼ਹਿਰ ਨਾਲ ਹੀ ਹੋਣਾ ਸੀ। ਇਸ ਲਈ ਮੈਂ ਉਸ ਜ਼ਹਿਰ ਦੇ ਤੋੜ ਲਈ ਦੂਜੇ ਜ਼ਹਿਰ ਦਾ ਅਵਿਸ਼ਕਾਰ ਕਰ ਲਿਆ। ਜਾਣਦਾ ਹੈ ਕੀ ਉਸ ਮੇਰੇ ਚਿਹਰੇ ਤੇ ਝੁਕਦਿਆਂ ਪੁੱਛਿਆ। 'ਦਸ" ਮੈਂ ਵੀ ਮੰਤਰ ਨਾਲ ਕੀਲਿਆ ਜਾ ਰਿਹਾ ਸਾਂ ਜਾਂ ਕਿਸੇ ਜ਼ਹਿਰ ਹੇਠ ਮਦਹੋਸ਼।

"ਤੂੰ... ਤੂੰ ਹੈਂ ਉਸ ਜ਼ਹਿਰ ਦਾ ਤੋੜ। ਉਸ ਜ਼ਹਿਰ ਨੂੰ ਕਟਣ ਲਈ ਮੈਂ ਇਸ ਜ਼ਹਿਰ ਨੂੰ ਡੀਕ ਲਿਆ। ਇਹ ਵੀ ਤਾਂ ਇਕ ਭਟਕਣਾ ਹੀ ਹੈ ਨਾ ਦੀਪ ? ਪਤੀ ਦੀ ਤ੍ਰਿਹਾਈ ਠੁਕਰਾਈ ਪ੍ਰੇਮੀ ਦੀ ਬੁੱਕਲ 'ਚ ਸਕੂਨ ਭਾਲ ਰਹੀ ਹਾਂ। ਪਰ ਮੈਂ ਕੀ ਕਰਦੀ ਦੀਪ? ਕੋਈ ਔਰਤ ਕਦੀ ਆਪਣੇ ਪਤੀ ਨੂੰ ਕਿਸੇ ਹੋਰ ਦੀ ਬੁੱਕਲ 'ਚ ਦੇਖ ਕੇ ਸਹਿਨ ਨਹੀਂ ਕਰ ਸਕਦੀ। ਜਿਥੇ ਬਸ ਨਾ ਹੋਵੇ ਉਥੇ ਚੁੱਪ ਰਹਿਕੇ ਹੀ ਜ਼ਹਿਰ ਦੇ ਘੁਟ ਭਰਨੇ ਪੈਂਦੇ ਹਨ। ਪਰ ਕਦੇ ਨਾ ਕਦੀ ਤਾਂ ਇਹ ਜ਼ਹਿਰ ਆਪਣੀ ਸੀਮਾ ਤੋਂ ਉਛਲ ਕੇ ਪਰਲੋ ਤਾਂ ਲਿਆ ਹੀ ਦਿੰਦਾ ਹੈ। ਜਾਣਦਾ ਹੈਂ, ਮੈਂ ਕਿੰਨੀਆਂ ਮਾਨਸਿਕ ਬਿਮਾਰੀਆਂ ਕਿਨਾ ਡਿਪਰੈਸ਼ਨ ਭੋਗਦੀ ਰਹੀ ਸਾਂ। ਜਦ ਆਪਣੇ ਪਤੀ ਨੂੰ ਦੂਜੀਆਂ ਔਰਤਾਂ ਨਾਲ ਖਿਲਵਾੜ ਕਰਦੇ ਵੇਖਦੀ ਸਾਂ। ਹਰ ਰਾਤ ਉਸਦੇ ਕਪੜਿਆਂ ਚੋਂ ਔਰਤਾਂ ਦੀਆਂ ਅਲਗ ਅਲਗ ਪਰਫਿਯੂਮਾਂ ਦੀ ਮਹਿਕ ਮੈਨੂੰ ਪਾਗਲ ਕਰ ਦੇਂਦੀ ਸੀ। ਮੈਂ ਵੀ ਤਾਂ ਉਸ ਨਾਲ ਜ਼ਿੰਦਗੀ ਭਰ ਵਫਾ ਹੀ ਨਿਭਾਂਦੀ ਰਹੀ ਹਾਂ। ਫਿਰ ਮੈਨੂੰ ਕਿਸ ਗਲ ਦੀ ਸਜਾ ਮਿਲੀ? ਮੈਂ ਵੀ ਤਾਂ ਇਨਸਾਨ ਹੀ ਹਾਂ ਨਾ ਦੀਪ ਕਦ ਤਕ ਇਹ ਜ਼ਹਿਰ ਪੀਂਦੀ ਰਹਾਂ। ਪਤੀ ਦੀ ਬੇਵਫਾਈ ਦਾ ਦਰਦ ਮੈਂ ਪ੍ਰੇਮੀ ਦੀਆਂ ਬਾਹਾਂ 'ਚ ਭੁਲਾਣ ਲਈ ਮਜ਼ਬੂਰ ਹਾਂ ਦੀਪ... ਨਹੀਂ ਤਾਂ ਮੇਰਾ ਮਾਨਸਿਕ ਤਨਾਓ ... ਇਹ ਡਿਪਰੈਸ਼ਨ ਮੈਨੂੰ ਪਾਗਲ ਕਰ ਦੇਵੇਗਾ। ਤੈਨੂੰ ਕੀ ਦਸਾਂ ਇਹ ਭਟਕਣ ਕਿੰਨੀ ਭਿਆਨਿਕ ਸਜ਼ਾ ।"

ਚੰਦਰਮੁਖੀ ਪਤਾ ਨਹੀਂ ਕੀ ਕੀ ਕਹਿ ਰਹੀ ਹੈ। ਪਰ ਉਸਦਾ ਵਾਰ ਵਾਰ ਦੁਹਰਾਇਆ ਲਫ਼ਜ਼ 'ਡਿਪਰੈਸ਼ਨ' ਬੰਬ ਬਣ ਕੇ ਮੇਰੇ ਜ਼ਹਿਨ ਵਿਚ ਫੱਟ ਰਿਹਾ ਹੈ। 'ਪਤੀ ਦੀ ਬੇਵਫਾਈ ਦਾ ਦਰਦ, ਮੈਂ ਪ੍ਰੇਮੀ ਦੀਆਂ ਬਾਹਾਂ 'ਚ ਭੁਲਾਣ ਲਈ ਮਜ਼ਬੂਰ ਹਾਂ ਨਹੀਂ ਤਾਂ ਇਹ ਡਿਪਰੈਸ਼ਨ..." ਮੈਨੂੰ ਲਗਦਾ ਹੈ ਜਿਵੇਂ ਅਚਾਨਕ ਕਮਰਾ ਗੋਲ ਗੋਲ ਘੁੰਮਣ ਲਗ ਪਿਆ ਹੈ। ਮੇਰੇ ਅੱਜ ਤਕ ਦੇ ਅਜ਼ਮਾਏ ਜਮਾ-ਮਨਫ਼ੀ ਜ਼ਰਬ ਤਕਸੀਮ ਸਭ ਹਵਾ ਵਿਚ ਭੱਁਦਾ ਜਿਹਾ ਨਾਚ ਨੱਚਣ ਲਗ ਪਏ ਹਨ। ਕੋਈ ਫਾਰਮੂਲਾ ਮੇਰੇ ਕਾਬੂ ਵਿਚ ਨਹੀਂ ਆ ਰਿਹਾ। ਸਭ ਕੁਝ ਅਸਥ-ਵਿਅਸਥ ਤੇ ਤਹਿਸ ਨਹਿਸ ਜਿਹਾ ਹੁੰਦਾ ਜਾ ਰਿਹਾ ਹੈ। ਚੰਦਰਮੁਖੀ ਦੀ ਜਗਾ ਮੈਨੂੰ ਪਾਸ਼ੀ ਨਜ਼ਰ ਆ ਰਹੀ ਹੈ। ਪਾਸ਼ੀ ਦਾ ਉਸ ਦਿਨ ਸਕੂਲੋਂ ਆਉਂਦਿਆਂ ਅਚਾਨਿਕ ਸਾਨੂੰ ਕਮਰੇ ਅੰਦਰ ਬੰਦ ਦਰਵਾਜ਼ੇ ਵਿਚ ਬੈਠੇ ਦੇਖਣਾ। ਉਸਦਾ ਸਿਰਦਰਦ ... ਗੋਲੀਆਂ... ਬੀ. ਪੀ. ਲੋਅ...। ਮੇਰਾ ਸਿਰ ਫਟਣ ਲਗ ਪਿਆ ਹੈ। ਕੀ ਪਾਸ਼ੀ ਨੂੰ ਵੀ ਡਿਪ੍ਰੈਸ਼ਨ ਹੈ? ਤਾਂ ਕੀ ਪਾਸ਼ੀ ਵੀ... ???"

"ਪਾਸ਼ੀ ....!!!" ਮੈਂ ਜਿਵੇਂ ਚੀਖ਼ ਪੈਂਦਾ ਹਾਂ। ਕੋਮਲ ਤੇ ਰੁਮਾਂਟਿਕ ਭਾਵਨਾਵਾਂ ਵਿਚ ਵਿਚਰ ਰਹੀ ਚੰਦਰਮੁਖੀ ਅਚਾਨਕ ਜਿਵੇਂ ਕਿਸੇ ਬਿੱਛੂ ਦੇ ਡੰਗ ਨਾਲ ਤ੍ਰਬਕ ਪੈਂਦੀ ਹੈ। ਪਰ ਮੈਂ ਉਸਦੀ ਪ੍ਰਵਾਹ ਕੀਤੇ ਬਿਨਾ ਉਥੋਂ ਦੌੜ ਪੈਂਦਾ ਹਾਂ।

ਕੁਝ ਹੀ ਦੇਰ ਬਾਦ, ਬੈਗ ਵਿਚ ਕਪੜੇ ਪਾ, ਮੈਂ ਕਮਰੇ ਚੋਂ ਨਿਕਲਦਾ ਹਾਂ ਚੰਦਰਮੁਖੀ ਦਰਵਾਜ਼ੇ ਉਤੇ ਪਥਰ ਦਾ ਬੁੱਤ ਬਣੀ ਖੜੀ ਹੈ। ਕਮਰੇ ਚੋਂ ਨਿਕਲਦਿਆਂ ਮੇਰੇ ਹੱਥ ਆਪ ਮੁਹਾਰੇ ਬਾਹਰੋਂ ਕਮਰੇ ਦਾ ਦਰਵਾਜ਼ਾ ਬੰਦ ਕਰਨ ਲਈ ਉਠਦੇ ਹਨ ਪਰ ਫਿਰ ਕੁਝ ਸੋਚ ਕੇ ਮੈਂ ਦਰਵਾਜ਼ਾ ਖੁਲ੍ਹਾ ਛੱਡ ਦੇ ਗੇਟ ਚੋਂ ਬਾਹਰ ਹੋ ਜਾਂਦਾ ਹੈ।

## ਕਹਾਣੀ/ ਤੇਰਾਂ ਨੰਬਰ ਗਲੀ / ਨਰਿੰਦਰ ਕੌਰ ਭੱਚੂ

ਬੱਦਲਾਂ ਦੇ ਅੰਦਰ ਬਾਹਰ ਹੁੰਦਾ ਸੂਰਜ ਪੱਛਮ ਦੀ ਗੋਦ 'ਚ ਵੜਨ ਲਈ ਕਾਹਲਾ। ਬਿਲਕੁਲ ਉਸ ਬੱਚੇ ਵਾਂਗ ਜੀਹਦੀਆਂ ਆਂਦਰਾਂ ਖੁਸਦੀਆਂ, ਤੇ ਉਹ ਆਪਣੀ ਮਾਂ ਦੀ ਗੋਦ 'ਚ ਵੜ੍ਹ ਕੇ ਮਮਤਾ ਦਾ ਨਿੱਘ ਮਾਣਦਾ। ਮਾਂ ਪਰਮਾ ਨੰਦ 'ਚ ਖੋਹ ਜਾਂਦੀ। ਮਾਂ-ਬੱਚੇ ਦੀ ਸਕੂਨ ਭਰੀ ਅਵਸਥਾ ਕਿਸੇ ਤੋਂ ਗੁੱਝੀ ਨਹੀਂ।

ਲੁਕਣਮੀਟੀ ਖੇਡਦਾ ਸੂਰਜ ਅਸਤ ਹੁੰਦਾ। ਧਰਤੀ 'ਤੇ ਠੰਢ ਵਰਤਦੀ। ਰੁਮਕਦੀ ਠੰਢੀ ਹਵਾ ਨੂੰ ਮਾਨਣ ਲਈ ਲੋਕ ਬੂਹਿਆਂ, ਗ ਲੀਆਂ, ਪਾਰਕਾਂ ਵੱਲ ਨਿਕਲਦੇ। ਨਿੱਕੀਆਂ ਨਿੱਕੀਆਂ ਖ਼ੁਸ਼ੀਆਂ ਸਾਂਝੀਆਂ ਕਰਦੇ। ਵੱਡੇ ਛੋਟੇ ਦੁੱਖ ਵੰਡਦੇ। ਗਿਲੇ ਸ਼ਿਕਵੇ ਨਹੋਰਿਆਂ ਦੀਆਂ ਬਾਤਾਂ ਪੈਂਦੀਆਂ। ਦਿਲ੍ਹਾਂ 'ਚ ਕੁਝ ਰਿੱਝਦਾ-ਪੱਕਦਾ, ਜਗਦਾ-ਬੁਝਦਾ। ਦੂਰੀਆਂ ਕਦੇ ਨਜ਼ਦੀਕੀਆਂ 'ਚ ਵਟੀਦੀਆਂ। ਨੇੜਤਾ ਕਦੇ ਨੇੜੇ ਨਾ ਆਉਂਣ ਦਿੰਦੀ। ਨਹੋਰਿਆਂ 'ਚ ਬਾਤਾਂ ਪੈਂਦੀਆਂ।

ਪਰਤਾਪੀ ਹੋਰੀਂ, ਸ਼ਾਮਾਂ ਪੈਂਦੀਆਂ ਇੱਕਠੀਆਂ ਹੁੰਦੀਆਂ। ਖੱਟੀਆਂ-ਮਿੱਠੀਆਂ 'ਚ ਵਿਅਸਥ ਘਰਾਂ 'ਚ ਤੇ ਗਲੀ 'ਚ ਵਾਪਰਦੀ ਊਚ-ਨੀਚ ਤੋਂ ਇਕ ਦੂਜੀ ਨੂੰ ਜਾਣੂ ਕਰਵਾਉਣ 'ਚ ਰੁੱਝ ਜਾਂਦੀਆਂ।

ਅਮਰੋਂ ਦੇ ਘਰ ਮੂਹਰੇ ਖੜ੍ਹੀਆਂ ਨੂੰ ਉਹਨਾਂ ਨੂੰ ਝੱਟ ਕੁ ਹੀ ਹੋਇਆ ਸੀ। ਚਊਂ ਚਊਂ ਕਰਦਾ, ਲੰਗੜਾਉਂਦਾ, ਦੁੰਬ ਦਬਾਈ ਭੱਜਾ ਜਾਂਦਾ ਕੁੱਤਾ, ਉਹਨਾਂ ਕੋਲੋਂ ਲੰਘ ਕੇ ਭੀੜੀ ਗਲੀ 'ਚ ਵੜ੍ਹ ਗਿਆ। ਕੁੱਤੇ ਮਗਰ ਖੜ-ਖੜ ਕਰਦਾ ਕਾਲੇ ਪੱਥਰ ਦਾ ਟੁਕੜਾ ਟਪੂਸੀਆਂ ਮਾਰਦਾ ਰਾਹ 'ਚ ਹੀ ਠੰਠਬਰ ਗਿਆ। ਮਾਨੋਂ ਭੱਜਣ ਤੋਂ ਅਸਮਰੱਥ ਹਾਰ ਮੰਨ ਗਿਆ।

ਖੜ੍ਹੀਆਂ ਸਾਰੀਆਂ ਔਰਤਾਂ ਦਾ ਧਿਆਨ ਪਹਿਲਾਂ ਕੁੱਤੇ ਨੇ ਤੇ ਫਿਰ ਨਾਲੀ ਕੰਢੇ ਪਏ ਪੱਥਰ ਨੇ ਆਪਣੇ ਵੱਲ ਖਿੱਚਿਆ। ਪਰਤਾਪੀ ਖੋਜੀ ਨਿਗਾਹਾਂ ਸੁੱਟਦੀ ਬੋਲੀ,

"ਕੁੜੇ ਕੀਹਨੇ ਮਾਰਿਆ?"

ਬੋਲੀ ਕੋਈ ਨਾ। ਜਿਧਰੋਂ ਕੁੱਤਾ ਭੱਜ ਕੇ ਆਇਆ ਸੀ, ਸਾਰੀਆਂ ਨੇ ਭੌਂ ਕੇ ਉਧਰ ਦੇਖਿਆ, ਮੱਥੇ ਸੜ ਗਏ ਸਾਰੀਆਂ ਦੇ। ਲਾਲੀ ਕੋਲੋਂ ਰਿਹਾ ਨਾ ਗਿਆ,

ਦੁਰ ਲਾਣਤ ਏਹੋ ਜ੍ਹੇ ਦੇ। ਇਹ ਨਾ ਬੰਦਿਆਂ ਨੂੰ ਜੀਣ ਦਿੰਦਾ ਨਾ ਜਨੌਰਾਂ ਨੂੰ। ਸੜਿਆ ਹੋਣਾ ਕਿਸੇ ਹੋਰ ਗੱਲੋਂ, ਸਾਮਤ ਆਗੀ ਬੇਜ਼ਬਾਨ ਦੀ...।"

"ਘਰ ਪੂਰਾ ਨ੍ਹੀ ਹੋਇਆ ਹੋਣਾ!"

ਪਰਤਾਪੀ ਨੇ ਲਾਲੀਂ ਨੂੰ ਹੁੱਝ ਮਾਰੀ। ਦੂਜੇ ਪਾਸਿਉ ਅੱਛਰ ਸਿੰਘ ਤੁਰਿਆ ਆਵੇ। ਸੁਰਿੰਦਰ ਨੇ ਟੀਰ ਜਿਹਾ ਮਾਰ ਕੇ ਉਹਦੇ ਵੱਲ ਵੇਖਿਆ। ਲਾਲੀ ਤੇ ਸੁਰਿੰਦਰ ਦੀ ਘੱਗੀ ਜ੍ਹੀ ਹਾਸੀ ਨਿਕਲ ਗਈ,

"ਬੱਸ ਕਰੋ ਭੇਡੋ, ਹੋਰ ਈ ਤਰ੍ਹਾਂ ਦੇਖਦਾ ਆਪਣੀ ਵੱਲੂੰ!"

ਪਰਤਾਪੀ ਨੇ ਬੁੱਲਾਂ ਅੱਗੇ ਚੁੰਨੀ ਕਰ ਲਈ। ਹੱਸਦੀਆਂ ਅੱਖਾਂ ਨਾਲ ਜਾਂਦੇ ਅੱਛਰ ਸਿੰਘ ਵੱਲ ਵੇਖਣ ਲੱਗੀ।

"ਇਹ... ਮੱਛਰ ਆ ਮੱਛਰ। ਭੀਂ ਭੀਂ ਕਰਦਾ ਫਿਰੂ। ਜਿਧਰ ਦੇਖੋ। ਨਾ ਇਹਨੂੰ ਟੇਕ ਆਪ ਨੂੰ, ਨਾ ਕਿਸੇ ਨੂੰ ਟਿਕਣ ਦਿੰਦਾ। ਹੰਕਾਰਿਆਂ ਹੋਇਆ ਅਕੜੂ...ਤੁਰਦਾ ਤਾਂ ਦੇਖ... ਫੁਰਨੀਆਂ ਸੱਪ ਆਂਗੂੰ ਸਿਰੀ ਇਹਦੀ ਤਾਂਹ ਈ ਰਹਿੰਦੀ।"

"ਰੱਬ ਦਾ ਖੌਫ਼ ਹੈਨੀ ਭੋਰਾ ਵੀ।"

ਕਚੀਚੀਆਂ ਵੱਟਦੀ ਬਿਸ਼ਨੀ ਨੇ ਨਜ਼ਲਾ ਝਾੜਿਆ। ਦਿਲੋਂ ਉਹਨੂੰ ਅੱਗ ਜਿਹੀ ਲੱਗੀ ਹੋਈ ਸੀ। ਅੱਛਰ ਸਿੰਘ ਕਈ ਵਾਰ ਉਹਨਾਂ ਨਾਲ ਪੰਗਾ ਲੈ ਚੁੱਕਾ ਸੀ। ਉਹਦੇ ਨੌਕੀਲੇ ਕਸੀਰਾਂ ਨਾਲ ਬਿਸ਼ਨੀ ਹੋਰਾਂ ਦਾ ਟੱਬਰ ਪੱਛਿਆ ਪਿਆ ਸੀ।



'ਤਵਾਡੇ ਨਾ ਕਿਹੜੀ ਚੰਗੀ ਕਰਦਾ ਬਿਸ਼ਨੀਏ... ਢਿੱਡ ਅੜਿੱਕੇ ਲੈਂਦਾ ਈ ਰਹਿੰਦਾ। ਓਦਣ ਵੀ ਤੇਰੇ ਵੱਡੇ ਪੁੱਤ ਨਾ... ਕੁੱਕੜੀਆਂ ਕਰਕੇ, ਤਾਂ ਉਦੋਂ ਤਵਾਡੇ 'ਤੇ ਪੁਲਸ ਚਾੜ੍ਹੀ... ਤੁਸੀਂ ਕਾਹਤੇ ਡਰਦੇ ਇਹਤੋਂ। ਇੱਟ ਦਾ ਜਵਾਬ ਪੱਥਰ ਦਿਉ ਖਾ... ਪਤਾ ਲੱਗੇ ...ਔਂਤ ਜਾਣਾ...।"

ਪਰਤਾਪੀ ਨੇ ਬਿਸ਼ਨੀ ਨਾਲ ਸਨੇਹ ਜਤਾਇਆ। ਵਿੱਚੋਂ ਵਿੱਚ ਉਹ ਆਪ ਵੀ ਅੱਛਰ ਸਿੰਘ ਤੋਂ ਦੁਖੀ। ਉਹਦੇ ਪੋਤੇ ਦੀ ਅੱਛਰ ਸਿੰਘ ਨੇ ਗਲੀ 'ਚ ਖੇਡਦੇ ਦੀ ਬਾਂਹ ਮਰੋੜ ਦਿੱਤੀ ਤੇ ਆਪੇ ਪਰਤਾਪੀ ਦੇ ਘਰ ਉਲ੍ਹਾਮਾ ਦੇਣ ਚਲੇ ਗਿਆ,

ਆਵਦੇ ਪੋਤੇ ਨੂੰ ਸਾਂਭ ਕੇ ਰੱਖ। ਸਿਰ ਪਾੜੂ ਕਿਹੇ ਦਿਨ ਗਲ੍ਹੀ 'ਚ ਕਿਹੇ ਦਾ।... ਜੰਮਣ ਦਾ ਪਤਾ, ਸਾਂਭ ਨ੍ਹੀ ਹੁੰਦੇ। ਕੁੱਤ ਖ਼ਾਨਾ...।"

ਪਿਛਲੀ ਗੱਲ ਪਰਤਾਪੀ ਤੱਕ ਨਾ ਪਹੁੰਚੀ।

ਅੱਠ ਦਸ ਬੱਚਿਆਂ ਨਾਲ ਮੋਨੂੰ ਬਾਂਹ ਫੜ੍ਹੀ ਉੱਚੀ ਉੱਚੀ ਰੋਂਦਾ ਘਰ ਆਇਆ। ਸਾਰੇ ਬੱਚੇ ਮੋਨੂੰ ਦੇ ਪੱਖ 'ਚ ਘੁਸਰ ਮੁਸਰ ਕਰਨ। ਅੱਛਰ ਸਿੰਘ ਤੋਂ ਡਰਦੇ ਉੱਚੀ ਨਾ ਬੋਲਣ। ਜਿਉਂ ਅੱਛਰ ਸਿੰਘ ਪਰਤਾਪੀ ਦੇ ਘਰੋਂ ਮੁੜਿਆ, ਬੱਚਿਆ 'ਚ ਹਿੰਮਤ ਆ ਗਈ।

'ਮਾਂ ਜੀ, ਮੋਨੂੰ ਨੇ ਕੁਛ ਨੀ ਕੀਤਾ। ਬੁੜ੍ਹੇ ਨੇ ਈ ਮੋਨੂੰ ਦੀ ਬਾਂਹ ਮਰੋੜੀ। ਅਸੀਂ ਸਾਰੇ ਖੇਲਦੇ ਸੀਗੇ। ਇਹਨੇ ਸਾਡੀ ਬਾਲ ਚੱਕ ਕੇ ਖੋਲ੍ਹੇ 'ਚ ਸੁੱਟਦੀ। ਬੈਟ ਵੀ ਨ੍ਹੀ ਦਿੰਦਾ। ਘਰ ਲੈ ਗਿਆ। ਕਹਿੰਦਾ, ਦੂਰ ਮਰਿਆ ਕਰੋ, ਇਥੇ ਨ੍ਹੀ ਮੈਂ ਖੇਲਣ ਦੇਣੇ।

ਤੜਫਦੇ ਪੋਤੇ ਨੂੰ ਦੇਖ ਕੇ ਤੇ ਬੱਚਿਆਂ ਦੀਆਂ ਗੱਲਾਂ ਸੁਣ ਕੇ ਪਰਤਾਪੀ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ,

"ਆ ਸੂਰ ਦਿਆ ਹੱਡਾ, ਦੱਸਾਂ ਤੈਨੂੰ... ਤੇਰੇ ਜੰਮੇ ਨ੍ਹੀ! ਬਾਹਾਂ ਤੋੜ ਉਹਨਾਂ ਦੀਆਂ... ਲੋਕਾਂ ਦੇ ਤੇਤੋਂ ਜਰ ਨ੍ਹੀ ਹੁੰਦੇ... ਬਾਲ ਦੀ ਬਾਂਹ ਮੋਰੋੜਤੀ ਬੁੱਢ ਬਲੇਟਾ। ਮੇਰਾ ਪੋਤਾ ਏਥੇ ਈ ਖੇਲੂ। ਹਟਾ ਕੇ ਦਖਾਈ..ਨੇੜ੍ਹ ਪੈ ਜੇ ਤੈਨੂੰ। ... ਜੇ ਮੁੰਡੇ ਦੀ ਬਾਂਹ ਟੁੱਟ ਜਾਂਦੀ ਟੁੱਟ ਪੈਣਿਆਂ, ਜਾਏਂ ਜਹਾਨੋਂ ਖ਼ਾਲੀ...।"

ਪਰਤਾਪੀ ਮੋਨੂੰ ਦੀ ਬਾਂਹ ਮਲੀ ਜਾਵੇ, ਜੋ ਮੂੰਹ ਆਇਆ ਬੋਲੀ ਜਾਵੇ। ਉਤੋਂ ਪਿਆਰੀ ਆ ਗਈ। ਦੋਵੀਂ ਪਾਸੀਂ ਤਾਹਨੇ ਮਿਹਣਿਆਂ ਨਾਲ ਚੰਗਾ ਯੁੱਧ ਬੱਝਾ। ਪਿਆਰੀ ਪਰਤਾਪੀ ਨੂੰ ਝਈਆਂ ਲੈ ਲੈ ਪਵੇ। ਅੱਛਰ ਸਿੰਘ ਨਾਸਾਂ 'ਚੋਂ ਠੂਹੇਂ ਕੇਰਦਾ, ਗਲੀ 'ਚੋਂ ਪਿਆਰੀ ਨੂੰ ਜੱਫਾ ਪਾ ਕੇ ਘਰ ਲੈ ਗਿਆ। ਘਰ ਜਾ ਕੇ ਪਿਆਰੀ ਨੂੰ ਪਰਤਾਪੀ ਦਾ ਸਾਰਾ ਖ਼ਾਨਦਾਨ ਪੁਣਿਆਂ।

ਔਂਤਰੇ-ਨਖੱਤੇ ਕਰਦੀ ਪਰਤਾਪੀ ਨੇ ਕਈ ਘਰਾਂ 'ਚ ਜਾ ਕੇ ਸਾਰੀ ਵਿਥਿਆ ਸੁਣਾਈ। ਸੁਣ ਕੇ ਹਰੇਕ ਨੇ ਅੱਛਰ ਸਿੰਘ ਨੂੰ ਫਟਕਾਰਿਆ,

"ਕਿੱਥੇ ਭਲਾ ਹਊ ਏਸ ਕੁਲਿਹਣੇ ਦਾ, ਲੋਕਾਂ ਦੇ ਬਾਲਾਂ ਨੂੰ ਦੇਖ ਨ੍ਹੀ ਸਖਾਂਦਾ।"

ਸਾਰੀਆਂ ਤੀਵੀਆਂ ਜਿੱਥੇ ਜੁੜਦੀਆਂ, ਹੋਰ ਗੱਲਾਂ ਨਾਲ, ਅੱਛਰ ਸਿੰਘ, ਉਹਨਾਂ ਦੀ ਦੰਦ ਕਥਾ ਬਣਦਾ। ਮਰਦਾਂ 'ਚ ਵੀ ਉਹ ਚਰਚਾ ਦਾ ਵਿਸ਼ਾ ਕਈ ਦਫ਼ਾ ਬਣ ਚੁੱਕਾ। ਔਰਤਾਂ ਮਰਦ ਚੁਗਲੀਆਂ ਦੇ ਰੌਂਅ 'ਚ ਉਹਦੀਆਂ ਗੱਲਾਂ ਨਹੀਂ ਕਰਦੇ, ਸਗੋਂ ਉਹਦੇ ਹੱਥੋਂ ਸਤੇ ਹੋਏ ਚੰਗੇ ਮਾੜੇ ਦਾ ਵਿਸ਼ਲੇਸ਼ਣ ਕਰਦੇ। ਪਰਤਾਪੀ ਨੇ ਬਿਸ਼ਨੀ ਨਾਲ ਹਮਦਰਦੀ ਜਤਾਈ। ਬਿਸ਼ਨੀ ਦੀ ਨੂੰਹ ਅੰਦਰੋਂ ਬਾਹਰ ਆ ਗਈ, ਪੈਰੀ ਪੈਣਾ ਕਰਕੇ, ਉਹਨਾਂ ਕੋਲ ਥੜ੍ਹੇ 'ਤੇ ਬੈਠ ਗਈ।

"ਬੇਬੇ ਛੱਡੋ ਪੁਰਾਣੀਆਂ ਗੱਲਾਂ, ਕੀ ਕੱਢਣਾ-ਪਾਉਣਾ ਇਹਨਾਂ 'ਚੋਂ... ਚੰਗੀਆਂ ਗੱਲਾਂ ਕਰਿਆ ਕਰੋ... ਘੜੀ ਮੁੜੀ ਗੱਡੇ ਮੁਰਦੇ ਪੱਟਣ ਦਾ ਕੀ ਲਾਭ।"

ਆਪਣੇ ਵਲੋਂ ਸੁਨੀਤਾ ਨੇ ਸੱਭ ਨੂੰ ਸਾਂਤ ਕਰਨ ਲਈ ਪੁਰਾਣੀਆਂ ਗੱਲਾਂ 'ਤੇ ਮਿੱਟੀ ਪਾਉਣ ਨੂੰ ਕਿਹਾ। ਉਹ ਸੋਚਦੀ, ਇਸੇ ਵਿਚ ਸਭ ਦੀ ਭਲਾਈ ਏ। ਹਰ ਵੇਲੇ ਪੀਸਿਆ ਪੀਸੀ ਜਾਣਾ, ਸਮੇਂ ਦੀ ਬਰਬਾਦੀ, ਨਾਲੇ ਇਨਸਾਨ ਆਪ ਸੜਦਾ-ਭੁੱਜਦਾ ਰਹਿੰਦਾ। ਇਹ ਵਿਹਲੀਆਂ ਗੱਲਾਂ ਇਨਸ਼ਾਨ ਨੂੰ ਕਿਸੇ ਪਾਸੇ ਜੋਗਾ ਨ੍ਹੀ ਛੱਡਦੀਆਂ। ਜ਼ੁਬਾਨ ਰਸ ਤੇ ਈਰਖਾ ਸਾੜੇ ਤੋਂ ਬਿਨਾਂ ਇਹਨਾਂ ਦਾ ਕੋਈ ਫ਼ੈਦਾ ਨ੍ਹੀਂ।

ਅੱਗੇ ਹੋ ਕੇ ਉਬਲਦੀ ਪਰਤਾਪੀ ਉਹਦੇ ਵੱਲ ਉਲਰੀ,

"ਤੂੰ ਸ਼ਹਿਰਨ ਆਗੀ ਭਈ ਸਾਡੇ 'ਚ ਪੜ੍ਹੀ-ਲਿਖੀ। ਅਸੀਂ ਅਨਪੜ੍ਹ, ਪੇਂਡੂ, ਗਵਾਰ, ਹੱਲਾ ਸੁਣ। ਅਸੀਂ ਸ਼ਹਿਰੀਆਂ ਆਂਗੂੰ ਮਿੰਨ-ਮਿੰਨ ਨ੍ਹੀ ਕਹੀਦੀ। ਦਿਲਾਂ 'ਚ ਕੁਛ, ਮੂੰਹ 'ਚ ਕੁਛ। ... ਘੁੰਨੀ ਮੁੰਨੀ ਜੀ ਬੋਲੂ ਗੀ ਜੁ ਮੂੰਹ 'ਚ ਛਵਾਰਾ ਪਾਇਆ ਹੁੰਦਾ... ਸੁਣ.. ਤੂੰ ਭਾਵੇਂ ਹੈਗੀ ਵੱਡੇ ਸ਼ਹਿਰ ਦੀ। ਵਸਣਾ ਤੇ ਤੂੰ ਅਈਥੇ ਈ ਆ ਸਾਡੇ 'ਚ। ਖੁੱਲ੍ਹ ਕੇ ਗੱਲ ਕਰਿਆ ਕਰ, ਤੈਨੂੰ ਨ੍ਹੀ ਪਤਾ ਇਹ ਕੇਹੋ ਜੇ। ਬੰਦਾ ਮਾਰ ਕੇ ਅੰਦਰ ਖਪਾ ਲੈਣ, ਧੂੰਅ ਨਾ ਕੱਢਣ ਬਾਰੂ... ਹਲਾ... ਦਿਲ 'ਤੇ ਨਾ ਲਾਈਂ ਕੋਈ ਮੇਰੀ ਗੱਲ... ਧੀ ਕਰਕੇ ਤੈਨੂੰ ਕਹਿਤਾ।"

"ਭੂੰਡਾਂ ਦੀ ਖੱਖਰ ਐਵੇਂ ਛੇੜੀ।"

ਸੁਨੀਤਾ ਧੀਰਜ ਰੱਖਦਿਆਂ ਹੱਸੀ,

"ਪਤਾ ਤਾਂ ਹੈ ਬਾਜੀ, ਆਪਾਂ ਨੂੰ ਇਹਨਾਂ ਦਾ। ਕਰ ਵੀ ਕੀ ਸਕਦੇਂ ਆਪਾਂ, ਜਿੱਥੇ ਵੱਸ ਨਾ ਚੱਲੇ, ਉਥੇ ਚੁੱਪ ਭਲੀ। ਉਹੋ ਪੁਰਾਣੀਆਂ ਗੱਲਾਂ। ਹਰ ਵੇਲੇ ਮਨ ਦੁਖੀ...ਵਕਤ ਬਦਲ ਗਿਆ, ਆਪ ਵੀ ਬਦਲ ਜੋ। ... ਬੱਚੇ ਗੱਲਾਂ ਸੁਣਦੇ, ਉਹਨਾਂ 'ਚ ਵੀ ਨਫ਼ਰਤ ਪੈਦਾ ਹੁੰਦੀ। ਉਹ ਕਈ ਗੱਲਾਂ ਸਾਡੇ ਤੋਂ ਪੁੱਛਦੇ, ਸਾਡੇ ਕੋਲ ਉਹਨਾਂ ਦਾ ਕੋਈ ਜਵਾਬ ਨ੍ਹੀ ਹੁੰਦਾ... ਹੋਰ ਬਾਜੀ ਉਹਨਾਂ ਦੀ ਮੈਲ ਧੋ ਕੇ ਆਪਾਂ ਪਾਪਾਂ ਦੇ ਭਾਗੀ ਕਿਉਂ ਬਣੀਏ...।"

"ਚੰਗੀ ਆ ਸਿਆਣੀ।" ਸੁਰਿੰਦਰ ਨੂੰ ਸੁਨੀਤਾ ਦੀਆਂ ਗੱਲਾਂ ਜਚ ਗਈਆਂ।

"ਰਹਿਣ ਦੇ ਵਹੁਟੀਏ ਤੂੰ।" ਲਾਲੀ ਤੇ ਬਿਸ਼ਨੀ ਖਿੱਝੀਆਂ ਪਈਆਂ। ਲਾਲੀ ਕੁਝ ਵੱਧ।

"ਜਿੱਦਣ ਤੇਰੇ ਪੰਮੀ ਦੀ ਲੱਤ-ਬਾਂਹ ਮਰੋੜੂ, ਪਤਾ ਲੱਗੂ ਤੈਨੂੰ। ਆਵਦੀ ਸੱਸ ਨੂੰ ਪੁੱਛ, ਠਾਣੇ ਨੱਕ ਰਗੜਾਏ ਸੀ ਕ ਨ੍ਹੀ ਇਹਨਾਂ ਦੇ, ਭੁੱਲਜੂਗੀ ਇਹ... ਤੇਰਾ ਸਹੁਰਾ ਦੋ ਦਿਨ ਹਵਾਲਾਤੇ ਰਿਆ, ਭਲਾ ਬੰਦਾ, ਨਕਾਰੀਆਂ ਕੁੱਕੜੀਆਂ ਪਿੱਛੇ... ਹਾਂ-ਹਾਂ, ਮੇਰੇ ਵਾੜੇ 'ਚ ਕਿਉਂ ਵੜੀਆਂ। ਤੇਰਾ ਦੁੱਧ-ਪੁੱਤ ਚੱਕ ਲਿਆਈਆਂ ਔਂਤਰਿਆ... ਕੋਈ ਪੁੱਛੇ ... ਆਵਦੇ ਮਾਂ ਪੇ ਦੀ ਇਹ ਰੀਸ ਨ੍ਹੀ ਕਰ ਸਕਦੇ। ਸਤਾਇਆ ਪਿਆ ਸੀ ਉਹਨਾਂ ਨੂੰ ਵੀ...।"

"ਤੀਵੀਂ ਨੇ ਦਰਾਣੀ ਨ੍ਹੀ ਵਸਣ ਦਿੱਤੀ... ਦੇਰ ਗੱਡੀ ਥੱਲੇ ਸਿਰ ਦੇ ਕੇ ਮਰ ਗਿਆ।"

"ਸ਼ਰੀਕ ਮਰਿਆ, ਵਿਹੜਾ ਮੋਕਲਾ।... ਦੈਂਗੜ ਦੈਂਗੜ ਕਰਦੀ ਫਿਰਨਾ ਇਹਨੇ। ਪਤਾ ਨਾ ਲੱਗਣਾ ਕੁਛ। ਚੰਗਾ ਹੋਇਆ ਚੂਲਾ ਟੁੱਟ ਗਿਆ, ਬਹਿਗੀ ਮੰਜੇ 'ਤੇ ਇਥੇ ਈ ਆ ਕਰਨੀਆਂ-ਭਰਨੀਆਂ ਸਾਰੀਆਂ।"

"ਇਹਨੂੰ ਜੈ ਖਾਣੇ ਨੂੰ ਸ਼ਰਮ ਅ ਕਿਸੇ ਦੀ। ਪਜਾਹ ਰੁਪੀਏ ਦਿੰਦਾ ਗਿਟਕ ਜੀ ਨੂੰ, ਤੀਵੀਂ ਦਾ ਠਰਕ ਪੂਰਾ ਕਰਨ ਲੀ। ਹੁਣ ਝੂਰਦੀ ਕ ਨ੍ਹੀ। ਲੋਕਾਂ ਨਾ ਆਢੇ ਲਾਉਣੇ ਸਉਖੇ, ਰੋਕੇ ਖ਼ਸਮ ਨੂੰ...।"

ਚੁਫ਼ੇਰੇ ਦੇਖ ਕੇ ਸਾਰੀਆਂ ਨੇ ਮੱਥੇ ਜੋੜ ਲਏ।

"ਉਹ ਗੁਸਲਖਾਨੇ 'ਚ ਵੜੀ, ਮਗਰੇ ਵੜ ਗਿਆ ਮਗਰੋਂ ਰੋਵੇ... ਲੜੀ ਬਥੇਰਾ ਓਦਣ ਉਹਦੇ ਨਾ।"

ਪੱਚੀਆਂ ਕੁ ਦੰਦਾਂ ਨਾਲ ਸੁਰਿੰਦਰ ਹਾ-ਹਾ ਕਰਨ ਲੱਗੀ। ਉੱਠ ਕੇ ਸੁਨੀਤਾ ਅੰਦਰ ਚਲੇ ਗਈ। ਇਹੋ ਜਿਹੀ ਚਰਚਾ ਉਹ ਕਈ ਵਾਰ ਸੁਣ ਚੁੱਕੀ। ਉਹਦੇ ਲਈ ਇਹੋ ਜਿਹੀਆਂ ਗੱਲਾਂ 'ਤੇ ਵਿਸਵਾਸ ਕਰਨਾ ਔਖਾ।

ਆਮ ਘਰਾਂ 'ਚ ਇਹੋ ਜਿਹੀਆਂ ਗੱਲਾਂ ਨ੍ਹੀ ਹੁੰਦੀਆਂ।

ਗਿਟਕ ਜ੍ਹੀ ਤੀਵੀਆਂ ਈਵਾ ਨੂੰ ਕਹਿੰਦੀਆਂ। ਈਵਾ ਬਾਰੇ ਕਈ ਗੱਲਾਂ ਹੁੰਦੀਆਂ। ਕਿੰਨੀਆਂ ਸੱਚ, ਕਿੰਨੀਆਂ ਝੂਠ ਕੋਈ ਨ੍ਹੀ ਜਾਣਦਾ। ਹਾਂ, ਉਹ ਸਾਰਾ ਦਿਨ ਕਈ ਘਰਾਂ 'ਚ ਮਿਹਨਤ ਕਰਦੀ। ਕਹਿੰਦੀ,

"ਦੋਏਂ ਅਸੀਂ ਅਨਪੜ੍ਹ। ਚਾਰ ਅੱਖਰ ਪੜ੍ਹੀ ਹੁੰਦੀ... । ਮੈਂ ਚਾਹੁੰਨੀ ਬੱਚੇ ਪੜ੍ਹ-ਲਿਖ ਜਾਣ, ਕੋਈ ਚੰਗਾ, ਇੱਜ਼ਤਦਾਰ ਕੰਮ ਕਰਨ... ਸਾਰਾ ਦਿਨ ਲੋਕਾਂ ਦੇ ਜੂਠੇ-ਮਿੱਠੇ 'ਚ ਹੱਥ... ਆਪਣੇ ਬੱਚਿਆਂ 'ਤੇ ਮੈਂ ਇਹਨਾਂ ਕੰਮਾਂ ਦਾ ਪਰਛਾਵਾਂ ਵੀ ਨ੍ਹੀ ਪੈਣ ਦੇਣਾ....।"

ਈਵਾ ਚਬਾ-ਚਬਾ ਢੇਰਾਂ ਗੱਲਾਂ ਕਰਦੀ। ਉਹਦੀ ਪਿੱਠ ਪਿੱਛੇ ਲਾਲੀ ਕਹਿੰਦੀ,

'ਛੱਜ ਤੇ ਬੋਲੇ ਛਾਨਣੀ ਕਿਉਂ ਬੋਲੇ। ਭਾਂਤ ਸੁਭਾਂਤਿਆਂ ਨਾ ਖੇਹ ਖਾਂਦੀ, ਗੱਲਾਂ ਦੇਖ ਕਰਦੀ ਮੁੜਕ-ਮੁੜਕੇ... ਲੁੱਚੀ ਚਾਰ ਜਮਾਨੇ ਦੀ... ਇਕ ਤੇ ਹੁਣ ਵੀ ਆਉਂਦਾ। ਮੋਟਰ ਸੈਕਲ 'ਤੇ ਰਾਤ ਨੂੰ...।"



"ਮੈਂ ਨ੍ਹੀ ਮੰਨਦੀ... ਕੀਹ ਵੇਲੇ ਅਉਂਦਾ। ਸਾਰਾ ਦਿਨ ਨਿਆਣੇ ਘਰ ਹੁੰਦੇ, ਰਾਤ ਨੂੰ ਘਰ ਵਾਲਾ ਕੋਲ ਹੁੰਦਾ। ਯਕੀਨ ਨ੍ਹੀ ਆਉਂਦਾ।"

ਸੰਧਿਆ ਨਾ ਯਕੀਨੀ 'ਚ ਸਿਰ ਫੇਰਦੀ। ਲਾਲੀ ਤੇ ਪਰਤਾਪੀ ਦੀ ਰੀੜ੍ਹ ਦੀ ਹੱਡੀ ਸਿੱਧੀ ਹੋ ਜਾਂਦੀ।

'ਏਹੋਂ ਤਾਂ ਤੈਨੂੰ ਪਤਾ ਨ੍ਹੀ, ਰਲ-ਮਿਲ ਕੇ ਹੁੰਦਾ ਧੰਦਾ... ਉਹ ਹੋਰ ਕਰਦਾ ਕੀ ਆ... ਸਾਡੇ ਆਦਮੀਆਂ ਨੂੰ ਪਤਾ ਸਾਰਾ। ਤੂੰ ਨਵੀਂ ਆਈਂ ਤੇਤੋਂ ਪਹਿਲੀ ਕਰਾਏਦਾਰਨੀ ਨੂੰ ਸਾਰਾ ਪਤਾ ਸੀ।"

ਈਵਾ ਘੱਟ ਨਾ ਕਰਦੀ ਉਹਨਾਂ ਨੂੰ ਸੁਣਾ ਸੁਣਾ ਬੋਲਦੀ,

"ਰੱਬ ਨੂੰ ਜਾਨ ਦੇਣੀ, ਸਵਰਗ-ਨਰਕ ਏਥੇ ਈ ਆ। ਰੱਬ ਕੋਈ ਇਹੋ ਜਿਹਾ ਕੰਮ ਨਾ ਕਰਾਵੇ। ਉਹਦੀ ਦਰਗਾਹ 'ਚ ਜਾ ਕੇ ਸ਼ਰਮਿੰਦਾ ਹੋਣਾ ਪਵੇ। ਬੰਦਾ ਬੰਦੇ ਤੋਂ ਚੋਰੀ ਕਮਾ ਲੂ, ਮਾਲਕ ਤੋਂ ਨ੍ਹੀ ਕਮਾ ਸਕਦਾ।"

ਹੈਰਾਨੀ ਹੁੰਦੀ ਈਵਾ ਦੇ ਵਿਚਾਰਾਂ ਤੇ ਕਰਮਾਂ ਬਾਰੇ ਸੁਣ ਕੇ। ਲਾਲੀ ਕਹਿੰਦੀ ,

"ਇਹ ਇਹਦੀਆਂ ਗੱਲਾਂ ਦਾ ਭਰਮ ਜਾਲ ਆ। ਲੋਕੀ ਇਹਦੀਆਂ ਗੱਲਾਂ 'ਚ ਆ ਕੇ ਈ ਤਾਂ ਇਹਨੂੰ ਕੰਮ 'ਤੇ ਰੱਖਦੇ। ਅੰਦਰਖਾਤੇ ਜੋ ਹੁੰਦਾ ਰੱਬ ਵੀ ਦੇਖ ਦੇ ਰੋਂਦਾ ਹੋਣਾ,... ਉਂ ਨਿਆਣਿਆਂ ਨੂੰ ਤੀਰ ਕਰਕੇ ਰੱਖਦੀ। ਕੁੱਤੀ ਦੇ ਆਵਦੀ ਸੁੱਥਣ 'ਚ ਲਾਸਕਟ ਪਾਇਆ ਹੁੰਦਾ। ਦੇਖ ਲਿਓ ਜਦੋਂ ਮਰਜ਼ੀ... ਕੋਈ ਮੰਨੇ ਨਾ ਮੰਨੇ... ਮੈਂ ਚੁਬਾਰੇ 'ਚੋਂ ਇਹਨੂੰ ਆਪਣੀ ਅੱਖੀਂ ਦੇਖਿਆ ਕਈ ਵਾਰ। ਓਸੇ ਅਕੜੂ ਨਾ ਤੇ ਉਹਦੇ ਵੱਡੇ ਮੁੰਡੇ ਨਾ। ... ਬਾਪ ਪੁੱਤ ਤੋਂ ਚੋਰੀ, ਪੁੱਤ ਬਾਪ ਤੋਂ। ਵੱਡੀ ਨੂੰਹ ਨੂੰ ਦੁੱਖ ਕਿਤੇ ਕੋਈ। ਹੈਸੇ ਦੁੱਖ ਦੀ ਮਾਰੀ ਵਿਚਾਰੀ... ਇਹ ਕਹਿੰਦੇ , ਡਮਾਕ ਹਿੱਲ ਗਿਆ ਏਹਦਾ। ਵਿਚਾਰੀ ਦੀ ਕੁੱਖ ਹਰੀ ਹੋ ਜਾਂਦੀ, ਬੱਚੇ ਨਾ ਪਰਚੀ ਰਹਿੰਦੀ, ... ਬੇਅਨਸਾਫ਼ੀ ਤੇ ਰੱਬ ਕਰਦਾ... ਕੁੱਤੀ ਪਜਾਹ ਰੁਪੀਏ ਲੈਂਦੀ ਇਕ ਵਾਰੀ ਦੇ... ਕਿੰਨੇ ਘਰ ਇਹਦੇ ਕੋ... ਲਾਤਾਂ ਸਾਬ੍ਹ... ਕਿੰਨੇ ਬਣਾ ਲੈਂਦੀ ਹਊ... ਘਰਵਾਲਾ ਇਹਦਾ ਕੋਈ ਕੰਮ ਨ੍ਹੀ ਕਰਦਾ। ਇਹਦਾ ਘਰ ਜਾ ਕੇ ਦੇਖੋ, ਕੀ ਨ੍ਹੀ ਇਹਦੇ ਘਰ। ਫਰਿਜ਼, ਟੈਲੀਵੀਜਨ, ਫ਼ੂਨ... ਨਿਆਣਿਆਂ ਦੀ ਪੜ੍ਹਾਈ-ਲਖਾਈ, ਨਿੱਤ ਨਵਾਂ ਕੱਪੜਾ ਲੀੜਾਂ... ਐਵੇਂ ਤੇ ਨੀ ਅੱਖਾਂ ਨਾ ਗੱਲਾਂ ਕਰਦੀ ਰੰਡੀ। ਨੌਂ-ਦਸ ਜੀਆ, ਸਫ਼ਾਈਆਂ ਨਾ ਬਣਦਾ ਐਨਾ ਕੁਛ!"

ਲਾਲੀ ਦੀਆਂ ਨਾ ਸੁੱਟ ਪਾਉਣ ਵਾਲੀਆਂ ਗੱਲਾਂ ਸੁਣਨ ਵਾਲੇ ਮਗਜ਼ 'ਚ ਉਥਲ-ਪੁਥਲ ਮਚਾਉਂਦੀਆਂ। ਥੋੜੇ ਚਿਰ ਲਈ। ਕਈ ਈਵਾ ਨੂੰ ਕੁਰੇਦਣ ਦੀ ਨਾਕਾਮ ਕੋਸ਼ਿਸ਼ ਕਰਦੀਆਂ, ਉਹਦੀ ਚਾਲ-ਢਾਲ ਨੂੰ ਗੌਰ ਨਾਲ ਵੇਂਹਦੀਆਂ ਕਈਆਂ ਨੂੰ ਈਵਾ ਦੇਖਣ ਤੇ ਪਾਕ ਰੂਹ ਲਗਦੀ। ਕੋਈ ਲੱਛਣ ਉਹਦੇ ਨਕਸ਼ਾਂ 'ਤੇ ਕਦੀ ਨਾ ਦਿਸਦਾ, ਗੋਲ ਮਟੋਲ ਬੌਣੀ ਜਿਹੀ ਇੱਕ ਘਰੋਂ ਨਿਕਲਦੀ ਦੂਜੇ ਵੜਦੀ, ਦੂਜਿਉ ਨਿਕਲਦੀ ਤੀਜੇ... ਤੇ...।"

ਗਲੀ 'ਚ ਹੋਰ ਕੰਮ ਵਾਲੀਆਂ ਵੀ ਕੰਮ ਕਰਦੀਆਂ, ਪਰ ਈਵਾ ਗਾਲੜ-ਮੰਡਲੀ ਦੀ ਅੱਖ ਤਿਣ ਹੁੰਦੀ। ਕਦੇ ਅੱਛਰ ਸਿੰਘ ਆਪ ਉਹਨੂੰ ਕੰਮ ਵਾਸਤੇ ਬੁਲਾਉਣ ਜਾਂਦਾ, ਤਦ ਉਹਦੇ 'ਤੇ ਉਂਗਲ ਉੱਠਦੀ। ਕੰਨੋਕੰਨੀ ਗੱਲਾਂ ਦੀ ਲੜੀ ਕਦੇ ਨਾ ਟੁੱਟਦੀ। ਅੱਛਰ ਸਿੰਘ ਦਾ ਨਾਂ ਵੀ ਵਿੱਚ ਜੁੜਦਾ ਰਹਿੰਦਾ। ਕਈ ਇਹ ਵੀ ਕਹਿੰਦੀਆਂ,

"ਇਹਨਾਂ ਗੱਲਾਂ 'ਚ ਅੱਛਰੂ ਸਿੰਘ ਨੂੰ ਐਵੇਂ ਬਦਨਾਮ ਕੀਤਾ ਜਾਂਦਾ। ਉਹ ਹੰਕਾਰੀ ਭਾਵੇਂ ਆ। ਪੈਸੇ ਦਾ ਗੁਮਾਨ ਵੀ ਆ ਉਹਨੂੰ। ਘਰ ਉਹ ਕੁਛ ਵੀ ਕਰਦਾ ਹਊ, ਬਾਹਰ ਉਹਦੀ ਹੈਸੀਅਤ ਆ। ਸਰੀਕੇ-ਬਰਾਦਰੀ ਨਾਲ ਉਹਦਾ ਵੈਰ ਹਊ... ਕੰਮਕਾਜ ਵਲੋਂ ਲਾਗੇ ਚਾਗੇ ਉਹਦੀ ਬਹੁਤ ਬਣੀ ਹੋਈ। ਲੋਕ ਸਰਦਾਰ ਜੀ ਕਹਿ ਕੇ ਉਹਦੇ ਅੱਗੇ ਝੁਕਦੇ, ਜੀ ਜੀ ਕਰਦਿਆਂ ਦਾ ਮੂੰਹ ਸੁੱਕਦਾ।

ਕਈ ਵਾਰ ਲਗਦਾ ਕਿ ਅੱਛਰ ਸਿੰਘ ਖ਼ੁਦ ਨੂੰ ਭੰਵਰ 'ਚ ਘੁੰਮਦਾ ਮਹਿਸੂਸ ਕਰਦਾ। ਇੱਕ ਸੈਲਾਬ ਉਹਦੀ ਜ਼ਿੰਦਗੀ 'ਚ ਹਰ ਵੇਲੇ ਆਇਆ ਰਹਿੰਦਾ। ਉਹ ਇਹਨਾਂ 'ਚੋਂ ਨਿਕਲਣ ਦੇ ਉਪਾਅ ਕਰਦਾ ਰਹਿੰਦਾ,

"ਹੋਤਾ ਵਹੀ ਹੈ ਜੋ ਮਨਜ਼ੂਰੇ ਖ਼ੁਦਾ ਹੋਤਾ ਹੈ।" ਸੁਨੀਤਾ ਕਦੇ ਕਦੇ ਗੁਣਗਣਾਉਂਦੀ ਕਹਿੰਦੀ,

'ਬੰਦਾ ਤਾਂ ਆਪਣੇ ਵਲੋਂ ਸੁੱਖਾਂ ਨੂੰ ਪਾਉਣ ਲਈ ਬਹੁ ਕੁਛ ਕਰਦਾ। ਨੀਅਤ ਨੂੰ ਮੁਰਾਦਾ ਹੁੰਦੀਆਂ। ਬੰਦਾ ਨੀਅਤ ਸਾਫ਼ ਰੱਖੇ, ਰੱਬ ਵੀ ਮੂੰਹ ਨ੍ਹੀ ਮੋੜਦਾ।'

ਅੱਛਰ ਸਿੰਘ ਦੀ ਮਾਂ ਤਾਰਾ ਦੇਵੀ ਕਹਿੰਦੀ ਹੁੰਦੀ ਸੀ,

ਮੱਥੇ ਦੀਆਂ ਲਿਖੀਆਂ ਕੋਈ ਨ੍ਹੀ ਮੋੜ ਸਕਦਾ।

ਅੱਛਰੂ ਸਿੰਘ ਸ਼ੁਰੂ ਤੋਂ ਹੀ ਅਖੜਖਾਂਦ ਹੈ। ਉਹਦਾ ਛੋਟਾ ਭਰਾ ਬਹੁਤ ਨਿਮਰ ਸੁਭਾਅ ਦਾ ਮਾਲਕ ਸੀ। ਕਿਸੇ ਨੂੰ ਵੱਧ ਘੱਟ ਨਹੀਂ ਸੀ ਬੋਲਦਾ। ਕੋਈ ਉਹਨੂੰ ਕੁਝ ਕਹਿੰਦਾ, ਉਹ ਝੱਟ ਦਿਲ ਨੂੰ ਲਾ ਬਹਿੰਦਾ। ਤਾਰਾ ਦੇਵੀ ਉਹਦੇ ਲਈ ਸਦਾ ਫ਼ਿਕਰਮੰਦ ਰਹਿੰਦੀ। ਅੱਛਰ ਸਿੰਘ ਦੀਆਂ ਵਧੀਕੀਆਂ ਨੂੰ ਮਾਂ-ਪੁੱਤ ਦੁਖੀ ਹੋਏ ਜਰਦੇ। ਉਹ ਸਾਊ ਚੁੱਪ ਚੁਪੀਤਾ ਲਹੂ ਦੇ ਅੱਥਰੂ ਕੇਰਦਾ। ਅੱਛਰੂ ਸਿੰਘ ਤੋਂ ਚੋਰੀ ਮਾਂ ਕੋਲ ਰੋਂਦਾ।

ਗੁਰਬੰਸ ਦੀ ਕਈ ਵਾਰ ਆਪਣੇ ਵੱਡੇ ਪੁੱਤ ਅੱਛਰ ਸਿੰਘ ਨਾਲ ਤੂੰ-ਤੂੰ , ਮੈਂ-ਮੈਂ ਹੁੰਦੀ। ਉਹ ਪੈਰਾਂ 'ਤੇ ਪਾਣੀ ਨਾ ਪੈਣ ਦਿੰਦਾ। ਫ਼ੂੰ-ਫ਼ੂੰ ਕਰਦਾ ਘਰ 'ਚ ਤੁਫ਼ਾਨ ਖੜ੍ਹਾ ਕਰੀ ਰੱਖਦਾ। ਗੁਰਬੰਸ ਤਾਰਾ ਦੇਵੀ ਨਾਲ ਕਦੇ ਕਦੇ ਸ਼ਿਕਵਾ ਕਰਦਾ,

"ਤੂੰ ਵਰਜਿਆ ਕਰ ਇਹਨੂੰ, ਮੱਤ ਦੇ ਕੋਈ। ਲੋਕਾਂ ਦੀ ਪੁੱਠ ਚੜ੍ਹੀ ਇਹਨੂੰ ਮਾਂ-ਪੇ, ਭਰਾ ਚੰਗੇ ਨ੍ਹੀ ਲਗਦੇ।"

"ਆਪਣਾ ਸਿੱਕਾ ਖੋਟਾ, ਲੋਕਾਂ ਨੂੰ ਕੀ ਦੋਸ਼... ਮੇਰੇ ਦੁੱਧ 'ਚ ਕੋਈ ਭੈੜ ਹਊ।"

ਤਾਰਾ ਦੇਵੀ ਹੱਥ ਦੀਆਂ ਲਕੀਰਾ ਦੇਖਦੀ ਮੱਥਾ ਫੜ੍ਹ ਲੈਂਦੀ,

"ਕਿੰਨੇ ਚਾਅ ਕੀਤੇ ਸੀ, ਜਦ ਇਹ ਜੰਮਿਆ, ਕੀ ਪਤਾ ਸੀ ਵੱਡਾ ਹੋ ਕੇ ਇਹਨੇ ਸਾਡਾ ਝਾਟਾ ਖੋਹਣਾ। ਉਹ ਭੁੱਖਿਆ ਦੀ ਆਈ, ਆਉਂਦੀ ਨੇ ਸਾਰਾ ਕੁਸ ਸਾਂਭ ਲਿਆ।"

ਤਾਰਾ ਦੇਵੀ ਦੀਆਂ ਅੱਖਾਂ 'ਚ ਕੋਸਾ ਕੋਸਾ ਪਾਣੀ ਤੈਰਦਾ,

"ਅਸੀਂ ਹਿੱਕ ਤੇ ਰੱਖ ਤੇ ਨ੍ਹੀ ਲੈ ਜਾਣਾ। ਸਾਰਾ ਕੁਛ ਇਹਨਾਂ ਦਾ ਈ ਆ। ਮੈਂ ਤੇ ਕਹਿੰਨੀ, ਹੁਣੇ ਵੰਡੀਆਂ ਪਾ ਦੇ। ਸਾਡੇ ਬਾਦ ਬਾਵੇ ਦਾ ਪਤਾ ਨ੍ਹੀ ਕੀ ਹਾਲ ਕਰੂ ਇਹ।"

ਬਹੁਤ ਦੁਖੀ ਹੁੰਦੇ ਗੁਰਬੰਸ ਤੇ ਤਾਰਾ ਦੇਵੀ। ਬਾਵਾ ਉਹਨਾਂ ਦਾ ਦੁੱਖ ਸਮਝਦਾ। ਕਰ ਕੁਝ ਨਾ ਸਕਦਾ।

ਕਈ ਵਾਰ ਰੱਬ ਵੀ ਮੌਕਾ ਦਿੰਦਾ। ਵਕਤ ਵੀ ਗ਼ਲਤ ਬੰਦਿਆਂ ਦਾ ਸਾਥ ਦਿੰਦਾ। ਉਹ ਇੰਨੇ ਉਤੇ ਚੜ੍ਹ ਜਾਂਦੇ, ਆਪਣੇ ਵਰਗਿਆਂ ਨੂੰ ਇਨਸਾਨ ਨਹੀਂ ਸਮਝਦੇ। ਮਗਰੂਰੀ ਉਹਨਾਂ ਦੇ ਸਿਰ ਚੱੜ੍ਹ ਬੋਲਦੀ। ਜੰਮਣ ਵਾਲੇ ਤੇ ਨਾਲ ਜੰਮੇ ਵੀ ਉਹਨਾਂ ਨੂੰ ਵਿਹੁ ਦਿਖਾਈ ਦਿੰਦੇ। ਅੱਛਰ ਸਿੰਘ ਏਹੋ ਜਿਹਾ ਹੋ ਗਿਆ।

ਹਰ ਮਾਂ ਬਾਪ ਵਾਂਗ ਤਾਰਾ ਦੇਵੀ ਗੁਰਬੰਸ ਆਪਣਾ ਹਰ ਸਪਨਾ ਪੂਰਾ ਕਰਨਾ ਚਾਹੁੰਦੇ ਸਨ। ਚਾਵਾਂ ਨਾਲ ਉਹਨਾਂ ਦੋ ਸਾਲ ਦੇ ਫ਼ਰਕ ਨਾਲ ਦੋਹਾਂ ਦਾ ਵਿਆਹ ਕੀਤਾ। ਪਿਆਰੀ ਨੇ ਆਉਂਦੀ ਨੇ ਆਪਣੀ ਧਾਂਕ ਜਮਾ ਲਈ। ਅੱਛਰ ਸਿੰਘ ਤੇ ਉਹਦੇ ਪੈਸੇ ਦੇ ਸਿਰ ਤੇ ਉਹ ਆਕੜਦੀ। ਉਹ ਬਹੁਤੀ ਸੁਹਣੀ ਨਹੀਂ, ਦਰਾਣੇ-ਜਠਾਣੇ 'ਚ ਬੈਠੀ ਉੱਠਦੀ ਉਹ ਇਕੋ ਰਟ ਲਾਈ ਰੱਖਦੀ।

'ਇਹ ਕਹਿੰਦੇ, ਪਿਆਰੀਏ, ਤੇਰੀਆਂ ਮੋਟੀਆਂ ਅੱਖਾਂ ਤੇ ਚਿੱਟੇ ਦੰਦ ਮੈਨੂੰ ਬਹੁ ਸੋਹਣੇ ਲਗਦੇ।"

ਔਰਤਾਂ ਸੁਣਦੀਆਂ, ਇੱਕ ਦੂਜੀ ਵੱਲ ਵੇਖ ਕੇ ਹੱਸਦੀਆਂ। ਕੋਈ ਸਹਿਜੇ ਜਿਹੇ ਕਹਿੰਦੀ, 'ਝੋਟੇ ਵਰਗੀ ਦੇਹ। ... ਕਾਲੀ ਚਮੜੀ ਦੀ ਉਹ ਸਿਫ਼ਤ ਵੀ ਕੀ ਕਰੇ।"

ਪਿਆਰੀ ਆਪਣੀ ਮਸਤੀ 'ਚ ਕਿਸੇ ਦੀ ਪਰਵਾਹ ਨਾ ਕਰਦੀ। ਅੱਛਰ ਸਿੰਘ ਉਹਦੀ ਹਰ ਚੰਗੀ ਮਾੜੀ 'ਤੇ ਫੁੱਲ ਚੜ੍ਹਾਉਂਦਾ। ਉਹ ਆਪਣੇ ਸਰੀਕੇ 'ਚ ਕਿਸੇ ਨਾ ਕਿਸੇ ਨਾਲ ਦੋ ਹੱਥ ਕਰੀ ਰੱਖਦੀ।

ਪਿਆਰੀ ਤੇ ਪਰਤਾਪੀ ਦੀ ਇਕ ਵਾਰ ਲੈਣ ਦੇਣ ਕਰਕੇ ਲੜਾਈ ਹੋ ਗਈ। ਅੱਛਰ ਸਿੰਘ ਨੂੰ ਪਤਾ ਲੱਗਾ, ਉਹ ਪਰਤਾਪੀ ਨਾਲ ਲੜਨ ਚਲਾ ਗਿਆ। ਉਹ 'ਮੇਰੀ ਪਿਆਰੀ' ਕਹਿ ਕੇ ਗੱਲ ਕਰਨ ਹੀ ਲੱਗਾ ਸੀ, ਪਰਤਾਪੀ ਚਾਰੇ ਖ਼ੁਰ ਚੱਕ ਕੇ ਉਹਨੂੰ ਖਾਣ ਨੂੰ ਪਈ,

"ਸਾਂਭ ਉਹਨੂੰ ਮੰਹਿ ਨੂੰ ਜਾ ਕੇ, ਮੇਰੀ ਪਿਆਰੀ, ਮੇਰੀ ਪਿਆਰੀ ਦਾ ਲਗਦਾ, ਘਰੋਂ ਘਰੀ ਸਾਰਿਆਂ ਦੀਆਂ ਪਿਆਰੀਆਂ ਈ ਆ। ਇਹ ਕੋਈ ਲਿਆਂਦਾ ਬੋਬਾ ਨ੍ਹੀ ਲਵਾ ਕੇ ਆਈ... ਨਾ ਸ਼ਕਲ... ਨਾ... ਮਾਂ-ਪੇ ਨਾ ਲੜਨ ਗਿੱਝਾ ਹੋਵੇਂਗਾ ਤੂੰ... ਖ਼ਬਰਦਾਰ ਜੇ ਮੇਰੇ ਨਾ ਆਢਾ ਲਾਇਆ ਤਾਂ, ਚੀਰ ਕੇ ਰੱਖਦੂੰ ਥਾਏਂ... ਹਰਾਮਦੀ ਮਾਰ, ਪਹਿਲੋਂ ਬਰਾਬਰੀ ਕਰਗੀ, ਹੁਣ ਪਤੰਦਰ ਘੱਲਦਾ।"

ਅੱਛਰ ਸਿੰਘ ਕੰਨ ਲਪੇਟ ਕੇ ਉਥੋਂ ਤੁਰ ਆਇਆ। ਘਰ ਜਾ ਕੇ ਲੰਮੀ ਪਈ ਪਿਆਰੀ ਕੋਲ ਬੈਠ ਗਿਆ। ਪਾਸਾ ਲੈਂਦੀ ਉਹ ਉੱਠੀ।



"ਕੀ ਕਹਿੰਦੀ?"

ਮੱਥੇ 'ਤੇ ਵੱਟ ਉੱਭਰੇ ਅੱਛਰ ਸਿੰਘ ਦੇ,

"ਤੈਨੂੰ ਕਿੰਨੀ ਵਾਰੀ ਕਿਹਾ, ਬੇਅਕਲਾਂ ਨਾ ਮੱਥਾ ਨਾ ਲਇਆ ਕਰ। ... ਚਾਹ ਬਣਾ ਦੇ ਉੱਠ ਕੇ ਘੁੱਟ... ਸਾਲੇ ਕਿਸੇ ਨੂੰ ਸਾਡੀ ਗਲੀ 'ਚ ਅਕਲ ਈ ਹੈਨੀ। ਤੀਵੀਆਂ ਦੇ ਖੁਲ੍ਹੇ ਰੱਸੇ ਛੱਡੇ ਨਾ ਮਰਦਾਂ ਨੇ... ਕਰਦਾਂ ਅੱਜ ਤਕਾਲਾਂ ਨੂੰ ਇਹਦੇ ਆਦਮੀ ਨਾ ਗੱਲ।"

"ਮੈਂ ਕੀ ਕਿਆ, ਮਾੜੀ ਜ੍ਹੀ ਸੂਟ ਦੀ ਗੱਲ ਕੀਤੀ। ਹਲਕੇ ਜ੍ਹੇ ਆਏ ਉਹਦੇ ਕੁੜਮਾਂ ਤੋਂ ਸੂਟ। ਏਦੂੰ ਨਾ ਦਿੰਦੇ ਪਰੋਲੇ ਜ੍ਹੇ, ਉਹ ਹਲ੍ਹਕੀ ਕੁੱਤੀ ਮੇਰੇ ਪੇਕੇ ਨੌਲਣ ਲੱਗਪੀ।"

ਅੱਛਰ ਸਿੰਘ ਨੂੰ ਅੱਧ ਪਚੱਦੀ ਗੱਲ ਦੱਸ ਕੇ ਉਹ ਚਾਹ ਬਣਾਉਣ ਲੱਗ ਪਈ।

ਪਰਤਾਪੀ ਨੇ ਮੁੰਡਾ ਵਿਆਹਿਆ, ਉਹਦੇ ਕੁੜਮਾਂ ਤੋਂ ਜੋ ਸਰਿਆ, ਉਹਨਾਂ ਦਿੱਤਾ। ਪਰਤਾਪੀ ਦਾ ਭਾਰੀ ਕਬੀਲਾ, ਬੇਅੰਤ ਨੌਂਗੇ ਲਿਖ ਕੇ ਉਹਨਾਂ ਵਿਚੋਲੇ ਹੱਥ ਕੁੜਮਾਂ ਨੂੰ ਭੇਜੇ।

ਸਮਾਜ 'ਚ ਨੱਕ-ਨਕਾਈ ਰੱਖਣ ਲਈ ਪਰਤਾਪੀ ਦੇ ਕੁੜਮਾਂ ਨੇ ਪੂਰੀ ਵਾਹ ਲਾਈ। ਇੰਦਰਵੀਰ, ਪਰਤਾਪੀ ਦਾ ਕੁੜਮ, ਦਿਹਾੜੀਦਾਰ ਆਦਮੀ। ਸੱਤ ਅੱਠ ਜੀਅ ਖਾਣ ਵਾਲੇ। ਬੱਚੇ ਪੜ੍ਹਨ ਵਾਲੇ। ਇੰਦਰਵੀਰ ਕੁਝ ਅਲੱਗ ਸੋਚਦਾ।

'ਜਿੰਨਾ ਹੋ ਸਕਦਾ, ਬੱਚਿਆਂ ਨੂੰ ਪੜ੍ਹਾਉਣਾ ਚਾਹੀਦਾ... ਕਬੀਲਦਾਰੀਆਂ ਬਾਅਦ ਦੀ ਗੱਲ...। ਮੇਰੇ ਕੋਲੋਂ ਜੋ ਸਰੂ ਮੈਂ ਆਪਣੀਆਂ ਧੀਆਂ ਨੂੰ ਦੇਊਂ।"

ਜਦ ਦੇਣ ਦੀ ਵਾਰੀ ਆਈ। 'ਨੱਕ' ਅੜਿੱਕਾ ਬਣ ਗਿਆ। ਉਹਦੀ ਸੋਚ ਕੰਮ ਨਾ ਆਈ। ਉਹ ਰੀਤੀ ਰਿਵਾਜ਼ਾਂ 'ਚ ਉਲਝ ਕੇ ਰਹਿ ਗਿਆ। ਵਿਤੋਂ ਬਾਹਰਾ ਉਹਨੇ ਕੀਤਾ, ਸਿਆਣੇ ਕਹਿੰਦੇ ਤਾਂ ਇਹ ਕਿ ਜੀਹਨੇ ਧੀ ਦੇਤੀ, ਪਿੱਛੇ ਕੀ ਰੱਖਿਆ। ਇਹ ਸੱਭ ਕਹਿਣ ਦੀਆਂ ਗੱਲਾਂ। ਰਾਹ ਪਿਆ ਜਾਣੇ ਜਾਂ ਵਾਹ ਪਿਆ ਜਾਣੇ।"

ਮਨੌਤ 'ਚ ਆਇਆ ਸੂਟ ਪਿਆਰੀ ਦੇ ਨੱਕ ਹੇਠ ਨਾ ਆਇਆ। ਨੱਕ ਚੜ੍ਹਾ ਕੇ ਉਹਨੇ ਪਰਤਾਪੀ ਨੂੰ ਮਿਹਣਾ ਮਾਰਿਆ।

"ਸੂਟ ਦਿੱਤੇ ਤੇਰੇ ਕੁੜਮਾਂ ਨੇ, ਗੂੰਹ ਪੂੰਝ ਕੇ ਸਿੱਟਣ ਵਾਲੇ, ਲੀਰਾ ਜ੍ਹੀਆਂ, ਮੇਰੇ ਕੁੜਮਾਂ ਨੇ ਕਹਿੰਦੇ-ਕਹਾਉਂਦੇ ਦਿੱਤੇ... ਪਤਾ ਲਗਦਾ ਬੀ ਕੁਛ ਹੈਗਾ।"

ਪਰਤਾਪੀ ਨੇ ਉਹਨੂੰ ਹੋਰ ਗੱਲ ਨਾ ਕਰਨ ਦਿੱਤੀ, ਤੱਤੇ ਘਾਹ ਉਹਨੂੰ ਉਹਦਾ ਪਿੱਛਾ ਚੇਤੇ ਕਰਵਾਉਣ ਲੱਗੀ।

"ਚੇਤੇ ਕਰ ਜਿੱਦਣ ਤੂੰ ਆਈ ਸੀ ਐਸ ਘਰ। ਏਦਾਂ ਦੇ ਵੀ ਨ੍ਹੀ ਜੁੜੇ ਸੀ ਤੇਰੇ ਮਾਪਿਆਂ ਖੁਥੜਿਆਂ ਤੋਂ। ਨਾ ਕਿਸੇ ਨੂੰ ਕੋਈ ਛਿੱਲੜ। ਗੱਲਾਂ ਕਰਦੀਂ ਤੂੰ। ਤੇੜ ਦੇ ਪਾ ਕੇ ਆਗੀ ਸੀ ਨੰਗਿਆਂ ਦੀ। ਮੇਰਿਆਂ ਨੇ ਤੇ ਫੇ ਤਵਾਡੇ ਮੂੰਹ ਬੰਦ ਕਰਤੇ। ਤੇਰਿਆਂ ਤੋਂ ਏਨਾ ਵੀ ਨਾ ਸਰਿਆ।... ਚੌੜ ਹੋਈ ਫਿਰਦੀਂ। ਭੁੱਲਗੀ ਉਹ ਦਿਨ, ਜਦ ਆਵਦੀ ਧੀ ਦੇ ਵਿਆਹ ਦੀ ਨਾਨਕੀ ਛੱਕ ਪੱਲਿਉਂ ਬਣਾ ਕੇ ਦਖਾਤੀ..ਅਖੇ ਮੇਰੇ ਭਰਾ ਲਿਆਏ... ਤੂੰ ਤੇ ਬੋਲਣ ਜੋਗੀ ਨ੍ਹੀ... ਭੁਲਿਆ ਸਾਤੋਂ ਕੁਛ...।"

ਪਿਆਰੀ ਬੁੱਲ ਟੁੱਕਦੀ ਅਗਲ ਬਗਲ ਦੇਖੇ। ਭੱਜ ਕੇ ਆਪਣੇ ਘਰ ਜਾ ਕੇ ਮੰਜੇ 'ਤੇ ਲੇਟ ਗਈ। ਆਰੀ ਦੇ ਦੇਦਿਆਂ ਵਾਂਗ ਪਰਤਾਪੀ ਦੇ ਬੋਲ ਉਹਦੇ ਅੰਦਰ ਧੱਸ ਗਏ। ਉਹ ਛਟਪਟਾ ਰਹੀ ਸੀ। ਅੱਛਰ ਸਿੰਘ ਘਰ ਆ ਗਿਆ, ਉਹਨੇ ਪਰਤਾਪੀ ਬਾਰੇ ਵਧਾ-ਚੜ੍ਹਾ ਕੇ ਦੱਸਿਆ। ਜ਼ਖ਼ਮੀ ਹੋਈ ਨੂੰ ਆਪਣਾ ਅਤੀਤ ਘੂਰੇ,

"ਕਿੰਨੀ ਗ਼ਰੀਬੀ ਹੁੰਦੀ ਸੀ ਘਰੇ। ਇਕ ਟੈਮ ਰੋਟੀ ਖਾ ਲੈਣੀ, ਦੂਜੇ ਟੈਮ ਦਾ ਪਤਾ ਨ੍ਹੀ ਸੀ ਹੁੰਦਾ। ਵਿਆਹ ਤੇ ਜੰਞ ਦੀ ਰੋਟੀ ਦਾ ਖ਼ਰਚਾ ਮਾਮੇ ਨੇ ਕੀਤਾ, ਭਾਈਏ ਗੱਲ ਟੁਕਲੀ ਸੀਗੀ, ਸਾਡੇ ਕੋ ਕੁੜੀ-ਕੁੜੀ ਆ, ਹੋਰ ਦੇਣ ਜੋਗੇ ਅਸੀਂ ਕੁਛ ਨ੍ਹੀ। ਇਹਨਾ ਮੰਨ ਲੀ, ਪੈਸੇ ਦੀ ਇਥੇ ਕੋਈ ਘਾਟ ਨ੍ਹੀ ਸੀ।... ਆਪ ਵੀ ਚੰਗੇ ਇਹ... ਲੋਕ ਜੋ ਮਰਜ਼ੀ ਕਹਿਣ।"

ਅੱਛਰ ਸਿੰਘ ਦੇ ਘਰ ਆ ਕੇ ਪਿਆਰੀ ਨੇ ਰੱਜ ਕੇ ਰਾਜ ਕੀਤਾ। ਛੇਤੀ ਹੰਕਾਰ ਗਈ। ਕਿਸੇ ਮਾੜੇ-ਧੀੜੇ ਨੂੰ ਨੱਕ ਹੇਠ ਨਾ ਰੱਖਦੀ। ਬਿਸ਼ਨੀ ਨੇ ਤਦੇ ਉਹਦੀ ਹਿੱਕ 'ਚ ਛੁਰੀ ਮਾਰੀ ਸੀ,

"ਭੁੱਖੇ ਦੀ ਧੀ ਰੱਜੀ, ਖੇਹ ਉਡਾਉਣ ਲੱਗੀ।"

ਅੱਛਰ ਸਿੰਘ ਦਾ ਸਵਿਚਾਂ ਦੀਆਂ ਡਾਈਆਂ ਤੇ ਬਿਜਲੀ ਦੀਆਂ ਤਾਰਾਂ ਦਾ ਕਾਰੋਬਾਰ, ਦਿਨ-ਰਾਤ ਦੌੜਦਾ ਗਿਆ। ਦਿਮਾਗ਼ ਤੇ ਗਰਦੇ ਦੀ ਪਰਤ ਵੀ ਮੋਟੀ ਹੁੰਦੀ ਗਈ,

ਬਾਵੇ ਦਾ ਵਿਆਹ ਹੋਇਆ। ਅੱਠਾਂ-ਦਸਾਂ ਮਹੀਨਿਆਂ ਵਿੱਚ ਹੀ ਛੱਡ-ਛਡਾ ਹੋ ਗਿਆ। ਸਦਮਾ ਲੱਗਾ। ਉਹਨੂੰ। ਉਹ ਕਮਲਿਆਂ ਵਾਂਗ ਕੰਧਾਂ 'ਚ ਸਿਰ ਮਾਰਿਆ ਕਰੇ। ਵਿਲਕੇ। ਤਾਰਾ ਦੇਵੀ ਦਾ ਦਿਲ ਦੁਖਣਾ। ਅੰਦਰੋਂ ਟੁੱਟੇ ਤਾਰਾ ਦੇਵੀ ਤੇ ਗੁਰਬੰਸ ਉਹਨੂੰ ਬੜਾ ਸਮਝਾਉਂਦੇ,

"ਪੁੱਤ ਸੰਭਲ... ਤਕੜਾ ਹੋ... ਤੇਰੇ ਆਸਰੇ ਉੱਡੇ ਫਿਰਦੇ ਅਹੀਂ। ... ਲੋੜਵੰਦ ਲੱਜ ਕੇ ਤੇਰਾ ਵਿਆਹ ਕਰਾਂਗੇ... ਪੁੱਤ ਹਿੰਮਤ ਨ੍ਹੀ ਹਾਰੀਦੀ... ਇਹਨੂੰ ਆਪਾਂ ਅੱਡ ਕਰ ਦੇਣਾ... ਰਵੇ ਕੱਲਾ...।"

ਕਹਿ ਤੇ ਦਿੱਤਾ ਤਾਰਾ ਦੇਵੀ ਨੇ 'ਅੱਡ ਕਰ ਦੇਣਾ', ਪ੍ਰੰਤੂ ਸੋਚ ਕੇ ਹੀ ਉਹ ਟੁਕੜੇ ਟੁਕੜੇ ਹੋ ਕੇ ਰਹਿ ਗਈ। ਤੜਫਦੀ ਲੋਥ। ਏਨਾ ਹੀ ਕਿਹਾ,

'ਬਿਨ ਭਾਗਾਂ ਸੁਖ ਨ੍ਹੀ...।'

ਬਾਵਾ ਸੰਭਲ ਨਾ ਸਕਿਆ। ਮਨ ਨੂੰ ਲੱਗੀ ਗਹਿਰੀ ਸੱਟ ਨੇ ਉਹਨੂੰ ਪਟੜੀ 'ਤੇ ਲਿਜਾ ਲੰਮਾ ਪਾਇਆ। ਬੇਤਰਸ, ਅੰਨ੍ਹੀ ਹੋਈ, ਕੂਕਾਂ ਮਾਰਦੀ ਗੱਡੀ ਉਹਦੇ ਸ਼ਰੀਰ ਦੀ ਮਿੱਝ ਬਣਾ ਕੇ ਦੌੜ ਗਈ।

ਜਵਾਨ ਪੁੱਤ ਦੀ ਮੌਤ। ਤਾਰਾ ਦੇਵੀ ਦਾ ਸਾਰਾ ਲਹੂ ਨੁੱਚੜ ਗਿਆ। ਕਮਲੀ ਹੋ ਗਈ। ਅੱਛਰ ਸਿੰਘ ਕਰਕੇ ਟੁੱਟੀ ਹੋਈ ਬਰਾਦਰੀ, ਅੰਗ-ਸਾਕ ਦੁਬਾਰਾ ਉਹਨਾਂ ਦੇ ਘਰ ਆ ਜੁੜੇ। 'ਜਿੰਨਾਂ ਜਿੰਨਾ ਸਾਕ ਉਨਾ ਉਨਾ ਸੇਕ।'

ਦੋ ਦਿਨਾਂ ਦੇ ਸੋਗ ਮਗਰੋਂ ਸੱਥਰ 'ਤੇ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਹੋਣ ਲੱਗੀਆਂ। ਬਾਵੇ ਦੇ ਤਲਾਕ ਤੇ ਮੌਤ ਦਾ ਭਾਂਡਾ ਪਿਆਰੀ ਸਿਰ ਭੱਜਦਾ। ਉਹਦੇ ਕੰਨਾਂ ਤੱਕ ਗੱਲ ਪਹੁੰਚ ਵੀ ਜਾਂਦੀ। ਫਿਰ ਵੀ ਅੱਛਰੂ ਸਿੰਘ ਤੇ ਪਿਆਰੀ ਨੇ ਬੜੇ ਠਰੰਮੇ ਤੋਂ ਕੰਮ ਲਿਆ। ਵਿਅੰਗਬਾਣ ਚੱਲਦੇ। ਉਹ ਕਿਸੇ ਦਾ ਕੋਈ ਜਵਾਬ ਨਾ ਦਿੰਦੇ। ਸਭ ਦੇ ਦਿਲਾਂ 'ਚ ਆਵੇ,

"ਭਰਾ ਦੀ ਅਕਹਿ ਮੌਤ ਨੇ ਇਹਨਾਂ ਨੂੰ ਬਦਲਤਾ।"

ਲਾਲੀ ਦੀ ਤਿੱਖੀ ਅੱਖ ਤੇ ਤਜਰਬੇ ਨੇ ਕਹਿਣਾ,

"ਅੰਦਰੋਂ ਖੁਸ਼ ਆ, ਚੰਗਾ ਹੋਇਆ ਆਪੇ ਮੁੱਕ ਗਿਆ। ਸਾਰੀ ਜੈਦਾਤ ਆਵਦੀ, ... ਤਦੇ ਦਰਾਣੀ ਟਿਕਣ ਨ੍ਹੀ ਦਿੱਤੀ। ... ਸਰੀਕ ਮਰਿਆ ਵਿਹੜਾ ਮੋਕਲਾ।"

"ਭੈਣਾਂ-ਭਾਈ ਬਾਹਵਾਂ ਹੁੰਦੇ... ਭਰਾਵਾਂ ਸਿਰ 'ਤੇ ਜੋਰ ਹੁੰਦਾ...।'

ਲੜਖੜਾਂਦੀ, ਗ਼ਮ 'ਚ ਡੁੱਬੀ ਬਿਸ਼ਨੀ ਪੱਲੇ ਨਾ ਅੱਖਾਂ ਪੂੰਝਦੀ। ਪਿਛਲੇ ਸਾਲ ਉਹਦਾ ਜਵਾਨ ਭਰਾ ਸ਼ਰੀਕਾਂ ਨੇ ਗਿੱਠ ਥਾਂ ਪਿੱਛੇ ਮਾਰ ਦਿੱਤਾ। ਬਿਸ਼ਨੀ ਵੈਣ ਪਾ ਪਾ ਰੋਵੇ,

'ਚਹੁੰ-ਉਂਗਲਾਂ ਪਿੱਛੇ ਨਾ ਹੋਇਆਂ ਮੇਰਾ ਵੀਰ ਕੋਹਤਾ... ਨਿੱਕੇ-ਨਿੱਕੇ ਨਿਆਣੇ... ਵੇ ਵੀਰਨਾ ਕੇਹੜੀ ਮਾੜੀ ਘੜੀ ਤੂੰ ਉੱਠ ਗਿਆ ਵੇ ਖੇਤਾਂ ਨੂੰ....।" ਮਾਰਨ ਵਾਲਿਉ ਕੱਖ ਨਾ ਰਵੇ ਵੇ ਤਵਾਡਾ।"

"ਨਾਨਕ ਦੁਖੀਆਂ ਸੱਭ ਸੰਸਾਰ।"... ਭੈਣ ਨਾ ਅੱਖਾਂ ਗਾਲ...।" ਰਤਨੋ ਕਿਹਾ।

"ਕੁੜੀ ਆਈ ਆ, ਸਿੱਧੀਆਂ ਹੋ ਜੋ।"ਬਾਲੋ ਵੱਲ ਵੇਖ ਸਾਰੀਆਂ ਦੇ ਕਾਲਜੇ ਹਿੱਲੇ।

ਆਉਂਦੀ ਬਾਲੋ ਮਾਂ 'ਤੇ ਡਿੱਗ ਹੀ ਪਈ। ਪਰਤਾਪੀ ਤੇ ਬਾਲੋਂ ਦੇ ਕੀਰਨਿਆਂ ਘਰ ਦੀਆਂ ਕੰਧਾਂ ਨੂੰ ਵੀ ਰੁਆਇਆ। ਬਿਸ਼ਨੀ ਦੇ ਫੁਸ-ਫੁਸ ਕੀਤੀ,

"ਲੋਕੋ ਧੀਆਂ ਦਾ ਦੁੱਖ ਬੁਰਾ!! ਸੋਚਿਆ ਨਾ ਕੁਛ ਕੰਵਲੇ ਨੇ।" ਤਿੰਨ ਸਾਲ ਹੋ ਗਏ। ਪਰਤਾਪੀ ਦੇ ਜਵਾਈ ਨੇ ਘਰ 'ਚ ਮਾਮੂਲੀ ਝਗੜੇ ਕਾਰਨ ਸਲਫਾਸ ਦੀਆਂ ਗੋਲੀਆਂ ਖਾ ਲਈਆ। ਅੱਧੇ ਘੰਟੇ 'ਚ ਤੁਰਦਾ ਲੱਗਾ।

ਪਤੀ ਦੀ ਮੌਤ ਨੇ ਬਾਲੋ ਅਧੇੜ ਕਰ ਦਿੱਤੀ। ਬਾਵੇ ਦੀ ਮਕਾਣੇ ਆਈ ਰੋ ਰੋ, ਹੰਭ ਕੇ, ਬਾਲੋ ਚੁੱਪ ਕਰ ਗਈ। ਗੱਲਾਂ 'ਚ ਧਿਆਨ ਵਟ ਗਿਆ।

"ਕੱਲ੍ਹ ਦੀ ਸੁਣ ਲਉ... ਠੇਲੇ ਦੀ ਕੁੜੀ ਕੱਢ ਕੇ ਲੈ ਗਿਆ, ਭਈਆ।" ਮੁਖਤਿਆਰੋ ਨੇ ਸਾਰੀਆਂ ਵੱਲ ਦੇਖਿਆ, ਕਿੰਨਾ ਕੁਝ ਸੀ ਉਹਦੇ ਦਿਲ 'ਚ,



"ਬਸੰਬਰ ਨੇ ਤੀਵੀਂ ਕੁੱਟਤੀ ਰਾਤ... ਕੁਲੱਛਣਾ... ਲੱਛਣ ਆਪੂੰ ਭੈੜੇ। ਉਹ ਸਾਊ ... ਉਹਦੀ ਥੈਂ ਮੈਂ ਹੁੰਦੀ। ਬੰਦਾ ਬਣਾ ਦਿੰਦੀ।"

ਕ੍ਰਿਸ਼ਨਾ ਨੂੰ ਫੁਰ ਗਈ,

'ਡਾਕਟਰ ਬਣਾਈ ਜਾਂਦੇ ਬੁੜ੍ਹੀਆਂ ਨੂੰ ਬੰਦੇ। ਸੁਣਿਆਂ ਨ੍ਹੀ ਲੁਧੇਆਣੇ, ਸੇਲ੍ਹੀਆਂ ਸੀ ਦੋ। ਇੱਕ ਮੁੰਡਾ ਬਣਗੀ, ਵਿਆਹ ਕਰਾ ਲਿਆ ਦੋਵਾਂ ਨੇ... ਆਂਹਦੀਆਂ ਅਸੀਂ ਨ੍ਹੀ ਜੀਂਦੀਆਂ ਇੱਕ ਦੂਈ ਬਗ਼ੈਰ...।"

"ਇਹ ਨੀ ਨਿਭਣੀ ਜੱਗੋ ਬਾਹਰਾ ਕੰਮ...।" ਲਾਲੀ ਨੇ ਗੱਲ ਮੁਕਾਈ,

ਦੋ ਦੋ ਚਾਰ ਚਾਰ ਮੂੰਹ ਜੁੜੇ ਫੁਸਰ ਫੁਸਰ ਕਰਦੇ ਰਹੇ।

ਬਾਵੇ ਦੀ ਅੰਤਿਮ ਅਰਦਾਸ ਹੋ ਗਈ। ਅੱਛਰ ਸਿੰਘ ਪਰਿਵਾਰ 'ਚ ਰੁੱਝ ਗਿਆ। ਗੁਰਬੰਸ ਤੇ ਤਾਰਾ ਦੇਵੀ ਇਕੱਲੇ ਹੋ ਗਏ। ਕੁਝ ਦਿਨ ਪਿਆਰੀ ਨੇ ਟਾਇਮ ਨਾਲ ਉਹਨਾਂ ਨੂੰ ਰੋਟੀ-ਪਾਣੀ ਦਿੱਤਾ। ਫਿਰ ਹੱਥ ਖਿੱਚ ਲਿਆ।

ਗੁਰਬੰਸ ਤੇ ਤਾਰਾ ਦੇਵੀ ਚੁੱਪ ਕਰ ਗਏ। ਕੋਈ ਸ਼ਕਾਇਤ ਨਾ ਕੀਤੀ। ਆਪਣੀ ਰੋਟੀ ਰਲ ਮਿਲ ਕੇ ਆਪ ਬਣਾਉਣ ਲੱਗ ਪਏ। ਪੈਸੇ ਦੀ ਉਹਨਾਂ ਕੋਲ ਕੋਈ ਘਾਟ ਨਹੀਂ। ਸਾਰੀ ਉਮਰ ਗੁਰਬੰਸ ਨੇ ਦੱਬ ਕੇ ਵਾਹਿਆ। ਰੱਜ ਕੇ ਖਾਧਾ। ਨਾ ਬੇਈਮਾਨੀ ਕੀਤੀ। ਨਾ ਕਿਸੇ ਦੀ ਈਨ ਮੰਨੀ। ਬਿਨਾਂ ਰੌਲੇ ਤੋਂ ਉਹ ਘਰ 'ਚ ਬਣੇ ਪੁਰਾਣੇ ਕਮਰਿਆਂ 'ਚ ਰਹਿਣ ਲੱਗੇ।

ਅੱਛਰ ਸਿੰਘ ਦੇ ਬੱਚੇ ਵੱਡੇ ਹੋ ਗਏ। ਵੱਡੀ ਧੀ ਦਾ ਵਿਆਹ ਉਹਨੇ ਗੱਜਵੱਜ ਕੇ ਕੀਤਾ। ਸੌਣ ਮਹੀਨਾ ਕੱਟਣ ਆਈ ਰੂਪ ਨੂੰ ਕਾਰ ਦਿੱਤੀ। ਉਦੋਂ ਵੀ ਪਿਆਰੀ ਜਠਾਣੀਆਂ ਨੂੰ ਸੁਣਾਈ ਕਰਨੋਂ ਨਾ ਹਟੀ,

"ਲੋਕਾਂ ਨੂੰ ਵੰਡਦੀ ਨ੍ਹੀ ਫਿਰਦੀ ਤੂੰ... ਵੱਡੀ...।"

ਗੁੱਸੇ ਦੀ ਭਰੀ ਪਰਤਾਪੀ ਨੂੰ ਬਿਸ਼ਨੀ ਨੇ ਰੋਕਿਆ, 'ਕਸਗਨੀ ਨਾ ਕਰੋ, ਧੀ ਦਾ ਵਿਆਹ।'

ਵਿੱਸ ਜਿਹੀ ਘੋਲਦੀ ਪਰਤਾਪੀ ਉਹਨਾਂ ਦੇ ਘਰੋਂ ਚਲੇ ਗਈ। ਪੂਰੇ ਵਿਆਹ 'ਚ ਗੁੰਮ-ਸੁੰਮ ਰਹੀ। ਦਸ-ਦਸ ਪੜ੍ਹਾ ਕੇ ਅੱਛਰ ਸਿੰਘ ਨੇ ਮੁੰਡੇ ਕੰਮ 'ਤੇ ਲਾ ਲਏ। ਅੱਛਰ ਸਿੰਘ ਥੋੜਾ ਜਿਹਾ ਉਦੋਂ ਟੁੱਟਿਆ, ਜਦੋਂ ਇਹਦੀ ਸਾਰਿਆਂ ਤੋਂ ਛੋਟੀ ਦਸਵੀਂ 'ਚ ਪੜ੍ਹਦੀ ਕੁੜੀ, ਦੋ ਦਿਨ ਘਰੋਂ ਲਾਪਤਾ ਰਹੀ। ਪੁਲਿਸ ਵਾਲਿਆ ਦੀ ਮਿੱਤਰਤਾ ਤੇ ਪੈਸੇ ਦੇ ਜ਼ੋਰ ਨਾਲ ਗੱਲ ਦੱਬੀ ਗਈ। ਸੂਹਾਂ ਲੈਣ ਤੇ ਦੇਣ ਵਾਲਿਆਂ ਦਾ ਘਾਟਾ ਨਹੀਂ। ਮੂੰਹੋਂ ਮੂੰਹ ਗੱਲ ਦੂਰ ਤੱਕ ਨਿਕਲੀ। ਬਾਬਰ੍ਹ ਕੇ ਦਿਸੇ ਕੁਝ ਨਾ ਕਿਹਾ। ਏਹੋ ਕਹਿਣ,

"ਸਾਰੇ ਜੰਮੀਆਂ ਆਲੇ... ਕਿਸੇ ਦੇ ਇਹੋ ਜ੍ਹੀ ਧੀ ਨਾ ਜੰਮੇ। ਇੱਜਤ-ਪੱਤ ਢਕੀ ਰੱਖੇ ਬਾਬਾ।"

ਲਾਲੀ ਨੇ ਦੋ ਦਿਨ ਗੱਲ ਚੱਕੀ। ਕਿਸੇ ਹੁਗਾਰਾ ਨਾ ਭਰਿਆ। ਵਕਤ ਦੀ ਚਾਲ। ਅੱਛਰ ਸਿੰਘ ਤੇ ਪਿਆਰੀ ਢੈਲ੍ਹੇ ਪੈਣ ਲੱਗੇ ਵਿੱਚੋਂ ਵਿੱਚ। ਲੋਕਾਂ ਸਾਹਮਣੇ ਪੂਰੀ ਆਕੜ ਰੱਖਦੇ। ਪਿਆਰੀ ਤੀਰਾਂ ਨਾਲੋਂ ਤਿੱਖੀਆਂ ਗੱਲਾਂ ਕਰਕੇ ਦੂਜਿਆਂ ਦੇ ਦਿਲਾਂ 'ਚ ਛੇਕ ਕਰ ਦਿੰਦੀ। ਕੋਈ ਚੁੱਪ ਰਹਿੰਦੀ, ਕੋਈ ਪਲਟ ਕੇ ਦੋ ਹੱਥ ਕਰ ਲੈਂਦੀ। ਕਈ ਕਈ ਦਿਨ ਗਲੀ 'ਚ ਚਰਚਾ ਹੁੰਦੀ, ਠੰਢੀ ਜੰਗ।

ਮੁੰਡਿਆਂ ਨਾਲੋਂ ਪਹਿਲਾਂ ਹੀ ਅੱਛਰ ਸਿੰਘ ਨੇ ਆਪਣੀ ਛੋਟੀ ਧੀ ਦਾ ਵਿਆਹ ਕਰ ਦਿੱਤਾ। ਵੱਡੀ ਜਿੰਨੀ ਸਾਊ, ਨਿੱਕੀ ਉਨੀ ਤਿੱਖੀ। ਮਾਂ ਨਾਲੋਂ ਚਾਰ ਰੱਤੀਆਂ ਉੱਤੇ। ਮਹੀਨੇ ਬਾਦ ਸਹੁਰਿਆਂ ਨਾਲੋਂ ਵੱਖ ਹੋ ਗਈ। ਪਤੀ ਨਾਲ ਪੇਕੇ ਰਹਿਣ ਲੱਗੀ। ਉਹਨਾਂ ਆਪਣੇ ਕੋਲ ਮਾਡਰਨ ਕਲੋਨੀ 'ਚ ਉਹਨੂੰ ਕੋਠੀ ਪਾ ਦਿੱਤੀ। ਮੁੰਡੇ ਵੀ ਦੋਵੇਂ ਵਿਆਹ ਲਏ। ਕਈ ਸਾਲ ਬੀਤ ਗਏ। ਵੱਡੀ ਨੂੰਹ ਦੀ ਗੋਦ ਹਰੀ ਨਾ ਹੋਈ। ਛੋਟੀ ਦੇ ਦੋ ਵਾਰੀ ਅਠਮਾਹੇਂ ਮੁੰਡੇ ਹੋਏ। ਬਚੇ ਨਾ। ਪਿਆਰੀ ਨੂੰ ਗੁੱਸਾ ਜੋਤੀ 'ਤੇ। ਪ੍ਰਕਾਸ਼ ਨੂੰ ਕਹਿਆ ਕਰੇ,

"ਇਹਦੇ ਪ੍ਰਛਾਵੇਂ ਤੋਂ ਦੂਰ ਰਿਆ ਕਰ।"

ਪਿਆਰੀ ਜੋਤੀ ਨਾਲ ਇੱਟ ਕੁੱਤੇ ਦਾ ਵੈਰ ਰੱਖਦੀ। ਉਹਦਾ ਦਿਲ ਦੁਖਾਉਂਦੀ। "ਫੰਡਰ ਕਿੱਥੋਂ ਸਾਡੇ ਕਰਮਾਂ 'ਚ ਰੱਖੀ ਹੋਈ ਸੀ।"

ਜੋਤੀ ਦੀ ਤਾਰਾ ਦੇਵੀ ਨਾਲ ਬਹੁਤ ਬਣਿਆਂ ਕਰੇ। ਪਿਆਰੀ ਤੋਂ ਚੋਰੀ ਉਹ ਦਾਦੀ ਸੱਸ ਕੋਲ ਜਾ ਕੇ ਆਪਣਾ ਦੁਖੜਾ ਸੁਣਾਉਂਦੀ। ਉਹਦਾ ਸੁਣਦੀ। ਤਾਰਾਂ ਦੇਵੀ ਪੁੱਤ ਨੂੰਹ ਨਾਲ ਪਿਆਰ ਕਰਦੀ। ਉਹਨੂੰ ਸੌ ਸੌ ਅਸੀਸਾਂ ਦਿੰਦੀ।

ਜੋਤੀ ਘਰ ਦੇ ਮੈਂਬਰਾਂ ਤੋਂ ਵਾਕਿਫ਼ ਹੋ ਗਈ। ਉਹਦੇ ਅੰਦਰ ਕਿਸੇ ਨੂੰ ਕੁਝ ਕਹਿਣ ਦੀ ਹਿੰਮਤ ਨਹੀਂ ਸੀ। ਉਹਦੇ ਪਤੀ ਪ੍ਰੇਮ ਤੇ ਪਿਆਰੀ ਨੇ ਉਹਨੂੰ ਦਬਾ ਕੇ ਰੱਖਿਆ। ਕੁਝ ਪੇਕਿਆਂ ਦੇ ਸੰਸਕਾਰ ਉਹਦੇ ਨਾਲ ਕਿ ਕਿਸੇ ਅੱਗੇ ਬੋਲੀਦਾ ਨਹੀਂ।"

ਦੱਬੂ ਜਿਹੀ ਬਣ ਗਈ ਜੋਤੀ। ਮਨ ਦੀ ਮਨ 'ਚ ਰੱਖ ਬਿਮਾਰ ਰਹਿਣ ਲੱਗੀ। ਹਰ ਵੇਲੇ ਉਹਦਾ ਜੀਅ ਮਚਲਦਾ, ਘਬਰਾਉਂਦਾ ਰਹਿੰਦਾ। ਦਿਨਾਂ ਵਿੱਚ ਹੀ ਉਹ ਕਮਜ਼ੋਰ ਹੋ ਗਈ। ਕੰਮ ਕਰਦੀ, ਇੱਕ ਦਿਨ ਵਿਹੜੇ 'ਚ ਘੁਮੇਟਣੀ ਖਾ ਕੇ ਡਿੱਗ ਪਈ। ਉਹੋਂ ਪਿਆਰੀ ਦੀਆਂ ਠੰਡੀਆਂ ਤੱਤੀਆਂ। ਪ੍ਰੇਮ ਨੇ ਨਾ ਅੱਗਾ ਦੇਖਿਆ ਨਾ ਪਿੱਛਾ। ਨਾ ਉਹਦੀ ਸਾਰ ਲਈ, ਭੂੰ-ਭੂੰ ਕਰਦੇ ਨੇ ਸਹੁਰਿਆਂ ਦੇ ਫ਼ੋਨ ਕਰ ਦਿੱਤਾ,

"ਆ ਕੇ ਲੈ ਜੋ ਆਪਣੀ ਧੀ, ਸਾਡੇ ਨ੍ਹੀ ਇਹ ਕਿਸੇ ਕੰਮ ਦੀ।"

ਭਰ ਗਰਮੀ 'ਚ ਜੋਤੀ ਦੇ ਮੰਮੀ ਡੈਡੀ ਆਏ। ਧੀ ਦੀ ਹਾਲਤ ਦੇਖ ਕੇ ਤ੍ਰਾਹ ਗਏ। ਸੜੀ ਹੋਈ ਪਿਆਰੀ ਨੇ ਉਹਨਾਂ ਨੂੰ ਵੀ ਸਾੜਿਆ।

"ਬਚਣ ਦਾ ਇਹਦਾ ਕੋਈ ਭਾਅ-ਭਾੜਾ ਨ੍ਹੀ, ਮੁੰਡਾ ਵਿਆਹ ਕੇ ਫਸਗੇ ਅਹੀਂ, ਲੋਕੀਂ ਸਾਨੂੰ ਕਹਿੰਦੇ, ਵਿਆਹ ਤੋਂ ਪਹਿਲਾਂ ਈ ਬੀਮਾਰ ਰਹਿੰਦੀ ਹੋਣੀ।"

"ਨਾ ਭੈਣ ਜੀ, ਇਹੋ ਜ੍ਹੀ ਤਾਂ ਕੋਈ ਗੱਲ ਨ੍ਹੀ ਸੀ, ਮੇਰੀ ਜੋਤੀ...।"

ਜੋਤੀ ਦੀ ਮੰਮੀ ਕੁਝ ਹੋਰ ਕਹਿੰਦੀ, ਉਹਦੇ ਡੈਡੀ ਨੇ ਉਹਨੂੰ ਹੌਲੀ ਦੇਣਾ ਚੁੱਪ ਰਹਿਣ ਲਈ ਕਿਹਾ।

ਗਿਣੀ ਮਿੱਥੀ ਚਾਲ ਨਾਲ ਪਿਆਰੀ ਨੇ ਜੋਤੀ ਨੂੰ ਪੇਕੇ ਭੇਜ ਦਿੱਤਾ। ਪਿੱਛੋਂ ਆਪ ਪੌੜੀਆਂ 'ਚੋਂ ਡਿੱਗ ਪਈ। ਚੂਲਾ ਟੁੱਟ ਗਿਆ। ਹਸਪਤਾਲ ਲੈ ਕੇ ਗਏ। ਉਹਨਾਂ ਦਾਖ਼ਲ ਕਰ ਲਈ। ਪ੍ਰਕਾਸ਼ ਦੀ ਮਦਦ ਲਈ ਕੰਮ ਵਾਲੀ ਰੱਖਣੀ ਪਈ, ਈਵਾ ਉਦੋਂ ਤੋਂ ਹੀ ਅੱਛਰ ਸਿੰਘ ਦੇ ਘਰ ਕੰਮ ਕਰਦੀ। ਲਾਲੀ ਮਸਾਲੇ ਲਾ ਕੇ ਕਹਿੰਦੀ

"ਉਦੋਂ ਤੋਂ ਈ ਪੇ-ਪੁੱਤ ਲੀਲਾ ਰਚਾਉਂਦੇ, ਮੈਂ ਝੂਠ ਨ੍ਹੀ ਕਹਿੰਦੀ, ਸਹੁੰ ਗੁਰਾਂ ਦੀ, ਦੇਖ ਲਿਉ ਜਦ ਮਰਜੀ ਮੇਰੇ ਚੁਬਾਰੇ ਆ ਕੇ। ਵੱਡੀ ਨੇ ਆਪ ਦੇਖੇ ਕਈ ਵੇਰ। ਐਡੀ-ਐਡੀ ਅੱਖੋਂ ਰੋਂਦੀ, ਦੇਖੀ ਨ੍ਹੀ ਜਾਂਦੀ। ਰੱਬ ਜੀਅ ਦੇ ਦਿੰਦਾ, ਉਹਦੀ ਵੀ ਕਦਰ ਪੈਂਦੀ। ਸੱਤਾਂ ਪੁਸਤਾਂ ਤਾਈਂ ਬੰਦਾ ਭੋਗਦਾ ਚੰਗੇ ਮਾੜੇ ਦਾ ਕੀਤਾ। ਮਾਂ-ਪੇ ਦਾ ਕੀਤਾ ਨਿਆਣਿਆਂ ਮੋਹਰੇ ਨ੍ਹੀ ਆਉਦਾ ਤਾਂ ਹੋਰ ਕੀ... ਨਿੱਕੀ ਤਾਂ ਤੀਜੇ ਚਉਥੇ ਬਿਮਾਰ ਹੋ ਜਾਂਦੀ... ਤੇ ਹੋਰ ਕੀ। ਲਾਜ ਕਰਾਉਂਦੀ ਸ਼ਹਿਰੋਂ।"

ਬੋਲ ਬੜੱਕ ਲਾਲੀ ਕੋਲ ਗਲੀ ਦੀ ਹਰ ਖ਼ਬਰ ਹੁੰਦੀ। ਤੁਰੀ ਜਾਂਦੀ ਲੋਕਾਂ ਦੀਆਂ ਬਾਰੀਆਂ ਨਾਲ ਲੱਗ ਕੇ ਖੜ੍ਹ ਜਾਂਦੀ। ਦੇਬੀ ਦੇ ਘਰ ਵਲੋਂ ਹੱਲੇ ਨਾਲ ਆਈ, ਬਿਸ਼ਨੀ ਕੋਲ,

"ਨੀ ਕੀ ਦੱਸਾਂ-ਦੇਬੀ ਨੀ ਨੌਂਹ, ਪਾੜ੍ਹੀਆਂ... ਹੇ ਰੱਬਾ। ... ਬਾਰ੍ਹ ਤਾਈਂ ਵਾਜ ਆਵੇ ਉਹਦੀ... ਕਹੇ, ਕੰਡੋਮ। ਚਾਰੂ ਓ ਦੇਖ ਮਸ਼ੂਰੀ ਆਗੀ ਕੰਡੋਮ ਦੀ। ਚਾਰੂ ਉਹਦਾ ਵੱਡਾ ਮੁੰਡਾ... ਕਲਯੁੱਗ ਭੈਣੇ... ਮਾਂ-ਪੱਤ ਨੂੰ ਆਖਦੀ... ਕੰ..ਡੋ..ਮ, ਕੋ...।"

ਹੋਰ ਕਈ ਥਾਈਂ ਉਹਨੇ ਇਹ ਗੱਲ ਦੱਸੀ। ਪਿਆਰੀ ਨੇ ਤਦੇ ਉਹਨੂੰ ਟੋਣਾ ਲਾਇਆ ਸੀ, "ਵਿਹਲੀ ਸਾਰਾ ਦਿਨ ਚੋਰ ਝਾਤੀਆਂ ਮਾਰਦੀ ਲੋਕਾਂ ਦੇ...।"

ਪਿਆਰੀ ਦੀ ਸੱਟ ਦਾ ਸੁਣ ਕੇ ਜੋਤੀ ਪੇਕਿਉਂ ਆ ਗਈ। ਉਹਦੇ ਡੈਡੀ ਛੱਡਣ ਆਏ। ਤਾਰਾ ਦੇਵੀ ਅੱਗੇ ਉਹਨੇ ਹੱਥ ਬੰਨੇ।

"ਮਾਤਾ ਜੀ, ਸਮਝਾਇਉ ਭੈਣ ਜੀ ਨੂੰ। ਸਾਡੀ ਲਾਡਲੀ ਧੀ...।" ਭਰੇ ਮਨ ਨਾਲ ਜੋਤੀ ਦੇ ਸਿਰ 'ਤੇ ਉਹਨੇ ਹੱਥ ਰੱਖਿਆ।

"ਬੇਟਾ ਇਹਨਾਂ ਦੀ ਸੇਵਾ ਕਰਿਆ ਕਰ, ਸਿਆਣਿਆਂ ਦੀਆਂ ਸੀਸਾਂ ਨ੍ਹੀ ਲੱਭਦੀਆਂ ਹੁੰਦੀਆਂ।"

ਡੁਬਦੇ ਦਿਲ ਨਾਲ ਜੋਤੀ ਦੇ ਡੈਡੀ ਮੁੜ ਗਏ। ਜੋਤੀ ਕਾਫ਼ੀ ਸੰਭਲ ਗਈ। ਮਨੋਚਿਕਿਤਸਕ ਇਲਾਜ਼ ਉਹਦੇ ਲਈ ਫ਼ਾਇਦੇ 'ਚ ਰਿਹਾ। ਜੋਤੀ ਦੀ ਮੰਮੀ ਤੇ ਤਾਰਾ ਦੇਵੀ ਨੇ ਵੀ ਬੜਾ ਸਮਝਾਇਆ। ਪਾਠ-ਪੂਜਾ ਨੇ ਉਹਨੂੰ ਬੜੀ ਤਾਕਤ ਦਿੱਤੀ, ਉਹਨੇ ਜਿਊਣਾ ਸਿੱਖ ਲਿਆ।

ਘਰ 'ਚ ਈਵਾ ਦਾ ਆਉਣਾ ਉਹਨੂੰ ਖਟਕਦਾ ਰਹਿੰਦਾ। ਲਾਲੀ ਨੇ ਉਹਨੂੰ ਸਭ ਕੁਝ ਦੱਸ ਦਿੱਤਾ ਸੀ।



ਅੱਛਰ ਸਿੰਘ ਤੇ ਪਿਆਰੀ ਨੂੰ ਵਕਤ ਨੇ ਐਸਾ ਝਟਕਾਇਆ। ਉਹਨਾਂ ਟੂਣੇ-ਟੋਟਕਿਆਂ, ਉਪਾਵਾਂ ਦਾ ਸਹਾਰਾ ਲੈ ਲਿਆ।

ਮਾਂ-ਬਾਪ ਪ੍ਰਤੀ ਉਹਦੀ ਕੁਰੱਖਤਗੀ ਥੋੜੀ ਘਟੀ ਹੀ ਸੀ। ਅੱਗੜ ਪਿੱਛੜ ਦੋਹਾਂ ਨੇ ਅੱਖਾਂ ਮੀਟ ਲਈਆਂ। ਪਹਿਲਾਂ ਤਾਰਾ ਦੇਵੀ, ਦੋ ਮਹੀਨਿਆਂ ਪਿੱਛੋ ਗੁਰਬੰਸ।

"ਸੱਚੀਂ ਦੋਹਾਂ ਦਾ ਬਾਹਲਾ ਮੋਹ ਸੀ। ਮਾਂ ਸਾਨੂੰ ਵੀ ਬੜਾ ਪਿਆਰਾ ਕਰਦੀ ਸੀ।

ਲੈ ਤਾਂ ਕਿਸੇ ਨੂੰ ਦੇਖ ਕੇ ਕਦੇ ਮੱਥੇ ਵੱਟ ਪਾਇਆ ਹੋਵੇ... ਆਹ ਭਬੂਕਾ ਤੇ ਦੋਹਾਂ 'ਤੇ ਨ੍ਹੀ ਗਿਆ।"

ਅੱਛਰ ਸਿੰਘ ਨੂੰ ਪਰਤਾਪੀ ਭਬੂਕਾ ਬਿਸ਼ਨੀ ਮੱਛਰ ਸੱਦਦੀ। ਪਿਆਰੀ ਬਿਸ਼ਨੀ ਹੋਰਾਂ ਨੂੰ ਗਿੱਦੜ, ਭਿੱਜੀ-ਬਿੱਲੀ ਕਹਿੰਦੀ। ਉਹ ਕਿਸੇ ਲੜਾਈ ਝਗੜੇ 'ਚ ਨਹੀਂ ਪੈਂਦੇ ਸਨ। ਕੋਈ ਕੁੱਛ ਕਹਿੰਦਾ, ਬਿਸ਼ਨੀ ਹੱਥ ਜੋੜ ਦਿੰਦੀ,

"ਆਪ ਮਾਲਕ ਦੇਖਦਾ, ਚੰਗੇ ਮੰਦੇ ਦਾ ਨਬੇੜਾ ਕਰਨ ਵਾਲਾ।"

ਦਿਲੋਂ ਭਾਵੇਂ ਬਿਸ਼ਨੀ ਕਿਆ ਨੂੰ ਅੱਛਰ ਸਿੰਘ ਹੋਰੀਂ ਭੋਰਾ ਚੰਗੇ ਨਹੀਂ ਸੀ ਲਗਦੇ। ਮੂੰਹੋਂ ਉਹ ਕੁਝ ਨਹੀਂ ਸੀ ਕਹਿੰਦੇ। "ਮੂੰਹੋਂ ਮਿੱਠੇ ਗੰਢੋਂ ਪੱਕੇ।"

ਪਿਆਰੀ ਹੋਰਾਂ ਨੂੰ ਬਹੁਤੇ ਲੋਕਾਂ ਵਾਂਗ ਉਹ ਵੀ ਮੂਰਖ ਲਗਦੇ। ਪਰ ਲੋਕਾਂ ਦੀ ਰਾਇ ਹੈ ਉਹਨਾਂ ਬਾਰੇ,

'ਏਸ ਟੱਬਰ ਦੇ ਅਕਲ ਦੇ ਖ਼ਾਨੇ 'ਚ ਰੱਬ ਸੈਂਤ ਮਿੱਠੇ ਦਾ ਘੋਲ ਪਾਉਂਣਾ ਭੁੱਲ ਗਿਆ।"

"ਅਕਲ ਦਾ ਡੱਬਾ ਇਹਨਾਂ ਦਾ ਹੈਗਾ ਈ ਨਿੱਕਾ। ਕੁੱਦ-ਕੁੱਦ ਪੈਣਾ ਉਹਨਾਂ ਨੂੰ ਵੱਡਾਪਣ ਲਗਦਾ। ਕੀੜੇ ਪੈਣੇ ਨਾ ਹੋਣ ਤੇ।"

ਲੰਘਦੀ-ਵੜਦੀ ਕਦੇ ਬਿਸ਼ਨੀ ਉਹਨਾਂ ਦੇ ਕਿਸੇ ਜੀਅ ਨੂੰ ਦੇਖ ਲੈਂਦੀ, ਮਨੋਮਨੀਂ ਵੀਹ ਗਾਲ੍ਹਾਂ ਕੱਢਦੀ। ਅਮਰੋ ਦੇ ਘਰ ਗਈ। ਅਮਰੋ ਨੇ ਉਹਦੀ ਦੁਖਦੀ ਰਗ ਨੱਪ ਦਿੱਤੀ,

"ਕਿੱਦਾਂ ਹੁਣ ਅੱਛਰੂ ਦੀ ਪਿਆਰੀ। ਭੈਣੇ ਚਿੱਟੇ ਚੌਲ ਪੁੰਨ ਕੀਤੇ ਇਹਨੇ, ਜਿਹੜਾ ਇਹਦੇ ਸਾਹੀਂ ਜੀਂਦਾ। ਤਵਾਡੇ ਨਾ ਉਦੋਂ ਇਹਨੇ ਚੰਗੀ ਨ੍ਹੀ ਕੀਤੀ। ਠਾਣੇ ਧੂ ਖੜਿਆ... ਗੋਲੀ ਲੱਗਣੇ ਨੇ ਕੁੱਕੜ ਦੀ ਜਾਨ ਵੀ ਲੈਲੀ।

"ਅਮਰ ਕੁਰੇ, ਰੱਬ ਨੂੰ ਜਾਨ ਦੇਣੀ। ਜਿਹੜੇ ਕਰਨਗੇ ਆਪੇ ਭਰਨਗੇ। ਪਾਪੀ। ਦਿਲ ਦੇ ਖੋਟੇ। ਨਿਆਣਿਆਂ ਨੂੰ ਤਾਂ ਦੇਖ ਨ੍ਹੀ ਸਖਾਂਦੇ... ਉਹ ਵੇਲਾ ਨ੍ਹੀ ਭੁੱਲਦਾ ਸਾਨੂੰ, ਜਦ ਇਹਨੇ ਮੇਰੇ ਪੋਤੇ ਦੇ ਗਲੀ ਕੀਤੀ। ਜਵਾਕ ਰੱਬ ਦਾ ਰੂਪ ਹੁੰਦੇ। ਮੁੰਡਾ ਪਤੰਗ ਕੀ ਚੁੱਕਣ ਗਿਆ, ਕਲਮੂੰਹੀਂ ਨੇ ਰੋੜੀ ਮਾਰਕੇ ਸਿਰ ਪਾੜਤਾ। ਚੇਤੇ ਆਉਂਦਾ, ਹਾਂਜ ਉਭਰਦੀ... ਜੈ ਵੱਢੀ ਦੀ... ਫੁੱਲ ਭਰ ਮੁੰਡਾ ... ਪਤੰਗ ਨਖਸਮੀ ਨੇ ਟੰਗਾਂ 'ਚ ਲੈਣਾ ਸੀ।"

ਬਿਸ਼ਨੀ ਕੰਢਿਆਂ ਤੋਂ ਦੀ ਉਬਲੇ।

"ਕੀ ਲਈ ਬੈਠੀ ਬਿਸ਼ਨੀਏ। ਰੱਬ ਸੱਭੋ ਕੁਛ ਦੇਖਦਾ।"

ਅਮਰੋ ਨੇ ਪੀੜ੍ਹੀ ਖਿੱਚ ਕੇ ਬਿਸ਼ਨੀ ਦੇ ਕੋਲ ਕਰ ਲਈ। ਬੂਹੇ ਵੱਲ ਦੇਖਿਆ, "ਪਤਾ ਤੈਨੂੰ ਬੱਚੇ ਬੱਚੇ ਨੂੰ ਪਤਾ। ਪਰਸੋਂ ਪਰਤਾਪੀ ਦੀ ਪਤਿੱਖਣ 'ਚ ਸੰਦੂਰ, ਕਾਲੇ ਮਾਂਹ, ਕਾਲਾ ਕੱਪੜਾ, ਅੱਟਾ, ਹੋਰ ਖ਼ਰੇ ਕੀ ਕੁਛ। ਚਲਾਵਾਂ ਮਾਰਿਆ ਅੱਛਰੂ ਨੇ। ਧੀਰੇ ਦੀ ਧੀ ਨੇ ਦੇਖਿਆ, ਅੱਖੀਂ... ਗੋਹਾ ਸਿੱਟਣ ਗਈ ਨੇ। ਚੰਗਾ ਯੁੱਧ ਬੱਝਾ ਓਦਣ। ਬਚ ਕੇ ਰਵੋ ਭੈਣੇ। ਕੁਆਰੀਆਂ ਕੰਜਕਾਂ ਨੂੰ ਬਚਾਇਓ।"

"ਸੇਧ ਬਨਾਲੀ ਹੋਣੀਂ ਕਾਲੇ ਇਲਮ ਆਲੇ ਤੋਂ।... ਮੈਂ ਹੈਨਾ ਸੀ ਘਰ, ... ਮੱਸਿਆ ਨਾਉਣ ਗਈ ਸੀ... ਮੇਰੇ ਪਿੱਛੋਂ...।"

ਬਿਸ਼ਨੀ ਹੈਰਾਨ। ਉਪਰੋਂ ਲਾਲੀ ਆ ਗਈ,

"ਹਾਅ ਗੱਲ ਕਰਦੀਆਂ ਤੁਸੀਂ , ਹੋਰ ਸੁਣ ਲੋ... ਸਾਡੇ ਪਛਵਾੜੇ ਅੱਕ ਜਿਹੜਾ। ਸਾੜਿਆ ਪਿਆ ਤੇਲ ਪਾ ਪਾ ਕੇ। ਲਾਗੇ ਕੀੜਿਆਂ ਦਾ ਭੌਂਣ ...ਸਤਨਾਜਾ, ਤਿਲਚੌਲੀ, ਮੰਗਲਵਾਰ, ਸ਼ਨਿਚਰਵਾਰ ਟੱਪਣ ਨ੍ਹੀ ਦਿੰਦੇ। ਫਿੰਨੋ ਦੇ ਦਰਾਂ ਮੂਹਰੇ ਵੀ ਟੂਣਾ ਇਹਨੇ ਈ ਕੀਤਾ ਸੀਗਾ। ਉਦੋਂ ਹਜੇ ਚੂਲਾ ਨ੍ਹੀ ਸੀ ਟੁੱਟਾ ਇਹਦਾ। ਉਹਨਾਂ ਬੋਲਣਾ ਛੱਡਿਆ ਉਦੋਂ ਦਾ ਇਹਨਾਂ ਨਾ।"

"ਸਾਰੇ ਦੁਖੀ ਇਹਨਾਂ ਤੋਂ... ਥਾਂ ਥਾਂ ਕਰਦੇ ਲੋਕੀ। ਸਹੁੰ ਗੁਰਾਂ ਦੀ ਬਚਾ ਕਰੋ ਇਹਨਾਂ ਤੋਂ।"

ਗੱਲਾਂ ਕਰਦੀ ਅਮਰੋਂ ਨੇ ਕੱਪੜਿਆਂ ਦੀਆਂ ਤੈਂਹਾਂ ਲਾ ਕੇ ਚਾਹ ਰੱਖ ਦਿੱਤੀ। ਗਿਲਾਸਾਂ 'ਚ ਪਾਉਣ ਲੱਗੀ ਸੁਰਿੰਦਰ ਆ ਗਈ।

"ਇਹਨਾਂ ਦਾ ਤਾਂ ਉਹ ਹਾਲ,ਮਰਨੀ ਮਰਜੂ... ਦੀ ਲਾਲੀ ਨ੍ਹੀ ਜਾਣੀ।"

"ਕੁਛ ਸ਼ਰਮ ਕਰ ਭੇਡੇ। ਹੌਲੀ ਬੋਲ,... ਭੂੰ ਭੂੰ ਕਰਦਾ ਕਿਤਿਉ ਨਿਕਲ ਨਾ ਆਵੇ।"

ਸੁਰਿੰਦਰ ਨੇ ਮੁੜ ਕੇ ਗਲੀ 'ਚ ਦੇਖਿਆ,

"ਹੈਨੀ ਕੋਈ, ਐਵੀਂ ਡਰੀ ਜਾਨੀਆਂ।... ਚਾਚੀ ਆਵਦੀ ਨੂੰਹ ਨੂੰ ਵੀ ਕਹਿ, ਸਰੀਕੇ 'ਚ ਰਹਿਣਾ ਸਿੱਖ ਲਵੇ। ਨਿਕਲਿਆ ਕਰੇ ਕਦੇ ਘਰੋਂ ਬਾਰ੍ਹ।"

ਸੁਰਿੰਦਰ ਨੇ ਅਮਰੋਂ ਵੱਲ ਅੱਖ ਦੱਬ ਕੇ ਬਿਸ਼ਨੀ ਨੂੰ ਟੋਹਿਆ।

"ਮੇਰੀ ਨੂੰਹ ਨ੍ਹੀ ਕਹਿੰਦੀ ਕਿਸੇ ਨੂੰ ਉੱਚਾ-ਨੀਵਾਂ ਕੰਮ 'ਚ ਪਰਚੀ ਰਹਿੰਦੀ ਸਾਰਾ ਦਿਨ। ਤਕਾਲਾਂ ਨੂੰ ਟੀਸ਼ਨ ਪੜਾਉਂਦੀ। ਕਹਿੰਦੀ, ਆਂਵਦਾ ਹੱਥ ਸੁਖੈਲਾ ਰਹਿੰਦਾ ਨਾਲੇ ਟੈਮ ਵਧੀਆ ਕੱਟਦਾ। ਉਹਨੂੰ ਚੂੰਡ ਆ ਪੱਤ੍ਹਲ ਪੜ੍ਹਾਉਣ ਦੀ। ਲੱਗੀ ਰਹਿੰਦੀ ਆਹਰੇ, ਮੈਂ ਕੀ ਕਹਿਣਾ... ਰੋਟੀ ਪਾਣੀ ਥਿਆ ਜਾਂਦਾ ਟੈਮ ਨਾ।"

"ਚੰਗੀ ਟੱਕਰਗੀ ਨੌਂਹ ਤੈਨੂੰ ਚਾਚੀ।"

"ਸੁਧਾ ਸੋਨਾ... ਰੱਬ ਸਾਰਿਆਂ ਨੂੰ ਦੇਵੇ।"

"ਚਾਚੀ ਮਾੜੀ ਤੂੰ ਵੀ ਨ੍ਹੀ। ਉਹਨੂੰ ਕਹਿ ਮੇਰੇ ਮੁੰਡੇ ਨੂੰ ਸਾਕ ਕਰਾਵੇ ਆਵਦੇ ਵਰਗੀ ਦਾ। ਭੈਣ-ਭੂਣ ਹੈਗੀ ਇਹਦੀ ਕੋਈ।"

ਬੂਹਾ ਖੁੱਲਾ ਦੇਖ ਰਤਨੋ ਆ ਗਈ। ਸਾਰੀਆਂ ਹੱਸ ਪਈਆਂ, "ਉਹਨੂੰ ਵੀ ਲੈ ਆਉਂਦੀ!"

ਉਹਨਾਂ ਬਰਾਂਡੇ 'ਚ ਬੈਠੀਆਂ ਨੇ ਈਵਾ ਨੂੰ ਲੰਘਦੀ ਦੇਖਿਆ, ਰਤਨੋ ਨੂੰ ਪਤਾ ਨਾ ਲੱਗਾ।

"ਚਲਾਕੋ ਨੰਘਗੀ... ਨਖ਼ਰੋ।"

"ਜਾਣ ਦਿਉ... ਲੇਖਾਂ ਦਿੰਦੀ ਘਰ ਘਰ ਵਿਚਾਰੀ।"

ਸੁਰਿੰਦਰ ਦੀ ਤਰ੍ਹਾਂ ਕਦੇ-ਕਦੇ ਕਈਆਂ ਦੇ ਮਨ 'ਚ ਈਵਾ ਲਈ ਤਰਸ ਉਤਪੰਨ ਹੋ ਜਾਂਦਾ। ਉਹਨੂੰ ਦੇਖਦਿਆਂ ਸਾਰ ਭਾਂਬੜ ਬਣ ਜਾਂਦੀਆਂ। ਦੋ ਘਰਾਂ ਨੇ ਉਹਦਾ ਬਾਈਕਾਟ ਕਰ ਦਿੱਤਾ। ਉਹਦੀ ਥਾਂ ਭਈਆਣੀਆਂ ਰੱਖ ਲਈਆਂ।

ਈਵਾ ਬਾਰੇ ਇੱਕ ਹੋਰ ਗੱਲ ਮਿੱਥ ਬਣੀ ਕਿ ਜਿਸ ਘਰ 'ਚ ਉਹ ਵੜ ਜਾਂਦੀ, ਉਹ ਘਰ ਉੱਜੜ ਜਾਂਦਾ। ਉਹ ਔਰਤਾਂ ਨਾਲੋਂ ਵੱਧ ਆਦਮੀਆਂ ਨਾਲ ਖ਼ੁਸ਼ ਰਹਿੰਦੀ।

ਚੁਬਾਰੇ ਵਾਲੀ ਲਾਲੀ ਈਵਾ ਨੂੰ ਫੁੱਟੀਆਂ ਅੱਖਾਂ ਨਹੀਂ ਭਾਉਂਦੀ। ਲਾਲੀ ਉਹਨੂੰ ਚੋਭਾਂ ਲਾਉਂਦੀ, ਗਾਲ੍ਹਾਂ ਕੱਢਦੀ। ਉਹਦੀ ਬੁਰਾਈ ਕਰਦੀ ਹੀ ਰਹਿੰਦੀ, ਗਲੀ ਵਾਲੀਆਂ ਤੇ ਬਾਕੀ ਕੰਮ ਵਾਲੀਆਂ ਕੋਲ।

ਕਿੰਨਾ ਚਿਰ ਈਵਾ ਚੁੱਪ ਰਹਿੰਦੀ। ਸੁਣ-ਸੁਣ ਉਹਦਾ ਖ਼ੂਨ ਖੋਲਦਾ। ਮੋਟਿਆਂ ਦੇ ਘਰੋਂ ਕੰਮ ਕਰਕੇ ਆਈ, ਲਾਲੀ ਨਾਲ ਰਾਹ 'ਚ ਉਹਦਾ ਟਾਕਰਾ ਹੋ ਗਿਆ।

"ਨੀ ਸਫ਼ਾਈ ਕਰ ਆਈਂ ਕਿ ਕਮਾਈ ਕਰ ਆਈਂ ਲਾਸਟਕੀਏ।"

"ਮੇਰੀ ਕਮਾਈ ਦੁਖਦੀ ਤੈਨੂੰ। ਭਲ੍ਹਕ ਤੋਂ ਆਵਦੀ ਧੀ ਤੇ ਨੂੰਹ ਘੱਲਦੀਂ। ਦੋਹਾਂ ਦੀਆਂ ਸੁੱਥਣਾਂ 'ਚ ਪਾਂਦੀਂ ਲਾਸਟਕ। ਨਈਂ ਤੇ ਘੱਗਰੀਆਂ ਪਵਾਈਂ। ਨੱਚਣਗੀਆਂ ਨਾਲੇ ਲੋਕਾਂ ਨੂੰ ਖ਼ੁਸ਼ ਕਰਨਗੀਆਂ। ਲਾਸਟਣੀ ਸੱਦਦੀ ਕੁੱਤੀ।"

"ਕੁੱਤੀ ਤੂੰ... ਤੇਰੀ ਧੀ ... ਤੇਰੀ ਨੂੰਹ।"

"ਮੈਂ ਕਹਿੰਦੀ ਸੀ, ਇਹਨੂੰ ਕੀ ਕਹਿਣਾ, ਇਹ... ਰਹਾਮਦੀ...।"

ਲਾਲੀ ਨੂੰ ਕੁਝ ਸੁੱਝੇ ਨਾ। ਧਰਤੀ ਨਿਕਲਦੀ ਜਾਵੇ ਉਹਦੇ ਪੈਰਾਂ ਹੇਠੋਂ। ਉਹ ਉਤਾਂਹ-ਠਾਂਹ, ਅੱਗੇ-ਪਿੱਛੇ ਦੇਖੇ, ਕੋਈ ਦੇਖਦਾ ਤਾਂ ਨ੍ਹੀ। ਈਵਾ ਭਰੀ ਪੀਤੀ ਗੁੱਸੇ 'ਚ ਬੋਲੀ ਜਾਵੇ,

"ਹੋਰ ਸੁਣ ਮਾਈ, ਗਾਹਾਂ ਨੂੰ ਵੀ ਤੇਰੇ ਕੁੱਤੀਆਂ ਜੰਮਣਗੀਆਂ। ਜਰ ਨ੍ਹੀ ਨਾ ਹੁੰਦੀ ਤੇਤੋਂ ਮੈਂ ਕੰਮ ਕਰਦੀ, ਉਹਨਾਂ ਤੋਂ ਕਰਾਲੀਂ ਮੇਰੇ ਆਲਾ ਕੰਮ, ਮੈਂ ਛੱਡਦੂੰਗੀ।... ਲੈ... ਸੁੱਥਣ ਲੈ ਲਾ ਮੇਰੀ ਲਾਸਟਕ ਆਲੀ, ਅੱਜ ਤੋਂ ਤੂੰ ਚਲੀ ਜਾ ਮੇਰੀ ਥਾਏਂ।"



ਗਲੀ 'ਚ ਖੜ੍ਹੀ ਈਵਾ ਨੇ ਜੈਂਪਰ ਚੱਕ ਕੇ ਨੇਫ਼ੇ ਨੂੰ ਹੱਥ ਪਾ ਲਿਆ। ਲਾਲੀ ਤੇ ਹੈ ਪ੍ਰਭੂ ਹੇ ਪ੍ਰਭੂ! ਕਰਦੀ ਪਰਤਾਪੀ ਦੇ ਘਰ ਜਾ ਵੜੀ,

"ਕੀੜੇ ਪੈਣ ਤੇਰੇ ਹਰਾਮਦੀਏ... ਜ਼ਬਾਨ ਟੁੱਟ ਜੈ ਤੇਰੀ, ਨਰਕਾਂ 'ਚ ਪਵੇਂ ਜਾ ਕੇ... ਕੁੱਤੀ ਭੌਂਕਦੀ ਕਿੱਦਾਂ, ਬੇਸ਼ਰਮ ਕਿਸੇ ਥਾਂ ਦੀ।"

ਸਾਹੋ ਸਾਹੀ ਹੋਈ ਲਾਲੀ ਮੰਜੇ ਤੇ ਡਿੱਗ ਪਈ, 'ਹੈ ਪ੍ਰਭੂ! ਦੇਖ ਕੁੜੇ।"

"ਤੂੰ ਕਿਉਂ ਉਹਦੇ ਮੂੰਹ ਲੱਗੀ... ਤੈਨੂੰ ਨ੍ਹੀ ਪਤਾ ਏਸ ਜਾਤ ਦਾ... ਢੱਠੇ ਖ਼ੂਹ 'ਚ ਪਵੇ ਜਾ ਕੇ, ਤੈਂ ਕੀ ਲੈਣਾ।"

ਪਰਤਾਪੀ ਨੇ ਸਾਰੀ ਵਾਰਤਾਲਾਪ ਸੁਣ ਲਈ ਸੀ। ਉਹ ਛੇਤੀ ਗੱਲ ਠੱਪ ਦੇਣਾ ਚਾਹੁੰਦੀ ਸੀ। ਲਾਲੀ ਦੇ ਮਿਰਚਾਂ ਲੜੀ ਜਾਣ। ਪਰਤਾਪੀ ਨੇ ਉਹਨੂੰ ਪਾਣੀ ਦਿੱਤਾ। ਕਿਹਾ ਕੁਝ ਨਾ। ਉਹ ਜਾਣਦੀ ਸੀ, ਸਰਾਸਰ ਗ਼ਲਤੀ ਲਾਲੀ ਦੀ ਹੈ।

ਰਲਮਿਲ ਭਾਵੇਂ ਸਾਰੀਆਂ ਈਵਾ, ਅੱਛਰ ਸਿੰਘ, ਪ੍ਰੇਮ, ਪਿਆਰੀ ਤੇ ਹੋਰਾਂ ਦੀਆਂ ਗੱਲਾਂ ਕਰਦੀਆਂ ਰਹਿੰਦੀਆਂ, ਪਰ ਪਿੱਠ ਪਿੱਛੇ।

ਲਾਲੀ ਆਪਣੇ ਆਪ ਨੂੰ ਬਹੁਤ ਚਤੁਰ, ਸਿਆਣੀ ਸਮਝਦੀ। ਜਵਾਨੀ 'ਚ ਉਹ ਕਹਿੰਦੀ ਕਹਾਉਂਦੀ ਗਿਣੀ ਜਾਂਦੀ ਸੀ। ਉਹਦੀ ਸੇਠ ਦੀਨਾ ਨਾਥ ਨਾਲ ਯਾਰੀ ਮਸ਼ਹੂਰ ਸੀ। ਲਾਲੀ ਦਾ ਪਤੀ ਜੁਆਰੀਆ। ਘਰਾਂ'ਚ ਫ਼ਾਕੇ ਕੱਟਣੇ ਪੈਂਦੇ। ਸੇਠ ਦੀ ਰਹਿਮਤ ਨਾਲ ਉਹਦੇ ਬੱਚੇ ਪੜ੍ਹ ਕੇ ਚੰਗੇ ਕੰਮਾਂ ਤੇ ਲੱਗ ਗਏ।

ਲਾਲੀ ਦਾ ਅਸਲ ਨਾਂ ਗੁਲਾਲ ਵੰਤੀ ਹੈ। ਚੜ੍ਹਦੀ ਉਮਰ 'ਚ ਚੰਗੀ ਸਿਹਤ ਮੰਦ ਸੁਡੌਲ ਤੇ ਸੇਬ ਵਰਗੀਆਂ ਗੱਲ੍ਹਾਂ ਹੋਣ ਕਰਕੇ, ਨਾਂ ਲਾਲੀ ਪੱਕ ਗਿਆ। ਹੁਣ ਸੇਠ ਦੀ ਕੀ ਮਜਾਲ, ਉਹਦੇ ਸਾਹਮਣੇ ਘੁਰਕੇ ਵੀ। ਲਾਲੀ ਸੇਠਾਣੀਆਂ ਨੂੰ ਮਾਤ ਪਾਉਂਦੀ।

ਐਤਕੀਂ ਈਵਾ ਨੇ ਉਹਨੂੰ ਮਾਤ ਦੇ ਦਿੱਤੀ। ਜੇ ਈਵਾ ਨੇ ਲਾਲੀ ਬਾਰੇ ਕਿੱਸਾ ਸੁਣਿਆਂ ਹੁੰਦਾ। ਉਹਨੇ ਜ਼ਰੂਰ ਸੁਣਾਉਣਾ ਸੀ। ਲਾਲੀ ਦੀ ਇੱਜਤ ਖੇਹ ਹੋ ਜਾਣੀ ਸੀ।

"ਆਪਣੀਂ ਇੱਜ਼ਤ ਆਪਣੇ ਹੱਥ। ਕਿਸੇ ਨੂੰ ਕੁਛ ਕਹਿਣ ਲੱਗਿਆਂ ਸੌ ਵਾਰ ਸੋਚੀਦਾ।"

"ਇਹਨੂੰ ਮੈਂ ਦੇਖੂੰ!"

ਪਰਤਾਪੀ ਦੀ ਗੱਲ ਸੁਣੇ ਬਿਨਾਂ ਲਾਲੀ ਬੁੜਬੜਾਈ। ਓਧਰ ਈਵਾ ਵੀ ਬੁੜ-ਬੂੜ ਕਰਦੀ ਰਹਿੰਦੀ। ਅੱਛਰੂ ਸਿੰਘ ਦੇ ਘਰ 'ਚ ਉਹਦੀ ਤੂਤੀ ਘੱਟ ਬੋਲਦੀ। ਉਹਦੀਆਂ ਨੌਂਹਾ ਨੇ ਮੰਜੇ ਤੇ ਪਈ ਆਪਣੀ ਸੱਸ ਦੀ ਖ਼ੂਬ ਸੇਵਾ ਕੀਤੀ। ਜੋਤੀ ਵੀ ਪਿਆਰੀ ਨੂੰ ਚੰਗੀ ਲੱਗਣ ਲੱਗ ਪਈ। ਉਦਾਸੀ, ਉਖੜੀ ਜੋਤੀ ਬਣ ਸੰਵਰ ਕੇ ਰਹਿਣ ਲੱਗੀ। ਪ੍ਰੇਮ ਦਾ ਪਤਨੀ ਮੋਹ ਵਧ ਗਿਆ। ਅੱਛਰ ਸਿੰਘ ਖ਼ਿਆਲਦਾ,

"ਸ਼ਾਇਦ ਵਕਤ ਨੇ ਆਪਣਾ ਰੰਗ ਬਦਲ ਲਿਆ।" ਉਹ ਭੁੱਲ ਗਿਆ ਕਿ ਵਕਤ ਇਨਸਾਨ ਨੂੰ ਬੜੇ ਸਬਕ ਸਿਖਾਉਂਦਾ। ਉਹ ਪ੍ਰੇਮ ਤੇ ਜੋਤੀ ਨੂੰ ਖ਼ੁਸ਼ ਦੇਖਦਾ। ਮਨ ਉਹਦਾ ਚਾਅ ਨਾਲ ਭਰ ਜਾਂਦਾ, ਪਿਆਰੀ ਨੂੰ ਕਹਿਣ ਲੱਗਾ,

"ਪ੍ਰੇਮ ਹੋਣਾ ਨੂੰ ਕਹੁ, ਚਾਰ ਦਿਨ ਕਿਤੇ ਘੁੰਮ ਫਿਰ ਆਉਣ।"

"ਥੋੜਾ ਡਮਾਕ ਤੇ ਨ੍ਹੀ ਖ਼ਰਾਬ ... ਕੰਮ ਦੇ ਦਿਨ।"

"ਕੋਈ ਨਾ, ਬੱਚੇ ਖ਼ੁਸ਼ ... ਹੋਰ ਕੀ ਚਾਹੀਦਾ। ਸਾਰੀ ਉਮਰ ਕੰਮ ਈ ਕਰਨਾ।"

ਕੰਮ ਕਰਦਿਆਂ ਆਪਣੀ ਬੀਤਗੀ। ਕੰਮ 'ਚ ਖੁੱਭਾ ਮੈਂ ਕਦੇ ਮੰਦਰ, ਗੁਰਦੁਵਾਰੇ ਨਾ ਗਿਆ, ਮਾਂ-ਬਾਪ ਮੇਤੋਂ ਦੁਖੀ... ਛੱਡ ਕੇ ਤੁਰ ਗੇ। ... ਦੋ ਘੜੀਆਂ... ਉਹਨਾਂ ਕੋ ਬਹਿ ਕੇ ਨਾ ਦੇਖਿਆ... ਕੰਮ ... ਕੰਮ... ਪੈਸਾ... ਪੈਸਿਆਂ ਨਾ ਸੱਭ ਕੁਝ ਖਰੀਦਿਆਂ ਮੈਂ। ਹੁਣ ਜਿਹੜੀ ਕਮੀ ਸਾਨੂੰ... ਇਥੇ ਪੈਸਾ ਨ੍ਹੀ, ਉਹਦੀ ਰਹਿਮਤ ਚਾਹੀਦੀ।"

ਅੱਛਰ ਸਿੰਘ ਦੇ ਹੱਥਾਂ ਦੀਆਂ ਉਂਗਲਾਂ ਆਪਸ 'ਚ ਮਿਲ ਕੇ 'ਕੱਠੀਆਂ ਹੋ ਗਈਆਂ। ਅੱਥਰੂ ਅੱਖਾਂ 'ਚ ਆ ਕੇ ਰੁਕ ਗਏ। ਦਿਲ ਕਰੜਾ ਕਰਕੇ ਉੱਠਿਆ, ਹੋ ਆਵਾਂ ਮੈਂ ਗੁਰਦਵਾਰੇ... ਸਵਾਂ ਮੀਨ੍ਹੇ ਦੀ ਸੁੱਖਣਾ ਮੇਰੀ।"

ਪਰਸੋਂ ਰਤਨੋ ਦੇ ਸੂਲਾਂ ਵਰਗੇ ਬੋਲ ਉਹਨੂੰ ਇਕ ਵੇਰਾਂ ਫੇਰ ਵਿੰਨ ਗਏ,

"ਲੋਕਾਂ ਨੂੰ ਵੱਢੂੰ ਖਾਊਂ ਵੱਢੂੰ ਖਾਊਂ ਕਰਦਾ ਫਿਰਦਾ। ਮੈਂ ਨਾ ਕਵਾਂ ਹੁਣ ਕਾਹਤੋਂ ਪੂਛ ਚੱਕੀ ਫਿਰਦਾ... ਵਾਹ ਉਏ ਦਾਤਿਆਂ ਤੇਰੇ ਰੰਗ, ਡਰਨਾ ਚਾਹੀਦਾ ਓਸ ਮਾਲਕ ਤੋਂ, ਖਵਨੀ ਕਿਹੜੀਆਂ ਗੱਲਾਂ 'ਚ ਰਾਜੀ ਉਹ... ਲੋਕਾਂ ਦੇ ਜਵਾਕਾਂ ਦੇ ਸਿਰ ਪਾੜੇ... ਭਾਲਦਾ ਨਿਆਣੇ... ਮੱਥੇ ਰਗੜਦਾ... ਨੱਕ ਵੀ ਰਗੜੇਂਗਾ ਬੱਚੂ... ਪੈਹੇ ਦਾ ਪੁੱਤ... ਖ਼ਰੀਦ ਲਾ ਹੁਣ ਜਵਾਕ ਪੈਹੇ ਨਾ...।"

ਰਤਨੋ ਨੇ ਅੱਛਰ ਸਿੰਘ ਨੂੰ ਗੁਰਦਵਾਰਿਉਂ ਆਉਂਦਾ ਦੇਖ ਕੇ ਹੀ ਉੱਚੀ-ਉੱਚੀ ਬੋਲਣਾ ਸ਼ੁਰੂ ਕੀਤਾ, ਉਹ ਮਨ ਦੀ ਭੜਾਸ ਕੱਢ ਲੈਣਾ ਚਾਹੁੰਦੀ ਸੀ,

"ਕੁੜੇ ਲਾਲੀ, ਭੈਣ ਆ, ਆਪਾਂ ਵੀ ਅੱਕ ਨੂੰ ਤੇਲ ਪਾ ਆਈਏ... ਲੋਕ ਮੋਈ ਮੱਖੀ ਨਾ ਛੱਡਣ... ਤੇਲ ਰੋੜ੍ਹੀ ਜਾਂਦੇ... ਭੈਣੇ... ਪਾਧਾ ਆਊ ਤੇਰੇ, ਮੇਰੇ ਵੀ ਘੱਲੀਂ।"

ਹਫ਼ਤਾ ਭਰ ਅੱਛਰ ਸਿੰਘ ਦੇ ਘਰ ਪੰਡਿਤ ਹਵਨ ਕਰਨ ਆਉਂਦਾ ਰਿਹਾ। ਉਹਦੇ ਦੋਵੇਂ ਪੁੱਤ ਦੇ ਨੂੰਹਾਂ ਹਵਨ-ਕੁੰਡ ਦੁਆਲੇ ਬੈਠਦੇ ਹਵਨ ਦੇ ਟਾਇਮ ਈਵਾ ਨੂੰ ਘਰ 'ਚ ਆਉਣੋਂ ਰੋਕ ਦਿੱਤਾ ਜਾਂਦਾ। ਪਿਆਰੀ ਦੇ ਚਿੱਤ 'ਚ ਸੀ, ਜਿਹੜੀ ਸਵੱਲੀ ਨਜ਼ਰ ਰੱਬ ਦੀ ਉਹਦੀਆਂ ਨੌਂਹਾਂ ਤੇ ਪੈਣੀ। ਉਹ ਈਵਾ ਤੇ ਨਾ ਪੈ ਜਾਵੇ। ਈਵਾ ਨੂੰ ਪਤਾ ਲੱਗਾ... ਉਹਨੇ ਕੋਈ ਘਰਾਂ 'ਚ ਧੁੰਮ ਪਾਈ।

"ਮੇਤੋਂ ਤਾਂ ਪਹਿਲਾਂ ਈ ਨ੍ਹੀ ਸਾਂਭੇ ਜਾਦੇ। ਝੱਟ ਜੰਮਣ ਵਾਲਾ ਹੋ ਜਾਂਦਾ, ਸਫ਼ਾਈ ਕਰਾਉਂਣੀ ਪੈਂਦੀ, ਜੀਹਨਾਂ ਦੇ ਨ੍ਹੀ ਜੰਮਦੇ। ਮੀਨੂੰ ਕਹਿਣ, ਜੰਮ ਦਿੰਨੀ ਮੈਂ...।"

ਗੱਲਾਂ ਕਰਦੀ ਈਵਾ ਦੇ ਬੁੱਕ ਵੜਾਛਾਂ 'ਚੋਂ ਨਿਕਲ ਕੇ ਬੁਲਬੁਲੇ ਛੱਡਣਾ। ਉਹਦੀ ਬੇਹਯਾਈ ਸ਼ਰਮਸ਼ਾਰ ਕਰਦੀ।

"ਭੁੜਕਦੀ ਦੇਖ ਕਿੱਦਾਂ ਮੋਤੀਚੂਰ ਦੇ ਲੱਡੂ ਹੱਥੋਂ ਖਿਸਕਦੇ ਲਗਦੇ... ਇਹਦੀਆਂ ਬੇੜੀਆਂ 'ਚ ਵੀ ਵੱਟੇ ਪੈਣੇ ਕਿਸੇ ਦਿਨ...ਢਕੀ ਰਿੱਝੇ ਕੋਈ ਨਾ ਬੁੱਝੇ।"

ਗਲ੍ਹ-ਗਲ੍ਹ ਗੁੱਸੇ 'ਚ ਲਾਲੀ, ਉਹਦੀ ਭਵਿੱਖਬਾਣੀ ਸੱਚ ਹੋਈ। ਜੋਤੀ ਤੇ ਉਹਦੀ ਦਰਾਣੀ ਪ੍ਰਕਾਸ਼ ਨੇ ਏਨਾ ਕਰ ਲਿਆ। ਕੰਮ ਵੰਡ ਲਵੇ। ਈਵਾ ਨੂੰ ਹਟਾਉਣ 'ਚ ਉਹ ਨਾਕਾਮ ਰਹੀਆਂ। ਉਹਨਾਂ ਨੇ ਦੂਸਰੀ ਚਾਲ ਚੱਲੀ, ਪਿਆਰੀ ਨੂੰ ਕਹਿਣ ਲੱਗੀਆਂ,

"ਮੰਮੀ ਅਸੀਂ ਸਾਰਾ ਦਿਨ ਵਿਹਲੀਆਂ ਰਹਿੰਨੀਆਂ... ਬੋਰ ਹੁੰਨੀਆਂ... ਤੁਸੀਂ... ਕਹੋ ਤਾਂ ਅਸੀਂ ਕਿਸੇ ਸਕੂਲ ਪੜ੍ਹਾਉਣ ਲੱਗ ਜੀਏ।"

ਸੁਣ ਕੇ ਪਿਆਰੀ ਦੀ ਖ਼ਾਨਿਉ ਗਈ! ਘਰ ਦੀਆਂ ਨੌਂਹਾਂ ਦਰੋਂ ਪੈਰ ਕਿੱਦਾ ਪੁੱਟ ਜਾਣ। ਸੋਚਿਆ, 'ਕੋਈ ਮਾੜੀ ਗੱਲ ਵੀ ਨ੍ਹੀ, ਕਰਦੀਆਂ ਈਆਂ ਲੋਕਾਂ ਦੀਆਂ ਨੌਂਹਾਂ।

ਉਹਨੇ ਅੱਛਰ ਸਿੰਘ ਨਾਲ ਗੱਲ ਕੀਤੀ, ਉਹਨੇ ਸਾਫ਼ ਇਨਕਾਰ ਕਰ ਦਿੱਤਾ,

"ਖਾਂਦੇ-ਪੀਂਦੇ ਘਰ ਦੀਆਂ ਬਹੂ-ਬੇਟੀਆਂ, ਲੋਕਾਂ ਦੀਆਂ ਨੌਂਹਾ ਆਂਗੂੰ ਧੱਕੇ ਖਾਣਗੀਆਂ... ਇਹ ਕੰਮ ਨ੍ਹੀ ਹੋਣਾ।"

ਕਿਸੇ ਗੱਲ ਕਰਕੇ ਘਰ 'ਚ ਨੋਕ-ਝੋਕ ਹੋਣੀ ਅੱਛਰ ਸਿੰਘ ਦੀ ਆਪਣੀ ਚਾਚੀ ਨਾਲ। ਉਹਨੇ ਚਾਚੀ ਨੂੰ ਮਿਹਣਾ ਮਾਰਿਆ ਸੀ ਇਹੋ,

"ਥੋੜੇ ਥੋੜੇ ਪੈਸਿਆਂ ਪਿੱਛੇ ਤੇਰੀਆਂ ਨੌਂਹਾਂ ਧੱਕੇ ਖਾਂਦੀਆਂ ਫਿਰਦੀਆਂ ਸਾਡੀਆਂ ਰਾਜ ਕਰਦੀਆਂ... ਰਾਜ ...ਘਰੋਂ ਪੈਰ ਨ੍ਹੀ ਪੱਟਣ ਦੇਈਦਾ ਅਸੀਂ।"

ਉਹਦੀ ਚਾਚੀ ਕਿਹੜਾ ਘੱਟ, ਉਹਨੇ ਠੋਕ ਕੇ ਜਵਾਬ ਦਿੱਤਾ,

"ਤੈਨੂੰ ਆਵਦੀਆਂ 'ਤੇ ਭਰੋਸਾ ਨਾ ਹਊ, ਤੂੰ ਤਾਈਉਂ ਬਾਰ੍ਹ ਪੈਰ ਨ੍ਹੀ ਪੱਟਣ ਦਿੰਦਾ।"

ਪਿਆਰੀ ਨੇ ਸਹੁਰੇ ਦਾ ਹੁਕਮ ਨੂੰਹਾਂ ਨੂੰ ਸੁਣਾ ਦਿੱਤਾ।

"ਥੋਡੇ ਭਾਪਾ ਜੀ ਆਂਹਦੇ ਕੋਈ ਲੋੜ ਨ੍ਹੀ... ਘਰੇ ਕੰਮ ਬਥੇਰਾ।"

"ਮੰਮੀ ਜੀ, ਈਵਾ ਦੀ ਵੀ ਕੀ ਲੋੜ ਆ, ਅਸੀਂ ਆਪ ਈ ਸਾਰਾ ਕੰਮ ਕਰ ਲਿਆ ਕਰਾਂਗੀਆਂ, ਆਉਂਦੀ ਪਹਿਲੀ ਨੂੰ ਜਵਾਬ ਦੇ ਦਿਉ ਜੇ ਮੰਮੀ ਜੀ।"

ਪ੍ਰਕਾਸ਼ ਪਿਆਰੀ ਦਾ ਜਵਾਬ ਸੁਣਨ ਲਈ ਕਾਹਲੀ, ਜੋਤੀ ਚਾਹੁੰਦੀ ਸੀ, ਈਵਾ ਹਟ ਜਾਵੇ। ਘਰ 'ਚ ਬਣਿਆ ਕੋਠਾ ਚੌਕਿਆ ਜਾਵੇ। ਉਹਨੇ ਪ੍ਰੇਮ ਨਾਲ ਗੱਲ ਕਰ ਲਈ ਸੀ, ਉਹਨੂੰ ਕੋਈ ਉਜਰ ਨਹੀਂ ਸੀ।



ਅੜਿਕਾ ਸਿਰਫ਼ ਅੱਛਰ ਸਿੰਘ ਦਾ ਸੀ।

ਉਹਨੂੰ ਈਵਾ ਨੂੰ ਹਟਾਉਣ ਦਾ ਕਿਹਾ ਤਾਂ ਉਹਨੇ ਰੋਕ ਦਿੱਤਾ। ਪ੍ਰੇਮ ਤੇ ਜਿੰਦਰ ਨੇ ਸਲਾਹ ਦਿੱਤੀ,

"ਡੈਡੀ ਜੇ ਇਹ ਦੋਵੇਂ ਕੰਮ ਕਰਨ ਲਈ ਤਿਆਰ ਤਾਂ ਆਪਾਂ ਨੂੰ ਕੀ ਅਤਰਾਜ, ਜਿੰਨੇ ਪੈਸੇ ਉਹਨੂੰ ਦਿੰਨੇ, ਉਹੀ ਸਾਡੀ ਬਚਤ ਹਊ।"

"ਪੈਹੇ ਕੱਠੇ ਕਰਕੇ ਇੱਕ -ਇੱਕ ਗਹਿਣਾ ਬਣਾ ਦਿਉ ਮੇਰੀਆਂ ਨੌਂਹਾਂ ਨੂੰ।"

ਮੋਹ 'ਚ ਭਿੱਜੀ ਪਿਆਰੀ ਦਾ ਦਿਲ ਫ਼ੈਲ ਗਿਆ. ਹੂੰ... ਨਾ... ਹਾਂ, ਅੱਛਰ ਸਿੰਘ ਬਾਹਰ ਨੂੰ ਤੁਰ ਗਿਆ। ਪ੍ਰਕਾਸ਼ ਦੀਆਂ ਅੱਖਾਂ ਅੱਗੇ ਹਨੇਰਾ ਆ ਗਿਆ, ਉਹ ਚੱਕਰ ਖਾ ਕੇ ਡਿੱਗ ਪਈ। ਜੋਤੀ ਉਹਦੀਆਂ ਤਲੀਆਂ ਝੱਸਣ ਲੱਗੀ। ਪੰਜੀ ਮਿੰਟੀਂ ਪ੍ਰਕਾਸ਼ ਸੰਭਲ ਕੇ ਬੈਠ ਗਈ।

"ਫ਼ੂਨ ਕਰ ਵੇ ਜਿੰਦਰਾ ਡਾਕਟਰ ਨੂੰ।"

ਪਿਆਰੀ ਪਸ਼ੇਮਾਨੀ ਤੇ ਹੁਲਾਸ 'ਚ?

"ਦਸ ਦਿਨ ਉਪਰ ਹੋਗੇ, ਕਈ ਵਾਰੀ ਕਹਿ ਚੁੱਕੀ ਡਾਕਟਰ ਦੇ ਜਾ ਆ।"

ਪੰਮੀ ਅੱਛਰ ਸਿੰਘ ਦੀ ਛੋਟੀ ਕੁੜੀ, ਬੱਚੇ ਲੈ ਕੇ ਨੱਚਦੀ-ਟੱਪਦੀ ਘਰ 'ਚ ਦਾਖ਼ਲ ਹੋਈ, ਆਉਂਦੀ ਨੇ ਜੋਤੀ ਨੂੰ ਜੱਫ਼ੀ ਪਾ ਲਈ,

"ਵਧਾਈ ਹੋਵੇ ਭਾਬੋ, ਮੈਂ ਨਾ ਕਹਿੰਦੀ ਸੀ, ਰੱਬ ਦੇ ਘਰ ਦੇਰ ਆ ਹਨੇਰ ਨ੍ਹੀ।"

ਜੋਤੀ ਸ਼ਰਮਾ ਕੇ ਨਨਾਣ ਦੇ ਮੋਢੇ 'ਚ ਮੂੰਹ ਲੁਕਾਵੇ, ਪਿਆਰੀ ਅੱਖਾਂ ਅਡ ਦੋਹਾਂ ਵੱਲ ਦੇਖੇ,

"ਮੂੰਹ ਮਿੱਠਾ ਕਰਾਉ ਮੰਮੀ, ਤਵਾਡੀ ਨੂੰਹ ਦੀ ਰੱਬ ਨੇ ਸੁਣ ਲੀ।... ਫ਼ੋਨ 'ਤੇ ਗੱਲ ਹੋਈ ਸੀ ਮੇਰੀ ਭਾਬੀ ਨਾਲ।

"ਪ੍ਰਕਾਸ਼ ਵੀ..।"

ਜੋਤੀ ਨੇ ਪੰਮੀ ਦੇ ਕੰਨ 'ਚ ਕਿਹਾ। ਮੁੱਖ ਉਹਦਾ ਸੂਹਾ ਹੋ ਗਿਆ। ਪਿਆਰੀ ਕੋਲੋਂ ਖ਼ੁਸ਼ੀ ਸਾਂਭ ਨਾ ਹੋਈ। ਉਹਦੀਆਂ ਅੱਖਾਂ ਛਲਕ ਪਈਆਂ। ਉਹਨੇ ਜੋਤੀ ਤੇ ਪ੍ਰਕਾਸ਼ ਨੂੰ ਸੱਜੇ-ਖੱਬੇ ਬਿਠਾ ਕੇ ਪਿਆਰ ਕੀਤਾ।

ਅੱਛਰ ਸਿੰਘ ਅਜੇ ਦਰਵਾਜੇ ਵਿੱਚ ਹੀ ਸੀ, ਉਹਨੇ ਸਾਰਾ ਕੁਝ ਸੁਣ ਲਿਆ। ਦਿਲ ਉਹਦਾ ਉੱਛਲ ਕੇ ਬਾਹਰ ਆਉਣ ਨੂੰ ਕਰੇ। ਹੱਥ ਉਹਦੇ ਉਪਰ ਹੋ ਕੇ ਜੁੜ ਗਏ।

ਪੰਮੀ ਦੇ ਬੱਚੇ ਪ੍ਰੇਮ ਤੇ ਜਿੰਦਰ ਦੀਆਂ ਲੱਤਾਂ ਨੂੰ ਚਿੰਬੜੇ,

"ਮਾਮੂੰ ਆਈਸ ਕਰੀਮ।"

"ਮਾਮੂੰ... ਬਰਫ਼ੀ।"

"ਪਹਿਲਾਂ ਲੱਡੂ... ਮੂੰਹ ਮਿੱਠਾ ਹੋਜੇ ਅੱਜ।"

ਕੋਲ ਬੈਠੇ ਪੰਮੀ ਦੇ ਪਤੀ ਨੇ ਕੁਰਸੀ ਪਿਆਰੀ ਲਾਗੇ ਕਰਕੇ ਕਿਹਾ, "ਕਿਉਂ ਮੰਮੀ ਜੀ!"

"ਕੰਮ ਵਾਲੀ ਨਾ ਹਟਾਇਉ ਹੁਣ।"

ਆਪਣਾ ਫ਼ਰਮਾਨ ਜਾਰੀ ਕਰਕੇ ਅੱਛਰ ਸਿੰਘ ਘਰੋਂ ਬਾਹਰ ਚਲੇ ਗਿਆ। ਬੱਦਲਾਂ ਦੀ ਗੜਗੜਾਹਟ ਹੋਈ, ਬਿਜਲੀ ਲਿਸ਼ਕੀ, ਮੋਟੀਆਂ ਮੋਟੀਆਂ ਕਣੀਆਂ। ਕੋਠੇ ਦੇ ਬਨੇਰੇ 'ਤੇ ਪਾਏ ਕੱਪੜੇ ਵਿਹੜੇ ਵਿਚ ਹਵਾ ਨਾਲ ਉੜ ਕੇ ਡਿੱਗ ਪਏ, ਅੱਛਰ ਦੀ ਅਚਾਨਿਕ ਨਜ਼ਰ ਸਲਵਾਰ ਤੇ ਪਈ ਜਿਹਦੇ ਲਾਸਟਕ ਪਾਈ ਹੋਈ ਸੀ। "ਹੈਂ!!! ਇਹ ਕਿਹਦੀ ਹੋਈ??" ਅੱਛਰ ਸਿੰਘ ਨੇ ਦਿਮਾਗ ਤੇ ਪੂਰਾ ਜੋਰ ਪਾਇਆ ਉਹਨੂੰ ਸਮਝ ਨਾ ਲੱਗੀ ਕਿਹਦੀ ਸਲਵਾਰ ਏ। ਐਨੇ ਨੂੰ ਬਾਹਰੋ ਗਲੀ ਵਿਚੋਂ ਬੋਲ ਸੁਣਾਈ ਦਿੱਤੇ,

"ਕੇਸੂ ਦੀ ਧੀ ਨੇ ਨਸ ਕੱਟ 'ਲੀ ਨੀ।"

ਲਾਲੀ ਦਾ ਬੋਲ ਢੋਲ ਵਾਂਗ ਖੜਕਿਆ,

"ਕੁੜੇ ਬਿਸ਼ਨੀਏ... ਪਰਤਾਪੀਏ... ਨੀ ਰਤਨੋ ਆਜੋ ਨੀ... ਅਮਰੋ ਨੂੰ ਵੀ ਦੱਸ ਦੇਵੋ... ਆਜੋ ਛੇਤੀ ਆਂਹਦੇ ਲਹੂ ਵਗਣੋ ਨ੍ਹੀ ਹੱਟਿਆ... ਇਹ ਕੀ ਕੀਤਾ ਨਾ ਹੋਈ ਨੇ...।"

ਮੋਹਰੇ-ਮੋਹਰੇ ਲਾਲੀ, ਪਿੱਛੇ ਪੰਜ-ਛੇ ਬੁੜ੍ਹੀਆਂ। ਮਗਰ ਅੱਛਰ ਸਿੰਘ। ਕੇਸੂ ਦੇ ਘਰ ਵੱਲ।

***ਪਤਾ: ਮੁਹੱਲਾ ਸੁਰੈਣਿਆਂ, ਬੀ-3/119, ਨੂਰ ਮਹਿਲ, ਜਲੰਧਰ-144039***

# ਮੈਂ ਪੜ੍ਹਾਈ ਨੂੰ ਆਪਣੀ ਢਾਲ ਬਣਾ ਲਿਆ - ਬਲਦੇਵ ਸਿੰਘ ਧਾਲੀਵਾਲ

**ਮੁਲਾਕਾਤ: ਜਸਬੀਰ ਸਿੰਘ ਰਾਣਾ**

ਬਲਦੇਵ ਸਿੰਘ ਧਾਲੀਵਾਲ ਸਾਡੇ ਸਮਿਆਂ ਦਾ ਸਮਰੱਥ ਕਹਾਣੀਕਾਰ ਤੇ ਪ੍ਰਬੁੱਧ ਆਲੋਚਕ ਹੈ। ਉਹਦੀ ਕਹਾਣੀ ਪੇਂਡੂ-ਸ਼ਹਿਰੀ ਜੀਵਨ ਝਾਕੀ ਦੀ ਅੰਤਰੀਵ ਟੱਕਰ ਵਿਚੋਂ ਪੈਦਾ ਹੋਏ ਬਹੁਪਰਤੀ ਸੰਕਟਾਂ ਨੂੰ ਆਪਣਾ ਵਸਤੂ-ਖੇਤਰ ਬਣਾਉਂਦੀ ਹੈ। ਉਸ ਵੱਲੋਂ ਪੰਜਾਬੀ ਕਹਾਣੀ ਨੂੰ ਕੇਂਦਰ ਵਿਚ ਰੱਖ ਕੇ ਕੀਤਾ ਗਿਆ ਆਲੋਚਨਾ ਕਾਰਜ ਇਕ ਵਿਸ਼ੇਸ਼ ਮੁਕਾਮ ਦਾ ਧਾਰਨੀ ਹੈ। ਮੁਕਤਸਰ-ਮਲੋਟ ਇਲਾਕੇ ਦੇ ਪਿੰਡ ਕਰਾਈ ਵਾਲਾ ਦਾ ਜੰਮਪਲ ਇਹ ਲੇਖਕ ਆਪਣੇ ਸਾਹਿਤਕ ਸਫ਼ਰ ਦੀ ਸ਼ੁਰੂਆਤ 1982 'ਚ ਕਾਵਿ-ਸੰਗ੍ਰਹਿ 'ਉੱਚੇ ਟਿੱਬੇ ਦੀ ਰੇਤ' ਨਾਲ ਕਰਦਾ ਹੈ। ਰੇਤਲੀ ਜ਼ਮੀਨ ਉੱਪਰ ਤੁਰਨਾ ਸਿੱਖਿਆ ਬਲਦੇਵ ਧਾਲੀਵਾਲ ਜਿਸ ਕਦਰ ਪੰਜਾਬੀ ਸਾਹਿਤ ਦੇ ਪਿੜ ਵਿਚ ਆਪਣੀਆਂ ਪੈੜਾਂ ਦੇ ਨਿਸ਼ਾਨ ਛੱਡਣ ਵਿਚ ਕਾਮਯਾਬ ਹੋਇਆ ਉਹ ਆਪਣੀ ਮਿਸਾਲ ਆਪ ਹੈ। ਅੱਜ ਕਹਾਣੀ, ਆਲੋਚਨਾ ਤੇ ਸਫਰਨਾਮਾ ਦੀ ਵਿਧਾ ਵਿਚ ਸਮਾਨ-ਅੰਤਰ ਨਿਭਣ ਵਾਲਾ ਇਹ ਸ਼ਾਨਦਾਰ ਲੇਖਕ 1993-94 ਵਿਚ ਸਾਨੂੰ ਪੜ੍ਹਾਉਂਦਾ ਰਿਹਾ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੱਤਰ-ਵਿਹਾਰ ਸਿੱਖਿਆ ਵਿਭਾਗ ਰਾਹੀਂ ਐਮ.ਏ. ਕਰਦਿਆਂ ਮੈਂ ਮਨ ਹੀ ਮਨ ਜਿਸ ਅਧਿਆਪਕ ਤੋਂ ਪ੍ਰਭਾਵਿਤ ਸੀ, ਪਰ ਜਿਸ ਨੂੰ ਕਦੇ ਬੁਲਾ ਨਾ ਸਕਿਆ, ਅੱਜ ਉਸੇ ਬਲਦੇਵ ਸਿੰਘ ਧਾਲੀਵਾਲ ਨਾਲ ਕੁਝ ਸਵਾਲ-ਜਵਾਬ ਸਾਂਝੇ ਕਰਦਿਆਂ ਮੈਨੂੰ ਅਥਾਹ ਖੁਸ਼ੀ ਹੋ ਰਹੀ ਹੈ :

**? ਤੁਸੀਂ ਕਿਹਾ ਸੀ ਕਿ ਮੱਝਾਂ ਚਾਰਨ ਤੋਂ ਡਰਦਾ ਮੈਂ ਪੜ੍ਹਨ ਲੱਗ ਪਿਆ। ਫਿਰ ਵਿਆਹ ਕਰਵਾਉਣ ਤੋਂ ਡਰਦਾ ਅੱਗੇ ਪੜ੍ਹਨ ਦੀ ਜ਼ਿੱਦ ਕਰਨ ਲੱਗ ਪਿਆ। ਜੇਕਰ ਇਸ ਕਿਸਮ ਦੇ ਡਰ ਨਾ ਹੁੰਦੇ ਤਾਂ ਕੀ ਫਿਰ ਪੜ੍ਹਨਾ ਨਹੀਂ ਸੀ ?**

-ਜਸਬੀਰ ਰਾਣਾ ਜੀ ਵੱਡੀ ਉਮੀਦ ਹੈ ਨਹੀਂ ਪੜ੍ਹਨਾ ਸੀ। ਜਿਸ ਤਰ੍ਹਾਂ ਦੇ ਮਾਹੌਲ ਵਿਚ ਮੇਰਾ ਬਚਪਨ ਬੀਤਿਆ, ਉਸ ਵਿਚ ਇਕ ਵੀ ਗੱਲ ਪੜ੍ਹਾਈ ਵੱਲ ਤੋਰਨ ਲਈ ਪ੍ਰੇਰਣਾ ਬਣਨ ਵਾਲੀ ਨਹੀਂ ਸੀ। ਸਾਡੇ ਪੂਰੇ ਪਰਿਵਾਰ ਵਿਚੋਂ ਕਿਸੇ ਨੇ ਸਕੂਲ ਦਾ ਮੂੰਹ ਨਹੀਂ ਸੀ ਵੇਖਿਆ। ਬੱਸ ਮੇਰਾ ਵੱਡਾ ਭਰਾ ਨਾਇਬ ਹੀ ਅਪਵਾਦ ਸੀ ਜਿਹੜਾ ਦੂਜੀ-ਤੀਜੀ ਤੱਕ ਸਕੂਲ 'ਚ ਜਾਂਦਾ ਰਿਹਾ। ਤੀਜੀ 'ਚੋਂ ਪਾਸ ਕਰਨ ਬਦਲੇ ਮਾਸਟਰਾਂ ਨੇ ਬੋਤਲ ਮੰਗ ਲਈ ਤਾਂ ਉਹ ਵੀ ਫੇਲ੍ਹ ਹੋ ਕੇ ਪੜ੍ਹਨੋਂ ਹਟ ਗਿਆ। ਉਸ ਘਟਨਾ ਨੂੰ ਮੈਂ ਆਪਣੀ ਕਹਾਣੀ 'ਕਾਰਗਿਲ' ਵਿਚ ਵਰਤਿਆ ਹੈ। ਮੈਨੂੰ ਪੜ੍ਹਨ ਲਾਉਣ ਦੀ ਗੱਲ ਤਾਂ ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਸੀ। ਸਭ ਤੋਂ ਵੱਡੀ ਭੈਣ ਅਨਪੜ੍ਹ ਸੀ। ਨਾਇਬ ਤੋਂ ਛੋਟੇ, ਜਿਸਦਾ ਨਾਂ ਵੀ ਛੋਟਾ ਹੀ ਸੀ, ਨੂੰ ਵੀ ਕਿਸੇ ਨੇ ਪੜ੍ਹਨ ਨਹੀਂ ਸੀ ਲਾਇਆ। ਸਭ ਤੋਂ ਛੋਟਾ ਹੋਣ ਕਰਕੇ ਮੈਨੂੰ ਪੜ੍ਹਨ ਲੱਗਣ ਲਈ ਉਨ੍ਹਾਂ ਦਿਨਾਂ ਵਿਚ ਹਾਸੇ-ਠੱਠੇ ਨਾਲ ਜ਼ਰੂਰ ਕਿਹਾ ਜਾਂਦਾ ਜਿਨ੍ਹਾਂ ਦਿਨਾਂ ਵਿਚ ਮੇਰੇ ਤਾਏ ਦਾ ਜਵਾਈ ਕਰਤਾਰ ਸਿਉਂ ਆਇਆ ਹੁੰਦਾ। ਉਹ ਪ੍ਰਾਇਮਰੀ ਸਕੂਲ ਵਿਚ ਮਾਸਟਰ ਸੀ। ਰਸਮੀ ਤੌਰ ਤੇ ਉਹ ਸਾਡੇ ਘਰੇ ਵੀ ਗੇੜਾ ਮਾਰਦਾ। ਉਸਦੇ ਸਾਹਮਣੇ ਮੈਨੂੰ ਛੇੜਨ ਲਈ ਬਾਪੂ ਆਖਦਾ, ਉਓਏ ਤੈਨੂੰ ਵੀ ਲਾ-ਦੀਏ ਪੜ੍ਹਨ ? ਮਾਹਟਰ ਕੰਨ ਪੱਟਣਗੇ ਤਾਂ ਮਾੜੀ-ਮੋਟੀ ਅਕਲ ਆ-ਜੂ।

ਉਹ ਮੈਂ ਤਾਂ ਮਾਸ਼ਟਰਾਂ ਦੀ ਜੀਭ ਵੱਢ-ਦੂੰ। ਅੱਗੋਂ ਮੈਂ ਵੀ ਬੱਚਿਆਂ ਵਾਲਾ ਨਹਿਲੇ ਤੇ ਦਹਿਲਾ ਮਾਰ ਦਿੰਦਾ। ਸਣੇ ਮਾਸਟਰ ਕਰਤਾਰ ਸਿਉਂ ਸਾਰੇ ਹੱਸ ਪੈਂਦੇ ਅਤੇ ਫਿਰ ਆਪਣੀਆਂ ਗੱਲਾਂ ਵਿਚ ਰੁੱਝ ਜਾਂਦੇ। ਮੈਂ ਆਪਣੀ ਖੇਡ ਲੱਗ ਜਾਂਦਾ। ਪੜ੍ਹਨ-ਪੜ੍ਹਾਉਣ ਵਾਲੀ ਗੱਲ ਸਭ ਨੂੰ ਵਿੱਸਰ ਜਾਂਦੀ। ਇਹ ਗੱਲਾਂ ਸਾਡੇ ਅੰਦਰਲੇ ਘਰ ਦੀਆਂ ਹਨ ਯਾਨੀ ਉਸ ਸਮੇਂ ਅਸੀਂ ਪਿੰਡ ਦੇ ਵਿਚਾਲੇ ਰਹਿੰਦੇ ਸਾਂ। ਤਿੰਨ-ਚਾਰ ਸਾਲ ਪਿੱਛੋਂ ਅਸੀਂ ਬਾਹਰਲੀ ਫਿਰਨੀ ਉਤੇ ਘਰ ਪਾਇਆ।



ਨਵਾਂ ਘਰ ਪਾਉਣ ਨਾਲ ਕਰਜ਼ਈ ਹੋ ਕੇ ਬਾਪੂ ਹੋਰ ਤਕੜਾ ਹੋ ਕੇ ਵਾਹੀ 'ਚ ਜੁਟਿਆ। ਮੇਰੇ ਵੱਡੇ ਦੋਵੇਂ ਭਰਾ ਵੀ ਨਾਲ ਖੇਤੀ 'ਚ ਲਾ ਲਏ। ਮੱਝਾਂ ਚਾਰਨ ਦੀ 'ਡਿਊਟੀ' ਮੇਰੇ ਵੱਲ ਸਰਕਣ ਲੱਗੀ ਤਾਂ ਮੈਂ ਡਰਦਾ ਸਕੂਲ ਦੀ ਓਟ ਵਿਚ ਚਲਾ ਗਿਆ।

ਫਿਰ ਮੈਨੂੰ ਪੜ੍ਹਨ ਦਾ ਕੁਝ ਭੁਸ ਤਾਂ ਪੈ ਗਿਆ ਪਰ ਅਸਲ ਵਿਚ ਪੜ੍ਹਾਈ ਦੇ ਬਹਾਨੇ ਮੈਂ ਵਾਹੀ ਦੇ ਔਖੇ-ਭਾਰੇ ਕੰਮ ਤੋਂ ਭੱਜਦਾ ਸਾਂ। ਮੁੱਢ ਤੋਂ ਹੀ ਦੁਸ਼ਵਾਰੀਆਂ ਭਰਿਆ ਕਿਸਾਨੀ ਜੀਵਨ ਮੈਨੂੰ ਦਲਦਲ ਵਰਗਾ ਲਗਦਾ ਸੀ। ਉਸ ਜਿੱਲ੍ਹਣ ਵਿਚ ਧਸਣ ਤੋਂ ਵਕਤੀ ਤੌਰ ਤੇ ਬਚਣ ਲਈ ਮੈਂ ਪੜ੍ਹਾਈ ਨੂੰ ਆਪਣੀ ਢਾਲ ਬਣਾ ਲਿਆ। ਨੌਵੀਂ 'ਚ ਪੜ੍ਹਦਿਆਂ ਮੰਗਣਾ ਵੀ ਇਸੇ ਸ਼ਰਤ ਤੇ ਕਰਾਇਆ ਸੀ ਕਿ ਮੈਨੂੰ ਦਸਵੀਂ ਤੱਕ ਜ਼ਰੂਰ ਪੜ੍ਹਾਇਆ ਜਾਵੇਗਾ। ਮੈਨੂੰ ਪਤਾ ਸੀ ਕਿ ਇਹ ਮੇਰੇ ਗਲ ਪੰਜਾਲੀ ਪਾਉਣ ਦੀਆਂ ਸਕੀਮਾਂ ਹਨ। ਮੈਂ ਅੜ ਗਿਆ ਅਤੇ ਅੰਤ ਬਚ ਗਿਆ। ਕਾਲਜ 'ਚ ਜਾਣ ਪਿੱਛੋਂ ਤਾਂ ਮੈਂ ਆਪਣੇ ਪੇਂਡੂ ਮਾਹੌਲ ਤੋਂ ਹੋਰ ਵੀ ਤ੍ਰਹਿਣ ਲੱਗ ਪਿਆ। ਕਿਸੇ ਵੀ ਸੂਰਤ ਵਿਚ ਮੈਂ ਪਿੰਡੋਂ, ਖਾਸ ਕਰਕੇ ਆਪਣੇ ਗਰੀਬੀ ਦੇ ਝੰਬੇ ਘਰੋਂ, ਭੱਜਣਾ ਚਾਹੁੰਦਾ ਸੀ। ਆਪਣੇ ਜੰਗਾਲੇ ਦਿਮਾਗ ਕਾਰਨ ਪੜ੍ਹਾਈ ਵੀ ਭਾਵੇਂ ਔਖੀ ਲਗਦੀ ਸੀ ਪਰ ਉਹ ਪੇਂਡੂ ਕਬੀਲਦਾਰੀ ਦੇ ਝੰਜਟ ਵਿਚ ਫਸਣ ਤੋਂ ਫੇਰ ਵੀ ਸੌਖੀ ਸੀ। ਇਉਂ ਪੜ੍ਹਾਈ ਨੂੰ ਮੈਂ ਆਪਣੀ ਢਾਲ ਬਣਾ ਲਿਆ।

**? ਤੁਹਾਡੇ ਉੱਪਰ ਸਭ ਤੋਂ ਵੱਡਾ ਪ੍ਰਭਾਵ ਤੁਹਾਡੇ ਬਾਪੂ ਦਾ ਹੈ। ਉਹ ਤੁਹਾਡਾ ਆਦਰਸ਼ ਹੈ। ਫਿਰ ਵੀ ਉਸ ਦੀਆਂ ਕਿਹੜੀਆਂ ਗੱਲਾਂ ਹਨ ਜਿਨ੍ਹਾਂ ਨਾਲ ਸਹਿਮਤ ਹੋਣਾ ਔਖਾ ਹੈ ?**

-ਬਾਪੂ ਮੇਰਾ ਆਮ ਜਾਮੇ ਵਿਚ ਖਾਸ ਬੰਦਾ ਸੀ। ਉਸ ਦੀ ਮੌਤ ਤੋਂ ਪਿੱਛੋਂ ਉਹ ਮੈਨੂੰ ਹੋਰ ਵੀ ਵੱਡਾ ਵੱਡਾ ਲੱਗਣ ਲੱਗ ਪਿਆ ਹੈ। ਉਹ ਮਹਾਂਭਾਰਤ ਦੇ ਯੋਧਿਆਂ ਵਰਗਾ ਨਿਡਰ ਸੀ, ਜਿਵੇਂ ਮੌਤ ਉਸ ਤੋਂ ਡਰਦੀ ਹੋਵੇ। ਉਹ ਸਾਰੀ ਉਮਰ ਆਪਣੀਆਂ ਸ਼ਰਤਾਂ ਉਤੇ ਜੀਵਿਆ, ਉਸ ਉਤੇ ਬਥੇਰੀਆਂ ਤੱਤੀਆਂ-ਠੰਡੀਆਂ ਹਵਾਵਾਂ ਵਗੀਆਂ ਪਰ ਉਸਨੇ ਕਿਸੇ ਹਾਲਤ ਵਿਚ ਵੀ ਕਿਸੇ ਦੀ ਈਨ ਨਹੀਂ ਮੰਨੀ, ਇਸ ਬਦਲੇ ਬਥੇਰੇ ਨੁਕਸਾਨ ਝੱਲੇ। ਕਿਸੇ ਰੱਬ, ਦੇਵੀ-ਦੇਵਤੇ ਜਾਂ ਪੀਰ-ਫਕੀਰ ਦਾ ਆਸਰਾ ਤੱਕਣ ਦੀ ਥਾਂ ਉਹ ਆਪਣੇ ਚੰਗੇ-ਮੰਦੇ ਕਰਮਾਂ ਲਈ ਹਮੇਸ਼ਾਂ ਆਪ ਉੱਤਰਦਾਈ ਰਿਹਾ। ਆਪਣੇ ਕੀਤੇ ਉਤੇ ਕਦੇ ਝੁਰਦਾ ਨਹੀਂ ਸੀ, ਭਾਵੇਂ ਕਤਲ ਹੀ ਕਿਉਂ ਨਾ ਕਰ ਬੈਠਾ ਹੋਵੇ। ਬੱਸ ਮੈਂ ਉਸ ਦੇ ਅਜਿਹੇ ਹੌਂਸਲੇ ਅਤੇ ਸਵੈਮਾਣ ਦਾ ਕਾਇਲ ਸਾਂ। ਉਹ ਉਮਰ-ਭਰ ਰੱਬ ਦਾ ਸ਼ਰੀਕ ਬਣ ਕੇ ਪੂਰੀ ਤੜ੍ਹ ਨਾਲ ਜੀਵਿਆ। ਪਰ ਅਨੇਕਾਂ ਵਾਰੀ ਜਦੋਂ ਉਸ ਦਾ ਸਵੈਮਾਣ ਅਭਿਮਾਨ ਦੀ ਹੱਦ ਤੱਕ ਜਾ ਪਹੁੰਚਦਾ ਤਾਂ ਉਹ ਪਰਿਵਾਰ ਲਈ ਮਾਰੂ ਬਣ ਜਾਂਦਾ। ਕੋਈ ਮਰਦਾ ਹੈ ਤਾਂ ਮਰੇ, ਰਿਸ਼ਤੇਦਾਰੀ ਟੁੱਟਦੀ ਹੈ ਤਾਂ ਟੁੱਟੇ, ਵਹੁਟੀ ਭੱਜਦੀ ਹੈ ਤਾਂ ਭੱਜੇ, ਘਰ ਉਜੜਦਾ ਹੈ ਤਾਂ ਉਜੜੇ ਪਰ ਉਸ (ਬਾਪੂ) ਦੀ ਮੁੱਛ ਨੀਵੀਂ ਨਹੀਂ ਹੋਣੀ ਚਾਹੀਦੀ। ਬੱਸ ਉਸ ਦੀ ਇਹ ਖੜ੍ਹੀ ਮੁੱਛ ਹੀ ਮੇਰੇ ਆਧੁਨਿਕ, ਸ਼ਹਿਰੀ ਅਤੇ ਹਿਸਾਬੀ-ਕਿਤਾਬੀ ਸੁਭਾਅ ਨਾਲ ਟਕਰਾ ਜਾਂਦੀ ਸੀ। ਸਮੇਂ ਨਾਲ ਬਦਲਣਾ ਉਸਨੂੰ ਪਰਵਾਨ ਨਹੀਂ ਸੀ ਅਤੇ ਉਸ ਦੀ ਟੈਂਅ ਸਮਝੌਤਾਵਾਦੀ ਯੁੱਗ ਨੂੰ ਰਾਸ ਆਉਣ ਵਾਲੀ ਨਹੀਂ ਸੀ। ਇਉਂ ਹੀ ਜ਼ਿੰਦਗੀ ਨਾਲ ਲੜਦਾ ਉਹ ਲਿਫਣ ਦੀ ਥਾਂ ਇਕ ਦਿਨ ਟੁੱਟ ਗਿਆ। ਉਂਜ ਉਸਦੀ ਕਾਠੀ ਸੈਂਕੜਾ ਪਾਰ ਕਰਨ ਵਾਲੇ ਬੰਦਿਆਂ ਵਾਲੀ ਸੀ। ਪਰ ਹੁਣ ਉਸ ਦੇ ਤੁਰ ਜਾਣ ਪਿੱਛੋਂ ਮੈਂ ਉਸਦੀ ਅਭਿਮਾਨੀ ਮੜਕ ਨਾਲ ਵੀ ਸਹਿਮਤ ਹੋ ਗਿਆ ਹਾਂ ਕਿਉਂਕਿ ਖ਼ੁਦ ਲਿਫ਼ਦਿਆਂ-ਲਿਫ਼ਦਿਆਂ ਕਈ ਵਾਰ ਆਪਾ ਮਾਰਨ ਦੀ ਹੱਦ ਤੱਕ ਪਹੁੰਚ ਜਾਈਦਾ ਹੈ। ਆਪਣੀ ਇਸੇ ਬਦਲੀ ਸੋਚ ਅਧੀਨ ਹੀ ਮੈਂ ਬਾਪੂ ਦੀ ਮੌਤ ਪਿੱਛੋਂ ਸ਼ਬਦ-ਚਿੱਤਰ 'ਇਕ ਹੋਰ ਯੋਧੇ ਦਾ ਚਲਾਣਾ' ਲਿਖਿਆ। ਕਈ ਵਾਰ ਕਿਸੇ ਗੱਲੋਂ ਜਦੋਂ ਮੇਰਾ ਵੱਡਾ ਬੇਟਾ ਖਿਝ ਕੇ ਆਖਦਾ ਹੈ, ਉਹ ਪਾਪਾ ਪਤਾ ਨਈਂ ਐਸ ਗੱਲ ਨਾਲ ਤੁਸੀਂ ਕਿਵੇਂ ਐਡਜਸਟ ਕਰ ਲਿਆ, ਤਾਂ ਮੈਨੂੰ ਬਾਪੂ ਦਾ ਜੀਵਨ-ਫ਼ਲਸਫ਼ਾ ਹੋਰ ਚੰਗਾ ਲੱਗਣ ਲੱਗ ਜਾਂਦਾ ਹੈ। ਬੰਦੇ ਨੂੰ ਹਰ ਹੀਲੇ ਆਪਣਾ ਸਵੈਮਾਣ ਕਾਇਮ ਰੱਖਣਾ ਚਾਹੀਦਾ ਹੈ। ਸਵੈਮਾਣ ਬਿਨਾਂ ਜੀਵਨ ਸੱਚਮੁਚ ਨਾ ਹੋਣ ਦੇ ਬਰਾਬਰ ਹੀ ਹੁੰਦਾ ਹੈ। ਇਸ ਪੱਖੋਂ ਮੈਂ ਆਪਣੇ ਵਿਤ ਅਨੁਸਾਰ ਬਾਪੂ ਦੇ ਆਦਰਸ਼ ਨਾਲ ਨਿਭਣ ਦਾ ਯਤਨ ਕਰਦਾ ਹਾਂ ਅਤੇ ਉਸ ਵਾਂਗ ਹੀ ਲੋਕਾਂ ਦੇ ਨੱਕੋਂ-ਮੂੰਹੋਂ ਵੀ ਲਹਿੰਦਾ ਹਾਂ।

**? ਬਾਪੂ ਦੇ ਮੁਕਾਬਲੇ ਤੁਸੀਂ ਮਾਂ ਦਾ ਜ਼ਿਕਰ ਘੱਟ ਕੀਤਾ ਹੈ। ਉਹਦਾ ਜ਼ਿਕਰ ਕਰੋ ?**

– ਸ਼ਾਇਦ ਬਾਪੂ ਵੱਲੋਂ ਬਹੁਤੀ ਸਪੇਸ ਲੈ ਜਾਣ ਕਰਕੇ ਮਾਂ ਕਿਧਰੇ ਅਣਗੌਲੀ ਰਹਿ ਗਈ। ਉਂਜ ਉਹ ਬਾਪੂ ਨਾਲ 'ਜੱਟੀਆਂ' ਵਾਂਗੂੰ ਹੀ ਮਿਕਦੀ ਰਹੀ। ਕਈ ਵਾਰ ਉਹ ਆਖਦੀ, ਉਸ ਮੈਨੂੰ ਹੀ ਪਤੈ ਏਸ ਕੁਲੱਛਣੇ ਜੱਟ ਨਾਲ ਮੈਂ ਕਿਵੇਂ ਦਿਨ ਪੂਰੇ ਕੀਤੇ ਐ। ਪਰ ਫੇਰ ਵੀ ਉਮਰ ਦੇ ਪਿਛਲੇ ਪਹਿਰ ਤੱਕ ਉਹ ਦਬੀ ਨਹੀਂ। ਕੰਮ ਨੂੰ ਤਾਂ ਉਹ ਜਰਵਾਣੀ ਹੈ ਹੀ ਸੀ, ਆਪਣੀ ਉਮਰੇ ਜ਼ਿੰਦਗੀ ਨੂੰ ਮਾਨਣ ਵਿਚ ਵੀ ਪੂਰੀ ਰਕਾਨ ਰਹੀ ਹੈ। ਵੱਡੇ ਖੌਂਚੇ-ਨੁਮਾ ਟੋਕਰੇ ਵਿਚ ਡੇੜ ਮਣ ਦੇ ਕਰੀਬ ਗੋਹਾ-ਕੂੜਾ ਪਾ ਕੇ ਪਿੰਡ ਤੋਂ ਬਾਹਰ ਅਲਾਟ ਹੋਏ ਗੜ੍ਹੇ ਵਿਚ ਜਾ ਸਿੱਟ੍ਹਣਾ ਅਤੇ ਆਉਂਦੇ ਵਕਤ ਝਿੜੀ ਵਾਲੇ ਖੂਹ ਤੋਂ ਮੱਟ-ਨੁਮਾ ਤੌੜਾ ਸਿਰ ਤੇ, ਦੂਜਾ ਢਾਕ ਤੇ ਰੱਖੀ ਮੁੜਨਾ ਨਿੱਤ ਦਾ ਵਿਹਾਰ ਸੀ। ਬਿਨਾ ਖਿਝੇ-ਖਪੇ ਬਾਪੂ ਦੇ ਬਰਾਬਰ ਕਣਕ ਵੱਢਣੀ, ਟੋਕਾ ਗੇੜਨਾ, ਕੰਧਾਂ-ਕੋਠੇ ਲਿੱਪਣੇ ਅਤੇ ਪੰਦਰਾਂ ਪੰਦਰਾਂ ਬੰਦਿਆਂ ਦਾ ਭੱਤਾ ਢੋਣਾ ਆਮ ਗੱਲ ਸੀ। ਵਿਆਹ-ਸ਼ਾਦੀਆਂ ਵਿਚ ਬੇਬੇ ਦਾ ਬਿਲਕੁਲ ਦੂਜਾ ਰੂਪ ਦਿਸਦਾ। ਰੱਜ ਕੇ ਸ਼ੌਕੀਨੀ ਲਾਉਣੀ, ਜਾਗੋ ਚੱਕਣੀ, ਨੱਚਣਾ, ਬੋਲੀਆਂ ਪਾਉਣੀਆਂ ਉਸਦੇ ਮਨਭਾਉਂਦੇ ਸ਼ੌਂਕ ਰਹੇ ਹਨ। ਅਜਿਹੇ ਮੌਕਿਆਂ ਉਤੇ ਉਹ ਬਾਪੂ ਦੇ ਨਾਲ ਹੀ ਓਹਲੇ ਨਾਲ ਜਦੋਂ ਦਾਰੂ ਦੀ ਬਾਟੀ ਵੀ ਪੀ ਲੈਂਦੀ ਤਾਂ ਫਿਰ ਭੜਥੂ ਪੈਂਦਾ ਦਿਸਦਾ। ਉਸ ਦੇ ਅਜਿਹੇ ਚਾਅ-ਚੌਂਪਾ ਕਰਕੇ ਮੇਰੇ ਤਾਇਆਂ ਦੇ ਮੁੰਡੇ-ਕੁੜੀਆਂ ਵੀ ਉਸ ਨਾਲ ਸਖੇ-ਸਹੇਲੀਆਂ ਵਾਂਗ ਘੁਲੇ-ਮਿਲੇ ਸਨ। ਖਾਣ-ਪਕਾਉਣ ਦਾ ਸ਼ੌਂਕ ਹੋਣ ਕਰਕੇ ਉਹ ਕੋਈ ਨਾ ਕੋਈ ਚੰਗਾ-ਚੋਸਾ ਬਣਾਈ ਰੱਖਦੀ ਜਿਸ ਨਾਲ ਮੇਰੇ ਤਾਇਆਂ ਦੇ ਜੁਆਕਾਂ ਦਾ ਝੁਰਮਟ ਵੀ ਬੇਬੇ ਦੁਆਲੇ ਹੀ ਜੁੜਿਆ ਰਹਿੰਦਾ। ਬੇਬੇ ਕਦੇ ਵੀ ਤੱਕੜੀ ਫੜ੍ਹ ਕੇ ਤੋਲਣ ਵਾਲਿਆਂ 'ਚੋਂ ਨਹੀਂ ਰਹੀ; ਬੱਸ ਜੱਟ ਦੇ ਕਹਿਣ ਵਾਂਗ ਸਲੰਘ ਭਰ ਐਧਰ ਕੀ ਤੇ ਔਧਰ ਕੀ ਵਾਲੀ ਗੱਲ ਹੀ ਰੱਖੀ।

ਜਦੋਂ ਬਾਪੂ ਕਤਲ, ਮੁਕੱਦਮਿਆਂ ਅਤੇ ਕੋਰਟਾਂ-ਕਚਹਿਰੀਆਂ 'ਚ ਉਲਝਿਆ ਹੁੰਦਾ ਤਾਂ ਬੇਬੇ ਬੰਦਿਆਂ ਵਾਂਗ ਸਿਰ ਤੇ ਮੜਾਸਾ ਬੰਨ੍ਹ ਕੇ ਸਾਰੀ ਕਬੀਲਦਾਰੀ ਦਾ ਭਾਰ ਓਟ ਲੈਂਦੀ। ਜਦੋਂ ਕੁਝ ਸੁਖਾਲੇ ਦਿਨ ਹੁੰਦੇ ਤਾਂ ਉਹ ਬੀਤਿਆ ਭੁੱਲ ਕੇ ਫਿਰ ਖੇੜੇ ਵਿਚ ਆ ਜਾਂਦੀ। 'ਦੋ ਪਈਆਂ ਵਿੱਸਰ ਗਈਆਂ, ਸਦਕੇ ਮੇਰੀ ਢੂਈ ਦੇ' ਆਖਦੀ ਉਹ ਡਿੱਗੀ-ਢੱਠੀ ਜ਼ਿੰਦਗੀ ਨੂੰ ਮੁੜ ਉਸਾਰਨ ਦਾ ਐਲਾਨ ਕਰ ਦਿੰਦੀ। ਹੁਣ ਤੱਕ ਵੀ ਜੇ ਕੋਈ ਘਰਦਾ ਜੀਅ ਸਿਰ ਚੜ੍ਹੇ ਆੜ੍ਹਤੀਆਂ ਦੇ ਕਰਜ਼ੇ ਬਾਰੇ ਗੱਲ ਕਰਦਾ ਝੁਰ ਰਿਹਾ ਹੋਵੇ ਤਾਂ ਬੇਬੇ ਆਖਦੀ ਹੈ, ਉਸ ਆਪੇ ਪਿਆ ਰਹੂ ਕਰਾੜਾਂ ਦੀਆਂ ਵਹੀਆਂ 'ਚ, ਐਂ ਹੁਣ ਸਨਕਰ (ਸੰਘ-ਕਰ) ਲੈ ਕੇ ਕਿੱਥੋਂ ਮਰ-ਜੀਏ।

ਗੱਡੀ ਦੇ ਸ਼ੌਕਰਾਂ ਵਾਂਗੂੰ ਬੇਬੇ ਨੇ ਆਪ ਤਾਂ ਜ਼ਿੰਦਗੀ ਦੇ ਬਥੇਰੇ ਝਟਕੇ ਸਹਾਰੇ ਪਰ ਬੱਚਿਆਂ ਨੂੰ ਹਮੇਸ਼ਾਂ ਹੀ ਝੰਜੋੜੇ ਜਾਣ ਤੋਂ ਬਚਾਈ ਰੱਖਿਆ। ਸਭ ਤੋਂ ਛੋਟਾ ਹੋਣ ਕਰਕੇ ਮੈਨੂੰ ਬੇਬੇ ਨੇ ਲਾਡਲਿਆਂ ਵਾਂਗ ਹੀ ਪਾਲਿਆ। ਅੱਠ-ਨੌਂ ਸਾਲ ਦੀ ਉਮਰ ਤੱਕ ਮੈਂ ਬੇਬੇ ਦਾ ਦੁੱਧ ਚੁੰਘਣ ਅਤੇ ਉਸ ਨਾਲ ਪੈਣ ਦੀ ਰਿਹਾੜ ਕਰਦਾ ਰਿਹਾ, ਤੇ ਉਹ ਮੇਰੀ ਇਹ ਰੀਝ ਪੂਰੀ ਵੀ ਕਰਦੀ ਰਹੀ। ਪੜ੍ਹਾਈ ਦਾ ਖਰਚ ਨਾ ਦੇਣ ਲਈ ਜਦੋਂ ਬਾਪੂ ਲੋਹੇ ਦਾ ਥਣ ਬਣ ਕੇ ਅੜ ਜਾਂਦਾ ਤਾਂ ਬੇਬੇ ਅਛੋਪਲੇ ਹੀ ਮੇਰੀ ਧਿਰ ਬਣ ਕੇ ਖੜ੍ਹ ਜਾਂਦੀ। ਕਿਸੇ ਆਂਢਣ-ਗੁਆਂਢਣ ਤੋਂ ਉਧਾਰ ਫੜ੍ਹਦੀ ਜਾਂ ਚੋਰੀਓਂ ਕਣਕ ਵੇਚ ਕੇ ਮੇਰਾ ਬੁੱਤਾ ਸਾਰ ਦਿੰਦੀ। ਮੇਰੀ ਐੱਮ.ਏ. ਤੱਕ ਦੀ ਪੜ੍ਹਾਈ ਵਿਚ ਉਸਨੇ ਆਖਰੀ ਅਹੂਤੀ ਆਪਣੇ ਤੁੰਗਲ ਵੇਚ ਕੇ ਪਾਈ ਅਤੇ ਕਦੇ ਇਕ ਵਾਰ ਵੀ ਇਹ ਗੱਲ ਜਤਾਈ ਨਹੀਂ। ਨਾ ਹੀ ਬਦਲੇ ਵਿਚ ਕਦੇ ਕੋਈ ਫਰਮਾਇਸ਼ ਕੀਤੀ। ਉਸਦਾ ਇਹ 'ਗੁਪਤ ਦਾਨ' ਕਈ ਵਾਰ ਹੁਣ ਮੇਰੇ ਅੰਦਰ ਅਪਰਾਧ-ਬੋਧ ਪੈਦਾ ਕਰ ਦਿੰਦਾ ਹੈ, ਕਿਉਂਕਿ ਮੈਂ ਸਭ ਕੁਝ ਪ੍ਰਾਪਤ ਕਰਨ ਪਿੱਛੋਂ ਵੀ ਉਸ ਲਈ ਕੁਝ ਖਾਸ ਨਹੀਂ ਕਰ ਸਕਿਆ। ਹੁਣ ਜਦੋਂ ਮੈਨੂੰ ਉਸ ਲਈ ਕੁਝ ਕਰਨ ਦਾ ਅਹਿਸਾਸ ਸਤਾਉਣ ਲੱਗਿਆ ਹੈ ਤਾਂ ਉਹ ਆਪ ਵੈਰਾਗ ਦੀ ਉਸ ਅਵਸਥਾ ਵਿਚ ਪਹੁੰਚ ਗਈ ਹੈ ਜਿੱਥੇ ਦਾਲ-ਫੁਲਕੇ ਤੋਂ ਇਲਾਵਾ ਉਸ ਲਈ ਕੋਈ ਸੰਸਾਰੀ ਚੀਜ ਮਾਅਨੇ ਹੀ ਨਹੀਂ ਰੱਖਦੀ। ਬੇਬੇ ਦੇ ਅਨਪੜ੍ਹ ਜਾਂ ਅਧਪੜ੍ਹ ਪੁੱਤ-ਪੋਤਰੇ, ਨੂੰਹ, ਪੋਤ-ਨੂੰਹਾਂ ਉਸ ਲਈ ਵਧੇਰੇ ਆਪਣੇ ਸਿੱਧ ਹੋਏ ਹਨ। ਜਿਵੇਂ ਉਹ ਬੇਬੇ ਨੂੰ ਫੁੱਲਾਂ ਵਾਂਗ ਸਾਂਭਦੇ ਅਤੇ ਸੁਖ ਦਿੰਦੇ ਹਨ, ਸ਼ਾਇਦ ਮੈਂ ਅਤੇ ਮੇਰਾ ਪਰਿਵਾਰ ਇਕ ਦਿਨ ਵੀ ਅਜਿਹਾ ਨਾ ਕਰ ਸਕਦੇ। ਮੇਰੇ ਮਨ ਤੇ ਇਹ ਭਾਰ ਹੈ ਜਿਹੜਾ ਮੈਨੂੰ ਬੇਬੇ ਬਾਰੇ ਕੋਈ ਗੱਲ ਛੇੜਨ ਤੋਂ ਹੋੜਦਾ ਹੈ। ਹੁਣ ਵੀ ਜਦੋਂ ਪਿੰਡ ਜਾ ਕੇ ਬੇਬੇ ਨੂੰ ਮੱਥਾ ਟੇਕਦਾ ਹਾਂ ਅਤੇ ਉਹ ਬਿਨਾ ਕੁਝ ਬੋਲੇ ਨਿਰਭਾਵ ਜਿਹੀ ਇਕ ਟਕ ਮੇਰੇ ਵੱਲ ਵੇਖੀ ਜਾਂਦੀ ਹੈ ਤਾਂ ਮੇਰੇ ਤੋਂ ਉਸਦੀਆਂ ਸੱਖਣੀਆਂ ਅੱਖਾਂ ਦੀ ਤਾਬ ਝੱਲੀ ਨਹੀਂ



ਜਾਂਦੀ, ਮੈਂ ਕਿਸੇ ਬਹਾਨੇ ਹੋਰ ਕਿਧਰੇ ਵੇਖਣ ਲਗਦਾ ਹਾਂ। ਸਬਰ, ਸੁਹਜ, ਸੰਜਮ ਅਤੇ ਸੰਤੁਲਨ ਦੀ ਸਾਕਾਰ ਮੂਰਤ ਬੇਬੇ ਤੋਂ ਮੈਂ ਸੁਚੇਤ ਨਾਲੋਂ ਵੱਧ ਅਚੇਤ ਹੀ ਗ੍ਰਹਿਣ ਕੀਤਾ ਹੈ, ਭਾਵੇਂ ਮੇਰੇ ਵਿਚ ਇਹ ਗੁਣ ਮਸਾਂ ਰੀਣ-ਮਾਤਰ ਹੀ ਆ ਸਕੇ ਹਨ।

**? ਸਕੂਲ ਟਾਈਮ ਵਿਚ ਤੁਹਾਡੇ ਅੰਦਰ ਗੀਤ ਲਿਖ ਕੇ 'ਮਾਨ ਮਰਾੜ੍ਹਾਂ ਵਾਲਾ' ਬਣਨ ਦੀ ਇੱਛਾ ਵੀ ਜਾਗੀ ਸੀ। ਇਹ ਵੀ ਸੋਚਿਆ ਸੀ ਕਿ ਤੁਹਾਡੇ ਗੀਤ ਮੁਹੰਮਦ ਸਦੀਕ ਤੇ ਰਣਜੀਤ ਕੌਰ ਹੋਰੀਂ ਗਾਉਣ। ਅੱਜ ਮੀਡੀਆ-ਯੁੱਗ ਵਿਚ ਜਦੋਂ ਗਾਇਕੀ ਤੇ ਗੀਤਕਾਰੀ ਦੀ ਚੜ੍ਹਤ ਹੈ ਤਾਂ ਇਹ ਵੇਖ ਕੇ ਤੁਹਾਡੇ ਅੰਦਰਲਾ ਉਹ 'ਮਾਨ ਮਰਾੜ੍ਹਾਂ ਵਾਲਾ' ਬਣਨ ਦੀ ਇੱਛਾ ਰੱਖਣ ਵਾਲਾ ਬੰਦਾ ਕੀ ਸੋਚਦਾ ਹੈ ?**

–'ਮਾਨ ਮਰਾੜ੍ਹਾਂ ਵਾਲਾ' ਬਣਨ ਦੀ ਮੇਰੀ ਇੱਛਾ ਇਕ ਵਾਰੀ ਜਾਗਣ ਤੋਂ ਬਾਅਦ ਮੇਰੇ ਅੰਦਰੋਂ ਕਦੇ ਵੀ ਨਹੀਂ ਮਰੀ। ਫਰਕ ਸਿਰਫ ਇਹ ਪਿਆ ਕਿ ਕੈਰੀਅਰ ਲਈ ਜੋ ਟਰੈਕ ਮੈਂ ਚੁਣਿਆਂ ਉਸ ਵਿਚ ਵਿਚਰਦਿਆਂ ਮੈਨੂੰ ਉਹ ਇੱਛਾ ਲਗਾਤਾਰ ਦਬਾਉਣੀ ਪਈ। ਅਕਾਦਮਿਕ ਜਗਤ ਵਿਚ ਬਾਬੂ ਸਿੰਘ ਮਾਨ ਦਾ ਨਾਂ ਲੈਣਾ ਵੀ ਕੋਈ ਅਸ਼ਲੀਲ ਹਰਕਤ ਵਰਗਾ ਕਾਰਾ ਗਿਣਿਆਂ ਜਾਂਦਾ ਰਿਹਾ ਹੈ। ਮੈਂ ਪੰਜਾਬੀ ਵਿਦਵਾਨਾਂ ਦੀ ਇਸ ਕੱਟੜ ਤੇ ਉਲਾਰੂ ਸੋਚ ਨੂੰ ਉਲੱਦ ਕੇ ਮਨ-ਇੱਛਤ ਦਿਸ਼ਾ ਵੱਲ ਨਹੀਂ ਤੁਰ ਸਕਿਆ। ਫਿਰ ਮੈਂ ਸੋਚਿਆ ਜਿਸ ਪਿੰਡ ਨਹੀਂ ਜਾਣਾ ਉਸਦਾ ਰਾਹ ਪੁੱਛ ਕੇ ਕੀ ਕਰਨਾ ਹੈ। ਮੀਡੀਆ ਦੇ ਯੁੱਗ ਵਿਚ ਗਾਇਕਾਂ ਅਤੇ ਗੀਤਕਾਰਾਂ ਦੀ ਚੜ੍ਹਤ ਹੈ ਤਾਂ ਕਈ ਵਾਰੀ ਮਨ ਵਿਚ ਉਬਾਲ ਉਠਦਾ ਹੈ ਕਿ ਮਨ ਆਈ ਕਰਾਂ। ਜਿਵੇਂ ਸ਼ਮਸ਼ੇਰ ਸੰਧੂ ਨੇ ਆਪਣੀ ਪੱਤਰਕਾਰ ਦੀ ਥਾਂ ਗੀਤਕਾਰ ਵਾਲੀ ਪਛਾਣ ਨੂੰ ਪਹਿਲ ਦਿੱਤੀ ਹੈ, ਉਵੇਂ ਅਕਾਦਮਿਕ ਜਗਤ ਨੂੰ ਦੂਜੀ ਥਾਂ ਰੱਖਾਂ ਪਰ ਸ਼ਾਇਦ ਹੁਣ ਅਕਾਦਮਿਕ ਜਗਤ ਮੇਰੀਆਂ ਜੜ੍ਹਾਂ ਵਿਚ ਬੈਠ ਚੁੱਕਾ ਹੈ। ਇਸ ਨੇ ਮੇਰੇ ਅੰਦਰਲੇ ਗੀਤਕਾਰ ਹੀ ਨਹੀਂ ਕਹਾਣੀਕਾਰ ਨੂੰ ਵੀ ਖੁੱਡੇ-ਲਾਇਨ ਲਾਇਆ ਹੋਇਆ ਹੈ। ਵੈਸੇ ਵੀ ਹੁਣ ਜਾਪਦਾ ਹੈ ਕਿ 'ਮਾਨ ਮਰਾੜ੍ਹਾਂ ਵਾਲਾ' ਗੀਤਕਾਰੀ ਦੀ ਬਹੁਤ ਉੱਚੀ ਟੀਸੀ ਹੈ, ਉਸ ਤੱਕ ਪਹੁੰਚਣ ਲਈ ਤੇਨਜ਼ਿੰਗ ਹਿਲੇਰੀ ਵਰਗਾ ਸਾਹਸ ਅਤੇ ਸ਼ਿੱਦਤ ਹੁਣ ਮੇਰੇ 'ਚ ਬਾਕੀ ਨਹੀਂ ਬਚੀ। ਬੱਸ ਇੱਛਾ ਨੂੰ ਪਲੋਸ ਕੇ ਮਨ ਨੂੰ ਬਹਿਲਾਉਣ ਦਾ ਸੁਆਦ ਕਦੇ ਕਦੇ ਉਸ ਦੇ ਗੀਤ ਸੁਣ ਕੇ ਇਕਾਂਤ 'ਚ ਮਾਣਦਾ ਹਾਂ।

**? ਤੁਹਾਡਾ ਮਨ ਅਜੇ ਵੀ ਸ਼ਹਿਰ ਵਿਚੋਂ 'ਮਾਲਵਾ' ਲੱਭਦਾ ਰਹਿੰਦਾ ਹੈ। ਤੁਹਾਡੇ ਅੰਦਰ ਇਹ 'ਮਾਲਵਾ' ਕਿੰਨਾ ਕੁ ਤੇ ਕਿੰਨਾਂ ਕਿੰਨਾਂ ਰੂਪਾਂ ਵਿਚ ਬੈਠਾ ਹੈ ?**

– ਇਸ ਪੱਖੋਂ ਮੇਰਾ ਹਾਲ ਪਰਵਾਸੀ ਪੰਜਾਬੀਆਂ ਵਾਲਾ ਰਿਹਾ ਹੈ। ਸ਼ਹਿਰ 'ਚ ਰਹਿਣਾ ਮੈਨੂੰ ਹਮੇਸ਼ਾਂ ਹੀ ਚੰਗਾ ਲਗਦਾ ਰਿਹਾ ਹੈ। ਮੈਨੂੰ ਵੱਡੇ ਸ਼ਹਿਰਾਂ – ਦਿੱਲੀ, ਚੰਡੀਗੜ੍ਹ, ਜਲੰਧਰ, ਪਟਿਆਲਾ – ਵਿਚ ਰਹਿਣ ਦਾ ਮੌਕਾ ਮਿਲਿਆ ਹੈ। ਸ਼ਹਿਰ 'ਚ ਰਹਿੰਦਿਆਂ ਮੈਨੂੰ ਚੰਗੇ ਆਂਢ-ਗੁਆਂਢ ਨਾ ਮਿਲਣ ਦਾ ਵਿਗੋਚਾ ਵੀ ਕਦੇ ਨਹੀਂ ਅੱਖਰਦਾ। ਆਪਣੇ ਘਰ ਵਿਚ ਵੀ ਮੈਨੂੰ ਇਕੱਲਿਆਂ ਵਾਂਗ ਰਹਿਣਾ ਹੀ ਚੰਗਾ ਲਗਦਾ ਹੈ। ਪਿੰਡ ਜਾ ਕੇ ਵੀ ਮੈਂ ਆਪਣੇ ਘਰ ਤੋਂ ਬਾਹਰ ਕਦੇ ਨਹੀਂ ਜਾਂਦਾ। ਮੈਂ ਸ਼ਹਿਰ ਵਿਚ ਵੀ ਜਿਸ 'ਮਾਲਵੇ' ਨੂੰ ਭਾਲਦਾ ਰਹਿੰਦਾ ਹਾਂ, ਉਹ ਮਾਲਵੇ ਦਾ ਕੋਈ ਭੂਗੋਲਿਕ ਖਿੱਤਾ ਨਹੀਂ ਬਲਕਿ ਮਲਵਈ ਸੁਭਾਅ ਦੇ ਕੁਝ ਕੁ ਵਿਸ਼ੇਸ਼ ਫੀਚਰ ਹਨ, ਜਿਵੇਂ ਥੋੜ੍ਹਾ ਸੰਗ ਕੇ ਗੱਲ ਕਰਨੀ, ਆਪਾ ਜਤਾਉਣ ਤੋਂ ਗੁਰੇਜ਼ ਕਰਨਾ, ਆਪਣੀ ਪ੍ਰਾਪਤ ਜ਼ਿੰਦਗੀ ਨਾਲ ਹੀ ਸੰਤੁਸ਼ਟ ਮਹਿਸੂਸ ਕਰਨਾ, ਬਾਹਰ ਭੱਜਣ ਦੀ ਥਾਂ ਆਪਣੇ ਛੋਟੇ ਜਿਹੇ ਜੱਦੀ ਸਾਂਸਕ੍ਰਿਤਕ ਦਾਇਰੇ ਵਿਚ ਵਿਚਰਦਿਆਂ ਸੁਖੀ ਰਹਿਣਾ, ਸਵੈਮਾਣ ਨੂੰ ਹਰ ਹੀਲੇ ਬਚਾਉਣ ਦਾ ਯਤਨ ਕਰਨਾ ਆਦਿ। ਹਾਲਾਂਕਿ ਸ਼ਹਿਰੀ ਰਫ਼ਤਾਰ ਨਾਲ ਕਦਮ ਮਿਲਾਉਣ ਦੀ ਚਾਹਤ ਵਿਚ ਮਾਲਵੇ ਦੇ ਬਹੁਤੇ ਫੀਚਰ ਮੇਰੇ ਹੱਥੋਂ ਹੁਣ ਕਿਰ ਹੀ ਗਏ ਹਨ, ਫਿਰ ਵੀ ਕੁਝ ਨਾ ਕੁਝ ਬਚੇ ਹੋਏ ਹਨ। ਜਦੋਂ ਕੋਈ ਆਖਦਾ ਹੈ, ਉਤੂੰ ਬੜੇ ਸਹਿਜ ਨਾਲ ਮਠਾਰ ਮਠਾਰ ਕੇ ਗੱਲਾਂ ਕਰਦੈਂ ਤਾਂ ਮੈਨੂੰ ਜਾਪਦਾ ਹੈ ਅਜੇ ਵੀ ਮਾਲਵਾ ਮੇਰੇ ਅੰਦਰ ਜਿਉਂਦਾ ਹੈ। ਤੱਤ-ਭੜੱਤੇ, ਅੱਗਾ-ਦੌੜ, ਪਿੱਛਾ ਚੌੜ ਵਾਲੇ ਸ਼ੇਖ਼ੀਖੋਰ ਬੰਦਿਆਂ ਕੋਲ ਮੈਨੂੰ ਦੋ ਪਲ ਬਹਿਣਾ ਵੀ ਔਖਾ ਹੋ ਜਾਂਦਾ ਹੈ। ਇਕ ਪੰਜਾਬੀ ਫ਼ਿਲਮ ਵਿਚ ਹਰਭਜਨ ਮਾਨ ਆਪਣੀ ਪ੍ਰੇਮਿਕਾ (ਹੀਰੋਇਨ) ਕੋਲ ਪਿਆਰ ਦਾ ਇਜ਼ਹਾਰ ਕਰਨ ਲਈ ਆਖਦਾ ਹੈ, ਉਸ ਇਕ ਗੱਲ ਕਹਾਂ ? ਉਹ ਅੱਗੋਂ ਜਾਣਦਿਆਂ ਹੋਇਆਂ ਵੀ ਪੁੱਛਦੀ ਹੈ, ਉਹ ਹਾਂ ਕਹਿ। ਇਕ ਪਲ ਅਟਕਣ ਤੋਂ ਪਿਛੋਂ ਮਾਨ ਆਖਦਾ ਹੈ, ਉਹ ਕਹਿਤੀ। ਮੈਨੂੰ ਉਸ ਸਮੇਂ ਹਰਭਜਨ ਮਾਨ ਦੇ ਚਿਹਰੇ; ਗੱਲਬਾਤ, ਅੰਦਾਜ਼,

ਸੁਭਾਅ ਵਿਚੋਂ ਮਾਲਵਾ ਡੁੱਲ੍ਹ-ਡੁੱਲ੍ਹ ਪੈਂਦਾ ਨਜ਼ਰ ਆਇਆ। ਬਾਈ ਸਹੀ ਅਰਥਾਂ 'ਚ ਮਲਵਈ ਬੰਦੇ, ਜੋ ਕਿ ਹੁਣ ਵਿਰਲੇ ਹੀ ਹਨ, ਮੈਨੂੰ ਤਾਰਿਆਂ 'ਚੋਂ ਚੰਨ ਵਾਂਗ ਦੂਰੋਂ ਹੀ ਦਿਸ ਪੈਂਦੇ ਹਨ ਤੇ ਵੇਖ ਕੇ ਮੈਂ ਖਿੜ ਜਾਂਦਾ ਹਾਂ।

**? ਜਿਸ ਕੁੜੀ ਵਿਚੋਂ ਤੁਹਾਨੂੰ ਕਦੇ 'ਮਾਲਵੇ ਦੀ ਝਲਕ' ਮਿਲੀ ਸੀ ਅੱਜ ਉਹ ਤੁਹਾਡੀ ਪਤਨੀ ਹੈ। ਤੁਹਾਡੇ ਲਿਖਣ ਕਾਰਜ ਵਿਚ ਉਹਦਾ ਕਿੰਨਾ ਕੁ ਤੇ ਕਿਸ ਕਿਸਮ ਦਾ ਰੋਲ ਜਾਂ ਸਹਿਯੋਗ ਹੈ ?**

– ਬੱਸ 'ਝਲਕ' ਹੀ ਮਿਲੀ ਸੀ ਮਾਲਵੇ ਦੀ। ਅਸਲ ਵਿਚ ਉਸਦਾ ਮਾਲਵੇ ਨਾਲ ਮੋਹ ਦਾ ਰਿਸ਼ਤਾ ਨਹੀਂ ਬਣ ਸਕਿਆ। ਕਈ ਵਾਰੀ ਛੋਲਿਆਂ ਨਾਲ ਘੁਣ ਵਾਂਗੂੰ ਮੈਂ ਵੀ ਪਿਸ ਜਾਂਦਾ ਹਾਂ। ਮੇਰੇ ਮੂੰਹ 'ਚੋਂ ਨਿਕਲੇ ਮਲਵਈ ਉਪ-ਭਾਸ਼ਾ ਦੇ ਸ਼ਬਦ ਉਸਨੂੰ ਪੰਜਾਬੀ ਦੇ ਸ਼ਬਦ ਹੀ ਨਹੀਂ ਲਗਦੇ, ਮਨਘੜਤ ਲਗਦੇ ਹਨ। ਦੂਜੇ ਪਾਸੇ ਉਸ ਨੂੰ ਮਾਝੇ ਦੀ ਹਰ ਚੰਗੀ-ਮਾੜੀ ਚੀਜ ਖਿੱਚ ਪਾਉਂਦੀ ਹੈ। ਇਸ ਮਾਝੇ-ਮਾਲਵੇ ਦੇ ਤਿੱਖੇ ਇਲਾਕਾਵਾਦੀ ਟਕਰਾਅ ਨੇ ਮੈਨੂੰ ਕਰੂਰ ਯਥਾਰਥ ਦੀ ਸੋਝੀ ਕਰਵਾਈ ਹੈ ਕਿ ਪੰਜਾਬ ਕਿਸੇ ਪੱਖੋਂ ਵੀ ਅਜੇ ਇਕ-ਜੁੱਟ ਇਕਾਈ ਨਹੀਂ। ਜਾਤਾਂ, ਧਰਮਾਂ ਅਤੇ ਲਿੰਗ-ਆਧਾਰਿਤ ਵੰਡੀਆਂ ਵਾਂਗ ਇਲਾਕਾਈ ਵਖਰੇਵੇਂ ਵੀ ਬਹੁਤ ਤਿੱਖੇ ਅਤੇ ਡੂੰਘੇ ਹਨ। ਮੈਨੂੰ ਇਹ ਖਾਈ ਛੇਤੀ ਪੂਰੀ ਜਾਣ ਵਾਲੀ ਵੀ ਨਹੀਂ ਲਗਦੀ। ਇਸ ਦਾ ਜ਼ਿਕਰ ਮੇਰੀ ਕਹਾਣੀ 'ਸੱਪ ਛੱਡਣਾ' ਵਿਚ ਆਇਆ ਹੈ।

ਲਿਖਣਾ ਤਾਂ ਇਕੱਲਿਆਂ ਲੜਨ ਵਾਲਾ ਯੁੱਧ ਹੈ। ਘਰ ਦੇ ਦੂਜੇ ਮੈਂਬਰ ਤਾਂ ਬੱਸ ਕੁਝ ਵਿਹਲ ਅਤੇ ਸ਼ਾਂਤੀ ਦਾ ਦਾਨ ਬਖ਼ਸ਼ ਦੇਣ ਤਾਂ ਉਨ੍ਹਾਂ ਦਾ ਸਹਿਯੋਗ ਸਮਝ ਲੈਣਾ ਚਾਹੀਦਾ ਹੈ। ਮੇਰੀ ਪਤਨੀ ਨੇ ਕਈ ਕੰਮ ਆਪਣੇ ਜ਼ਿੰਮੇ ਲਏ ਹੋਏ ਹਨ, ਜਿਵੇਂ ਬੱਚਿਆਂ ਨੂੰ ਸਕੂਲ ਲਈ ਤਿਆਰ ਕਰਨਾ, ਉਨ੍ਹਾਂ ਨੂੰ ਪੜ੍ਹਨ ਲਈ ਬਿਠਾਉਣਾ, ਰੋਟੀ-ਪਾਣੀ ਵਰਤਾਉਣਾ, ਰਾਤ ਨੂੰ ਜਿੰਦੇ-ਕੁੰਡੇ ਲਾਉਣਾ, ਘਰ ਦੀ ਸਾਂਭ-ਸੰਭਾਲ ਕਰਨਾ, ਰੁੱਖ-ਬੂਟੇ ਹਰੇ-ਭਰੇ ਰੱਖਣਾ ਆਦਿ। ਪਰ ਮੈਨੂੰ ਮੈਂਟਲ-ਸਪੇਸ ਬਹੁਤ ਘੱਟ ਮਿਲਦੀ ਹੈ। ਘਰੇ ਬੈਠਿਆਂ ਮੈਨੂੰ ਹਰ ਵੇਲੇ ਕੋਈ ਤੌਖਲਾ ਜਿਹਾ ਸਤਾਉਂਦਾ ਰਹਿੰਦਾ ਹੈ, ਜਿਵੇਂ ਕੋਈ ਅਣਹੋਣੀ ਵਾਪਰਨ ਵਾਲੀ ਹੋਵੇ। ਪੜ੍ਹਨ ਦਾ ਕੰਮ ਤਾਂ ਘਰੇ ਬੈਠ ਕੇ ਵੀ ਕਰ ਲੈਂਦਾ ਹਾਂ ਪਰ ਸਿਰਜਣਾਤਮਕ ਲਿਖਣ ਦਾ ਕੰਮ ਪਿਛਲੇ ਕਈ ਸਾਲਾਂ ਤੋਂ ਯੂਨੀਵਰਸਿਟੀ ਦੀ ਲਾਇਬਰੇਰੀ 'ਚ ਬੈਠ ਕੇ ਕਰਦਾ ਹਾਂ। ਜੇ ਮੈਨੂੰ ਲੱਗੇ ਕਿ ਲਿਖਣ ਵੇਲੇ ਮੈਨੂੰ ਕੋਈ ਬਹੁਤਾ ਜਾਣੂੰ ਵੇਖ-ਵਾਚ ਰਿਹਾ ਹੈ ਤਾਂ ਮੈਨੂੰ ਕੁਝ ਨਹੀਂ ਸੁਝਦਾ ਲਿਖਣ ਲਈ। ਜੇ ਮੇਰੀ ਪਤਨੀ ਹਾਸੇ-ਭਾਣੇ ਵੀ ਕਹਿ ਦੇਵੇ, ਉਹ ਫੇਰ ਚੁੱਕ ਲਈ ਪੋਥੀ ? ਤਾਂ ਮੈਂ ਸਾਰਾ ਦਿਨ ਇਸ ਵਾਕ ਦੇ ਅਰਥਾਂ ਦੀ, ਕੁੱਕੜ ਦੇ ਰੂੜੀ ਫਰੋਲਣ ਵਾਂਗ ਉਲੱਦ-ਪੁਲੱਦ ਕਰਦਾ ਰਹਿੰਦਾ ਹਾਂ। ਮੈਨੂੰ ਲਗਦਾ ਹੈ ਜੇ ਕਦੇ ਮੈਨੂੰ ਕੋਈ ਬਹੁਤ ਲੁਕਵੀਂ ਥਾਂ ਮਿਲ ਜਾਵੇ ਤਾਂ ਮੈਂ ਲਿਖ ਲਿਖ ਕੇ ਆਪਣਾ ਸਾਰਾ ਗੁੱਭ-ਗੁਲਾਟ ਕੱਢ ਲਵਾਂ। ਦੂਜੇ ਪਾਸੇ ਸੱਚਾਈ ਇਹ ਹੈ ਕਿ 1996 'ਚ ਛਪੇ 'ਉਪਰੀ ਹਵਾ' ਕਹਾਣੀ-ਸੰਗ੍ਰਹਿ ਤੋਂ ਬਾਅਦ ਮੇਰੇ ਤੋਂ ਮਸਾਂ ਛੇ ਕੁ ਕਹਾਣੀਆਂ ਹੀ ਲਿਖੀਆਂ ਗਈਆਂ ਹਨ। ਇਹ ਮੱਠੀ ਰਫ਼ਤਾਰ ਮੈਨੂੰ ਡਿਪਰੈਸ਼ਨ ਦੀ ਹੱਦ ਤੱਕ ਖਿਝ ਚਾੜ੍ਹਦੀ ਹੈ ਪਰ ਪੇਸ਼ ਨਹੀਂ ਜਾਂਦੀ। ਉਂਜ ਮੇਰੀ ਪਤਨੀ ਦੀ ਵੀ ਇਹ ਇੱਛਾ ਰਹਿੰਦਾ ਹੈ ਕਿ ਮੈਂ 'ਕਾਰਗਿਲ' ਵਰਗੀ ਕੋਈ ਬੰਬਾਸਟਕ ਕਹਾਣੀ ਲਿਖ ਕੇ ਮਾਅਰਕਾ ਮਾਰਾਂ ਜਿਸ ਨਾਲ ਸਾਡਾ ਮਾਣ-ਸਨਮਾਨ ਵਧੇ। ਉਸ ਨੂੰ ਮੇਰਾ ਲੇਖਕ ਹੋਣਾ ਕੋਈ ਮਾੜਾ ਵੀ ਨਹੀਂ ਲਗਦਾ ਪਰ ਸ਼ਾਇਦ ਜਿਸ ਕਿਸਮ ਦੀ ਆਊਟ-ਪੁੱਟ ਉਹ ਲਿਖਤ ਤੋਂ ਲੋਚਦੀ ਹੈ, ਪੰਜਾਬੀ ਵਿਚ ਤਾਂ ਉਹ ਸੰਭਵ ਹੀ ਨਹੀਂ। ਇਸ ਵਜ੍ਹਾ ਕਰਕੇ ਟੌਅਰ ਬਣਾਉਣ ਦੇ ਪੂੰਜੀਵਾਦੀ ਸਾਧਨ – ਅਹੁਦਾ, ਕਾਰ, ਕੋਠੀ ਆਦਿ – ਵਧੇਰੇ ਮਹੱਤਵਪੂਰਨ ਹੋ ਜਾਂਦੇ ਹਨ। ਉਸ ਦੀ ਰੀਝ ਫਾਰਮ-ਹਾਊਸ ਬਣਾਉਣ ਦੀ ਹੈ ਅਤੇ ਮੈਂ ਫਲੈਟਵਾਦੀ ਮਾਨਸਿਕਤਾ ਦਾ ਹਾਂ।

**? ਲਿਖਣ-ਪੜ੍ਹਨ ਜਾਂ ਪੜ੍ਹਾਉਣ ਤੋਂ ਇਲਾਵਾ ਉਹ ਕਿਹੜੀਆਂ ਗੱਲਾਂ ਹਨ ਜਿਨ੍ਹਾਂ ਨਾਲ ਤੁਹਾਡੀ ਰੂਹ ਦੀ ਤ੍ਰਿਪਤੀ ਹੁੰਦੀ ਹੈ ਤੇ ਉਹ ਕੀ-ਕੁਝ ਹੈ ਜਿਹੜਾ ਤੁਹਾਨੂੰ ਤੰਗ ਪ੍ਰੇਸ਼ਾਨ ਕਰਦਾ ਹੈ ?**

– ਉਮਰ ਦਾ ਸਭ ਤੋਂ ਵੱਧ ਹਿੱਸਾ ਤਾਂ ਪੜ੍ਹਨ ਵਿਚ ਹੀ ਲੰਘਿਆ ਹੈ ਪਰ ਮੇਰੀਆਂ ਦਿਲਚਸਪੀਆਂ ਦਾ ਘੇਰਾ ਇਸ ਤੋਂ ਵਸੀਹ ਹੈ। ਮੈਨੂੰ ਗੀਤ ਸੁਣਨੇ, ਕਲਾਤਮਕ ਫ਼ਿਲਮਾਂ ਵੇਖਣੀਆਂ, ਦੇਸ਼-ਬਿਦੇਸ਼ ਵਿਚ ਸੈਰ-ਸਪਾਟੇ ਕਰਨੇ ਅਤੇ ਮਹਿਫ਼ਲ ਵਿਚ ਬੈਠ ਕੇ ਦਾਰੂ ਪੀਣਾ ਵੀ ਬਹੁਤ ਚੰਗਾ ਲਗਦਾ ਹੈ। ਮੇਰੀ ਜ਼ਿੰਦਗੀ ਦੇ ਸਭ ਤੋਂ ਵਧੀਆ ਦਿਨ ਉਹ ਹੁੰਦੇ ਹਨ ਜਦੋਂ ਮੈਂ ਕਿਸੇ ਬਾਹਰਲੇ ਮੁਲਕ ਵਿਚ ਹੋਵਾਂ, ਕਿਉਂਕਿ ਉਥੇ ਸਾਰਾ ਕੁਝ ਇਕੋ ਸਮੇਂ ਮਿਲ ਰਿਹਾ ਹੁੰਦਾ ਹੈ। ਕਬੀਲਦਾਰੀ ਦੀਆਂ ਪਰੇਸ਼ਾਨੀਆਂ ਤੋਂ ਮੁਕਤ ਹੁੰਦਾ ਹਾਂ, ਦੁਨੀਆਂ



ਦੇ ਕਲਾਸਕ ਨਾਵਲਾਂ ਤੇ ਬਣੀਆਂ ਫ਼ਿਲਮਾਂ ਆਲੀਸ਼ਾਨ ਥੀਏਟਰਾਂ ਜਾਂ ਘਰਾਂ ਵਿਚ ਹੀ ਐਲ.ਸੀ.ਡੀ. ਸਕਰੀਨ ਤੇ ਵੇਖਣ ਨੂੰ ਮਿਲ ਜਾਂਦੀਆਂ ਹਨ ਅਤੇ ਸ਼ਾਮ ਨੂੰ ਦੋਸਤਾਂ-ਮਿੱਤਰਾਂ ਦੀ ਮਹਿਫ਼ਲ ਵੀ ਜ਼ਰੂਰ ਜੁੜਦੀ ਹੈ। ਫਿਰ ਤੀਆਂ ਵਰਗੇ ਦਿਨ ਲੰਘਦੇ ਹਨ। ਰੋਜ਼ ਡਾਇਰੀ ਲਿਖਦਿਆਂ ਇਹ ਵੀ ਅਹਿਸਾਸ ਰਹਿੰਦਾ ਹੈ ਕਿ ਸਫ਼ਰਨਾਮੇ ਲਈ ਮਸਾਲਾ ਇਕੱਠਾ ਹੋ ਰਿਹਾ ਹੈ। ਕਿਤੇ ਨਾ ਕਿਤੇ ਗੁੱਝਾ ਜਿਹਾ ਇਹ ਚਾਅ ਵੀ ਹੁੰਦਾ ਹੈ ਕਿ ਅਜਿਹੇ ਖੇੜਿਆਂ ਨੂੰ ਤਰਸਦੇ ਬਹੁਤੇ ਲੇਖਕਾਂ ਤੋਂ ਮੈਂ ਵਡਭਾਗਾ ਅਤੇ ਵਿਸ਼ੇਸ਼ ਹਾਂ। ਸਭ ਤੋਂ ਵੱਡੀ ਗੱਲ ਕਿ ਯਾਤਰਾ ਦੌਰਾਨ ਦੋਸਤ ਬਹੁਤ ਬਣਦੇ ਹਨ। ਉਨ੍ਹਾਂ ਦਿਨਾਂ ਵਿਚ ਸੱਚਮੁਚ ਮੇਰੀ ਰੂਹ ਦੀ ਤ੍ਰਿਪਤੀ ਹੁੰਦੀ ਹੈ। ਖ਼ੁਸ਼ਕਿਸਮਤੀ ਨਾਲ ਮੈਨੂੰ ਅਜਿਹੇ ਮੌਕੇ ਮਿਲੇ ਵੀ ਬਹੁਤ ਹਨ ਜਿਨ੍ਹਾਂ ਦਾ ਕਾਫੀ ਜ਼ਿਕਰ ਮੈਂ ਆਪਣੇ ਤਿੰਨਾਂ ਸਫ਼ਰਨਾਮਿਆਂ ਵਿਚ ਕਰ ਚੁੱਕਾ ਹਾਂ।

ਸਵਾਲ ਦਾ ਦੂਜਾ ਹਿੱਸਾ ਮੈਨੂੰ ਤੰਗ-ਪਰੇਸ਼ਾਨ ਕਰਨ ਵਾਲੀਆਂ ਗੱਲਾਂ ਨਾਲ ਸਬੰਧਿਤ ਹੈ। ਸਭ ਤੋਂ ਵੱਧ ਪਰੇਸ਼ਾਨ ਮੈਨੂੰ ਇਹ ਗੱਲ ਕਰਦੀ ਹੈ ਕਿ ਮੇਰੇ ਤੋਂ ਚੰਗਾ ਲਿਖਿਆ ਨਹੀਂ ਜਾ ਰਿਹਾ ਦਰਮਿਆਨੇ ਦਰਜੇ ਦਾ ਅਖਵਾਉਣਾ ਮੇਰੀ ਰੂਹ ਨੂੰ ਨਪੀੜਦਾ ਹੈ। ਮੈਂ ਕਿਸੇ ਵੀ ਵਿਧਾ ਵਿਚ ਲਿਖ ਰਿਹਾ ਹੋਵਾਂ ਮੇਰੀ ਨਿਗਾਹ ਹਮੇਸ਼ਾਂ ਕਿਸੇ ਟੀਸੀ ਦੇ ਸ਼ੈਲੀਕਾਰ ਉਤੇ ਹੁੰਦੀ ਹੈ। ਜਦੋਂ ਮੇਰੇ ਤੋਂ ਉਸ ਵਰਗੀ ਗੱਲ ਨਹੀਂ ਬਣਦੀ ਤਾਂ ਮੈਂ ਛਟਪਟਾਉਂਦਾ ਹਾਂ, ਬਿਮਾਰਾਂ ਵਾਂਗ ਮੁਰਦਝਾ ਜਿਹਾ ਮਹਿਸੂਸ ਕਰਦਾ ਹਾਂ, ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦਾ ਹਾਂ। ਜੇ ਅਜਿਹੇ ਮੌਕੇ ਘਰਦੇ ਜੀਅ ਵੀ ਅੜਿੱਚਣ ਬਣ ਕੇ ਵਿਚਾਲੇ ਆ ਅੜਨ ਤਾਂ ਮੇਰਾ ਮਨ ਕਰਦਾ ਹੈ ਘਰੋਂ ਭੱਜ ਜਾਵਾਂ, ਫਰਜ਼ਾਂ ਦੀ ਪੰਜਾਲੀ ਲਾਹ ਕੇ ਪਰ੍ਹੇ ਵਗਾਹ ਮਾਰਾਂ, ਕਿਸੇ ਅਲਕ ਵਹਿੜਕੇ ਵਾਂਗ ਦੁੜੰਗੇ ਮਾਰਦਾ ਸਭ ਬੰਧਨਾਂ ਤੋਂ ਮੁਕਤ ਹੋ ਜਾਵਾਂ। ਅੱਜ-ਕੱਲ੍ਹ ਅਜਿਹਾ ਆਮ ਹੀ ਵਾਪਰਦਾ ਹੈ। ਮੇਰੇ ਤੋਂ ਸੁਖਜੀਤ ਜਾਂ ਬਲਵਿੰਦਰ ਗਰੇਵਾਲ ਵਰਗੀ ਕਹਾਣੀ ਨਹੀਂ ਲਿਖੀ ਜਾਂਦੀ, ਜਸਵੰਤ ਦੀਦ ਵਰਗੀ ਵਾਰਤਕ ਨਹੀਂ ਬਣਦੀ, ਸੁਖਪਾਲ ਵਰਗੀ ਕਵਿਤਾ ਨਹੀਂ ਸੁਝਦੀ, ਨਿੰਦਰ ਘੁਗਿਆਣਵੀ ਵਰਗੇ ਰੇਖਾ- ਚਿੱਤਰ ਨਹੀਂ ਉਲੀਕੇ ਜਾਂਦੇ, ਸਫ਼ਰਨਾਮਿਆਂ ਨੂੰ ਸਰਵਣ ਸਿੰਘ ਵਰਗੀ ਸ਼ੈਲੀ ਨਹੀਂ ਨਸੀਬ ਹੁੰਦੀ, ਡਾ. ਅਤਰ ਸਿੰਘ, ਡਾ. ਜੋਗਿੰਦਰ ਰਾਹੀ, ਡਾ. ਕੇਸਰ ਵਰਗੇ ਚਿੰਤਨੀ ਫੁਰਨੇ ਨਹੀਂ ਫੁਰਦੇ। ਮੈਨੂੰ ਲਗਦਾ ਹੈ ਮੈਂ ਪੜਛੱਤੀ ਤੇ ਸਿੱਟੀ ਕਿਸੇ ਵਾਧੂ ਚੀਜ-ਵਸਤ ਵਰਗਾ ਹੋ ਗਿਆ ਹਾਂ। ਬੱਸ ਕਤਾਰ ਵਿਚ ਸਭ ਤੋਂ ਪਿੱਛੇ ਖੜ੍ਹਨਾ ਹੀ ਮੇਰੇ ਲਈ ਸਭ ਤੋਂ ਵੱਧ ਤਕਲੀਫ਼ਦੇਹ ਬਣਦਾ ਹੈ। ਪੰਜਾਹਾਂ ਨੂੰ ਅੱਪੜਕੇ ਮੈਨੂੰ ਇਹ ਵਹਿਮ ਜਿਹਾ ਹੋਣ ਲੱਗ ਪਿਆ ਹੈ ਕਿ ਮੇਰੇ ਤੋਂ ਲਿਖਣ ਦਾ ਹੁਨਰ ਬੱਸ ਖੁੱਸਣ ਵਾਲਾ ਹੈ। ਇਉਂ ਆਪਣੇ ਸਮਕਾਲੀਆਂ ਤੋਂ ਪਛੜ ਜਾਣ ਦਾ ਤੌਖਲਾ ਪਰੇਸ਼ਾਨ ਕਰਨ ਲਗਦਾ ਹੈ। ਇਹ ਤੌਖਲਾ ਵੈਸੇ ਸੱਚ ਹੀ ਹੈ। ਪੰਜਾਬ ਦਾ ਅਜੋਕਾ ਵਸਤੂ-ਯਥਾਰਥ ਅਤੇ ਉਸ ਨੂੰ ਪ੍ਰਗਟਾਅ ਸਕਣ ਵਾਲਾ ਨਵੀਨ ਮੁਹਾਵਰਾ ਮੇਰੀ ਪਕੜ ਵਿਚ ਨਹੀਂ ਆ ਰਿਹਾ। ਦੂਰ ਤਾਂ ਕੀ ਜਾਣਾ ਆਪਣੇ ਘਰ ਵਿਚ ਹੀ ਵੱਡੇ ਬੇਟੇ ਆਸਵੰਤ ਦੇ ਨਵੇਂ ਗਿਆਨ ਅਤੇ ਨਵੀਂ ਭਾਸ਼ਾ-ਸ਼ੈਲੀ ਸਾਹਮਣੇ ਮੈਂ ਅਧਪੜ੍ਹ ਜਿਹਾ ਮਹਿਸੂਸ ਕਰਦਾ ਹਾਂ। ਨਵੀਂ ਪੀੜ੍ਹੀ ਦਾ ਯਥਾਰਥ ਪਕੜ ਸਕਣ ਲਈ ਮੇਰੇ ਸੰਦ-ਸਾਧਨ ਪੁਰਾਣੇ ਜਾਪਦੇ ਹਨ।

**? ਦਸ ਕੁ ਸਾਲ ਪਹਿਲਾਂ ਤੁਸੀਂ ਕਹਾਣੀਕਾਰਾਂ ਦੀ ਚੌਥੀ ਪੀੜ੍ਹੀ ਵਿਚ ਯਕੀਨ ਪ੍ਰਗਟ ਕੀਤਾ ਸੀ। ਅੱਜ ਤੁਸੀਂ ਚੌਥੀ ਪੀੜ੍ਹੀ ਤੇ ਚੌਥੀ ਕੂਟ ਦੀ ਕਹਾਣੀ ਨੂੰ ਕਿਵੇਂ ਪ੍ਰਭਾਸ਼ਿਤ ਕਰੋਗੇ ?**

–ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ 6-7 ਨਵੰਬਰ, 1993 'ਚ ਚੌਥੀ ਪੀੜ੍ਹੀ ਬਾਰੇ ਪੜ੍ਹਿਆ ਉਹ ਪਹਿਲਾ ਪੇਪਰ ਇਸ ਗੱਲੋਂ ਮੈਨੂੰ ਹੁਣ ਵੀ ਤਸੱਲੀ ਦਿੰਦਾ ਹੈ ਕਿ ਜਿਨ੍ਹਾਂ ਦੀਆਂ ਕਹਾਣੀਆਂ ਬਾਰੇ ਮੈਂ ਚਰਚਾ ਛੇੜੀ ਸੀ, ਉਹ ਹੁਣ ਸੱਚਮੁੱਚ ਚੌਥੀ ਪੀੜ੍ਹੀ ਦੇ ਥੰਮ੍ਹ ਲੇਖਕ ਹਨ। ਉਦੋਂ ਇਸ ਧਾਰਨਾ ਨੂੰ ਮੰਨਣ ਲਈ ਕੋਈ ਰਾਜੀ ਨਹੀਂ ਸੀ ਕਿ ਇਹ ਕਹਾਣੀਆਂ ਸੱਚੀਮੁੱਚੀ ਕੋਈ ਲੀਹ ਪਾੜਨ ਵਾਲੀਆਂ ਹਨ। ਫਿਰ ਇਨ੍ਹਾਂ ਕਹਾਣੀਕਾਰਾਂ ਦਾ ਕਾਫਲਾ ਵੱਡਾ ਹੁੰਦਾ ਗਿਆ। ਬਲਵਿੰਦਰ ਗਰੇਵਾਲ, ਭਗਵੰਤ ਰਸੂਲਪੁਰੀ, ਜਤਿੰਦਰ ਹਾਂਸ, ਬਲਜਿੰਦਰ ਨਸਰਾਲੀ, ਜਸਬੀਰ ਰਾਣਾ, ਬਲਦੇਵ ਸਿੰਘ ਢੀਂਡਸਾ, ਸਾਂਵਲ-ਧਾਮੀ, ਮਨਿੰਦਰ ਕਾਂਗ, ਵੀਨਾ ਵਰਮਾ, ਜਰਨੈਲ ਸਿੰਘ, ਅਮਨ ਪਾਲ ਸਾਰਾ, ਹਰਪ੍ਰੀਤ ਸੇਖਾ, ਪ੍ਰਵੇਜ਼ ਸੰਧੂ, ਆਗਾ ਅਲੀ ਮੁਦੱਸਰ, ਕਰਾਮਤ ਅਲੀ ਮੁਗਲ, ਖਾਲਿਦ ਫਰਹਾਦ ਧਾਲੀਵਾਲ ਆਦਿ ਵਰਗੇ ਹੋਰ ਕਿੰਨੇ ਹੀ ਸਮਰੱਥ ਕਲਮਕਾਰ ਬੜਾ ਕੁਝ ਨਵਾਂ ਲੈ ਕੇ ਆ ਹਾਜ਼ਰ ਹੋਏ। ਹੁਣ ਚੌਥੇ ਪੜਾਅ ਦੀ ਸਮਰੱਥ ਕਹਾਣੀ ਦੀ ਵਿਲੱਖਣਤਾ ਬਾਰੇ ਕੋਈ ਭੰਬਲਭੂਸਾ ਨਹੀਂ।

ਜਿਥੋਂ ਤੱਕ ਚੌਥੀ ਪੀੜ੍ਹੀ ਦੀ ਕਹਾਣੀ ਨੂੰ ਪਰਿਭਾਸ਼ਤ ਕਰਨ ਦਾ ਮਸਲਾ ਹੈ ਉਸ ਦੇ ਸਬੰਧ ਵਿਚ ਮੈਂ ਆਪਣੀ ਪੁਸਤਕ 'ਪੰਜਾਬੀ ਕਹਾਣੀ ਦਾ ਇਤਿਹਾਸ' ਦੇ ਅੰਤਲੇ ਅਧਿਆਇ ਦੇ ਹਵਾਲੇ ਨਾਲ ਕਹਿ ਸਕਦਾ ਹਾਂ ਕਿ ਇਹ ਉਤਰ-ਯਥਾਰਥਵਾਦੀ ਦੌਰ ਦੀ ਕਹਾਣੀ ਹੈ। ਇਸ ਲਈ ਇਸਦੀ ਵਸਤੂ-ਚੋਣ, ਬਿਰਤਾਂਤਕਾਰੀ ਅਤੇ ਦ੍ਰਿਸ਼ਟੀਕੋਣ ਆਪਣੀ ਪੂਰਵਲੀ ਕਹਾਣੀ ਨਾਲੋਂ ਬਹੁਤ ਵੱਖਰੇ ਹਨ। ਇਸ 'ਬਹੁਤ' ਦੀ ਸੰਖੇਪ ਵਿਆਖਿਆ ਇਹ ਹੈ ਕਿ ਇਸ ਕਹਾਣੀ ਨੇ ਅੰਤਰਰਾਸ਼ਟਰੀ ਪਾਸਾਰਾਂ ਵਾਲੇ ਪੰਜਾਬੀ ਭਾਈਚਾਰੇ ਅੰਦਰਲੀਆਂ ਜਾਤਾਂ, ਧਰਮਾਂ, ਲਿੱਪੀਆਂ, ਰੰਗਾਂ, ਇਲਾਕਿਆਂ, ਆਰਥਿਕਤਾਵਾਂ, ਲਿੰਗ-ਵਖਰੇਵਿਆਂ ਅਤੇ ਹੋਰ ਵਿਭਿੰਨ ਪਛਾਣਾਂ ਦੇ ਪ੍ਰਸਪਰ ਟਕਰਾਵਾਂ ਨਾਲ ਬਣ ਰਹੇ ਨਵੇਂ ਵਸਤੂ-ਯਥਾਰਥ ਦੀ ਬਹੁ-ਪਰਤੀ ਜਟਿਲਤਾ ਨੂੰ ਪਛਾਣ ਕੇ ਬੇਫਿਕਰੀ ਨਾਲ ਫੈਂਟਸੀ ਅਤੇ ਜਾਦੂਈ ਯਥਾਰਥਵਾਦੀ ਕਥਾ-ਸ਼ੈਲੀ ਰਾਹੀਂ ਪੇਸ਼ ਕਰਨ ਦਾ ਬੀੜਾ ਚੁੱਕਿਆ ਹੈ। ਇਸ ਨਾਲ ਭਾਵੇਂ ਪੰਜਾਬੀ ਬੰਦੇ ਦਾ ਆਪਣਾ ਢਿੱਡ ਹੀ ਨੰਗਾ ਹੋਇਆ ਹੈ ਪਰ ਤਸੱਲੀ ਇਹ ਕਿ ਇਸ ਕਹਾਣੀ ਨਾਲ ਪਾਠਕ ਨੂੰ ਆਪਣੀਆਂ ਬਹੁ-ਪਛਾਣਾਂ ਵਿਚ ਦਰਜੇਬੰਦੀ ਕਰਕੇ ਮੂਲ-ਪਛਾਣ ਲੱਭਣ ਅਤੇ ਵਿਭਿੰਨ ਪਛਾਣਾਂ ਵਿਚ ਤਾਲਮੇਲ ਬਿਠਾ ਸਕਣ ਦਾ ਹੁਨਰ ਪ੍ਰਾਪਤ ਹੋਣ ਲੱਗਾ ਹੈ। ਮਿਸਾਲ ਵਜੋਂ ਪਾਕਿਸਤਾਨੀ ਅਤੇ ਪਰਵਾਸੀ ਪੰਜਾਬੀ ਕਹਾਣੀ ਨੇ ਪਾਠਕ ਨੂੰ ਆਪਣੀ ਦੋਹਰੀ ਪਛਾਣ ਦਾ ਮਸਲਾ ਸਮਝਣ ਲਈ ਰੋਸ਼ਨੀ ਦਿੱਤੀ ਹੈ। ਇਵੇਂ ਹੀ ਭਾਰਤੀ ਪੰਜਾਬ ਦੀ ਅਜੋਕੀ ਕਹਾਣੀ ਬਾਰੇ ਕਿਹਾ ਜਾ ਸਕਦਾ ਹੈ ਕਿ ਇਸਨੇ ਵਿਸ਼ਵੀਕਰਨ ਦੇ ਪ੍ਰਸੰਗ ਵਿਚ ਕੋਲਾਜ਼ਕਾਰੀ ਬਿਰਤਾਂਤ-ਵਿਧੀ ਦੀ ਸਫਲਤਾਪੂਰਬਕ ਵਰਤੋਂ ਕੀਤੀ ਹੈ। ਚੌਥੀ ਕੂਟ ਦੀ ਕਹਾਣੀ ਦਾ ਮੈਂ-ਮੂਲਕ ਬਿਰਤਾਂਤਕਾਰ ਪੰਜਾਬੀ ਅਵਚੇਤਨ ਦੀਆਂ ਅਨੇਕਾਂ ਅਛੋਹ ਕੰਦਰਾਂ ਦਾ ਪੇਸ਼ਕਾਰ ਬਣਨ ਕਰਕੇ ਵਿਸਫੋਟ-ਦਰ-ਵਿਸਫੋਟ ਕਰੀ ਜਾ ਰਿਹਾ ਹੈ। 'ਹਜ਼ਾਰ ਕਹਾਣੀਆਂ ਦਾ ਬਾਪ' ਅਤੇ 'ਮੈਂ ਰੇਪ ਨੂੰ ਇਨਜੁਆਏ ਕਰਦੀ ਹਾਂ' ਵਰਗੇ ਸਿਰਲੇਖਾਂ ਨਾਲ ਹੀ ਸੁਖਜੀਤ ਜਿਵੇਂ ਪਾਠਕ ਨੂੰ ਝੰਜੋੜ ਕੇ ਰੱਖ ਦਿੰਦਾ ਹੈ, ਇਵੇਂ ਵਸਤੂ-ਯਥਾਰਥ ਨੂੰ ਵੇਖਣ-ਵਾਚਣ ਦੇ ਨਵੇਂ ਨਵੇਂ ਕੋਣ ਸਾਹਮਣੇ ਆ ਰਹੇ ਹਨ।

**? 'ਸਾਹਿਤ ਅਤੇ ਸਪੋਰਟਸ ਵਿਚ 'ਕੱਲੀਆਂ ਤਾੜੀਆਂ ਦੇ ਸਿਰ 'ਤੇ ਨਹੀਂ ਜਿੱਤਿਆ ਜਾ ਸਕਦਾ।' ਇਸ ਜਿੱਤ ਲਈ ਹੋਰ ਕੀ-ਕੁਝ ਕਰਨਾ ਲੋੜੀਂਦਾ ਹੈ ?**

– 'ਕੱਲੀਆਂ ਤਾੜੀਆਂ ਦੇ ਸਿਰ ਤੇ ਤਾਂ ਖੈਰ ਕਿਸੇ ਵੀ ਖੇਤਰ ਵਿਚ ਨਹੀਂ ਜਿੱਤਿਆ ਜਾ ਸਕਦਾ। ਸਾਨੂੰ ਕਈ ਵਾਰ ਕਿਸੇ ਅਨਪੜ੍ਹ ਬੰਦੇ ਦੇ ਕੈਬਨਿਟ ਮੰਤਰੀ ਬਣ ਜਾਣ ਤੇ ਲਗਦਾ ਹੈ ਜਿਵੇਂ ਅੰਨ੍ਹੇ ਦੇ ਪੈਰ ਹੇਠ ਬਟੇਰਾ ਆ ਗਿਆ ਹੋਵੇ, ਪਰ ਧਿਆਨ ਨਾਲ ਵੇਖੀਏ ਤਾਂ ਉਸ ਬੰਦੇ ਵਿਚ ਕੋਈ ਅਜਿਹੀ ਯੋਗਤਾ ਜ਼ਰੂਰ ਹੁੰਦੀ ਹੈ ਜਿਹੜੀ ਉਸ ਨੂੰ ਉਤਾਂਹ ਲੈ ਗਈ। ਨਾਂਹ-ਵਾਚੀ ਅਰਥਾਂ 'ਚ ਇਹ ਯੋਗਤਾ ਭਾਵੇਂ ਚਾਪਲੂਸੀ ਦੇ ਹੁਨਰ ਦੀ ਹੀ ਕਿਉਂ ਨਾ ਹੋਵੇ। ਜੇ ਸਾਹਿਤ ਦੇ ਖੇਤਰ ਵੱਲ ਆਈਏ ਤਾਂ ਇਥੇ ਜਿੱਤ ਪ੍ਰਾਪਤ ਕਰਨ ਲਈ ਆਪਣੇ ਇਤਿਹਾਸ-ਮਿਥਿਹਾਸ ਨਾਲ ਪੁੰਘਰੇ ਚਿਹਨਾਂ ਦੀ ਪ੍ਰਮਾਣਿਕ ਜਾਣਕਾਰੀ ਬਹੁਤ ਸਹਾਈ ਹੋ ਸਕਦੀ ਹੈ। ਮੇਰਾ ਇਹ ਮੰਨਣਾ ਹੈ ਕਿ ਸਾਹਿਤ ਰਚਣ ਦੀ ਦਰਮਿਆਨੇ ਪੱਧਰ ਦੀ ਯੋਗਤਾ ਹਰੇਕ ਬੰਦੇ ਵਿਚ ਸਿਖਲਾਈ ਅਤੇ ਅਭਿਆਸ ਨਾਲ ਪੈਦਾ ਕੀਤੀ ਜਾ ਸਕਦੀ ਹੈ। ਮੈਂ ਤਿੰਨ ਕੁ ਸਾਲ ਅਖ਼ਬਾਰ ਵਿਚ ਕੰਮ ਕੀਤਾ ਹੈ, ਇਸ ਲਈ ਆਪਣੇ ਅਨੁਭਵ ਦੇ ਆਧਾਰ ਤੇ ਕਹਿ ਸਕਦਾ ਹਾਂ ਕਿ ਅੱਜ ਤੋਂ ਪੱਚੀ ਕੁ ਵਰ੍ਹੇ ਪਹਿਲਾਂ ਜਿਨ੍ਹਾਂ ਪੱਤਰਕਾਰਾਂ ਨੂੰ ਪੰਜਾਬੀ ਦੀ ਇਕ ਸਤਰ ਵੀ ਠੀਕ ਨਹੀਂ ਲਿਖਣੀ ਆਉਂਦੀ ਸੀ, ਉਨ੍ਹਾਂ ਵਿਚੋਂ ਕਈ ਨਿਰੰਤਰ ਅਭਿਆਸ ਨਾਲ ਹੁਣ ਤੱਕ ਦਰਮਿਆਨੇ ਪੱਧਰ ਦੇ ਲੇਖਕ ਬਣ ਗਏ ਹਨ। ਪਰ ਸਾਹਿਤਕ ਪੱਤਰਕਾਰੀ ਅਤੇ ਪੱਤਰਕਾਰੀ ਸਾਹਿਤ ਤੋਂ ਅਗਲਾ ਪੜਾਅ ਤੈਹ ਕਰਨ ਲਈ ਇਤਿਹਾਸਕ-ਮਿਥਹਾਸਕ ਚਿਹਨਾਂ ਦੇ ਵਿਚਾਰਧਾਰਕ ਰੂਪਾਂਤਰਨ ਦੀ ਜਾਚ ਆਉਣੀ ਜ਼ਰੂਰੀ ਹੈ। ਇਸ ਨਾਲ ਹੀ ਰਚਨਾ ਵਿਚ ਡੂੰਘਾਈ ਆਉਂਦੀ ਹੈ ਅਤੇ ਪੜ੍ਹਨ-ਯੋਗਤਾ ਵਧਦੀ ਹੈ। ਕੁਦਰਤੀ ਪ੍ਰਤਿਭਾ ਵਾਲੀ ਗੱਲ ਨੂੰ ਮੈਂ 'ਗੌਡ ਗਿਫ਼ਟ' ਜਾਂ ਇਲਹਾਮਕਾਰੀ ਦੇ ਅਰਥਾਂ ਵਿਚ ਨਹੀਂ ਲੈਂਦਾ, ਸਗੋਂ ਮੈਂ ਤਾਂ ਇਸ ਨੂੰ ਵੀ ਇਉਂ ਹੀ ਵੇਖਦਾ ਹਾਂ ਕਿ ਕੁਝ ਲੋਕਾਂ ਵਿਚ ਬਚਪਨ ਤੋਂ ਹੀ ਨਿਰੋਗ ਸਰੀਰਕ ਅੰਗਾਂ ਦਾ ਅਜਿਹਾ ਅਨੁਪਾਤ ਬਣਦਾ ਹੈ ਕਿ ਉਹ ਦੂਜਿਆਂ ਨਾਲੋਂ ਵੱਧ ਰਿਸ਼ਟ-ਪੁਸ਼ਟ ਹੁੰਦੇ ਹਨ। ਦਿਮਾਗ ਵੀ ਤਾਂ ਇਕ ਸਰੀਰਕ ਅੰਗ ਹੀ ਹੈ ਨਾ। ਉਨ੍ਹਾਂ ਦਾ ਸੁਡੌਲ ਮਨ-ਮਸਤਕ ਪ੍ਰਤਿਭਾ ਬਣ ਕੇ ਪ੍ਰਗਟ ਹੋਣ ਲਗਦਾ ਹੈ।



ਫਿਰ ਅੱਗੇ ਵੱਖ ਵੱਖ ਸਾਹਿਤ-ਰੂਪਾਕਾਰਾਂ ਲਈ ਵੱਖ ਵੱਖ ਤਰ੍ਹਾਂ ਦੀ ਯੋਗਤਾ ਚਾਹੀਦੀ ਹੁੰਦੀ ਹੈ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਇਕ ਵਾਰ ਆਪਣੇ ਲੈਕਚਰ ਦੌਰਾਨ ਕਿਹਾ ਸੀ ਕਿ ਉਸ ਦੀ ਦਿਲਚਸਪੀ ਜ਼ਿੰਦਗੀ ਦੀਆਂ ਨਾਟਕੀ ਸਥਿਤੀਆਂ ਵਿਚ ਵਧੇਰੇ ਰਹੀ ਹੈ, ਇਸ ਲਈ ਬਿਰਤਾਂਤ ਨਾਲੋਂ ਨਾਟਕ ਲਿਖਣਾ ਉਸਨੂੰ ਵਧੇਰੇ ਚੰਗਾ ਲਗਦਾ ਹੈ। ਮਿਸਾਲ ਵਜੋਂ ਸੇਖੋਂ ਅਨੁਸਾਰ, ਉਹ ਮੈਨੂੰ ਮਿਰਜ਼ੇ ਦੇ ਜੰਡ ਥੱਲੇ ਵੱਢੇ ਜਾਣ ਦੀ ਘਟਨਾ ਜਿੰਨਾ ਟੁੰਬਦੀ ਹੈ ਓਨਾ ਬਾਕੀ ਵੇਰਵੇ ਨਹੀਂ ਟੁੰਬਦੇ। ਜਿਸ ਬੰਦੇ ਨੂੰ ਕਿਸੇ ਕਿੱਤੇ-ਵਿਸ਼ੇਸ਼ ਜਾਂ ਲੋਕਾਂ ਦੀ ਜ਼ਿੰਦਗੀ-ਵਿਸ਼ੇਸ਼ ਦੀ ਡਿਟੇਲ ਜਾਨਣ ਵਿਚ ਅਤੇ ਆਪਣੀ ਤਕੜੀ ਕਲਪਨਾ-ਸ਼ਕਤੀ ਨਾਲ ਉਨ੍ਹਾਂ ਵੇਰਵਿਆਂ ਦੇ ਪ੍ਰਤੀਕਾਤਮਕ ਅਰਥ ਉਜਾਗਰ ਕਰਨ ਵਿਚ ਵਧੇਰੇ ਮੁਹਾਰਤ ਹੈ, ਉਹ ਨਿਸ਼ਚੇ ਹੀ ਚੰਗਾ ਗਲਪਕਾਰ ਹੋਵੇਗਾ। ਕਲਪਨਾ ਉਡਾਰੀ ਤਾਂ ਹਰੇਕ ਸਾਹਿਤਕਾਰ ਦੀ ਸਮਰੱਥਾ ਵਧਾਉਂਦੀ ਹੀ ਹੈ, ਪਰ ਸਾਹਿਤ ਦੀ ਹਰੇਕ ਵੰਨਗੀ ਵਿਚ ਇਸਦੀ ਵਰਤੋਂ ਨਿਵੇਕਲੇ ਢੰਗ ਨਾਲ ਹੁੰਦੀ ਹੈ। ਸਮੁੱਚੇ ਤੌਰ ਤੇ ਮੈਨੂੰ ਜਾਪਦਾ ਹੈ ਕਿ ਭਾਰਤ ਵਿਚ ਸਰਵਸ੍ਰੇਸ਼ਟ ਸਾਹਿਤ ਸਿਰਜਣ ਦਾ ਮਾਡਲ 'ਮਹਾਂਭਾਰਤ' ਵਿਚ ਮਿਲਦਾ ਹੈ। ਉਸ ਵਿਚ ਜਿਵੇਂ ਇਤਿਹਾਸ ਅਤੇ ਮਿਥਿਹਾਸ ਦੇ ਪ੍ਰਸੰਗ ਵਿਚ ਪਾਤਰਾਂ ਦੀ ਪਛਾਣ ਉਘੜਦੀ ਹੈ, ਉਹ ਬਿਰਤਾਂਤ ਕਲਾ ਦਾ ਸਿਖਰ ਹੈ। ਇਉਂ ਹੀ ਬਾਬਾ ਨਾਨਕ ਜਿਵੇਂ ਪੂਰੀ ਪਰੰਪਰਾ ਨਾਲ ਸੰਵਾਦ ਰਚਾ ਕੇ ਚਿੰਤਨ ਦੇ ਨਵੇਂ ਪਾਸਾਰ ਉਜਾਗਰ ਕਰਦਾ ਹੈ ਅਤੇ ਫਿਰ ਉਨ੍ਹਾਂ ਅਨੁਭਵਾਂ ਨੂੰ ਭਾਵਪੂਰਤ ਬਿੰਬਾਂ 'ਚ ਢਾਲਦਾ ਹੈ, ਉਸ ਅਮਲ ਨਾਲ ਉਦਾਸ ਸ਼ਾਇਰੀ ਪੈਦਾ ਹੁੰਦੀ ਹੈ। ਕੋਈ ਲੇਖਕ ਸ਼ਬਦ ਦੀਆਂ ਸੁੱਤੀਆਂ ਕਲਾਂ ਜਗਾ ਸਕਣ ਦੀ ਜਿੰਨੀ ਕੁ ਸਮਰੱਥਾ ਪੈਦਾ ਕਰ ਲੈਂਦਾ ਹੈ, ਓਨਾ ਕੁ ਵੱਡਾ ਲਿਖਾਰੀ ਬਣ ਜਾਂਦਾ ਹੈ।

**? ਤੁਹਾਡਾ ਕਹਾਣੀ-ਸੰਗ੍ਰਹਿ 'ਓਪਰੀ ਹਵਾ' ਅੰਗਰੇਜ਼ੀ ਵਿਚ 'ਬਰਨਿੰਗ ਸੌਇਲ' ਨਾਂ ਹੇਠ ਅਨੁਵਾਦ ਹੋ ਕੇ ਛਪਿਆ ਹੈ। ਦੋਵਾਂ ਭਾਸ਼ਾਵਾਂ ਵਿਚੋਂ ਜਿਹੜਾ ਰਿਸਪਾਂਸ ਮਿਲਿਆ ਉਹ ਕੀ ਹੈ ? ਕੀ ਇਸ ਰਿਸਪਾਂਸ ਵਿਚ ਕੋਈ ਫਰਕ ਵੀ ਮਹਿਸੂਸ ਕੀਤਾ ਹੈ ?**

– ਜੇ ਬਿਲਕੁਲ ਸੱਚ ਬੋਲਾਂ ਤਾਂ ਮੈਨੂੰ ਆਪਣੀ ਕਹਾਣੀਆਂ ਦੀ ਕਿਤਾਬ 'ਓਪਰੀ ਹਵਾ' ਨਾਲ ਜੋ ਮਾਣ-ਸਨਮਾਨ ਪੰਜਾਬੀ ਪਾਠਕਾਂ ਵੱਲੋਂ ਮਿਲਿਆ ਹੈ, ਉਸ ਦਾ ਇਕ ਫੀਸਦੀ ਵੀ ਅੰਗਰੇਜ਼ੀ ਦੇ ਪਾਠਕਾਂ ਵੱਲੋਂ ਨਹੀਂ ਮਿਲਿਆ। ਉਸ ਦੇ ਜੋ ਕਾਰਨ ਮੈਨੂੰ ਸਮਝ ਆਉਂਦੇ ਹਨ, ਉਹ ਮੈਂ ਤੁਹਾਡੇ ਨਾਲ ਸਾਂਝੇ ਕਰਦਾ ਹਾਂ। ਪਹਿਲਾ ਤਾਂ 'ਬਰਨਿੰਗ ਸੋਇਲ' ਦੇ ਨਾਂ ਹੇਠ ਜੋ ਅਨੁਵਾਦ ਸ੍ਰੀ ਇੰਦਰ ਸਿੰਘ ਖਾਮੋਸ਼ ਨੇ ਕੀਤਾ ਹੈ, ਉਹ 'ਅਧਿਆਪਕੀ-ਸ਼ੈਲੀ' ਵਿਚ ਹੈ, 'ਗਲਪੀ-ਸ਼ੈਲੀ' ਵਿਚ ਨਹੀਂ। 'ਬਰਨਿੰਗ ਸੋਇਲ' ਪੜ੍ਹਨ ਪਿੱਛੋਂ ਮੈਨੂੰ ਰੀਜੀਓ ਰਾਜ ਨਾਂ ਦੀ ਇਕ ਬੰਗਾਲੀ ਮੂਲ ਦੀ ਪਾਠਕ ਨੇ ਈ-ਮੇਲ ਰਾਹੀਂ ਇਹ ਗੱਲ ਦੱਸੀ ਸੀ। ਦੂਜਾ ਪੁਸਤਕ ਦਾ ਪ੍ਰਕਾਸ਼ਕ (ਮਨਪ੍ਰੀਤ ਪ੍ਰਕਾਸ਼ਨ, ਦਿੱਲੀ) ਕਿਤਾਬ ਨੂੰ ਅੰਗਰੇਜ਼ੀ ਪਾਠਕ ਤੱਕ ਲੈ ਕੇ ਹੀ ਨਹੀਂ ਗਿਆ, ਉਹ ਪੰਜਾਬੀ ਪਾਠਕ ਤੱਕ ਹੀ ਮਹਿਦੂਦ ਰਿਹਾ। ਭਲਾ ਪੰਜਾਬੀ ਪਾਠਕ ਨੂੰ ਕੀ ਲੋੜ ਹੈ ਕਿ ਉਹ ਮੌਲਿਕ ਰਚਨਾ ਦੀ ਥਾਂ ਅਨੁਵਾਦ ਪੜ੍ਹੇ ? ਤੀਜਾ ਵੱਡਾ ਕਾਰਨ ਹੈ ਲੇਖਕ ਵਜੋਂ ਮੇਰਾ ਅਲਪ ਪਛਾਣ ਵਾਲਾ ਬਿੰਬ। ਜੇ ਲੇਖਕ ਪਹਿਲਾਂ ਆਪਣੀ ਭਾਸ਼ਾ ਵਿਚ ਉੱਚਾ ਸਥਾਨ ਬਣਾ ਕੇ ਸੈਲੀਬਰਿਟੀ ਬਣ ਚੁੱਕਾ ਹੋਵੇ ਤਾਂ ਨਿਸਚੇ ਹੀ ਉਸਦੀ ਰਚਨਾ ਦੀ ਮਾਰਕੀਟਿੰਗ ਵਿਚ ਮੀਡੀਆ ਵੀ ਸਹਾਈ ਹੁੰਦਾ ਹੈ। ਖੈਰ, ਮੈਨੂੰ ਨਿੱਜੀ ਤੌਰ ਤੇ ਇਸ ਅਨੁਵਾਦ ਨਾਲ ਕਈ ਫਾਇਦੇ ਹੋਏ ਹਨ। ਇੰਟਰਨੈੱਟ ਰਾਹੀਂ ਅੰਗਰੇਜ਼ੀ 'ਚ ਅਨੁਵਾਦਤ ਰਚਨਾ ਨੂੰ ਲੋੜੀਂਦਾ ਰਿਸਪਾਂਸ ਮਿਲ ਜਾਂਦਾ ਹੈ। ਦੋ-ਤਿੰਨ ਅੰਗਰੇਜ਼ੀ ਮੈਗਜ਼ੀਨਾਂ ਵਿਚ ਵੀ ਕਹਾਣੀਆਂ ਛਪੀਆਂ ਹਨ ਪਰ ਇਕ-ਦੋ ਤੋਂ ਵੱਧ ਰਿਸਪਾਂਸ ਨਹੀਂ ਆਏ। ਉਂਜ ਇਸ ਗੱਲੋਂ ਵੀ ਮੈਂ ਧੰਨਭਾਗ ਹੀ ਸਮਝਦਾ ਹਾਂ ਕਿ ਅੰਗਰੇਜ਼ੀ ਵਿਚ ਪੂਰੀ ਕਿਤਾਬ ਛਪਣ ਦਾ ਸੁਭਾਗ ਮੈਨੂੰ ਮਿਲਿਆ ਹੈ। ਪੰਜਾਬੀ ਵਿਚ ਅਜਿਹੇ ਕਿਸਮਤ ਦੇ ਧਨੀ ਉਂਗਲਾਂ ਦੇ ਪੋਟਿਆਂ ਤੇ ਗਿਣੇ ਜਾਣ ਜਿੰਨੇ ਹੀ ਮਸਾਂ ਹਨ। ਇਸ ਪੱਖੋਂ ਮੈਂ ਆਪਣੀਆਂ ਕਹਾਣੀਆਂ ਦੇ ਅਨੁਵਾਦਕ ਇੰਦਰ ਸਿੰਘ ਖਾਮੋਸ਼ ਦਾ ਵਿਸ਼ੇਸ਼ ਰੂਪ 'ਚ ਰਿਣੀ ਹਾਂ ਕਿ ਉਨ੍ਹਾਂ ਦੇ ਯਤਨ ਸਦਕਾ ਮੈਨੂੰ ਪੰਜਾਬੀ ਜਗਤ ਤੋਂ ਬਾਹਰ ਵੀ ਕੁਝ ਪਛਾਣ ਮਿਲ ਸਕੀ ਹੈ।

**? ਆਪਣੀਆਂ ਕਹਾਣੀਆਂ 'ਕਾਰਗਿਲ' ਤੇ 'ਕੀੜੀਆਂ ਦੀ ਮੌਤ' ਦੀ ਸਿਰਜਣ-ਪ੍ਰਕਿਰਿਆ ਦੇ ਆਧਾਰ ਤੇ ਦੱਸੋ ਕਿ ਤੁਸੀਂ ਲਿਖਦੇ ਕਿਵੇਂ ਹੋ ?**

– ਜਿਨ੍ਹਾਂ ਕਹਾਣੀਆਂ – ਕਾਰਗਿਲ ਅਤੇ ਕੀੜੀਆਂ ਦੀ ਮੌਤ – ਦਾ ਤੁਸੀਂ ਜ਼ਿਕਰ ਕੀਤਾ ਹੈ, ਇਹ ਮੇਰੀਆਂ ਚਰਚਿਤ ਕਹਾਣੀਆਂ ਕਹੀਆਂ ਜਾ ਸਕਦੀਆਂ ਹਨ। 'ਕਾਰਗਿਲ' ਤਾਂ ਸਾਲ 2001 ਲਈ ਪੰਜਾਬੀ ਦੀ ਬਿਹਤਰੀਨ ਕਹਾਣੀ ਮੰਨੀ ਗਈ ਸੀ। ਉਸਦੀ ਸਿਰਜਣ-ਪ੍ਰਕਿਰਿਆ ਬਾਰੇ ਤਾਂ ਮੈਂ ਨਵਾਂ ਜ਼ਮਾਨਾ ਵਿਚ ਇਕ ਲੰਮਾ ਲੇਖ ਲਿਖਿਆ ਸੀ, ਸੋ ਓਹੀ ਗੱਲਾਂ ਦੁਹਰਾਉਣਾ ਨਹੀਂ ਚਾਹੁੰਦਾ। 'ਕੀੜੀਆਂ ਦੀ ਮੌਤ' ਬਾਰੇ ਗੱਲ ਕਰਦਾ ਹਾਂ।

ਉਨ੍ਹਾਂ ਦਿਨਾਂ ਵਿਚ ਸਾਡੇ ਯੂਨੀਵਰਸਿਟੀ ਦੇ ਅਧਿਆਪਕਾਂ ਦੀ ਜਥੇਬੰਦੀ ਪੂਟਾ ਦੀਆਂ ਚੋਣਾਂ ਉਤੇ ਪਾਬੰਦੀ ਲੱਗੀ ਹੋਈ ਸੀ। ਜਥੇਬੰਦੀ ਭਾਵੇਂ ਕਿਹੋ ਜਿਹੀ ਵੀ ਹੋਵੇ ਉਸਦਾ ਇਕ ਵਿਅਕਤੀਗਤ ਅਧਿਆਪਕ ਨੂੰ ਵੱਡਾ ਆਸਰਾ ਮਹਿਸੂਸ ਹੁੰਦਾ ਹੈ ਕਿਉਂਕਿ ਉਸਦੇ ਦਬਾਅ ਕਰਕੇ ਪ੍ਰਸ਼ਾਸਨ ਬੇਮੁਹਾਰ ਨਹੀਂ ਹੁੰਦਾ। ਜਥੇਬੰਦੀ ਦੀ ਅਣਹੋਂਦ ਵਿਚ ਇਕ ਰਾਸ਼ਟਰੀ ਪੱਧਰ ਦਾ ਵਿਦਵਾਨ ਸਸਪੈਂਡ ਹੋ ਕੇ ਮੌਤ ਦੇ ਰਾਹ ਤੁਰ ਪਿਆ ਤਾਂ ਇਸ ਘਟਨਾ ਨੇ ਮੈਨੂੰ ਬਹੁਤ ਝੰਜੋੜਿਆ। 'ਬਾਝ ਭਰਾਵਾਂ ਮਾਰਿਆ ਕੋਈ ਨਾ ਮਿਰਜ਼ੇ ਸੰਗ' ਵਾਲੀ ਗੱਲ ਬਣ ਗਈ। ਮੈਂ ਇਸ ਘਟਨਾ ਨੂੰ ਯੂਨੀਵਰਸਿਟੀ ਵਿਚੋਂ ਚੁੱਕ ਕੇ ਇਕ ਹਿੰਦੂ ਕਾਲਜ ਵਿਚ ਲੈ ਗਿਆ ਤਾਂ ਕਿ ਸਸਪੈਂਡ ਬੰਦੇ ਦੀ ਮਾਨਸਿਕਤਾ ਅਤੇ ਟਰੇਡ ਯੂਨੀਅਨ ਦੇ ਪਤਨ ਦੀਆਂ ਕੁਝ ਹੋਰ ਧਾਰਮਿਕ ਤੇ ਰਾਜਸੀ ਪਰਤਾਂ ਵੀ ਉਘਾੜ ਸਕਾਂ। ਤੁਸੀਂ ਕਹਾਣੀ ਵਿਚ ਪੜ੍ਹਿਆ ਹੈ ਕਿ ਪ੍ਰੋ. ਕੇ.ਪੀ. ਮਾਮੂਲੀ ਗੱਲ ਪਿੱਛੇ ਸਸਪੈਂਡ ਕਰ ਦਿੱਤਾ ਜਾਂਦਾ ਹੈ, ਜਿਵੇਂ ਕੋਈ ਖੇਡ-ਖੇਡ ਵਿਚ ਕੋਲੇ ਫਿਰਦੀ ਕੀੜੀ ਮਸਲ ਦੇਵੇ। ਮਾਰਨ ਵਾਲੇ ਨੂੰ ਤਾਂ ਭਾਵੇਂ ਕੀੜੀ ਦੀ ਮੌਤ ਆਮ ਘਟਨਾ ਹੀ ਜਾਪੇ ਪਰ ਜੇ ਕੀੜੀ ਵਾਲੇ ਪਾਸੇ ਖੜ੍ਹ ਕੇ ਵੇਖੀਏ ਤਾਂ ਗੱਲ ਵੱਡੀ ਜਾਪਦੀ ਹੈ। ਪ੍ਰੋ. ਕੇ.ਪੀ. ਦਾ ਪਰਿਵਾਰ ਅਤੇ ਉਸਦਾ ਮਾਨਸਿਕ ਸੰਤੁਲਨ ਸਭ ਕੁਝ ਹੌਲੀ ਹੌਲੀ ਬਿਖਰ ਜਾਂਦਾ ਹੈ। ਉਸ ਲਈ ਆਪ ਮਰੇ ਜੱਗ ਪਰਲੋ ਵਾਲੀ ਗੱਲ ਹੋ ਜਾਂਦੀ ਹੈ। ਇਸ ਕਹਾਣੀ ਨੂੰ ਯਥਾਰਥਕ ਰੰਗਣ ਦੇਣ ਲਈ ਉਹ ਅਨੁਭਵੀ ਵੇਰਵੇ ਕੰਮ ਆਏ ਜਿਹੜੇ ਮੈਂ ਇਕ ਡੀ.ਏ.ਵੀ. ਕਾਲਜ ਵਿਚ ਪੜ੍ਹਾਉਂਦਿਆਂ ਹਾਸਿਲ ਕੀਤੇ ਸਨ। ਉਨ੍ਹਾਂ ਦਿਨਾਂ ਵਿਚ ਪੰਜਾਬ ਸੰਕਟ ਦਾ ਦੌਰ ਵੀ ਸੀ ਅਤੇ ਪੰਜਾਬੀ ਬੰਦੇ ਦੀ ਪਛਾਣ ਉਤੇ ਸੰਪਰਦਾਇਕ ਰੰਗ ਹੋਰ ਗੂੜ੍ਹੇ ਹੋ ਗਏ ਸਨ। ਇਹ ਸਾਰਾ ਕੁਝ ਕਹਾਣੀ ਵਿਚ ਸਮੇਟਣ ਲਈ ਮੈਨੂੰ ਗਰਮੀ ਦੀਆਂ ਪੂਰੀਆਂ ਛੁੱਟੀਆਂ ਲੇਖੇ ਲਾਉਣੀਆਂ ਪਈਆਂ ਕਿਉਂਕਿ ਕਹਾਣੀ ਰੂਪਾਕਾਰ ਦੀਆਂ ਵੀ ਕੁਝ ਸੀਮਾਵਾਂ ਹੁੰਦੀਆਂ ਹਨ ਅਤੇ ਪਾਤਰਾਂ ਅਤੇ ਘਟਨਾਵਾਂ ਨੂੰ ਬੇਪਛਾਣ ਕਰਨ ਦੀ ਵੀ ਸਮੱਸਿਆ ਸੀ। ਉਂਜ ਵੀ ਮੈਂ ਕਹਾਣੀ ਕਿਸੇ ਖੋਜ-ਪ੍ਰਾਜੈਕਟ ਵਾਂਗ ਹੌਲੀ-ਹੌਲੀ ਲੰਮੇ ਅਰਸੇ ਵਿਚ ਲਿਖਦਾ ਹਾਂ। ਸੁਚੇਤ ਪੱਧਰ ਉਤੇ ਉਸ ਵਿਚ ਕਈ ਕੁਝ ਪਾਉਂਦਾ-ਕੱਢਦਾ ਹਾਂ। ਮਿਸਾਲ ਵਜੋਂ ਕਈ ਦਿਨ ਤਾਂ ਮੈਂ ਨਾਂ ਬਦਲਣ ਵਿਚ ਹੀ ਉਲਝਿਆ ਰਿਹਾ। ਕੀੜੀਆਂ ਦੀ ਫੌਜ, ਕੀੜੀਆਂ ਦੀ ਮੌਜ, ਕੀੜੀਆਂ ਦੀ ਮੌਤ ਆਦਿ ਤਿੰਨੇ ਨਾਂ ਢੁਕਵੇਂ ਲਗਦੇ ਸਨ। ਇਉਂ ਹੀ ਸਮੇਂ ਅਤੇ ਸਥਾਨ ਨਾਲ ਸਬੰਧਿਤ ਮਸਲੇ ਕਿ ਕਾਲਜ ਦਾ ਨਾਂ ਕੀ ਹੋਵੇ, ਕਿਸ ਸ਼ਹਿਰ ਵਿਚ ਹੋਵੇ, ਪਾਤਰਾਂ ਦੇ ਨਾਂ ਕੀ ਹੋਣ, ਕਹਾਣੀ ਦਾ ਵਾਪਰਨ-ਸਮਾਂ ਕਿੰਨਾ ਕੁ ਹੋਵੇ ਆਦਿ। ਇਸ ਕਹਾਣੀ ਵਿਚ ਡੀਟੇਲ ਦਾ ਵਿਸ਼ੇਸ਼ ਮਹੱਤਵ ਹੈ। ਇਵੇਂ ਹੀ ਫਲੈਸ਼-ਬੈਕ ਦੀ ਵਿਧੀ ਵਰਤਦਿਆਂ ਘਟਨਾਵਾਂ ਦੇ ਲਿੰਕ ਜੋੜਨ ਲਈ ਵਾਹਵਾ ਮਿਹਨਤ ਕਰਨੀ ਪਈ। ਸ਼ਾਇਦ ਇਹ ਸਭ ਕੁਝ ਮੈਂ ਆਲੋਚਕ ਹੋਣ ਨਾਤੇ ਕਰਨ ਲੱਗ ਪਿਆ ਹਾਂ। ਕਹਾਣੀ ਲਿਖਣਾ ਮੇਰੇ ਲਈ ਸਹਿਜ ਵਰਤਾਰਾ ਨਹੀਂ, ਸੁਚੇਤ ਕਾਰਜ ਹੈ।

**? ਆਪਣੀ ਮੌਤ ਤੋਂ ਕੁਝ ਮਹੀਨੇ ਪਹਿਲਾਂ ਕਹਾਣੀਕਾਰ ਸਰਵਮੀਤ ਮੈਨੂੰ ਪ੍ਰੀਤਨਗਰ ਵਿਚ ਮਿਲਿਆ। ਉਹ ਪਹਿਲਾਂ ਕੈਨੇਡਾ ਜਾ ਕੇ ਆਇਆ ਸੀ। ਉਹ ਕਹਿੰਦਾ ਸੀ ਕਿ ਵਿਦੇਸ਼ ਤੋਂ ਹਾਸਿਲ ਕੀਤੇ ਅਨੁਭਵਾਂ ਦਾ ਸਫਰਨਾਮਾ ਲਿਖਣ ਦੀ ਥਾਂ ਮੈਂ ਕਹਾਣੀਆਂ ਲਿਖਾਂਗਾ। ਤਿੰਨ ਸਫਰਨਾਮੇ ਲਿਖਣ ਤੋਂ ਪਹਿਲਾਂ ਜਾਂ ਬਾਅਦ ਵਿਚ ਕੀ ਤੁਹਾਨੂੰ ਵੀ ਇਸ ਤਰ੍ਹਾਂ ਦਾ ਖਿਆਲ ਆਇਆ ਜਾਂ ਨਹੀਂ ?**

– ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਸਫ਼ਰ ਦੌਰਾਨ ਹਾਸਿਲ ਕੀਤੇ ਅਨੁਭਵਾਂ ਨੂੰ ਸਿਰਫ ਸਫ਼ਰਨਾਮੇ ਰਾਹੀਂ ਹੀ ਪ੍ਰਗਟਾਇਆ ਜਾ ਸਕਦਾ ਹੈ, ਯਾਨੀ ਕਿਸੇ ਵੀ ਹੋਰ ਰੂਪਾਕਾਰ ਦੁਆਰਾ ਵੀ ਪੇਸ਼ ਕੀਤਾ ਜਾ ਸਕਦਾ ਹੈ ਪਰ ਮੈਨੂੰ ਅਜੇ ਵੀ ਉਸ ਲਈ ਸਫ਼ਰਨਾਮਾ ਹੀ ਢੁਕਵਾਂ ਰੂਪਾਕਾਰ ਲਗਦਾ ਹੈ। ਉਸ ਦੀ ਵਜ੍ਹਾ ਇਹ ਹੈ ਸਫ਼ਰਨਾਮਾ ਵਾਰਤਕ ਦਾ ਰੂਪਾਕਾਰ ਹੈ ਅਤੇ ਵਾਰਤਕ ਵਿਚ ਤੱਥਾਂ ਨੂੰ ਘੱਟ ਤੋਂ ਘੱਟ ਗਲਪੀ ਰੰਗਣ ਦੇਣਾ ਹੀ ਮੁਨਾਸਬ ਸਮਝਿਆ ਜਾਂਦਾ ਹੈ। ਸਫ਼ਰ ਦੌਰਾਨ ਵੇਖੀਆਂ ਥਾਵਾਂ, ਮਿਲੇ ਲੋਕਾਂ



ਅਤੇ ਪ੍ਰਾਪਤ ਵੇਰਵਿਆਂ ਨੂੰ ਕਾਲਪਨਿਕ ਰੰਗਣ ਨਾਲ ਬੇਪਛਾਣ ਕਰਨ ਨਾਲ ਉਨ੍ਹਾਂ ਦੀ ਇਤਿਹਾਸਕ ਆਭਾ ਮਾਰੀ ਜਾਵੇਗੀ ਅਤੇ ਉਹ ਸਭ ਕੁਝ ਸਫ਼ਰਨਾਮਾ ਪੜ੍ਹਨ ਲਈ ਪਾਠਕ ਲਈ ਬੇਸੁਆਦਾ ਹੋ ਜਾਵੇਗਾ। ਹਾਂ, ਕੁਝ ਬਹੁਤ ਚੋਣਵੀਆਂ ਘਟਨਾਵਾਂ ਜਾਂ ਵਿਅਕਤੀ ਹੋ ਸਕਦੇ ਹਨ ਜਿਨ੍ਹਾਂ ਨੂੰ ਬਿਰਤਾਂਤਕ ਗੁਲਾਈ ਨਾਲ ਪੇਸ਼ ਕੀਤਿਆਂ ਵਧੇਰੇ ਪ੍ਰਭਾਵ ਕਾਇਮ ਕੀਤਾ ਜਾ ਸਕੇ। ਸਫ਼ਰਨਾਮੇ ਰਾਹੀਂ ਕੁਝ ਆਮ ਘਟਨਾਵਾਂ ਅਤੇ ਵਿਅਕਤੀ ਵੀ ਆਸਾਨੀ ਨਾਲ ਕਿਸੇ ਕਾਂਡ ਦਾ ਭਾਗ ਬਣ ਜਾਂਦੇ ਹਨ। ਮਿਸਾਲ ਵਜੋਂ ਕਿਸੇ ਇਕ ਦੋ ਮਿੰਟਾਂ ਲਈ ਮਿਲੇ ਵਿਅਕਤੀ ਦੀ ਕੋਈ ਇਕ-ਅੱਧ ਗੱਲ ਵਰਨਣਯੋਗ ਹੋ ਸਕਦੀ ਹੈ, ਪਰ ਉਸ ਨੂੰ ਕਹਾਣੀ 'ਚ ਬੁਣਨ ਲਈ ਕਾਫੀ ਕੁਝ ਕੋਲੋਂ ਘੜਨਾ ਪਏਗਾ। ਇਉਂ ਕਲਪਨਾ ਤੱਥਾਂ ਉਤੇ ਭਾਰੂ ਹੋ ਜਾਵੇਗੀ। ਮੈਨੂੰ ਆਪਣੇ ਸਫ਼ਰਨਾਮੇ 'ਥੇਮਜ਼ ਨਾਲ ਵਗਦਿਆਂ' ਦਾ ਸਿਰਫ ਇਕ ਕਾਂਡ 'ਗੁਰੂ ਦਾ ਪਰਵਾਸੀ ਸਿੰਘ' ਹੀ ਅਜਿਹਾ ਲੱਗਿਆ ਸੀ ਕਿ ਉਸ ਨੂੰ ਕਹਾਣੀ-ਰੂਪਾਕਾਰ ਰਾਹੀਂ ਪੇਸ਼ ਕਰਾਂ ਪਰ ਫਿਰ ਸੋਚਣ ਤੋਂ ਬਾਅਦ ਇਹ ਨਿਰਣਾ ਠੀਕ ਨਹੀਂ ਲੱਗਿਆ। ਕਹਾਣੀ ਰਾਹੀਂ ਪੇਸ਼ ਕਰਨ ਦੀ ਵਜ੍ਹਾ ਵੀ ਦਲਜੀਤ ਸਿੰਘ ਉੱਪਲ ਦੀ ਨਰਾਜ਼ਗੀ ਤੋਂ ਬਚਣਾ ਸੀ ਕਿਉਂਕਿ ਉਹ ਗੱਲ ਕੁਝ ਵਧੇਰੇ ਨਿੱਜੀ ਸੀ।

ਤੁਸੀਂ ਸਰਵਮੀਤ ਦੇ ਹਵਾਲੇ ਨਾਲ ਸਵਾਲ ਪੁੱਛਿਆ ਹੈ। ਉਸ ਪ੍ਰਸੰਗ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਕੁਝ ਬੰਦੇ ਵਧੇਰੇ ਤਜ਼ਰਬਿਆਂ-ਹੱਥੇ ਹੁੰਦੇ ਹਨ, ਸਰਵਮੀਤ ਵੀ ਕੁਝ ਅਜਿਹਾ ਲੇਖਕ ਸੀ। ਮੈਨੂੰ ਤੁਸੀਂ ਇਸ ਮਾਮਲੇ ਵਿਚ ਕੁਝ ਪੁਰਾਤਨ-ਪੰਥੀ ਕਹਿ ਸਕਦੇ ਹੋ। ਮੇਰੀ ਰੁਚੀ ਨਵੇਂ ਰੂਪਾਕਾਰ ਘੜਨ ਨਾਲੋਂ ਉਨ੍ਹਾਂ ਦੇ ਪਰੰਪਰਕ ਚੌਖਟੇ ਦੀ ਸਮਰੱਥਾ ਵਧਾਉਣ ਵਿਚ ਵਧੇਰੇ ਹੁੰਦੀ ਹੈ। ਵਰਿਆਮ ਸਿੰਘ ਸੰਧੂ ਨੇ 'ਪਰਦੇਸੀ ਪੰਜਾਬ' ਨੂੰ ਯਾਤਰਾ-ਪ੍ਰਸੰਗ ਲਿਖ ਕੇ ਪੇਸ਼ ਕੀਤਾ ਸੀ ਪਰ ਮੈਂ 'ਮੋਤੀਆਂ ਦੀ ਚੋਗ' ਦੇ ਕਵਰ ਉਤੇ ਵੀ ਸਫ਼ਰਨਾਮਾ ਲਿਖਣਾ ਹੀ ਬਿਹਤਰ ਸਮਝਿਆ। ਮੈਨੂੰ ਇਉਂ ਹੀ ਠੀਕ ਲਗਦਾ ਹੈ।

**? ਨਵੇਂ ਪੋਚ ਦੇ ਕਹਾਣੀਕਾਰਾਂ ਅੌਰ ਕਹਾਣੀ ਦੇ ਨੁਕਤਾ ਨਿਗਾਹ ਤੋਂ ਦੱਸੋ ਕਿ ਪੰਜਾਬੀ ਵਿਚ ਲਿਖੀ ਜਾ ਰਹੀ ਕਹਾਣੀ ਨੂੰ, ਭਾਰਤੀ ਪੱਧਰ ਦੀ ਕਹਾਣੀ ਦੇ ਟਾਕਰੇ ਕਿੱਥੇ ਰੱਖ ਕੇ ਵੇਖਦੇ ਹੋ ਤੇ ਕਿਉਂ ?**

– ਕਹਾਣੀ ਇਕ ਇਸ ਤਰ੍ਹਾਂ ਦਾ ਰੂਪਾਕਾਰ ਹੈ ਕਿ ਨਾਵਲ ਦੀ ਤੁਲਨਾ ਵਿਚ ਇਸ ਨੂੰ ਹਮੇਸ਼ਾਂ ਦੁਜੈਲਾ ਸਥਾਨ ਹੀ ਮਿਲਦਾ ਰਿਹਾ ਹੈ। ਵਿਸ਼ਵ ਪੱਧਰ ਤੇ ਵੀ ਝਾਤ ਮਾਰੀਏ ਤਾਂ ਆਲੋਚਕਾਂ ਨੇ ਬਿਰਤਾਂਤ ਸ਼ਾਸਤਰ ਦੀਆਂ ਅੜਾਉਣੀਆਂ ਸੁਲਝਾਉਣ ਲਈ ਨਾਵਲ ਨੂੰ ਹੀ ਆਪਣਾ ਆਧਾਰ ਬਣਾਇਆ ਹੈ, ਹਾਲਾਂਕਿ ਚੈਖੋਵ ਵਰਗੇ ਧਨੰਤਰ ਕਹਾਣੀਕਾਰ ਆਪਣਾ ਲੋਹਾ ਮੰਨਵਾ ਚੁੱਕੇ ਹਨ। ਇਸਦਾ ਅਚੇਤ ਪ੍ਰਭਾਵ ਵੇਖਣਾ ਹੋਵੇ ਤਾਂ ਇੰਦਰ ਸਿੰਘ ਖਾਮੋਸ਼ ਦਾ ਨਾਵਲ 'ਸਮੁੰਦਰੀ ਕਬੂਤਰੀ' ਵੇਖਿਆ ਜਾ ਸਕਦਾ ਹੈ ਜੋ ਚੈਖੋਵ ਦੀ ਜੀਵਨੀ ਤੇ ਆਧਾਰਿਤ ਹੈ। ਉਸ ਵਿਚ ਚੈਖੋਵ ਦਾ ਨਾਟਕਕਾਰ ਵਾਲਾ ਰੂਪ ਹੀ ਕੇਂਦਰੀ ਬਣਦਾ ਹੈ। ਫਿਰ ਵੀ ਭਾਰਤ ਵਿਚ ਸਥਿਤੀ ਕੁਝ ਵੱਖਰੀ ਰਹੀ ਹੈ। ਇਥੇ ਲੋਕ-ਕਹਾਣੀ (ਸਟੋਰੀ-ਟੈਲਿੰਗ) ਦੀ ਬੜੀ ਤਕੜੀ ਪਰੰਪਰਾ ਰਹੀ ਹੋਣ ਕਰਕੇ ਆਧੁਨਿਕ ਪਾਠਕ-ਮਨ ਵੀ ਕਹਾਣੀ ਰੂਪਾਕਾਰ ਨੂੰ ਅਪਨਾਉਣ ਲਈ ਵਧੇਰੇ ਤਿਆਰ ਸੀ। ਸਿੱਟੇ ਵਜੋਂ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਹੀ ਆਧੁਨਿਕ ਕਹਾਣੀ ਨੂੰ ਨਾਵਲ ਦੇ ਬਰਾਬਰ ਦੀ ਮਹੱਤਤਾ ਮਿਲੀ। ਪੰਜਾਬੀ ਵਿਚ ਤਾਂ ਸਥਿਤੀ ਹੋਰ ਵੀ ਕਹਾਣੀ ਦੇ ਹੱਕ 'ਚ ਜਿਆਦਾ ਹੈ ਕਿਉਂਕਿ ਇਥੇ ਨਾਵਲ ਦੇ ਖੇਤਰ ਦੀਆਂ ਪ੍ਰਾਪਤੀਆਂ ਸੀਮਤ ਹਨ। ਮੈਨੂੰ ਤਾਂ ਇਹ ਵੀ ਜਾਪਦਾ ਹੈ ਕਿ ਪੰਜਾਬੀਆਂ ਦੇ ਸਭ ਤੋਂ ਮਨਭਾਉਂਦੇ ਸਾਹਿਤ ਰੂਪਾਕਾਰ ਗੀਤ ਅਤੇ ਕਹਾਣੀ ਹੀ ਹਨ। ਕੁਲਵੰਤ ਸਿੰਘ ਵਿਰਕ ਨੇ ਇਸ ਰੂਪਾਕਾਰ ਨੂੰ ਏਨਾ ਆਦਰਯੋਗ ਅਤੇ ਸੁਆਦਲਾ ਬਣਾ ਦਿੱਤਾ ਕਿ ਇਹ ਬਾਕੀ ਸਾਹਿਤ-ਰੂਪਾਕਾਰਾਂ ਦੀ ਤੁਲਨਾ ਵਿਚ ਸ਼ਿਰੋਮਣੀ ਸਥਾਨ ਹਾਸਲ ਕਰ ਗਿਆ। ਪਿਛਲੇ ਤਿੰਨ ਕੁ ਦਹਾਕਿਆਂ ਤੋਂ ਤਾਂ ਵਿਸ਼ੇਸ਼ ਕਰਕੇ ਕਹਾਣੀ ਰੂਪਾਕਾਰ ਪੰਜਾਬੀ ਲੇਖਕਾਂ ਲਈ ਕਰਮ-ਭੂਮੀ ਬਨਾਮ ਯੁੱਧ-ਭੂਮੀ ਬਣ ਚੁੱਕਿਆ ਹੈ। ਇਸੇ ਲਈ ਨਿੱਤ ਨਵੇਂ ਨਵੇਂ ਤਜ਼ਰਬਿਆਂ ਨਾਲ ਪੰਜਾਬੀ ਕਹਾਣੀਕਾਰ ਇਕ ਦੂਜੇ ਨੂੰ ਪਛਾੜਨ ਲਈ ਕਮਰਬੰਧ ਹੋ ਕੇ ਜੁਟੇ ਹੋਏ ਹਨ। ਫਲਸਰੂਪ ਇਸ ਵੇਲੇ ਪੰਜਾਬੀ ਕਹਾਣੀ ਕਿਸੇ ਵੀ ਭਾਰਤੀ ਭਾਸ਼ਾ ਦੀ ਕਹਾਣੀ ਤੋਂ ਅੱਗੇ ਨਹੀਂ ਤਾਂ ਪਿੱਛੇ ਵੀ ਨਹੀਂ। ਹਾਂ, ਕੁਝ ਉਦੈ ਪ੍ਰਕਾਸ਼ ਅਤੇ ਉਰਦੂ ਦੇ ਸੱਯਦ ਮੁਹੰਮਦ ਅਸ਼ਰਫ਼ ਵਰਗੇ ਇਕ-ਦੋ ਕਹਾਣੀਕਾਰ ਅਪਵਾਦ ਹੋ ਸਕਦੇ ਹਨ, ਜਿਨ੍ਹਾਂ ਤੱਕ ਅਜੇ ਪੰਜਾਬੀ ਕਹਾਣੀਕਾਰਾਂ ਨੇ ਅੱਪੜਨਾ ਹੈ। ਬਲਵਿੰਦਰ ਗਰੇਵਾਲ, ਸੁਖਜੀਤ, ਸਾਂਵਲ ਧਾਮੀ ਅਤੇ ਮਨਿੰਦਰ

ਕਾਂਗ ਦੀਆਂ ਕੁਝ ਕੁ ਕਹਾਣੀਆਂ ਨੇ ਇਹ ਆਸ ਬੰਨ੍ਹਾਈ ਹੈ, ਇਨ੍ਹਾਂ ਵਿਚੋਂ ਹੀ ਸਾਡਾ ਕੋਈ ਉਦੈ ਪ੍ਰਕਾਸ਼ ਵੀ ਜ਼ਰੂਰ ਪ੍ਰਗਟ ਹੋਵੇਗਾ।

**? ਪਹਿਲੀ ਧਾਰਨਾ ਹੈ ਕਿ ਕਤਲ, ਚੋਰੀ ਜਾਂ ਬਲਾਤਕਾਰ ਜਿਹੇ ਮਸਲੇ ਉੱਪਰ ਲਿਖਣ ਲਈ ਜ਼ਰੂਰੀ ਨਹੀਂ ਕਿ ਪਹਿਲਾਂ ਲੇਖਕ ਇਸ ਦਾ ਅਨੁਭਵ ਪ੍ਰਾਪਤ ਕਰੇ। ਦੂਜੀ ਧਾਰਨਾ ਹੈ ਕਿ ਕਿਸੇ ਜਾਤੀ ਵਿਸ਼ੇਸ਼ ਦਾ ਅਨੁਭਵ ਪ੍ਰਾਪਤ ਲੇਖਕ ਹੀ ਸਹੀ ਰੂਪ ਵਿਚ ਉਹਦਾ ਸੰਕਟ ਬਿਆਨ ਕਰ ਸਕਦਾ ਹੈ। ਦੋਹਾਂ ਧਾਰਨਾਵਾਂ ਦੀ ਰੌਸ਼ਨੀ ਵਿਚ ਸਪੱਸ਼ਟ ਕਰੋ ਕਿ 'ਅਸਲੀ ਗੱਲ' ਕਿਹੜੀ ਹੈ ?**

– ਦੋਵਾਂ ਧਾਰਨਾਵਾਂ ਵਿਚ ਹੀ ਅੱਧੀ ਅੱਧੀ ਸਚਾਈ ਹੈ। ਨਿੱਜੀ ਤਜ਼ਰਬੇ ਦੀ ਪ੍ਰਮਾਣਿਕਤਾ ਐਨੀ ਸ਼ਕਤੀਸ਼ਾਲੀ ਹੁੰਦੀ ਹੈ ਕਿ ਪਾਠਕ ਨੂੰ ਹੂੜ੍ਹ ਦੇ ਮੀਂਹ ਵਾਂਗੂੰ ਰੋੜ੍ਹ ਕੇ ਲੈ ਜਾਂਦੀ ਹੈ। ਪਰ ਸ਼ਰਤ ਇਹ ਹੈ ਕਿ ਸੱਜਰੇ, ਨਿਵੇਕਲੇ ਅਤੇ ਪ੍ਰਮਾਣਿਕ ਤੱਥਾਂ ਨਾਲ ਮਾਲਾਮਾਲ ਹੋਣ ਦੇ ਨਾਲ ਨਾਲ ਕਹਾਣੀਕਾਰ ਕੋਲ ਉਨ੍ਹਾਂ ਦੀ ਪੇਸ਼ਕਾਰੀ ਦਾ ਹੁਨਰ ਵੀ ਬਾਕਮਾਲ ਹੋਵੇ। ਨਹੀਂ ਤਾਂ ਰੂਪ–ਵਿਹੂਣੇ ਤੱਥ ਆਪਣੇ ਜ਼ੋਰਦਾਰ ਪ੍ਰਗਟਾਵੇ ਤੋਂ ਕੋਰੇ ਰਹਿ ਜਾਣਗੇ। ਦੂਜੀ ਗੱਲ ਕਿਸੇ ਲੇਖਕ ਦੀ ਸੰਵੇਦਨਸ਼ੀਲਤਾ ਦੀ ਸ਼ਿੱਦਤ ਨਾਲ ਸਬੰਧ ਰੱਖਦੀ ਹੈ। ਕਈ ਵਾਰ ਕਿਸੇ ਹੋਰ ਦਾ ਅਨੁਭਵ, ਦੁਜੈਲੇ ਸਰੋਤ ਤੋਂ ਆਇਆ ਹੋਣ ਦੇ ਬਾਵਜੂਦ, ਕਹਾਣੀਕਾਰ ਦੇ ਮਨ–ਮਸਤਕ ਦਾ ਇਸ ਕਦਰ ਭਾਗ ਬਣ ਸਕਦਾ ਹੈ ਕਿ ਉਹ ਖ਼ੁਦ ਵੀ ਹਲੂਣਿਆਂ ਜਾਂਦਾ ਹੈ ਅਤੇ ਆਪਣੀਆਂ ਅਹਿਸਾਸ–ਤਰੰਗਾਂ ਪਾਠਕ–ਮਨ ਵਿਚ ਛੇੜਨ ਦੇ ਵੀ ਸਮਰੱਥ ਹੋ ਜਾਂਦਾ ਹੈ। 'ਅਸਲੀ ਗੱਲ' ਤਾਂ ਲੇਖਕ ਦੀ ਸੰਵੇਦਨਸ਼ੀਲਤਾ ਅਤੇ ਬਿਆਨ ਦਾ ਹੁਨਰ ਹੈ। ਵੈਸੇ ਇਨ੍ਹਾਂ ਗੁਣਾਂ ਦੇ ਮਾਲਕ ਲੇਖਕ ਕੋਲ ਹੀ ਪ੍ਰਮਾਣਿਕ ਅਨੁਭਵ ਹੁੰਦਾ ਹੈ, ਕਿਉਂਕਿ ਸੰਵੇਦਨਹੀਨ ਵਿਅਕਤੀ ਤਾਂ ਚੀਜ਼ਾਂ–ਵਸਤਾਂ ਅਤੇ ਵਰਤਾਰਿਆਂ ਦੇ ਅੰਗ–ਸੰਗ ਵਿਚਰਦਿਆਂ ਵੀ ਅਸਲ ਵਿਚ ਉਨ੍ਹਾਂ ਨੂੰ ਵੇਖ ਨਹੀਂ ਰਿਹਾ ਹੁੰਦਾ ਜਾਂ ਉਨ੍ਹਾਂ ਨੂੰ ਆਪਣੇ ਅਨੁਭਵ ਦਾ ਭਾਗ ਨਹੀਂ ਬਣਨ ਦਿੰਦਾ ਅਤੇ ਸਿਰਫ ਸੂਚਨਾ ਤੱਕ ਮਹਿਦੂਦ ਰਹਿ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਉਹ ਅਤੀ ਕਠੋਰ ਹਾਲਤਾਂ ਵਿਚ ਰਹਿੰਦਿਆਂ ਇਸ ਕਦਰ ਸੁਹਿੰਦੜ ਹੋ ਜਾਂਦਾ ਹੈ ਕਿ ਉਨ੍ਹਾਂ ਨੂੰ ਕੁਦਰਤੀ ਹੀ ਸਮਝਣ ਲੱਗ ਜਾਂਦਾ ਹੈ ਅਰਥਾਤ ਉਨ੍ਹਾਂ ਨੂੰ ਵਿੱਥ ਉਤੇ ਖੜ੍ਹ ਕੇ ਵੇਖ ਨਹੀਂ ਸਕਦਾ। ਮਿਸਾਲ ਵਜੋਂ ਦਲਿਤ ਵਰਗਾਂ ਦੇ ਅਨੁਭਵ ਨੂੰ ਪੇਸ਼ ਕਰਦੀਆਂ ਰਚਨਾਵਾਂ ਦੀ ਗੱਲ ਕੀਤੀ ਜਾ ਸਕਦੀ ਹੈ। ਦਲਿਤ ਵਰਗਾਂ ਦਾ ਅਨੁਭਵ ਰੱਖਣ ਵਾਲੇ ਤਾਂ ਬੇਸ਼ੁਮਾਰ ਲੇਖਕ ਹਨ ਪਰ ਵਧੀਆ ਲੇਖਕ ਵਿਰਲੇ ਹਨ। ਦੂਜੇ ਪਾਸੇ ਕੁਝ ਗ਼ੈਰ–ਦਲਿਤ ਲੇਖਕਾਂ ਨੇ ਵੀ ਦਲਿਤ ਚੇਤਨਾ ਵਾਲੀਆਂ ਖ਼ੂਬਸੂਰਤ ਰਚਨਾਵਾਂ ਦਿੱਤੀਆਂ ਹਨ ਜਿਵੇਂ ਵਰਿਆਮ ਸਿੰਘ ਸੰਧੂ ਦੀ ਕਹਾਣੀ 'ਨੌਂ ਬਾਰਾਂ ਦਸ' ਪੜ੍ਹੀ ਜਾ ਸਕਦੀ ਹੈ। ਫਿਰ ਵੀ ਮੈਂ ਆਪਣੀ ਪਹਿਲੀ ਗੱਲ ਦੁਹਰਾਉਣਾ ਚਾਹੁੰਦਾ ਹਾਂ ਕਿ ਨਿੱਜੀ ਅਨੁਭਵ ਦੀ ਸ਼ਕਤੀ ਬੇਮਿਸਾਲ ਹੁੰਦੀ ਹੈ।

**? ਅੱਜ-ਕੱਲ੍ਹ ਬਹੁਤੀ ਕਹਾਣੀ ਜੀਵਨ ਯਥਾਰਥ ਦੀਆਂ ਤਮਾਮ ਪਰਤਾਂ ਨੂੰ ਮਨੁੱਖੀ ਅਵਚੇਤਨ ਉੱਪਰ ਫੋਕਸ ਕਰਕੇ ਕਿਉਂ ਵੇਖ ਤੇ ਵਿਖਾ ਰਹੀ ਹੈ ? ਦੂਜੀ ਗੱਲ ਇਹ ਕਹਾਣੀ 'ਮੈਂ' ਪਾਤਰ ਰਾਹੀਂ ਹੀ ਕਿਉਂ ਲਿਖੀ ਜਾ ਰਹੀ ਹੈ ?**

– ਕਹਾਣੀ ਦਾ ਮੂਲ ਮੰਤਵ ਮਨੁੱਖੀ ਕਾਰਜ ਦਾ ਗਲਪ–ਬਿੰਬ ਸਿਰਜਣਾ ਹੁੰਦਾ ਹੈ। ਅਜੋਕੇ ਸਮਿਆਂ ਵਿਚ ਜੋ ਕੁਝ ਕਿਸੇ ਵਿਅਕਤੀ ਨਾਲ ਬਾਹਰੀ ਤੌਰ ਤੇ ਵਾਪਰਦਾ ਨਜ਼ਰ ਆਉਂਦਾ ਹੈ, ਉਸ ਤੋਂ ਕਿਤੇ ਵੱਧ ਉਸ ਦੇ ਅੰਦਰੂਨੀ ਸੰਸਾਰ ਵਿਚ ਵਾਪਰ ਰਿਹਾ ਹੁੰਦਾ ਹੈ। ਸੁੱਤਿਆਂ ਪਿਆਂ ਬੰਦਾ ਬਾਹਰੀ ਕਾਰਜ ਤੋਂ ਤਾਂ ਕੁਝ ਦੇਰ ਲਈ ਮੁਕਤ ਹੋ ਜਾਂਦਾ ਹੈ ਪਰ ਉਸਦੇ ਅਵਚੇਤਨ ਵਿਚਲਾ ਘਮਸਾਣ ਫਿਰ ਵੀ ਸੁਪਨਿਆਂ ਦੇ ਰੂਪ 'ਚ ਚਲਦਾ ਰਹਿੰਦਾ ਹੈ। ਅਜੋਕੇ ਕਹਾਣੀਕਾਰ ਦੀ ਵਧੇਰੇ ਰੁਚੀ ਉਸ ਅੰਦਰਲੇ ਘਮਸਾਣ ਨੂੰ ਮੂਰਤੀਮਾਨ ਕਰਨ ਵਿਚ ਹੀ ਹੈ। ਉਂਜ ਇਹ ਅੰਦਰਲਾ ਘਮਸਾਣ ਵੀ ਬਾਹਰੀ ਸਥਿਤੀਆਂ ਦਾ ਅਕਸ ਹੀ ਹੁੰਦਾ ਹੈ ਪਰ ਇਹ ਅਕਸ ਕੁਝ ਜਟਿਲ ਭਾਂਤ ਦਾ ਹੁੰਦਾ ਹੈ। ਇਸ ਨੂੰ ਸਿੱਧੀ ਕਾਰਜ–ਪ੍ਰਭਾਵ ਦੀ ਲੜੀ ਵਿਚ ਰੱਖ ਕੇ ਸਰਲੀਕ੍ਰਿਤ ਢੰਗ ਨਾਲ ਨਹੀਂ ਸਮਝਿਆ ਜਾ ਸਕਦਾ। ਆਪਣੇ ਅੰਦਰਲੇ ਸੰਸਾਰ ਨੂੰ ਸਭ ਤੋਂ ਨੇੜਿਉਂ ਵਿਅਕਤੀ ਖ਼ੁਦ ਜਾਣਦਾ ਹੈ। ਉਹ ਇਸ ਦਾ ਪ੍ਰਗਟਾਵਾ ਭਾਵੇਂ ਕਿਸੇ ਵੀ ਵਿਧੀ ਨਾਲ ਕਰੇ ਪਰ ਇਹ ਸਵੈ–ਜੀਵਨੀਆਤਮਕ ਤਰਜ਼ ਦਾ ਬਿਰਤਾਂਤ ਪਾਠਕ ਨੂੰ ਵਧੇਰੇ ਪ੍ਰਮਾਣਿਕ ਜਾਪਦਾ ਹੈ। ਇਸ ਲਈ ਅਜੋਕਾ ਕਹਾਣੀਕਾਰ ਚਰਿੱਤਰ–ਰੂਪ ਵਕਤਾ ਅਰਥਾਤ ਉਤਮ–ਪੁਰਖੀ ਬਿਰਤਾਂਤਕਾਰ ਵਜੋਂ ਬਿਰਤਾਂਤ



ਸਿਰਜਣ ਵੱਲ ਵਧੇਰੇ ਰੁਚਿਤ ਹੈ। ਪਾਠਕ ਅਜਿਹੇ ਬਿਰਤਾਂਤ ਰਾਹੀਂ ਕਿਸੇ ਪਾਤਰ ਦੇ ਅਤੀਨਿਕਟੀ ਅਨੁਭਵ ਉਤੇ ਝਾਤ ਪਾ ਸਕਣ ਦਾ ਲੁਤਫ਼ ਮਾਣਦਾ ਹੈ। ਉਤਮ–ਪੁਰਖੀ ਬਿਰਤਾਂਤ ਵਕਤਾ ਤੋਂ ਵਿਸ਼ੇਸ਼ ਪ੍ਰਕਾਰ ਦੀ ਮੁਹਾਰਤ ਮੰਗਦਾ ਹੈ, ਯਾਨੀ ਉਹ ਦੂਜੇ ਪਾਤਰ ਦੇ ਹਾਵਾਂ–ਭਾਵਾਂ ਨੂੰ ਸਿਰਫ ਉਸਦੇ ਬਾਹਰੀ ਕਾਰਜ ਜਾਂ ਹਾਵ–ਭਾਵ ਤੋਂ ਹੀ ਫੜ੍ਹ ਸਕਦਾ ਹੈ। ਪੰਜਾਬੀ ਵਿਚ ਬਹੁਤ ਸਾਰੀ ਉਤਮ–ਪੁਰਖੀ ਕਹਾਣੀ ਰੀਸੋ–ਰੀਸੀ ਵੀ ਲਿਖੀ ਜਾ ਰਹੀ ਹੈ ਕਿਉਂਕਿ ਇਸ ਵਿਧੀ ਨੂੰ ਉਤਮ ਮੰਨਣ ਲੈਣ ਦਾ ਭੁਲੇਖਾ ਸਿਰਜ ਲਿਆ ਗਿਆ ਹੈ।

**? ਅੱਜ ਮਹਾਂਭਾਰਤ, ਰਮਾਇਣ ਤੇ ਹੀਰ ਜਿਹੇ ਮਹਾਂ-ਬਿਰਤਾਂਤਾਂ ਦੀ ਟੱਕਰ ਵਿਚ ਉੱਸਰਿਆ ਬਿਰਤਾਂਤ ਨਜ਼ਰ ਨਹੀਂ ਆਉਂਦਾ। ਉਂਜ ਅਸੀਂ ਤਰੱਕੀ ਪੱਖੋਂ 21ਵੀਂ ਸਦੀ ਵਿਚ ਹਾਂ। ਵਿਕਾਸ, ਪਤਨ ਤੇ ਖੜੋਤ ਦੀ ਸਥਿਤੀ ਤੋਂ ਤੁਸੀਂ ਇਸ ਵਰਤਾਰੇ ਨੂੰ ਕਿਵੇਂ ਵੇਖਦੇ ਹੋ ?**

– ਇਹ ਬੜਾ ਔਖਾ ਸੁਆਲ ਹੈ। ਆਪਣੇ ਢੰਗ ਨਾਲ ਇਹ ਪ੍ਰਸ਼ਨ ਮਾਰਕਸ ਅਤੇ ਏਂਗਲਜ ਨੇ ਕਲਾ ਰੂਪਾਂ ਅਤੇ ਸਮਾਜਿਕ ਵਿਵਸਥਾ ਦੇ ਵਿਸ਼ੇਸ਼ ਪੜਾਵਾਂ ਦੇ ਸਬੰਧਾਂ ਦੇ ਹਵਾਲੇ ਨਾਲ ਉਠਾਇਆ ਸੀ ਕਿ ਆਧੁਨਿਕ ਕਾਲ ਵਿਚ 'ਇਲੀਆਦ' ਦੀ ਰਚਨਾ ਕਿਵੇਂ ਸੰਭਵ ਨਹੀਂ ਹੁੰਦੀ। 'ਸਾਹਿਤ ਅਤੇ ਕਲਾ' ਨਾਂ ਦੀ ਪੁਸਤਕ ਵਿਚ ਇਸਦਾ ਸੰਕੇਤਕ ਉੱਤਰ ਵੀ ਦਿੱਤਾ ਗਿਆ ਹੈ ਕਿ ਸਭਿਆਤਾਵਾਂ ਦੇ ਵਿਕਾਸ ਜਾਂ ਪਤਨ ਨਾਲ ਸਾਹਿਤਕ ਸ਼ੈਲੀ ਵਿਚ ਵਿਕਾਸ ਜਾਂ ਪਤਨ ਦੇ ਮੁੱਦੇ ਸਿੱਧੇ ਰੂਪ ਵਿਚ ਸਬੰਧਿਤ ਨਹੀਂ ਹੁੰਦੇ। ਹਾਂ, ਕੁਝ ਰੂਪਾਕਾਰ ਵਿਸ਼ੇਸ਼ ਜ਼ਰੂਰ ਵਿਸ਼ੇਸ਼ ਸਮਾਜਿਕ ਪੜਾਵਾਂ ਉਤੇ ਵਿਗਸਦੇ, ਬਿਨਸਦੇ ਰਹਿੰਦੇ ਹਨ।

ਮਹਾਂਕਾਵਿ ਸਹੀ ਅਰਥਾਂ ਵਿਚ ਮੁੱਢਲੇ ਸੰਕ੍ਰਾਂਤੀ ਕਾਲ (ਜਦੋਂ ਪ੍ਰਾਚੀਨ ਯੁਗ ਦੀ ਥਾਂ ਮੱਧਕਾਲ ਲੈ ਰਿਹਾ ਸੀ) ਵਿਚ ਫਲਦਾ–ਫੁਲਦਾ ਹੈ। ਇਹ ਸਮਾਂ ਦੇਵਤਿਆਂ ਅਤੇ ਦੈਂਤਾਂ ਦੇ ਸਮਾਨੰਤਰ ਮਨੁੱਖੀ ਨਾਇਕਤਵ ਦੇ ਉਭਾਰ ਦਾ ਸੀ। ਰਿਸ਼ੀਆਂ, ਭਗਤਾਂ, ਆਸ਼ਕਾਂ, ਯੋਧਿਆਂ ਆਦਿ ਵਾਂਗ ਹੀ ਉਸ ਸਮੇਂ ਲੇਖਕ ਵੀ ਨਾਇਕਤਵ ਦੀ ਪਦਵੀ ਤੱਕ ਪਹੁੰਚਦਾ ਹੈ। ਦੂਜੇ ਸ਼ਬਦਾਂ ਵਿਚ ਉਹ ਆਪਣੀ ਲੰਮੀ ਸਾਧਨਾ ਨਾਲ ਆਪਣੇ ਪਾਤਰਾਂ ਦੇ ਵਿਅਕਤੀਤਵ ਪਿੱਛੇ ਕਾਰਜਸ਼ੀਲ ਸਮੁੱਚੇ ਇਤਿਹਾਸਕ–ਮਿਥਿਹਾਸਕ ਵਰਤਾਰਿਆਂ ਨੂੰ ਪੂਰੀ ਡੂੰਘਾਈ ਵਿਚ ਵਾਚ ਕੇ ਅਜਿਹੇ ਸ਼ਬਦ–ਚਿੱਤਰ ਉਲੀਕਦਾ ਹੈ ਕਿ ਉਸ ਯੁਗ ਦਾ ਸਮੁੱਚਾ ਇਥੌਸ ਉਸਦੀ ਰਚਨਾ ਵਿਚੋਂ ਝਲਕਣ ਲਗਦਾ ਹੈ। ਪਾਠਕ ਆਪਣੀ ਸਮੂਹਿਕ ਚੇਤਨਾ ਅਨੁਕੂਲ ਉਨ੍ਹਾਂ ਪਾਤਰਾਂ ਦੇ ਨਾਇਕਤਵ ਨੂੰ ਰੱਬ ਵਾਂਗ ਪੂਜਣ ਲਗਦਾ ਹੈ। ਇਉਂ ਲੇਖਕ, ਪਾਤਰ ਅਤੇ ਪਾਠਕ/ ਸਰੋਤੇ ਦੀ ਇਕਸੁਰ ਚੇਤਨਾ ਰਾਹੀਂ ਮਹਾਂਬਿਰਤਾਂਤ ਪੈਦਾ ਹੁੰਦੇ ਹਨ।

ਇੱਕੀਵੀਂ ਸਦੀ ਨਾਇਕਤਵ ਦੀ ਪੂਜਾ ਦੀ ਥਾਂ ਨਾਇਕਤਵ ਦੇ ਵਿਸਰਜਣ ਦੀ ਹੈ। ਇਸ ਦਾ ਅਰਥ ਇਹ ਨਹੀਂ ਕਿ ਹੁਣ ਵਿਅਕਤੀ ਵੱਡੇ ਕਾਰਨਾਮੇ ਕਰ ਕੇ ਵਿਅਕਤੀ–ਵਿਸ਼ੇਸ਼ ਨਹੀਂ ਬਣ ਰਿਹਾ। ਬਾਰਕ ਉਬਾਮਾ, ਕਲਪਨਾ ਚਾਵਲਾ ਅਤੇ ਸੁਨੀਤਾ ਵਿਲੀਅਮਜ਼ ਵਰਗੇ ਨਾਂ ਹੁਣ ਵੀ ਮਨੁੱਖ ਦੀਆਂ ਅਸੀਮ ਸੰਭਾਵਨਾਵਾਂ ਦੀ ਗਵਾਹੀ ਭਰਦੇ ਹਨ। ਹੁਣ ਲੇਖਕ, ਪਾਤਰ ਅਤੇ ਪਾਠਕ ਤਿੰਨੋਂ ਇਕਾਈਆਂ ਹੀ ਗੌਰਵ ਦੇ ਯਥਾਰਥਕ ਅਤੇ ਮਨੁੱਖੀ ਪਰਿਪੇਖ ਦੀਆਂ ਹਾਮੀ ਹਨ। ਮਹਾਂ–ਬਿਰਤਾਂਤ ਦੇ ਪੈਗੰਬਰੀ ਬੋਲਾਂ ਅਤੇ ਸਾਧਾਰਨੀਕ੍ਰਿਤ ਸੱਚ ਦੀ ਥਾਂ ਹੁਣ ਪਾਠਕ ਟਕਰਾਵੇਂ ਲਘੂ–ਬਿਰਤਾਂਤਾਂ ਦਾ ਮੁਦੱਈ ਹੈ ਅਤੇ ਵਿਅਕਤੀਗਤ ਸੱਚ ਦੀ ਮਹਿਮਾ ਦਾ ਉਪਾਸ਼ਕ ਹੈ।

ਇਸ ਸਮੁੱਚੇ ਸੰਦਰਭ ਵਿਚ ਜਦੋਂ ਅਸੀਂ ਸੋਚਦੇ ਹਾਂ ਕਿ ਅਜੋਕੇ ਸਮੇਂ ਵਿਚ ਮਹਾਂਭਾਰਤ ਵਰਗੀ ਕੋਈ ਅਜਿਹੀ ਇਕ ਰਚਨਾ ਕਿਉਂ ਨਹੀਂ ਰਚੀ ਜਾਂਦੀ ਜਿਹੜੀ ਇਸ ਯੁਗ ਦੇ ਸਮੁੱਚੇ ਸਮਾਜਿਕ, ਦਾਰਸ਼ਨਿਕ ਪ੍ਰਸ਼ਨਾਂ ਨੂੰ ਸੰਬੋਧਿਤ ਹੋਵੇ ? ਤਾਂ ਸਭ ਤੋਂ ਪਹਿਲਾਂ ਜਿਹੜਾ ਨੁਕਤਾ ਧਿਆਨ ਵਿਚ ਆਉਂਦਾ ਹੈ, ਉਹ ਇਹ ਹੈ ਕਿ ਅਜੋਕੇ ਜਟਿਲ ਜੀਵਨ ਦੀ ਵਿਰਾਟਤਾ ਕਿਸੇ ਇਕੱਲੇ–ਇਕਹਿਰੇ ਅਤੀ ਪ੍ਰਤਿਭਾਸ਼ਾਲੀ ਲੇਖਕ ਦੇ ਵੀ ਕਲਾਵੇ ਵਿਚ ਆਉਣ ਵਾਲਾ ਵਰਤਾਰਾ ਨਹੀਂ। ਇਸ ਲਈ ਉਹ ਜੀਵਨ ਦੇ ਕਿਸੇ ਖੰਡ–ਵਿਸ਼ੇਸ਼ ਦਾ ਸੱਚ ਉਜਾਗਰ ਕਰ ਸਕਣ ਨੂੰ ਹੀ ਆਪਣਾ ਅਧਿਕਾਰ ਖੇਤਰ ਸਮਝਦਾ ਹੈ ਭਾਵੇਂ ਕਿ ਇਹ ਖੰਡ–ਵਿਸ਼ੇਸ਼ ਸਮੁੱਚਤਾ ਦੇ ਸੰਦਰਭ ਵਿਚ ਹੀ ਅਰਥ ਗ੍ਰਹਿਣ ਕਰਦਾ ਹੈ। ਦੂਜਾ, ਹੁਣ ਅਜਿਹੇ ਪ੍ਰਤੀਨਿਧ ਪਾਤਰਾਂ ਦੀ ਸਿਰਜਣਾ ਦਾ ਦੌਰ ਵੀ ਨਹੀਂ ਜਿਨ੍ਹਾਂ ਦੇ ਮਾਧਿਅਮ ਰਾਹੀਂ ਆਪਣੇ ਯੁੱਗ ਦੇ ਸੱਚਾਂ ਨੂੰ ਸਰਵਪ੍ਰਵਾਨਿਤ ਰੂਪ 'ਚ ਉਭਾਰਿਆ ਜਾ ਸਕੇ। ਤੀਜਾ, ਅਜੋਕਾ ਪਾਠਕ ਮਹਾਂਬਿਰਤਾਂਤਾਂ ਦੇ ਪੈਗੰਬਰੀ

ਪ੍ਰਵਚਨ ਦਾ ਵਿਰੋਧੀ ਅਤੇ ਖੇਤਰੀ ਪਛਾਨਾਂ ਦਾ ਮੁਦੱਈ ਹੈ, ਇਸ ਲਈ ਮਹਾਂਬਿਰਤਾਂਤ ਨਾਲ ਦੂਰ ਤੱਕ ਨਹੀਂ ਚੱਲ ਸਕਦਾ।

ਮੈਨੂੰ ਇਹ ਵੀ ਲਗਦਾ ਹੈ ਕਿ ਜਿਵੇਂ ਮੱਧਕਾਲ ਮੌਖਿਕ ਅਤੇ ਲਿਖਤ ਬਿਰਤਾਂਤ ਦਾ ਦੌਰ ਸੀ ਤਾਂ ਆਧੁਨਿਕ ਜਾਂ ਉਤਰ-ਆਧੁਨਿਕ ਯੁਗ ਸਿਨੇਮਾਈ ਬਿਰਤਾਂਤ ਵਰਗੀ ਸੰਯੁਕਤ ਕਲਾ ਦਾ ਦੌਰ ਹੈ। ਇਸੇ ਲਈ ਅਜੋਕੇ ਜੀਵਨ-ਸੰਘਰਸ਼ ਦੀ ਵਿਰਾਟ ਗਾਥਾ ਨੂੰ ਜਿਵੇਂ 'ਟਾਈਟੈਨਿਕ' ਵਰਗੀਆਂ ਫ਼ਿਲਮਾਂ ਰਾਹੀਂ ਪੇਸ਼ ਕੀਤਾ ਜਾ ਸਕਿਆ ਹੈ, ਉਵੇਂ ਕਿਸੇ ਲਿਖਤ ਵਿਚ ਸੰਭਵ ਨਹੀਂ ਹੋ ਸਕਿਆ। ਅਜੋਕੇ ਜੀਵਨ ਦੀ ਜਟਿਲਤਾ ਅਤੇ ਵਿਰਾਟਤਾ ਨੂੰ ਨਿਰੋਲ ਸ਼ਬਦ-ਚਿੱਤਰਾਂ ਰਾਹੀਂ ਫੜ੍ਹ ਸਕਣਾ ਸ਼ਾਇਦ ਸੰਭਵ ਨਹੀਂ ਰਿਹਾ ਜਾਪਦਾ। ਉਂਜ ਮਹਿਜ਼ ਲੰਮੇ ਅਕਾਰ ਦੀਆਂ ਪੰਜਾਬੀ ਰਚਨਾਵਾਂ ਜ਼ਰੂਰ ਲਿਖੀਆਂ ਜਾ ਰਹੀਆਂ ਹਨ ਜੋ ਮਹਾਂਕਾਵਿਕ ਹੋਣ ਦਾ ਭਰਮ-ਮਾਤਰ ਹੀ ਕਹੀਆਂ ਜਾ ਸਕਦੀਆਂ ਹਨ।

ਇਸ ਵਿਰਾਟ ਪ੍ਰਸ਼ਨ ਲਈ ਅੰਤਲੇ ਸ਼ਬਦ ਲਿਖਦਿਆਂ ਮੈਨੂੰ ਮਹਿਸੂਸ ਹੋ ਰਿਹਾ ਹੈ, ਜਿਵੇਂ ਬਹੁਤ ਸਾਰੇ ਸ਼ਬਦਾਂ ਦੀ ਵਰਤੋਂ ਦੇ ਬਾਵਜੂਦ ਮੈਂ ਕਿਸੇ ਅੰਤਿਮ ਨਿਰਣੇ ਉਤੇ ਨਹੀਂ ਪਹੁੰਚ ਸਕਿਆ।

**? ਆਪਣੀ ਆਲੋਚਨਾ-ਵਿਧੀ ਔਰ ਦ੍ਰਿਸ਼ਟੀ ਬਾਰੇ ਦੱਸਦੇ ਹੋਏ ਇਹ ਦੱਸੋ ਕਿ ਪੰਜਾਬੀ ਆਲੋਚਨਾ ਦੀ ਮੌਜੂਦਾ ਸਥਿਤੀ ਕੀ ਹੈ ?**

– ਆਪਣੇ ਪੀ-ਐੱਚ.ਡੀ. ਦੇ ਥੀਸਿਸ ਦੀ ਭੂਮਿਕਾ ਵਿਚ ਮੈਨੂੰ ਇਸ ਸੁਆਲ ਦਾ ਜਵਾਬ ਦੇਣਾ ਪੈਣਾ ਸੀ ਕਿ ਮੇਰੀ ਆਲੋਚਨਾ-ਦ੍ਰਿਸ਼ਟੀ ਅਤੇ ਵਿਧੀ ਕੀ ਹੈ। ਮੈਂ ਆਪਣੇ ਨਿਗਰਾਨ ਡਾ. ਕੇਸਰ ਸਿੰਘ ਕੇਸਰ ਦੀ ਸਹਾਇਤਾ ਨਾਲ ਇਹ ਧਾਰਨਾ ਬਣਾਈ ਸੀ ਕਿ ਮੇਰੀ ਵਿਧੀ ਇਤਿਹਾਸਕ-ਤੁਲਨਾਤਮਕ ਹੈ। ਉਸ ਦੀ ਵਿਆਖਿਆ ਵਜੋਂ ਮੈਂ ਲਿਖਿਆ ਸੀ : ਉਹ ਸਾਡੀ ਪਹੁੰਚ-ਵਿਧੀ ਨੂੰ ਇਤਿਹਾਸਿਕ-ਤੁਲਨਾਤਮਕ ਵਿਧੀ ਦਾ ਨਾਂ ਦਿੱਤਾ ਜਾ ਸਕਦਾ ਹੈ।

ਸਾਡੀ ਇਹ ਧਾਰਨਾ ਹੈ ਕਿ ਕੋਈ ਵੀ ਰਚਨਾਕਾਰ ਅਤੇ ਉਸ ਦੀ ਰਚਨਾ ਇਤਿਹਾਸਿਕ ਵਿਕਾਸ-ਪ੍ਰਕਿਰਿਆ ਦੇ ਕਿਸੇ ਵਿਸ਼ੇਸ਼ ਪੜਾਅ ਉੱਤੇ ਹੀ ਹੋਂਦ ਵਿਚ ਆਉਂਦੇ ਹਨ। ਇਸ ਲਈ ਰਚਨਾਕਾਰ ਦੇ ਵਿਅਕਤਿਤਵ, ਵਿਚਾਰਧਾਰਾ ਅਤੇ ਸਿਰਜਣ-ਪ੍ਰਕਿਰਿਆ ਨੂੰ ਉਸ ਸਮੇਂ ਅਤੇ ਸਥਾਨ ਦੀਆਂ ਵਿਸ਼ੇਸ਼ ਪਰਿਸਥਿਤੀਆਂ ਨਿਰਧਾਰਤ ਕਰਦੀਆਂ ਹਨ ਅਰਥਾਤ ਉਨ੍ਹਾਂ ਨੂੰ ਵਿਲੱਖਣ ਪਛਾਣ ਦਿੰਦੀਆਂ ਹਨ। ਦੂਜੇ ਸ਼ਬਦਾਂ ਵਿਚ ਇਤਿਹਾਸਿਕ-ਸਮਾਜਿਕ ਪਰਿਸਥਿਤੀਆਂ ਦੇ ਪ੍ਰਸੰਗ ਵਿਚ ਉਤਪੰਨ ਹੋਣ ਵਾਲੀਆਂ ਬਹੁ-ਪੱਖੀ ਚੁਣੌਤੀਆਂ ਪ੍ਰਤੀ ਲੇਖਕ ਵੱਲੋਂ ਭਰੇ ਜਾਣ ਵਾਲੇ ਹੁੰਗਾਰੇ ਦਾ ਸੁਭਾਅ ਹੀ ਪ੍ਰਮੁੱਖ ਰੂਪ ਵਿਚ ਲੇਖਕ ਦੀ ਰਚਨਾ-ਦ੍ਰਿਸ਼ਟੀ ਦਾ ਸੰਚਾਲਕ ਤੱਤ ਬਣਦਾ ਹੈ। ਪਰੰਪਰਾ ਦੇ ਰੂਪ ਵਿਚ ਗ੍ਰਹਿਣ ਕੀਤੇ ਸੰਸਕਾਰ ਅਤੇ ਹਰ ਛਿਣ ਪੈਦਾ ਹੋ ਰਹੇ ਨਵੀਨ-ਮੁੱਲ ਰਚਨਾਕਾਰ ਦੇ ਵਿਚਾਰਾਂ ਅਤੇ ਜਜ਼ਬਿਆਂ ਵਿਚ ਇਕ ਤਣਾਅ ਬਣਾਈ ਰਖਦੇ ਹਨ, ਜੋ ਕਿ ਉਸ ਦੀ ਸਿਰਜਣਾ ਦਾ ਵਾਹਕ ਬਣਦਾ ਹੈ। ਇਹ ਤਣਾਅ ਲੇਖਕ ਦੀ ਰਚਨਾ ਵਿਚ ਇਕ ਮੂਲ ਸੂਤਰ ਵਜੋਂ ਗਤੀਸ਼ੀਲ ਹੁੰਦਾ ਹੈ। ਇਸ ਤਣਾਅ ਦੀ ਪ੍ਰਕਿਰਤੀ ਨੂੰ ਗਤੀਸ਼ੀਲ ਪਰੰਪਰਾ ਦੇ ਪਰਿਪੇਖ ਵਿਚ ਪਛਾਨਣ ਦੀ ਵਿਧੀ ਨੂੰ ਅਸੀਂ 'ਇਤਿਹਾਸਿਕ ਵਿਧੀ' ਕਿਹਾ ਹੈ।

ਇਸ ਤਣਾਅ ਦੀ ਵਾਸਤਵਿਕ ਪਛਾਣ ਤਾਂ ਹੀ ਸੰਭਵ ਹੈ ਜੇਕਰ ਅਸੀਂ ਵਿਭਿੰਨ ਗਿਆਨ-ਪ੍ਰਬੰਧਾਂ ਦੀ ਮੱਦਦ ਰਾਹੀਂ ਉਨ੍ਹਾਂ ਗਤੀਕਾਰਾਂ ਨੂੰ ਪਛਾਣ ਸਕੀਏ ਜਿਹੜੇ ਪਰੰਪਰਕ ਸੰਰਚਨਾ ਤੇ ਸੰਰਚਨਾਵਾਂ (ਸਮਾਜਿਕ, ਰਾਜਨੀਤਿਕ, ਧਾਰਮਿਕ ਤੇ ਸਾਹਿਤਿਕ) ਦੇ ਪ੍ਰੇਰਕ ਅਤੇ ਸੰਚਾਲਕ ਸਨ ਅਤੇ ਆਪਣੇ ਪਰਿਵਰਤਿਤ ਸਰੂਪ ਨਾਲ ਨਵੀਨ ਸੰਰਚਨਾਵਾਂ ਵਿਚ ਵੀ ਗਤੀਸ਼ੀਲ ਹਨ। ਅਜਿਹਾ ਪਰੰਪਰਾ ਦੇ ਰੂਪ ਵਿਚ ਤੁਰੇ ਆ ਰਹੇ ਤੱਤਾਂ ਅਤੇ ਪੈਦਾ ਹੋ ਚੁਕੇ ਨਵੀਨ ਤੱਤਾਂ ਦਾ ਤੁਲਨਾਤਮਕ ਅਧਿਐਨ ਕਰਦਿਆਂ ਹੋਇਆਂ ਉਨ੍ਹਾਂ ਦੇ ਵਿਰੋਧਾਤਮਕ ਅੰਤਰ-ਸੰਬੰਧਾਂ ਨੂੰ ਸਮਝ ਕੇ ਹੀ ਸੰਭਵ ਹੈ। ਇਸ ਵਿਧੀ ਨੂੰ ਅਸੀਂ 'ਤੁਲਨਾਤਮਿਕ ਵਿਧੀ' ਕਿਹਾ ਹੈ।

ਮੈਂ ਹੁਣ ਵੀ ਕੁਝ ਉਸ ਤਰ੍ਹਾਂ ਹੀ ਸੋਚਦਾ ਹਾਂ। ਮੈਂ ਕਿਸੇ ਵੀ ਵਰਤਾਰੇ, ਟੈਕਸਟ ਅਤੇ ਸਥਿਤੀ ਨੂੰ ਇਤਿਹਾਸਕ ਸੰਦਰਭ ਵਿਚ ਰੱਖ ਕੇ ਸਮਝਣ ਦਾ ਯਤਨ ਕਰਦਾ ਹਾਂ। ਅਜਿਹਾ ਕਰਦਿਆਂ ਤੁਲਨਾਤਮਕ ਵਿਧੀ ਖੁਦ-ਬ-ਖੁਦ ਅਪਣਾਈ ਜਾਂਦੀ ਹੈ, ਕਿਉਂਕਿ ਕਿਸੇ ਗੱਲ ਨੂੰ ਦੂਜੀਆਂ ਸਬੰਧਿਤ ਜਾਂ ਵਿਰੋਧੀ ਗੱਲਾਂ ਦੇ ਪ੍ਰਸੰਗ ਵਿਚ ਹੀ ਸਮਝਿਆ ਜਾ ਸਕਦਾ ਹੈ। ਮਿਸਾਲ ਵਜੋਂ ਜੇ ਮੈਂ ਆਧੁਨਿਕਤਾ ਬਾਰੇ ਸੋਚਣਾ



ਹੋਵੇ ਤਾਂ ਮੱਧਕਾਲ ਦੇ ਪ੍ਰਸੰਗ ਵਿਚ ਗੱਲ ਸਪੱਸ਼ਟ ਹੋਵੇਗੀ। ਸਾਧਾਰਨ ਮਨੁੱਖ ਦੇ ਲੱਛਣ ਜਾਨਣੇ ਹੋਣ ਤਾਂ ਮਹਾਂਮਾਨਵ ਦੀ ਧਾਰਨਾ ਦੇ ਸਨਮੁਖ ਹੋਣਾ ਪਵੇਗਾ। ਭਾਰਤੀ ਸਾਮੰਤਵਾਦ ਦੀ ਵਿਲੱਖਣਤਾ ਬਾਰੇ ਨਿਰਣਾ ਕਰਨਾ ਹੋਵੇ ਤਾਂ ਪੱਛਮੀ ਫਿਊਡਲਇਜ਼ਮ ਦੀ ਸਮਝ ਜ਼ਰੂਰੀ ਹੈ। ਮੇਰੀ ਸਾਰੀ ਆਲੋਚਨਾ ਵਿਚ ਇਸ ਤਰ੍ਹਾਂ ਹੀ ਵਿਭਿੰਨ ਯੁਗਾਂ, ਲਹਿਰਾਂ, ਲੇਖਕਾਂ, ਰਚਨਾਵਾਂ ਆਦਿ ਦਾ ਅਧਿਐਨ ਕੀਤਾ ਗਿਆ ਹੈ। ਅਜਿਹੇ ਅਧਿਐਨ ਲਈ ਵਧੇਰੇ ਅੰਤਰ-ਦ੍ਰਿਸ਼ਟੀ ਭਾਵੇਂ ਮੈਨੂੰ ਮਾਰਕਸਵਾਦ ਤੋਂ ਪ੍ਰਾਪਤ ਹੁੰਦੀ ਹੈ ਪਰ ਅੰਤਰ-ਅਨੁਸ਼ਾਸਨੀ ਪਹੁੰਚ ਅਨੁਸਾਰ ਮੈਂ ਉਤਰ-ਆਧੁਨਿਕਵਾਦ ਵਰਗੇ ਹੋਰ ਅਨੁਸ਼ਾਸਨਾਂ ਤੋਂ ਵੀ ਲੋੜੀਂਦੀ ਮੱਦਦ ਲੈ ਲੈਂਦਾ ਹਾਂ।

ਪੰਜਾਬੀ ਆਲੋਚਨਾ ਦੀ ਮੌਜੂਦਾ ਸਥਿਤੀ ਨੂੰ ਬਣਾਉਣ ਵਿਚ ਅੰਤਰ-ਅਨੁਸ਼ਾਸਨੀ ਪਹੁੰਚ-ਵਿਧੀ ਦੀ ਵੱਡੀ ਭੂਮਿਕਾ ਹੈ। ਵਿਹਾਰਕ ਰੂਪ 'ਚ ਅਜਿਹਾ ਹੀ ਹੋ ਰਿਹਾ ਹੈ। ਇਸੇ ਕਰਕੇ ਰਾਜਸੀ ਰੂਪਵਾਦੀ ਵਰਗੇ ਵਿਸ਼ੇਸ਼ਣਾਂ ਨਾਲ ਅਜੋਕੀ ਆਲੋਚਨਾ ਦਾ ਸਰੂਪ ਸਮਝਣ ਦਾ ਯਤਨ ਕੀਤਾ ਜਾਂਦਾ ਹੈ। ਕਥਨ ਦੇ ਪੱਧਰ ਤੇ ਕੁਝ ਕੱਟੜ ਮਾਰਕਸਵਾਦੀ ਆਲੋਚਕ ਆਪਣੀ ਢਾਈ ਇੱਟਾਂ ਦੀ ਮਸੀਤ ਵੱਖਰੀ ਰੱਖਣ ਲਈ ਅਜੇ ਵੀ ਬਜਿਦ ਹਨ। ਨਵ-ਮਾਰਕਸਵਾਦ ਦਾ ਸੰਕਲਪ ਵੀ ਉਨ੍ਹਾਂ ਨੂੰ ਬੁਰਜੂਆਜ਼ੀ ਦੀ ਸਾਜਿਸ਼ ਹੀ ਨਜ਼ਰ ਆਉਂਦਾ ਹੈ, ਪਰ ਵਿਹਾਰਕ ਆਲੋਚਨਾ ਸਮੇਂ ਉਹ ਵੀ ਉਤਰ-ਸੰਰਚਨਾਵਾਦ, ਉਤਰ-ਆਧੁਨਿਕਵਾਦ ਦੀਆਂ ਅੰਤਰ-ਦ੍ਰਿਸ਼ਟੀਆਂ ਨੂੰ ਅਪਨਾਉਣ ਲਈ ਮਜ਼ਬੂਰ ਹੁੰਦੇ ਹਨ। ਅਜੋਕੀ ਸਥਿਤੀ ਵਿਚ ਸੱਚਮੁਚ ਵਿਚਾਰਧਾਰਕ ਨਿਸ਼ਚਿਤਤਾਵਾਦ ਦਾ ਦੌਰ ਖਤਮ ਹੋ ਚੁੱਕਿਆ ਹੈ। ਇਸ ਦਾ ਮਤਲਬ ਇਹ ਨਹੀਂ ਕਿ ਕਿਸੇ ਦੀ ਕੋਈ ਵਿਚਾਰਧਾਰਾ ਨਹੀਂ ਰਹੀ ਬਲਕਿ ਭਾਵ ਇਹ ਹੈ ਹਰੇਕ ਵਿਚਾਰਧਾਰਾ ਹੁਣ ਮਿਸ਼ਰਤ ਸਰੂਪ ਵਾਲੀ ਹੋ ਗਈ ਹੈ ਯਾਨੀ ਉਸ ਵਿਚ ਹੋਰਨਾਂ ਵਿਚਾਰਧਾਰਾਵਾਂ ਦਾ ਦਖ਼ਲ ਵਧ ਗਿਆ ਹੈ। ਇਸੇ ਕਰਕੇ ਕਿਸੇ ਦੀ ਵਿਚਾਰਧਾਰਕ ਜਟਿਲਤਾ ਨੂੰ ਠੀਕ ਪਰਿਪੇਖ ਵਿਚ ਸਮਝਣ ਲਈ ਉਸ ਨਾਲ ਵਿਸ਼ੇਸ਼ਣ ਲਾਉਣੇ ਪੈਂਦੇ ਹਨ, ਜਿਵੇਂ ਰੁਮਾਂਟਿਕ ਪ੍ਰਗਤੀਵਾਦੀ, ਨਵ-ਮਾਰਕਸਵਾਦੀ, ਅਰਧ-ਪੂੰਜੀਵਾਦੀ, ਉਦਾਰਵਾਦੀ-ਸਮਾਜਵਾਦੀ ਆਦਿ।

**? ਇਕ ਕਹਾਣੀਕਾਰ ਦੇ ਤੌਰ 'ਤੇ ਤੁਸੀਂ ਕਹਾਣੀ ਦੇ ਬਦਲ ਰਹੇ ਰੂਪ ਅਨੁਸਾਰ ਆਲੋਚਨਾ ਦੇ ਔਜ਼ਾਰਾਂ ਵਿਚ ਕਿਸੇ ਪਰਿਵਰਤਨ ਦੀ ਲੋੜ ਮਹਿਸੂਸ ਕਰਦੇ ਹੋ ?**

– ਨਿਸ਼ਚੇ ਹੀ ਕਹਾਣੀ ਕਹਿਣ ਦੀ ਵਿਧੀ ਵਿਚ ਨਿਰੰਤਰ ਪ੍ਰਯੋਗ ਹੋ ਰਹੇ ਹਨ। ਇਹ ਸਭ ਪੱਧਰਾਂ ਤੇ ਹੁੰਦੇ ਹਨ, ਜਿਵੇਂ ਬਿਰਤਾਂਤਕਾਰ ਦੀ ਸਥਿਤੀ ਬਦਲੀ ਹੈ, ਪਾਤਰ-ਉਸਾਰੀ ਦੇ ਢੰਗ-ਤਰੀਕੇ ਬਦਲੇ ਹਨ, ਘਟਨਾ-ਪ੍ਰਬੰਧ ਸਿਰਜਣ ਵਿਚ ਸਮੇਂ ਅਤੇ ਸਪੇਸ ਦੀਆਂ ਨਵੀਆਂ ਧਾਰਨਾਵਾਂ ਨੇ ਤਬਦੀਲੀ ਲਿਆਂਦੀ ਹੈ। ਵਿਸ਼ਵੀਕਰਨ ਦੇ ਪ੍ਰਸੰਗ ਵਿਚ ਬਦਲਦੇ ਜੀਵਨ-ਵਿਹਾਰ ਅਤੇ ਮੀਡੀਆ ਦੀਆਂ ਪ੍ਰਗਟਾਅ ਜੁਗਤਾਂ ਨੇ ਗਲਪੀ-ਭਾਸ਼ਾ ਦਾ ਸਰੂਪ ਬਦਲ ਦਿੱਤਾ ਹੈ। ਇਸ ਦੇ ਅਨੁਸਾਰ ਹੀ ਆਲੋਚਕ ਨੂੰ ਆਪਣੇ ਔਜ਼ਾਰਾਂ ਅਤੇ ਸੰਕਲਪਾਂ ਵਿਚ ਪਰਿਵਰਤਨ ਦੀ ਲੋੜ ਮਹਿਸੂਸ ਹੁੰਦੀ ਹੈ। ਮਿਸਾਲ ਵਜੋਂ ਜੇ ਹੁਣ ਕਿਸੇ ਕਹਾਣੀ-ਆਲੋਚਕ ਨੇ ਸੁਖਜੀਤ ਦੀ ਕਹਾਣੀ 'ਮੈਂ ਰੇਪ ਨੂੰ ਇਨਜੁਆਏ ਕਰਦੀ ਹਾਂ' ਨੂੰ ਸਮਝਣਾ/ਸਮਝਾਉਣਾ ਹੈ ਤਾਂ ਉਸਨੂੰ ਹੋਰ ਕਈ ਕੁਝ ਤੋਂ ਇਲਾਵਾ ਗਾਲ੍ਹਾਂ ਦੇ ਮਨੋਵਿਗਿਆਨ ਤੋਂ ਵੀ ਅੰਤਰ-ਦ੍ਰਿਸ਼ਟੀ ਲੈਣੀ ਪਵੇਗੀ, ਉਸ ਨਾਲ ਨਿਊਰਾਲੋਜੀ ਦੇ ਖੇਤਰ 'ਚੋਂ ਨਵੇਂ ਸੰਕਲਪ ਵੀ ਆਉਣਗੇ। ਡਾ. ਜੋਗਿੰਦਰ ਸਿੰਘ ਰਾਹੀ ਨੇ ਕਪਾਲ ਕਿਰਿਆ ਦੇ ਪ੍ਰਸੰਗ ਵਿਚ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦਾ ਅਧਿਐਨ ਦਾਰਸ਼ਨਿਕ, ਮਨੋਵਿਗਿਆਨਕ ਅੰਤਰ-ਦ੍ਰਿਸ਼ਟੀਆਂ ਦੀ ਸਹਾਇਤਾ ਨਾਲ ਕੀਤਾ ਹੈ। ਅਜੋਕੀ ਪੰਜਾਬੀ ਸਾਇੰਸ ਫਿਕਸ਼ਨ ਦਾ ਅਧਿਐਨ ਵੀ ਨਿਰੋਲ ਸਾਹਿਤ-ਸ਼ਾਸਤਰ ਦੇ ਸੰਦਾਂ-ਸਾਧਨਾਂ ਨਾਲ ਕਰਨਾ ਸੰਭਵ ਨਹੀਂ ਰਿਹਾ। ਇਸ ਲਈ ਹੁਣ ਕਹਾਣੀ ਆਲੋਚਕ ਨੂੰ ਗਿਆਨ ਦੇ ਹਰੇਕ ਖੇਤਰ ਵਿਚੋਂ ਸੰਕਲਪ ਲੈ ਕੇ ਉਨ੍ਹਾਂ ਨੂੰ ਆਪਣੇ ਖੋਜ-ਔਜ਼ਾਰਾਂ ਵਜੋਂ ਵਰਤਣਾ ਹੀ ਪਵੇਗਾ। ਮਿਸਾਲ ਵਜੋਂ ਕੋਈ 'ਸੁਨਾਮੀ' ਨਾਂ ਦੀ ਕਹਾਣੀ ਸਾਹਮਣੇ ਆ ਜਾਵੇ ਤਾਂ ਉਸ ਦਾ ਵਿਸ਼ਲੇਸ਼ਣ ਕਰਨ ਲਈ ਸਾਨੂੰ ਭੂਗੋਲ ਦੇ ਖੇਤਰ ਵਿਚ ਵੀ ਜਾਣਾ ਪਵੇਗਾ।

**? ਵਿਚਾਰਧਾਰਕ ਤੌਰ 'ਤੇ ਮੇਰੇ ਲਈ ਕੋਈ ਵੀ ਸਿਧਾਂਤ ਜਾਂ ਫਲਸਫਾ ਅਛੂਤ ਨਹੀਂ। ਇਸ ਟਿੱਪਣੀ ਦੀ ਰੌਸ਼ਨੀ ਵਿਚ ਤੁਹਾਡੀ ਵਿਚਾਰਧਾਰਕ ਪ੍ਰਤੀਬੱਧਤਾ ਕਿਸ ਗੱਲ ਨਾਲ ਹੈ ?**

– ਇਸ ਗੱਲ ਦਾ ਉੱਤਰ ਮੈਂ ਆਪਣੀ ਆਲੋਚਨਾ-ਦ੍ਰਿਸ਼ਟੀ ਦੇ ਪ੍ਰਸੰਗ ਵਿਚ ਦੇ ਹੀ ਚੁੱਕਾ ਹਾਂ। ਮੇਰੀ ਵਿਚਾਰਧਾਰਕ ਪ੍ਰਤੀਬੱਧਤਾ ਕਿਸੇ ਵਿਸ਼ੇਸ਼ ਸਿਧਾਂਤ ਜਾਂ ਫ਼ਲਸਫ਼ੇ ਨਾਲ ਨਹੀਂ ਬਲਕਿ ਮਨੁੱਖੀ ਜੀਵਨ ਨੂੰ ਹੋਰ ਮਾਨਵੀ ਬਨਾਉਣ ਵਾਲੇ ਸਰੋਕਾਰਾਂ ਅਤੇ ਸੱਚ ਦੀ ਤਲਾਸ਼ ਨਾਲ ਹੈ। ਸੱਚ ਤੋਂ ਮੇਰਾ ਭਾਵ ਕਿਸੇ ਨਿਰਪੇਖ ਜਾਂ ਐਬਸੋਲਿਊਟ ਸੱਚ ਯਾਨੀ ਕਿਸੇ ਨਿਰੰਕਾਰ ਹਸਤੀ ਤੋਂ ਨਹੀਂ ਬਲਕਿ ਵਿਹਾਰਕ ਜੀਵਨ ਦੀਆਂ ਅਸੰਗਤੀਆਂ, ਦੁਬਿਧਾਵਾਂ, ਉਲਝਣਾਂ ਆਦਿ ਦੇ ਤਾਰਕਿਕ ਸੂਤਰ ਤਲਾਸ਼ਣ ਤੋਂ ਹੈ। ਇਹ ਜ਼ਰੂਰੀ ਨਹੀਂ ਕਿ ਜੀਵਨ ਦੇ ਹਰੇਕ ਮਸਲੇ ਜਾਂ ਮਨੁੱਖੀ ਵਿਹਾਰ ਨੂੰ ਤਰਕ ਨਾਲ ਹੀ ਸਮਝਿਆ ਜਾ ਸਕੇ ਅਤੇ ਕੋਈ ਇਕ ਸੱਚ ਨਿਤਾਰ ਕੇ ਦੱਸ ਸਕੀਏ, ਪਰ ਅਜਿਹਾ ਮੰਥਨ ਸਾਨੂੰ ਦਿਸ਼ਾਹੀਣ ਨਹੀਂ ਹੋਣ ਦਿੰਦਾ। ਮਿਸਾਲ ਵਜੋਂ ਪਰਿਵਾਰਕ ਕਲੇਸ਼ ਦੀ ਸੂਰਤ ਵਿਚ ਬੰਦਾ ਇਹ ਸੱਚ ਲੱਭਣ ਤੁਰਦਾ ਹੈ ਕਿ ਆਖਿਰ ਕਲੇਸ਼ ਦੀ ਜੜ੍ਹ ਕਿੱਥੇ ਹੈ ? ਜ਼ਰੂਰੀ ਨਹੀਂ ਇਹ ਜੜ੍ਹ ਕਿਸੇ ਇਕ ਜੀਅ ਦੇ ਵਿਹਾਰ ਜਾਂ ਸਥਿਤੀ ਦੇ ਰੂਪ 'ਚ ਪਈ ਮਿਲੇ। ਹੋ ਸਕਦਾ ਹੈ ਇਸ ਦੀਆਂ ਕਈ ਜੜ੍ਹਾਂ ਹੋਣ ਅਤੇ ਹਰੇਕ ਕਾਰਨ ਦਾ ਆਪਣਾ ਰੈਸ਼ਨੇਲ ਹੋਵੇ। ਪਰ ਇਸ ਮੰਥਨ ਦੌਰਾਨ ਪਰਿਵਾਰਕ ਕਲੇਸ਼ ਦੇ ਕਈ ਤਾਰਕਿਕ ਸੂਤਰ ਨਿਸਚੇ ਹੀ ਹੱਥ ਲੱਗ ਜਾਣਗੇ। ਅਜਿਹੀ ਤਲਾਸ਼ ਮਨੁੱਖ ਦੀ ਬੁਨਿਆਦੀ ਜੁਸਤਜੂ ਹੈ, ਲੇਖਕ ਅਤੇ ਆਲੋਚਕ ਵਿਚ ਇਹ ਜੁਸਤਜੂ ਹੋਰ ਵੀ ਪ੍ਰਬਲ ਹੁੰਦੀ ਹੈ। ਮਿਸਾਲ ਵਜੋਂ ਜੇ ਮੈਂ ਰਘੁਬੀਰ ਢੰਡ ਦੀ ਕਹਾਣੀ 'ਸ਼ਾਨੇ ਪੰਜਾਬ' ਦਾ ਅਧਿਐਨ ਕਰਦਾ ਹਾਂ ਤਾਂ ਮੇਰੀ ਜੁਸਤਜੂ ਇਹੀ ਰਹੇਗੀ ਕਿ ਸ਼ਾਨੇ ਪੰਜਾਬ ਦੇ ਸੰਕਲਪ ਨੂੰ ਇਉਂ ਉਭਾਰ ਕੇ ਪੇਸ਼ ਕਰਨ ਦਾ ਅਰਥ ਜਾਂ ਕੇਂਦਰੀ ਸੱਚ ਕੀ ਹੋ ਸਕਦਾ ਹੈ ? ਸੱਚ ਦਾ ਛਲੇਡਾ ਅਨੇਕਾਂ ਰੂਪ ਵਟਾ ਕੇ ਖੋਜੀ ਨੂੰ ਭੁਚਲਾਉਣ ਦਾ ਯਤਨ ਕਰਦਾ ਹੈ, ਉਹ ਕਿਸੇ ਵੀ ਸਿਧਾਂਤ ਜਾਂ ਵਿਧੀ ਨਾਲ ਹੱਥ ਆ ਜਾਵੇ, ਮੇਰੇ ਲਈ ਉਸ ਵੇਲੇ ਉਹੀ ਜੁਗਤ ਪ੍ਰਥਮ ਹੁੰਦੀ ਹੈ। ਆਲੋਚਕ ਦੀ ਕਾਮਨ-ਸੈਂਸ ਕਈ ਵਾਰ ਸਿਧਾਂਤਾਂ ਨੂੰ ਪਿਛਾਂਹ ਛੱਡ ਜਾਂਦੀ ਹੈ।

**? ਤੁਸੀਂ ਕਿਹਾ ਸੀ ਕਿ ਜੀਵਨ ਦੇ ਹਰੇਕ ਖੇਤਰ ਵਾਂਗ ਸਾਹਿਤਕ ਖੇਤਰ ਵਿਚ ਵੀ ਗੁੱਟ-ਬੰਦੀਆਂ ਹਨ। ਇਸ ਰਾਜਨੀਤੀ ਤੋਂ ਹੁਣ ਕਿਸੇ ਵੀ ਤਰ੍ਹਾਂ ਬਚਿਆ ਨਹੀਂ ਜਾ ਸਕਦਾ। ਇਹ ਗੁੱਟ-ਬੰਦੀਆਂ ਦੀ ਰਾਜਨੀਤੀ ਕੀ ਹੈ ? ਕੀ ਸੱਚਮੁੱਚ ਹੀ ਇਸ ਤੋਂ ਬਚਿਆ ਨਹੀਂ ਜਾ ਸਕਦਾ ?**

– ਸਾਹਿਤਕ ਖੇਤਰ ਵਿਚ ਵੀ ਤਾਂ ਬੰਦੇ ਹੀ ਹਨ। ਜਿੱਥੇ ਵੀ ਬੰਦਾ ਅਤੇ ਉਸਦੇ ਹਿਤ ਹੋਣਗੇ ਉਥੇ ਨਿਸਚੇ ਹੀ ਰਾਜਨੀਤੀ, ਗੁੱਟਬੰਦੀਆਂ ਹੋਣਗੀਆਂ। ਪੰਜਾਬੀ ਸਮਾਜ ਦੀ ਬਣਤਰ ਵੱਲ ਝਾਤ ਮਾਰੀਏ ਤਾਂ ਧਰਮਾਂ, ਜਾਤਾਂ, ਭਾਸ਼ਾਵਾਂ, ਲਿੱਪੀਆਂ, ਲਿੰਗ-ਭੇਦਾਂ, ਅਹੁਦਿਆਂ, ਆਰਥਿਕ-ਵਿਦਿਅਕ, ਰਾਜਨੀਤਕ ਹੈਸੀਅਤਾਂ ਆਦਿ ਦੇ ਆਧਾਰ ਤੇ ਅਨੇਕ ਦਰਜੇਬੰਦੀਆਂ ਨਜ਼ਰ ਆਉਂਦੀਆਂ ਹਨ। ਰਾਜਨੀਤੀ ਦਾ ਬੁਨਿਆਦੀ ਫੰਡਾ ਹੀ ਇਹ ਹੈ ਕਿ ਆਪਣੇ ਹਿਤ ਦੀ ਪੂਰਤੀ ਲਈ ਕਿਸੇ ਵੀ ਤਰ੍ਹਾਂ ਦੀ ਜੁਗਤ ਜਾਂ ਸੰਦ-ਸਾਧਨ ਨੂੰ ਵਰਤ ਜਾਣਾ। ਸਾਹਿਤਕ ਖੇਤਰ ਦੀ ਰਾਜਨੀਤੀ ਵਿਚ ਮੂਲ ਮਸਲਾ ਤਾਂ ਆਪਣੀ ਵਾਸਤਵਿਕ ਸਾਹਿਤਕ ਪਛਾਣ ਤੋਂ ਵੱਡੀ ਸਪੇਸ਼ ਪ੍ਰਾਪਤ ਕਰਨ ਲਈ ਯਤਨ ਕਰਨਾ ਹੈ। ਇਸ ਲਈ ਸਾਹਿਤਕਾਰ ਛੋਟੇ ਵੱਡੇ ਗੁੱਟ ਬਣਾ ਕੇ ਵੱਧ ਤੋਂ ਵੱਧ ਉਹ ਚੀਜ਼ਾਂ – ਇਨਾਮ-ਸਨਮਾਨ, ਸਾਹਿਤਕ ਸੰਸਥਾਵਾਂ ਦੀਆਂ ਪੁਜੀਸ਼ਨਾਂ ਆਦਿ – ਹੜੱਪਣ ਲਈ ਤਰਲੋਮੱਛੀ ਹੁੰਦੇ ਹਨ। ਪੰਜਾਬੀ ਵਿਚ ਵੀ ਹੁਣ ਖੱਟਣ-ਕਮਾਉਣ ਲਈ ਬਥੇਰਾ ਕੁਝ ਹੈ ਜਿਸ ਲਈ ਲੇਖਕ ਗਿਰਝਾਂ ਵਾਂਗੂੰ ਝਪਟ ਰਹੇ ਹਨ।

ਬਚਿਆ ਤਾਂ ਉਸ ਸੂਰਤ ਵਿਚ ਹੀ ਜਾ ਸਕਦਾ ਹੈ ਜੇ ਲੇਖਕ ਆਪਣਾ ਮੂਲ ਪਛਾਨਣ, ਕੁਝ ਸਬਰ ਰੱਖਣ ਅਤੇ ਸਾਹਿਤਕ ਮਿਆਰ ਨੂੰ ਮਾਪਦੰਡ ਬਨਾਉਣ, ਪਰ ਇਹ ਤਾਂ ਆਦਰਸ਼ ਹਨ, ਭਲਾ ਸਾਰੇ ਆਦਰਸ਼ਾਂ ਦੀ ਪੂਰਤੀ ਕਿੱਥੇ ਹੁੰਦੀ ਹੈ। ਆਮ ਲੇਖਕ ਲਈ ਤਾਂ ਤਸੱਲੀ ਵਾਲੀ ਗੱਲ ਇਹੀ ਹੈ ਕਿ ਹੁਣ ਭਾਸ਼ਾ ਵਿਭਾਗ, ਸਾਹਿਤ ਅਕਾਦਮੀ ਅਤੇ ਹੋਰ ਇਨਾਮਾਂ-ਸਨਮਾਨਾਂ ਦੇ ਕੁਝ ਰਕਮ ਤੋਂ ਵੱਧ ਕੋਈ ਅਰਥ ਹੀ ਨਹੀਂ ਰਹੇ ਭਾਵੇਂ ਇਹ ਰਕਮ ਵੀ ਬਥੇਰਿਆਂ ਦੀਆਂ ਲ਼ਾਲ਼ਾ ਡਿਗਾ ਦਿੰਦੀ ਹੈ। ਭਾਸ਼ਾ ਵਿਭਾਗ ਦੇ ਇਨਾਮ ਚੋਣ ਕਮੇਟੀ ਵਾਲਿਆਂ ਵੱਲੋਂ ਲੈਣ ਦੀ ਘਟਨਾ ਤੋਂ ਅਸੀਂ ਸਾਰੇ ਹੀ ਵਾਕਿਫ ਹਾਂ। ਫਿਰ ਉਹ ਨਾ ਵੀ ਮਿਲਣ ਤਾਂ ਕੋਈ ਵੱਡੇ ਝੋਰੇ ਵਾਲੀ ਗੱਲ ਨਹੀਂ। ਆਪਣੇ ਅੰਦਰੋਂ ਹੌਲਾ ਪਿਆ ਲੇਖਕ ਅੰਤ ਨੂੰ ਆਪਣੀ ਸਾਹਿਤਕ-ਇਕਾਗਰਤਾ ਵੀ ਗੁਆ ਬੈਠਦਾ ਹੈ। ਖੈਰ, ਪਾਠਕ ਕਿਸੇ ਵੀ ਚੰਗੀ ਰਚਨਾ ਨੂੰ ਇਨਾਮ ਜ਼ਰੂਰ ਦਿੰਦੇ ਹਨ, ਚੰਗੇ ਲੇਖਕ ਨੂੰ ਇਸ ਭਰੋਸੇ ਇਕਾਗਰ-ਚਿੱਤ ਰਹਿਣਾ ਚਾਹੀਦਾ ਹੈ।



**? ਕਿਸੇ ਵਕਤ ਤੁਸੀਂ ਕਿਹਾ ਸੀ ਕਿ 'ਸ਼ੁਕਰ ਹੈ ਕੋਠੇ ਤੋਂ ਡਿੱਗੀ ਬਿੱਲੀ ਵਾਂਗ ਧਰਤੀ ਉੱਤੇ ਪੈਰਾਂ ਭਾਰ ਆ ਡਿੱਗਿਆ ਹਾਂ।' ਅੱਜ ਜਦੋਂ ਯੂਨੀਵਰਸਿਟੀ ਵਿਚ ਪ੍ਰੋਫੈਸਰ ਹੋ ਤਾਂ ਆਰਥਿਕਤਾ ਜਾਂ ਕੋਈ ਐਸੀ ਗੱਲ ਹੈ ਜਿਹੜੀ ਤੁਹਾਡੀ ਸਿਰਜਣਾ ਸ਼ਕਤੀ ਉੱਪਰ ਆਤੰਕ ਬਣ ਜਾਂਦੀ ਹੈ ?**

– ਜ਼ਿੰਦਗੀ ਦੇ ਸੰਘਰਸ਼ ਵਿਚ ਥੋੜ੍ਹੀਆਂ-ਬਹੁਤੀਆਂ ਦੁਸ਼ਵਾਰੀਆਂ ਤੋਂ ਪਿੱਛੋਂ ਮੈਨੂੰ ਸੱਚਮੁੱਚ ਬਹੁਤ ਕੁਝ ਮਿਲਿਆ ਹੈ। ਸੋ ਇਸ ਪੱਖੋਂ ਮੈਂ ਕੋਠੇ ਤੋਂ ਸਿਰ ਦੀ ਥਾਂ ਪੈਰਾਂ ਪਰਨੇ ਡਿੱਗੀ ਬਿੱਲੀ ਵਾਂਗ ਖ਼ੁਸ਼ਕਿਸਮਤ ਹੀ ਹਾਂ। ਪਰ 'ਆਤੰਕ' ਤਾਂ ਜ਼ਿੰਦਗੀ ਦੇ ਕਿਸੇ ਵੀ ਪੜਾਅ ਤੇ ਬੰਦੇ ਦਾ ਖਹਿੜਾ ਨਹੀਂ ਛੱਡਦੇ। ਪ੍ਰੋਫ਼ੈਸਰ ਬਣਨ ਪਿੱਛੋਂ ਪਛਾਣ ਦੇ ਮਸਲੇ ਹੋਰ ਵੀ ਆਤੰਕੀ ਬਣ ਜਾਂਦੇ ਹਨ। ਮੈਨੂੰ ਜਾਪਦਾ ਹੈ ਜਿੱਡਾ ਵੱਡਾ ਇਹ ਰੁਤਬਾ ਹੈ, ਉਸ ਦੇ ਮੇਚ ਦੇ ਨਾਂ ਪ੍ਰੋਫ਼ੈਸਰ ਲੋਕ ਹਨ ਅਤੇ ਨਾ ਆਲੇ-ਦੁਆਲੇ ਦਾ ਮਾਹੌਲ ਹੀ ਅਜਿਹਾ ਹੈ ਜਿਸ ਵਿਚ ਕੋਈ ਪ੍ਰੋਫ਼ੈਸਰ ਸਿਰਫ ਆਪਣੀ ਪ੍ਰੋਫ਼ੈਸਰੀ ਦੇ ਸਿਰ ਤੇ ਕੋਈ ਵਿਸ਼ੇਸ਼ ਪਛਾਣ ਬਣਾ ਸਕਦਾ ਹੋਵੇ। ਅਜੋਕੇ ਸਮਿਆਂ ਵਿਚ ਤਾਂ ਪੂੰਜੀ ਅਤੇ ਰਾਜਸੀ ਤਾਕਤ ਹੀ ਅਹਿਮ ਬਣ ਗਏ ਹਨ। ਮੇਰੇ ਵਰਗਾ ਨਿਰੋਲ ਪ੍ਰੋਫ਼ੈਸਰ ਤਾਂ ਅਜਿਹੀ ਹਾਲਤ ਵਿਚ ਖੁੱਡੇ-ਲਾਈਨ ਹੀ ਲੱਗਿਆ ਰਹਿੰਦਾ ਹੈ ਅਤੇ ਇਸ ਰੁਤਬੇ ਨੂੰ ਇਕ ਨੌਕਰੀ ਦੇ ਜ਼ਰੀਏ ਵਜੋਂ ਲੈਣ ਲਈ ਮਜਬੂਰ ਹੁੰਦਾ ਹੈ। ਮੇਰੇ ਖ਼ਿਆਲ ਵਿਚ ਇਹ ਹੀਣ-ਭਾਵ ਮੇਰੀ ਸਿਰਜਣਾ ਉਤੇ ਵੀ ਭੈੜਾ ਅਸਰ ਪਾਉਂਦਾ ਹੈ। ਐਵੇਂ ਫਜ਼ੂਲ ਜਿਹੀਆਂ ਡਿਊਟੀਆਂ ਨਿਭਾਉਂਦਿਆਂ ਅਤੇ ਬੇਮਤਲਬ ਝੋਰੇ-ਝੁਰਾਣੇ ਭੋਗਦਿਆਂ ਹਰੇਕ ਦਿਨ ਬੀਤ ਜਾਂਦਾ ਹੈ। ਹੌਲੀ ਹੌਲੀ ਤਾਂ ਇਹ ਵੀ ਜਾਪਣ ਲੱਗ ਪਿਆ ਹੈ ਕਿ ਜੋ ਕੁਝ ਮੈਂ ਸਿਰਜ ਰਿਹਾ ਹਾਂ ਉਸ ਦੀ ਲੋੜ ਕਿਸਨੂੰ ਹੈ ? ਜਿਹੜੀ ਚੀਜ-ਵਸਤ ਲੋਕਾਂ ਵਾਸਤੇ ਉਪਯੋਗੀ ਨਹੀਂ ਜਾਂ ਚੰਦ ਕੁ ਬੰਦਿਆਂ ਵਾਸਤੇ ਹੀ ਮਾੜਾ-ਮੋਟਾ ਮਤਲਬ ਰੱਖਦੀ ਹੈ, ਉਸ ਨੂੰ ਸਿਰਜਣ ਲਈ ਪੂਰਾ ਉਤਸ਼ਾਹ ਨਹੀਂ ਪੈਦਾ ਹੁੰਦਾ। ਅੱਜ ਦੇ ਦੌਰ ਵਿਚ ਪਛਾਣ ਦਾ ਮਸਲਾ ਬੜਾ ਵੱਡਾ ਹੈ। ਜਿਹੜਾ ਕਾਰਜ ਕੋਈ ਬੰਦੇ ਨੂੰ ਕੋਈ ਮਾਣਯੋਗ ਪਛਾਣ ਨਹੀਂ ਦਿੰਦਾ ਉਸ ਨੂੰ ਲੋਕ ਅਰਧ-ਦਿਲੀ ਨਾਲ ਹੀ ਕਰਦੇ ਹਨ। ਮਜਬੂਰੀਵੱਸ ਮੇਰੀ ਵੀ ਬਹੁਤੀ ਸ਼ਕਤੀ ਆਪਣੀਆਂ ਗੈਰ-ਸਾਹਿਤਕ ਪਛਾਣਾਂ ਲਈ ਹੀ ਖਰਚ ਹੁੰਦੀ ਹੈ। ਭਾਵੇਂ ਇਹ ਅਮਲ ਮੈਨੂੰ ਦੁਖੀ ਵੀ ਕਰਦਾ ਹੈ ਕਿ ਸਿਰਜਣ-ਯੋਗਤਾ ਹੋਣ ਦੇ ਬਾਵਜੂਦ ਮੈਂ ਇਸ ਪੱਖੋਂ ਅਵੇਸਲਾ ਅਤੇ ਪਛੜਿਆ ਹੋਇਆ ਹਾਂ।

**? ਤੁਹਾਡੀ ਕਹਾਣੀ 'ਅਰਧ-ਕੁੰਭ' ਪੜ੍ਹਦਿਆਂ ਮੇਰੇ ਦਿਮਾਗ ਵਿਚ ਇਕ ਸ਼ਬਦ ਆਇਆ 'ਸਿਚੂਏਸ਼ਨ'। ਇਸ ਕਹਾਣੀ ਵਿਚ ਤੁਹਾਨੂੰ 'ਸਿਚੂਏਸ਼ਨ' ਪੇਸ਼ ਕਰਨ ਲਈ ਥੀਮ ਉਸਾਰਨਾ ਪਿਆ ਜਾਂ ਥੀਮ ਦੱਸਣ ਲਈ 'ਸਿਚੂਏਸ਼ਨ' ਦੀ ਉਸਾਰੀ ਕਰਨੀ ਪਈ ? ਜਾਂ ਫਿਰ ਕੋਈ ਤੀਸਰਾ ਨੁਕਤਾ ਹੈ ?**

– ਕਹਾਣੀ ਵਿਚ ਸਿਚੂਏਸ਼ਨ ਦਾ ਆਪਣੇ ਆਪ ਵਿਚ ਤਾਂ ਕੋਈ ਵੀ ਅਰਥ ਨਹੀਂ ਹੁੰਦਾ, ਉਹ ਤਾਂ ਥੀਮ ਜਾਂ ਵਿਚਾਰ ਨੂੰ ਉਭਾਰਨ ਕਰਕੇ ਹੀ ਮਹੱਤਵਪੂਰਨ ਜਾਪਣ ਲਗਦੀ ਹੈ। ਕਹਾਣੀ 'ਅਰਧ-ਕੁੰਭ' ਵਿਚ ਜੋ ਸਿਚੂਏਸ਼ਨ ਦਿਸਦੀ ਹੈ, ਉਹ ਤਾਂ ਬੜੇ ਧੁੰਦਲੇ ਅਤੇ ਇਘੜ-ਦੁਘੜੇ ਰੂਪ ਵਿਚ ਹੀ ਮੈਂ ਵੇਖੀ ਸੀ। ਯਾਨੀ ਉਹ ਤਾਂ ਸਿਰਫ ਐਨੀ ਕੁ ਹੀ ਸੀ ਕਿ ਮੈਂ ਅਤੇ ਡਾ. ਰਾਜਿੰਦਰ ਪਾਲ ਬਰਾੜ ਡੀ.ਏ.ਵੀ. ਕਾਲਜ ਅਬੋਹਰ ਦੇ ਇਕ ਸੈਮੀਨਾਰ 'ਚ ਸ਼ਾਮਿਲ ਹੋਣ ਤੋਂ ਪਿੱਛੋਂ ਰਾਤ ਨੂੰ ਵਾਪਸ ਆ ਰਹੇ ਸਾਂ ਤਾਂ ਇਕ ਔਰਤ ਵੀ ਸਾਡੀ ਸੀਟ ਤੇ ਬੈਠੀ ਸਫਰ ਕਰ ਰਹੀ ਸੀ ਜੋ ਕੁਝ ਉੱਖੜੀ ਜਿਹੀ ਜਾਪਦੀ ਸੀ। ਬੱਸ ਏਨੀ ਕੁ ਸਿਚੂਏਸ਼ਨ ਸੀ। ਬਾਕੀ ਤਾਂ ਸਭ ਕਲਪਨਾ ਦਾ ਕ੍ਰਿਸ਼ਮਾ ਹੀ ਹੈ। ਥੀਮ ਵੀ ਇਸ ਕਹਾਣੀ ਵਿਚ ਬਹੁਤਾ ਸਪੱਸ਼ਟ ਨਹੀਂ। ਉਨ੍ਹਾਂ ਦਿਨਾਂ ਵਿਚ ਕੁੰਭ ਦਾ ਮੇਲਾ ਚੱਲ ਰਿਹਾ ਸੀ ਜਿਸਦੇ ਪ੍ਰਸੰਗ ਵਿਚ ਅਰਧ-ਕੁੰਭ ਦਾ ਵਿਚਾਰ ਮਨ ਵਿਚ ਆਇਆ ਅਤੇ ਨਾਲ ਹੀ ਸਿਚੂਏਸ਼ਨ ਦੀ ਉਸਾਰੀ ਹੋ ਗਈ। ਅਸਲ ਵਿਚ ਮੇਰੇ ਮਨ ਵਿਚ ਤਾਂ ਕਹਾਣੀ ਫੁੱਟਦੀ ਹੀ ਉਸ ਵੇਲੇ ਹੈ ਜਦੋਂ ਕੋਈ ਸ਼ਬਦ ਵੱਖ ਵੱਖ ਅਰਥਗਤ ਪਾਸਾਰਾਂ ਨਾਲ ਉਭਰ ਕੇ ਮੇਰੇ ਜ਼ਿਹਨ ਨੂੰ ਮੱਲ ਲੈਂਦਾ ਹੈ। ਯਾਨੀ ਇਸ ਕਹਾਣੀ ਵਿਚ ਆਪਣੀ ਪ੍ਰਾਪਤ ਵਾਸਤਵਿਕਤਾ ਤੋਂ ਰਾਹਤ ਪ੍ਰਾਪਤ ਕਰਨ ਲਈ ਸਾਰੇ ਪਾਤਰ ਹੀ ਆਪਣੇ ਆਪਣੇ 'ਕੁੰਭ' ਨਹਾਉਣ ਲਈ ਚੱਲੇ ਹੋਏ ਹਨ। ਜੇ ਸੰਪੂਰਨ ਕੁੰਭ ਨਹੀਂ ਨਸੀਬ ਹੁੰਦਾ ਤਾਂ ਉਹ ਅਰਧ-ਕੁੰਭ ਨਾਲ ਹੀ ਪਰਚਦੇ ਨਜ਼ਰ ਆਉਂਦੇ ਹਨ। ਵੈਸੇ ਪਾਠਕਾਂ ਨੂੰ ਇਉਂ ਹੀ ਜਾਪਿਆ ਹੈ ਜਿਵੇਂ ਮੈਨੂੰ ਇਕ ਬਣੀ-ਬਣਾਤੀ ਸਿਚੂਏਸ਼ਨ ਪ੍ਰਾਪਤ ਹੋ ਗਈ ਅਤੇ ਉਸ ਨੂੰ ਪੇਸ਼ ਕਰਦਿਆਂ ਵਿਚੋਂ ਥੀਮ ਉਭਰ ਆਇਆ। ਮੇਰਾ ਖ਼ਿਆਲ ਹੈ ਕਿ ਲੱਗਣਾ ਵੀ ਇਉਂ ਹੀ ਚਾਹੀਦਾ ਹੈ।

ਇਉਂ ਪਾਠਕ ਦਾ ਧਿਆਨ ਕਹਾਣੀ ਪੜ੍ਹਨ ਤੋਂ ਪਹਿਲਾਂ ਵਿਚਾਰ ਜਾਂ ਥੀਮ ਵੱਲ ਨਹੀਂ ਜਾਂਦਾ, ਭਾਵੇਂ ਕਿ ਕਹਾਣੀ ਦਾ ਸਿਰਲੇਖ ਉਸ ਵਿਚਾਰ ਵੱਲ ਇਸ਼ਾਰਾ ਕਰ ਹੀ ਰਿਹਾ ਹੁੰਦਾ ਹੈ।

**? 'ਸਾਹਿਤ ਦੀਆਂ ਬੇੜੀਆਂ ਵਿਚ ਪੈਰ ਰੱਖ ਕੇ ਡੁੱਬ ਜਾਣਾ ਵੀ ਤਰਨ ਵਰਗਾ ਸੁਆਦ ਦਿੰਦਾ ਹੈ।' ਆਪਣੀਆਂ ਹੁਣ ਤੱਕ ਦੀਆਂ ਪ੍ਰਾਪਤੀਆਂ ਦੇ ਆਧਾਰ 'ਤੇ ਇਸ ਕਥਨ ਦੀ ਵਿਆਖਿਆ ਕਰੋ ?**

– ਅਜੋਕੇ ਵਿਸ਼ਵੀਕਰਨ ਦੇ ਯੁਗ ਵਿਚ ਕਿਸੇ ਖੇਤਰੀ ਭਾਸ਼ਾ ਦਾ ਸਾਹਿਤਕਾਰ ਹੋਣਾ, ਡੁੱਬਦੀ ਬੇੜੀ ਵਿਚ ਪੈਰ ਰੱਖਣ ਵਰਗਾ ਹੀ ਹੈ। ਮੈਂ ਵੀ ਇਸੇ ਪੰਧ ਉਤੇ ਹੀ ਹਾਂ। ਪਰ ਅੰਗਰੇਜ਼ੀ ਵਿਚ ਨਿਪੁੰਨ ਨਾ ਹੋਣ ਕਰਕੇ ਮੇਰੇ ਵਰਗੇ ਬਹੁਤੇ ਲੇਖਕਾਂ ਕੋਲ ਕੋਈ ਹੋਰ ਚਾਰਾ ਵੀ ਤਾਂ ਨਹੀਂ ਹੁੰਦਾ। ਸੋ ਘੁਰਨੇ ਵਿਚ ਵੜ ਕੇ ਬੈਠਣ ਦੀ ਥਾਂ ਪੰਜਾਬੀ ਦੀ ਬੇੜੀ ਵਿਚ ਸਵਾਰ ਹੋਣ ਦਾ ਫੈਸਲਾ ਲੈ ਲਿਆ। ਜੇ ਵਿਸ਼ਵ ਰੂਪੀ ਸਮੁੰਦਰ ਦੇ ਪ੍ਰਸੰਗ ਵਿਚ ਵੇਖੀਏ ਤਾਂ ਇਹ ਪਿੰਡ ਦੇ ਛੱਪੜ ਵਿਚ ਬੇੜੀ ਠੇਲ੍ਹਣ ਵਰਗਾ ਅਹਿਸਾਸ ਹੈ ਪਰ ਜੇ ਆਪਣੀਆਂ ਪੇਂਡੂ ਪਰਸਥਿਤੀਆਂ ਦੇ ਸੰਦਰਭ ਵਿਚ ਸੋਚਾਂ ਤਾਂ ਇਹ ਅਨੁਭਵ ਵੀ ਤਰਨ ਵਰਗਾ ਆਨੰਦ ਦਿੰਦਾ ਹੈ। ਘੱਟੋ-ਘੱਟ ਪੰਜਾਬੀ ਦੇ ਅਕਾਦਮਿਕ ਜਗਤ ਵਿਚ ਤਾਂ ਇੱਜ਼ਤ-ਮਾਣ ਨਾਲ ਰਹਿਣ ਦਾ ਸਬੱਬ ਬਣਿਆਂ। ਸੱਚੀ ਗੱਲ ਤਾਂ ਇਹ ਹੈ ਕਿ ਮੈਂ ਵਿਰਲਿਆਂ ਵਿਚੋਂ ਹੀ ਹਾਂ ਜਿਸਨੂੰ ਪੰਜਾਬੀ ਭਾਸ਼ਾ ਅਤੇ ਸਾਹਿਤ ਨੇ ਯੂਨੀਵਰਸਿਟੀ ਵਿਚ ਪ੍ਰੋਫ਼ੈਸਰ ਪੱਧਰ ਦੀ ਨੌਕਰੀ, ਆਪਣੀ ਕੋਠੀ, ਦੁਨੀਆਂ ਦੀਆਂ ਸੈਰਾਂ ਦੇ ਮੌਕੇ ਅਤੇ ਲੇਖਕ-ਆਲੋਚਕ ਵਜੋਂ ਚੰਗੀ ਪਛਾਣ ਦਿੱਤੀ ਹੈ। ਇਸੇ ਕਰਕੇ ਮੈਨੂੰ ਡੁੱਬ ਕੇ ਵੀ ਤਰਨ ਵਰਗਾ ਸੁਆਦ ਆਉਂਦਾ ਹੈ। ਪਰ ਪੰਜਾਬੀ ਭਾਸ਼ਾ ਦੇ ਦਿਨੋ-ਦਿਨ ਸੁੱਕਦੇ ਸਮੁੰਦਰ ਦਾ ਭੈਅ ਇਸ ਸੁਆਦ ਨੂੰ ਕਿਰਕਿਰਾ ਕਰਦਾ ਰਹਿੰਦਾ ਹੈ।



ਦਾਅ ਪੇਚ, ਜੇਕਰ, ਕਿਨ੍ਹੇ ਹੀ ਵਰ੍ਹਿਆਂ ਬਾਅਦ ਅਤੇ ਕਾਸ਼ ! ਵਰਗੇ ਚਰਚਿਤ ਨਾਵਲਾਂ ਤੋਂ ਬਾਅਦ

ਕੁਲਦੀਪ ਸਿੰਘ ਬੇਦੀ

ਦਾ ਨਵਾਂ

ਨਾਵਲ

ਰੰਗ ਤਮਾਸ਼ਾ




ਮੁੱਲ:225 ਰੁਪਏ, ਪੰਨੇ:208

ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ

ਫੋਨ : 2413613




## 'ਇਕ ਮਰੀਅਮ ਹੋਰ' ਦਾ ਥੀਮਕ ਅਧਿਐਨ/ ਜਗਵਿੰਦਰ ਜੋਧਾ




ਨਵੀਂ ਪੰਜਾਬੀ ਕਹਾਣੀ ਦੇ ਸੰਦਰਭ ਵਿਚ ਐਸ. ਬਲਵੰਤ ਇਕ ਚਰਚਿਤ ਨਾਂ ਹੈ। ਪਹਿਲੇ ਕਥਾ ਸੰਗ੍ਰਹਿ ਮਹਾਂਨਗਰ ਪਿੱਛੋਂ ਉਸਦਾ ਦੂਸਰਾ ਕਥਾ ਸੰਗ੍ਰਹਿ 'ਇਕ ਮਰੀਅਮ ਹੋਰ' ਸਾਡੇ ਸਨਮੁਖ ਹੈ। ਇਸ ਸੰਗ੍ਰਹਿ ਵਿਚ ਕੁੱਲ ਗਿਆਰਾਂ ਕਹਾਣੀਆਂ ਨੂੰ ਸੰਕਲਿਤ ਕੀਤਾ ਗਿਆ ਹੈ, ਇਨ੍ਹਾਂ ਗਿਆਰਾਂ ਕਹਾਣੀਆਂ ਦੇ ਆਧਾਰ ਤੇ ਐਸ. ਬਲਵੰਤ ਦੇ ਕਥਾ ਪੈਰਾਡਾਈਮ ਨੂੰ ਪੰਜਾਬੀ ਕਹਾਣੀ ਦੇ ਪ੍ਰਚਲਿਤ ਤੇ ਪ੍ਰਵਾਨਿਤ ਪੈਟਰਨਾਂ ਦੇ ਸਮਵਿੱਥ ਰੱਖ ਕੇ ਇਨ੍ਹਾਂ ਵਿੱਚੋਂ ਕੁਝ ਉਭਰਵੇਂ ਸਰੋਕਾਰਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਇਹ ਸਰੋਕਾਰ ਓਪਰੀ ਨਜ਼ਰੇ ਭਾਵੇਂ ਪੰਜਾਬੀ ਕਹਾਣੀ ਦੀਆਂ ਕੁਝ ਰੂੜ੍ਹੀਆਂ (ਚਾਹੇ ਉਹ ਵਸਤੂ ਪੱਖੋਂ ਹੋਣ, ਕਥਾ ਦ੍ਰਿਸ਼ਟੀ ਪੱਖੋਂ ਜਾਂ ਸਮਕਾਲੀ ਵਰਤਾਰਿਆਂ ਦੇ ਰੇਖਾਕਰਨ ਦੌਰਾਨ ਵਰਤੀਆਂ ਬਿਰਤਾਂਤਕ ਜੁਗਤਾਂ ਵਜੋਂ ਹੋਣ) ਦੇ ਨਿਭਾਉ ਦੀ ਪ੍ਰਕਿਰਿਆ ਵਿਚ ਹੀ ਨਜ਼ਰ ਆਉਂਦੇ ਹਨ, ਪਰ ਐਸ. ਬਲਵੰਤ ਦੀਆਂ ਕਹਾਣੀਆਂ ਦੀ ਬਣਤਰ ਤੇ ਬੁਣਤਰ ਵੀ ਨਾਲ ਨਾਲ ਉਸਦੇ ਕਥਾ ਸੰਦਰਭ ਪੰਜਾਬੀ ਕਹਾਣੀ ਦੀ ਪ੍ਰੰਪਰਿਕ ਪਹੁੰਚ ਵਿਚ ਕੁਝ ਨਵੇਂ ਵਿਸਥਾਰ ਵੀ ਜੋੜਦੇ ਹਨ। ਪੰਜਾਬੀ ਕਹਾਣੀ ਦੇ ਹੋਂਦ ਵਿਚ ਆਉਣ ਤੋਂ ਲੈ ਕੇ ਹੁਣ ਤਕ ਕਈ ਪ੍ਰਵਿਰਤੀਆਂ ਅਤੇ ਕਈ ਧਾਰਾਵਾਂ ਇਸਦੇ ਵਿਕਾਸ-ਪੰਧ ਦੀਆਂ ਜ਼ਾਮਨ ਬਣੀਆਂ ਹਨ ਪਰ ਪੰਜਾਬੀ ਕਥਾ ਜਗਤ ਪੰਜਾਬੀ-ਮਾਨਸ ਦੀ ਸਥਾਨਕ ਹੋਂਦ ਦੇ ਸੀਮਤ ਵਰਤਾਰਿਆਂ ਦਾ ਡੂੰਘੀ ਤਰ੍ਹਾਂ ਸ਼ਿਕਾਰ ਰਿਹਾ ਹੈ। ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿਚ ਹੋਂਦ ਦੇ ਸੀਮਤ ਵਰਤਾਰਿਆਂ ਦਾ ਡੂੰਘੀ ਤਰ੍ਹਾਂ ਸ਼ਿਕਾਰ ਰਿਹਾ ਹੈ। ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿਚ ਹੋਂਦ ਵਿਚ ਆਈ ਪੰਜਾਬੀ ਕਹਾਣੀ ਮੱਧਯੁੱਗ ਵਿਚ ਪ੍ਰਚਲਿਤ ਲੋਕ-ਕਥਾਵਾਂ ਦੇ ਬਿਰਤਾਂਤਕ ਢੰਗ ਨਾਲ ਬਸਤੀਵਾਦੀ ਕਾਲ ਦੇ ਸਰੋਕਾਰਾਂ ਨੂੰ ਕਥਾ ਵਸਤੂ ਬਣਾਇਆ। ਭਾਵੇਂ ਇਹ ਸਮਤੋਲ ਦੀ ਅਵਸਥਾ ਨਹੀਂ ਕਹੀ ਜਾਵੇਗੀ ਪਰੰਤੂ ਉੱਤਰ ਪ੍ਰਗਤੀਵਾਦੀ ਕਾਲ ਤਕ ਕਹਾਣੀ ਦੇ ਪ੍ਰਵਚਨ ਅਤੇ ਪਾਠਕ ਸੰਬੰਧੀ ਇਹੀ ਪਹੁੰਚ ਕੁਝ ਰੂੜੀਆਂ ਵਾਂਗ ਪ੍ਰਚਲਿਤ ਰਹੀ ਹੈ। ਕਹਾਣੀ ਦੀ ਵਿਧਾਗਤ ਸੀਮਾ ਭਾਵੇਂ ਵਸਤੂ ਜਗਤ ਵਿੱਚੋਂ ਅੰਸ਼-ਮਾਤਰ ਨੂੰ ਹੀ ਪਾਠ ਵਜੋਂ ਸਵੀਕਾਰਣ ਤੇ ਤਰਾਸ਼ਣ ਦਾ ਕਾਰਕ ਬਣਦੀ ਹੈ ਪਰ ਇਹ ਸੀਮਾ ਪੰਜਾਬੀ ਕਹਾਣੀ ਦੀ ਦ੍ਰਿਸ਼ਟੀ ਦੇ ਅੰਤਰਮੁਖੀ ਹੋਣ ਦਾ ਕਾਰਨ ਬਣਦੀ ਪ੍ਰਤੀਤ ਹੁੰਦੀ ਹੈ। ਇਹੀ ਕਾਰਨ ਹੈ ਕਿ ਲਗਭਗ ਪੰਜ ਦਹਾਕਿਆਂ ਤਕ ਹਰ ਪ੍ਰਵਿਰਤੀ ਵਿਚ ਰਚਿਤ ਪੰਜਾਬੀ ਕਹਾਣੀ ਭੂਮੀ ਦੀ ਮਾਲਕੀ ਨਾਲ ਸੰਬੰਧਿਤ ਅਵਚੇਤਨੀ ਦਸ਼ਾ ਹੰਢਾਉਂਦੀ ਰਹੀ ਹੈ। ਇਸ ਅਵਸਥਾ ਨੇ ਸੰਸਾਰਕ ਪਰਿਵੇਸ਼ ਵਿਚ ਪੰਜਾਬੀ ਮਾਨਸ ਦੀ ਪਹੁੰਚ ਦੇ ਵਿਸ਼ਲੇਸ਼ਣ ਪੱਖੋਂ ਬੜੀ ਘਾਟ ਨੂੰ ਸਾਮ੍ਹਣੇ ਲਿਆਂਦਾ। ਇਹੀ ਰੁਚੀ ਸੰਕਟ ਕਾਲ ਦੀ ਪੰਜਾਬੀ ਕਹਾਣੀ ਵਿਚ ਵੀ ਵੇਖੀ ਜਾ ਸਕਦੀ ਹੈ। ਐਸ. ਬਲਵੰਤ ਦੇ ਹੱਥਲੇ ਕਥਾ ਸੰਗ੍ਰਹਿ ਦੀਆਂ ਕਹਾਣੀਆਂ ਵਿਚ ਸੁਚੇਤ ਰੂਪ ਵਿਚ ਇਸ ਵਿਰਾਸਤੀ ਘਾਟ ਤੋਂ ਪਾਰ ਜਾਣ ਦੀ ਪ੍ਰਬਲਤਾ ਹਾਵੀ ਹੈ। ਪੰਜਾਬੀ ਕਹਾਣੀ ਦੀ ਰਚਨਾਤਮਕ ਚੇਤਨਾ ਸੰਬੰਧੀ ਉਸਦੀ ਦ੍ਰਿਸ਼ਟੀ ਨੂੰ 'ਕਹਾਣੀ ਜੋ ਕਥਾ ਨਹੀਂ' ਵਿੱਚੋਂ ਸਪਸ਼ਟ ਸਮਝਿਆ ਜਾ ਸਕਦਾ ਹੈ। ਇਹ ਕਹਾਣੀ ਇਸ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਦਾ ਦ੍ਰਿਸ਼ਟੀਗਤ ਸਾਰ ਹੈ। ਇਸ ਕਹਾਣੀ ਵਿੱਚੋਂ ਹੀ ਕਹਾਣੀਕਾਰ ਦੇ ਵਸਤੂਗਤ ਸੰਸਾਰ ਪ੍ਰਤਿ ਬੋਧ ਅਤੇ ਉਸ ਵਿੱਚੋਂ ਆਪਣੇ ਕਥਾ-ਸੰਦਰਭ ਦੀ ਤਲਾਸ਼ ਦੀ ਪ੍ਰਕਿਰਿਆ ਦੀ ਟੋਹ ਲਈ ਜਾ ਸਕਦੀ ਹੈ। ਇਹ ਕਹਾਣੀ ਹੀ ਐੱਸ ਬਲਵੰਤ ਦੇ ਕਥਾ-ਪੈਰਾਡਾਈਮ ਨੂੰ ਨਿਰਧਾਰਤ ਕਰਦੀ ਹੈ, ਸਮੁੱਚੇ ਸੰਗ੍ਰਹਿ ਦੀਆਂ ਕਹਾਣੀਆਂ ਇਸ ਕਹਾਣੀ ਵਿਚ ਪੇਸ਼ ਕਥਾ-ਵਸਤੂ ਦਾ ਹੀ ਵਿਸਥਾਰ ਹਨ। ਕੁੱਲ ਮਿਲਾ ਕੇ ਐੱਸ ਬਲਵੰਤ ਦੀ ਕਥਾ ਸੰਵੇਦਨਾ ਮਾਨਵੀ ਸੰਕਟ ਦੇ ਦੋ ਧਰਾਤਲਾਂ ਨੂੰ ਰੂਪਮਾਨ ਕਰਦੀ ਹੈ। ਇਨ੍ਹਾਂ ਵਿੱਚੋਂ ਇਕ

ਧਰਾਤਲ ਔਰਤ-ਮਰਦ ਦੇ ਰਿਸ਼ਤੇ ਦੇ ਪਾਰੰਪਰਿਕ ਮਾਡਲ ਦੀਆਂ ਬੰਦਿਸ਼ਾਂ ਵਿਰੁੱਧ ਰੋਹ ਪ੍ਰਗਟ ਕਰਕੇ ਨਵਾਂ ਪ੍ਰਬੰਧ ਉਸਾਰਦੇ ਪਾਤਰਾਂ ਦੀ ਗਾਥਾ ਹੈ ਤੇ ਦੂਜਾ ਧਰਾਤਲ ਇਸ ਅੰਤ੍ਰੀਵ ਸੰਕਟ ਦੇ ਸਮਾਨਅੰਤਰ ਮਾਨਵ ਜੀਵਨ ਦੀਆਂ ਪ੍ਰਸਥਿਤੀਆਂ ਦੇ ਬਾਹਰਮੁਖੀ ਸੰਕਟ ਦਾ ਹੈ।

ਐੱਸ ਬਲਵੰਤ ਦੀਆਂ ਇਨ੍ਹਾਂ ਕਹਾਣੀਆਂ ਦਾ ਇਕ ਥੀਮਕ ਪਸਾਰ ਮਹਾਂ ਨਗਰੀ ਚੇਤਨਾ ਦੀ ਕਥਾਕਾਰੀ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਵਿੱਚ ਇਕ ਮਹਾਂਨਗਰ ਹੋਰ' ਅਤੇ 'ਮੰਜ਼ਲ' ਕਹਾਣੀਆਂ ਦਾ ਉਲੇਖ ਕੀਤਾ ਜਾ ਸਕਦਾ ਹੈ। ਇਨ੍ਹਾਂ ਕਹਾਣੀਆਂ ਦੇ ਪਾਤਰ ਪਾਰੰਪਰਿਕ ਮਰਦ-ਔਰਤ ਸੰਬੰਧਾਂ ਦੇ ਇਨਕਾਰ-ਸਵੀਕਾਰ ਦਾ ਦਵੰਦ ਹੰਢਾਉਂਦੇ ਹਨ। ਇਨ੍ਹਾਂ ਵਿੱਚੋਂ ਜਿੱਥੇ ਮੰਜ਼ਲ ਕਹਾਣੀ ਦਾ ਚਾਰਲੀ ਮਰਦ ਦੇ ਜਾਗੀਰੂ ਅਵਚੇਤਨ ਦਾ ਵਾਹਕ ਬਣਕੇ ਐਨੀ ਅਤੇ ਆਸ਼ਮਾ ਵਰਗੀਆਂ ਇਸਤਰੀਆਂ ਨਾਲ ਵਿਆਹ ਬਾਹਰੇ ਜਿਨਸੀ ਸੰਬੰਧ ਭੋਗਦਾ ਹੈ। ਘਰ ਦੀਆਂ ਰਵਾਇਤੀ ਬੰਦਸ਼ਾਂ ਅਤੇ ਵਰਜਣਾਵਾਂ ਨੂੰ ਉਲੰਘ ਕੇ ਉਹ ਮਾਨਸਿਕ ਤੌਰ 'ਤੇ ਆਪਣੇ ਹਾਣ ਦੀ ਔਰਤ ਦੀ ਤਲਾਸ਼ ਵਿਚ ਪਹਿਲਾਂ ਐਨੀ ਅਤੇ ਫਿਰ ਆਸ਼ਮਾ ਨਾਲ ਨਾਤਾ ਜੋੜਦਾ ਹੈ। ਉਸਦੇ ਇਨ੍ਹਾਂ ਸੰਬੰਧਾਂ ਵਿਚ ਸਮਾਜਕ ਲੋੜ ਹਾਸ਼ੀਆਗਤ ਹੈ ਜਦਕਿ ਅਸਾਵੇਂ ਰਿਸ਼ਤਿਆਂ ਵਿੱਚੋਂ ਉਪਜੀ ਸਰੀਰਕ ਮਾਨਸਿਕ ਭੁੱਖ ਕੇਂਦਰ ਵਿਚ ਟਿਕੀ ਹੋਈ ਹੈ। ਪਰੰਪਰਾ ਵਿੱਚੋਂ ਮਿਲਿਆ 'ਘਰ ਦਾ ਪ੍ਰਬੰਧ' ਉਸ ਲਈ ਦਮ ਘੋਟੂ ਮਾਹੌਲ ਸਿਰਜਦਾ ਹੈ ਤੇ ਉਹ ਘਰ ਦੇ ਪੱਛਮੀ ਪੈਟਰਨ ਨੂੰ ਆਦਰਸ਼ ਮਿੱਥ ਕੇ ਚੱਲਦਾ ਹੈ। ਚਾਰਲੀ ਦੀ ਘਾੜਤ ਮਹਾਂਨਗਰੀ ਚੇਤਨਾ ਵਿਚ ਪਰ ਇਸਤਰੀ ਭੋਗ ਦੇ ਪੁਰਸ਼ ਦਾ ਪ੍ਰਤੀਕ ਹੈ ਜਿਹੜਾ ਸੁਚੇਤ ਤੌਰ 'ਤੇ ਘਰ ਦੇ ਪ੍ਰਚਲਿਤ ਮਾਡਲ ਨੂੰ ਨਕਾਰਦਾ ਹੋਇਆ ਵੀ ਆਪਣੇ ਅਵਚੇਤਨ ਵਿਚ ਜਾਗੀਰੂ ਸੰਸਕਾਰ ਸਮੋਈ ਬੈਠਾ ਹੈ। ਇਹੀ ਕਾਰਨ ਹੈ ਕਿ ਉਹ ਐਨੀ ਦੇ ਪਤੀ ਦੇ ਉਨ੍ਹਾਂ ਦੇ ਸੰਬੰਧਾਂ ਬਾਰੇ ਵਿਚਾਰਾਂ ਨੂੰ ਸੁਣ ਕੇ ਅਚੰਭਿਤ ਵੀ ਹੁੰਦਾ ਹੈ ਤੇ ਉਸਦੇ ਚਰਿੱਤਰ ਦੀਆਂ ਅਵਚੇਤਨੀ ਤਹਿਆਂ ਵੀ ਸਾਮ੍ਹਣੇ ਆਉਂਦੀਆਂ ਹਨ,

"ਚਾਰਲੀ ਨੂੰ ਲੱਗਾ ਜਿਵੇਂ ਇਕ ਦਮ ਕੋਈ ਧਮਾਕਾ ਹੋਇਆ ਹੋਵੇ... ਬਹੁਤ ਵੱਡਾ ਪਹਾੜ ਉਹਦੇ ਸਿਰ 'ਤੇ ਆਣ ਡਿੱਗਾ ਹੋਵੇ। 'ਇਹ ਕੀ ਕਹਿ ਰਿਹੈਂ? ਐਨੀ ਤਾਂ ਤੇਰੀ ਪਤਨੀ ਏ'... ਮਰਦ ਆਖਰ ਕਿੱਥੋਂ ਤੀਕ ਬਰਦਾਸ਼ਤ ਕਰ ਸਕਦੈ? ਭਾਵੇਂ ਉਹ ਯੂਰਪ ਦਾ ਹੋਵੇ ਭਾਵੇਂ ਭਾਰਤ ਦਾ... ਉਹ ਜ਼ਰੂਰ ਐਨੀ ਨੂੰ ਤਲਾਕ ਦੇ ਦੇਵੇਗਾ।(ਪੰਨਾ 61-62)

ਇਸੇ ਤਰ੍ਹਾਂ 'ਇਕ ਮਹਾਂਨਗਰ ਹੋਰ' ਦਾ ਡਾਬਰ ਵੀ ਰੁਕਮਣੀ ਨਾਲ ਆਪਣੇ ਸੰਬੰਧਾਂ ਦਾ ਆਧਾਰ ਜਿਨਸੀ ਖ਼ਾਹਿਸ਼ਾਂ ਤੋਂ ਅਗਾਂਹ ਨਹੀਂ ਵਧਾਉਂਦਾ। ਉਸਦੀ ਮਰਦਾਵੀਂ ਹਊਂ ਔਰਤ ਨੂੰ ਇਸ ਕਦਰ ਵਸਤ ਤਕ ਘਟਾ ਕੇ ਵੇਖਣ ਦੀ ਰੁਚੀ ਦਾ ਸ਼ਿਕਾਰ ਹੈ ਕਿ ਰੁਕਮਣੀ ਉੱਪਰ ਆਪਣੇ 'ਕਬਜ਼ੇ' ਨੂੰ ਉਨ੍ਹਾਂ ਦੋਵਾਂ ਦੇ ਪੁੱਤਰ ਨਾਲ ਵੀ ਨਹੀਂ ਵੰਡਾਉਣਾ ਚਾਹੁੰਦਾ। ਇਸ ਤੋਂ ਬਿਨਾਂ ਉਹ ਆਪਣੀ ਜਿਨਸੀ ਅਸਮਰੱਥਤਾ ਦੀ ਸਥਿਤੀ ਵਿਚ ਰੁਕਮਣੀ ਸਾਮ੍ਹਣੇ ਪੂਰਨਤਾ ਦਾ ਪ੍ਰਗਟਾਵਾ ਨਹੀਂ ਕਰ ਸਕਦਾ ਕਿਉਂ ਕਿ ਵਰਤਮਾਨ ਅਪੂਰਨਤਾ ਉਸਦੀ ਪਾਰੰਪਰਿਕ ਲਿੰਗਕ ਹੋਂਦ ਨੂੰ ਤੋੜਦੀ ਹੈ। 'ਅੰਦਰਲੇ ਡਰ' ਕਹਾਣੀ ਦਾ ਮੈਂ ਪਾਤਰ ਯੂਰਪ ਦੇ ਜਿਨਸੀ ਸੰਬੰਧਾਂ ਦੇ ਮਾਡਲ ਨੂੰ ਇਸ ਕਦਰ ਅਦਰਸ਼ ਮੰਨੀ ਬੈਠਾ ਹੈ ਕਿ ਉਹ ਆਪਣੀ ਧੀ ਦੀ ਉਮਰ ਦੀ ਲੜਕੀ ਕ੍ਰਿਸ਼ਨਾ ਨਾਲ ਵੀ ਭੋਗ ਦੀ ਲਾਲਸਾ ਪ੍ਰਗਟਾਉਂਦਾ ਹੈ। ਉਸਦੀ ਜਾਗੀਰੂ ਪਹੁੰਚ ਘਰ ਨੂੰ ਉਸਦੇ ਅਵਚੇਤਨ ਵਿੱਚੋਂ ਖਾਰਜ ਨਹੀਂ ਹੋਣ ਦਿੰਦੀ ਜਦਕਿ ਕ੍ਰਿਸ਼ਨਾ ਵਰਗੀ ਔਰਤ ਨਾਲ ਸਰੀਰਕ ਸੰਬੰਧਾਂ ਦੀ ਲਾਲਸਾ ਯੂਰਪ ਸੰਬੰਧੀ ਉਸਦੇ ਪੂਰਵ ਆਗ੍ਰਹਿ ਵਿੱਚੋਂ ਉਪਜੀ ਹੈ। ਇਹੀ ਕਾਰਨ ਹੈ ਕਿ ਜਦੋਂ ਉਹ ਆਪਣੀ ਪਤਨੀ ਦਾ ਵਰਣਨ ਕਰਦਾ ਹੈ,

"ਕਾਫ਼ੀ ਸੋਹਣੀ ਹੈ... ਤੇਰੇ ਵਰਗੀ।" ਚਰਨ ਨੇ ਆਪਣਾ ਅੰਦਰ ਪੂਰੀ ਤਰ੍ਹਾਂ ਛੁਪਾ ਲਿਆ ਸੀ। ਇਹ ਸ਼ਬਦ ਉਸਦੇ ਮੂੰਹੋਂ ਕਾਫ਼ੀ ਔਖੇ ਨਿਕਲੇ ਸਨ... ਵਰਨਾ ਕ੍ਰਿਸ਼ਨਾ ਜਿੱਡੀ ਤਾਂ ਉਹਦੀ ਧੀ ਸੀ।(ਪੰਨਾ 57)

ਹਾਂ ਉਸਦੀ ਭੁੱਖ ਉਸਦੀ ਵਾਸਤਵਿਕਤਾ ਦੇ ਅੱਗੇ ਆ ਜਾਂਦੀ ਹੈ। ਇੰਜ ਕਹਾਣੀਕਾਰ ਦੇ ਪੁਰਸ਼ ਪਾਤਰ ਕਿਤੇ ਨਾ ਕਿਤੇ ਘਰ ਦੇ ਪ੍ਰਵਾਨਿਤ ਮੁੱਲਾਂ ਨਾਲ ਇਕ ਤਣਾਅਪੂਰਨ ਰਿਸ਼ਤਾ ਹੰਢਾਉਂਦੇ ਹਨ। ਇਸ ਮੌਕੇ ਉਨ੍ਹਾਂ ਦਾ ਅਦਰਸ਼ ਔਰਤ ਮਰਦ ਦੇ ਰਿਸ਼ਤਿਆਂ ਦਾ ਯੂਰਪੀ ਮਾਡਲ ਹੀ ਹੈ। ਇਸਦੇ ਮੁਕਾਬਲੇ ਔਰਤ ਪਾਤਰ ਇਕ ਕਾਟਵੇਂ ਦਵੰਦ ਦੀ ਸਥਿਤੀ ਵਿਚ ਨਜ਼ਰ ਆਉਂਦੀਆਂ ਹਨ। ਆਸ਼ਮਾ ਅਤੇ ਰੁਕਮਣੀ ਤਾਂ ਸਿੱਖਿਅਤ ਭਾਰਤੀ ਨਾਰੀ ਦੀਆਂ ਪ੍ਰਤੀਕ ਹਨ। ਆਸ਼ਮਾ ਉਚ ਵਰਗੀ ਮਹਾਂਨਗਰੀ ਭਾਰਤੀ ਨਾਰੀ ਹੈ



ਜਿਹੜੀ ਔਜੜ ਵਿਆਹ ਦੇ ਅਸਾਵੇਂ ਸੰਬੰਧਾਂ ਤੋਂ ਮੁਨਕਰ ਹੋ ਕੇ ਮਾਨਸਿਕ ਤ੍ਰਿਪਤੀ ਰਾਹੀਂ ਸਰੀਰਕ ਤ੍ਰਿਪਤੀ ਤਕ ਪੁੱਜਦੀ ਹੈ ਜਦਕਿ ਰੁਕਮਣੀ ਵਿਆਹ ਬਾਹਰੇ ਸੰਬੰਧਾਂ ਤੋਂ ਬੱਚਾ ਪੈਦਾ ਕਰਕੇ ਦੁਬਿਧਾ ਦੀ ਇਕ ਸਥਿਤੀ ਵਿਚ ਫਸੀ ਹੈ ਮਰਦਾਵੀਂ ਹੋਂਦ ਰਾਹੀਂ ਨਾਰੀ ਦੀ ਪੂਰਨਤਾ ਦਾ ਰਵਾਇਤੀ ਸੰਕਲਪ ਉਸਦੇ ਅਵਚੇਤਨ ਉੱਪਰ ਇਸ ਕਦਰ ਹਾਵੀ ਹੈ ਕਿ ਉਹ ਇਸ ਲਈ ਪਹਿਲਾਂ ਪ੍ਰੇਮੀ ਅਤੇ ਫਿਰ ਪੁੱਤਰ ਦੇ ਠੁੰਮਣੇ ਤਲਾਸ਼ਦੀ ਹੈ। ਇਨ੍ਹਾਂ ਪਾਤਰਾਂ ਦੇ ਮੁਕਾਬਲੇ ਯੂਰਪੀਅਨ ਪਿੱਠਭੂਮੀ ਵਾਲੀਆਂ ਨਾਰੀਆਂ ਪਾਤਰਾਂ ਲਈ ਭਾਰਤੀ ਸਮਾਜ ਦਾ ਬਾਹਰੀ ਸਰੂਪ ਇਕ ਆਦਰਸ਼ ਹੈ। ਐਨੀ ਇਸ ਆਦਰਸ਼ ਵਿੱਚੋਂ ਹੀ ਚਾਰਲੀ ਤੋਂ ਬੱਚਾ ਪੈਦਾ ਕਰਦੀ ਹੈ ਜਦਕਿ ਕ੍ਰਿਸ਼ਨਾ ਲਈ ਯੂਰਪੀ ਖੁੱਲ੍ਹ ਦੇ ਮੁਕਾਬਲੇ ਭਾਰਤੀ ਸਮਾਜਕ ਸਭਿਆਚਾਰਕ ਪ੍ਰਬੰਧ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੈ। ਐਨੀ ਚਾਰਲੀ ਦੀ ਬੌਧਿਕਤਾ ਪ੍ਰਤਿ ਨੇੜਤਾ ਅਤੇ ਕ੍ਰਿਸ਼ਨਾ ਦੀ ਮੈਂ ਪਾਤਰ ਰਾਹੀਂ ਭਾਰਤੀ ਜੀਵਨ ਸ਼ੈਲੀ ਨੂੰ ਜਾਨਣ ਸਮਝਣ ਦੀ ਲਾਲਸਾ ਵਿਚ ਕਾਮੁਕਤਾ ਇਨ੍ਹਾਂ ਮਰਦ ਪਾਤਰਾਂ ਦੀ ਲਾਲਸਾ ਦੀ ਨਿਸਬਤ ਦੂਜੈਲੀ ਥਾਂ ਤੇ ਹੈ। ਇਕ ਮਰੀਅਮ ਹੋਰ ਵੀ ਇਸੇ ਤਰਜ਼ ਦੀ ਕਹਾਣੀ ਹੈ ਜਿਸਦੀ ਮੁੱਖ ਪਾਤਰ ਕਾਮ ਖੁੱਲ੍ਹਾਂ ਤੋਂ ਬੋਰ ਹੋ ਕੇ ਇਕ ਪੁੱਤਰ ਜਣਨਾ ਚਹੁੰਦੀ ਹੈ ਪਰ ਅੰਤ ਉਹ ਪਾਰੁਲ ਨੂੰ ਆਪਣਾ ਸਾਥੀ ਚੁਣਦੀ ਹੈ ਜੋ ਉਸਦੀ ਇਸ ਇੱਛਾ ਦੀ ਪੂਰਤੀ ਦੇ ਸਮਰੱਥ ਹਰਗਿਜ਼ ਨਹੀਂ। ਭਾਰਤੀ ਲੋਕਾਂ ਲਈ ਆਦਰਸ਼ ਸਮਾਜਕ ਪ੍ਰਬੰਧ ਦਾ ਉਲਟਾ ਇੱਥੋਂ ਦੇ ਸਮਾਜਕ ਪ੍ਰਬੰਧ ਨੂੰ ਆਦਰਸ਼ ਮੰਨਣਾ ਪੂਰਬੀ ਅਤੇ ਪੱਛਮੀ ਸੰਸਕ੍ਰਿਤੀ ਵਿਚਲਾ ਪਾੜ੍ਹਾ ਨਹੀਂ ਸਗੋਂ ਅਸਾਵਾਂਪਨ ਹੈ। ਵਿਗਿਆਨ ਦੀ ਉਚਤਮ ਵਿਕਾਸ ਅਵਸਥਾ ਦਾ ਦਾਅਵਾ ਕਰਨ ਵਾਲੀ ਸਭਿਆਚਾਰਕ ਪਰਿਪਾਟੀ ਜਿਸ ਵਿਚ ਮਨੁੱਖੀ ਮਰਜ਼ੀ ਪੂਰਬੀ ਪ੍ਰਬੰਧ ਦੇ ਮੁਕਾਬਲੇ ਕੇਂਦਰੀ ਤੱਤ ਹੈ। ਵਿਚ ਅਜਿਹੇ ਸੰਸਕ੍ਰਿਤਕ ਪੁਨਰ ਚੱਕਰ ਦੀ ਇੱਛਾ ਅਚੰਭਿਤ ਕਰਨ ਵਾਲਾ ਤੱਤ ਹੈ। 'ਨੰਗੇ ਲੋਕ' ਕਹਾਣੀ ਦਾ ਰਾਬਰਟ ਵੀ ਇਸੇ ਇਕਪਾਸੜ ਵਿਗਿਆਨਕ ਵਿਕਾਸ ਵਿੱਚੋਂ ਉਪਜੀ ਮਾਨਸਿਕਤਾ ਵਾਲਾ ਪਾਤਰ ਹੈ। ਇੰਜ ਇਸ ਸੰਗ੍ਰਹਿ ਦੀਆਂ ਕਹਾਣੀਆਂ ਮਾਨਵ ਹੋਂਦ ਦੇ ਗਲੋਬਲੀ ਪੱਧਰ ਦੇ ਸਰੋਕਾਰਾਂ ਨੂੰ ਆਪਣੀ ਵਸਤੂ ਬਣਾਉਂਦੀਆਂ ਹਨ। ਇਨ੍ਹਾਂ ਮਸਲਿਆਂ ਦੀ ਪਿੱਠਭੂਮੀ ਵਿਚ ਪਏ ਸੰਸਾਰਕ ਮਸਲਿਆਂ ਪ੍ਰਤਿ ਹਲਾਂਕਿ ਕਹਾਣੀਕਾਰ ਚੁੱਪ ਵੱਟੀ ਰੱਖਦਾ ਹੈ ਪਰ ਵਿਸ਼ਵੀਕਰਨ ਅਤੇ ਪੂੰਜੀ ਦੇ ਕੇਂਦਰੀਕਰਨ ਜਿਹੇ ਸਮਕਾਲੀ ਵਰਤਾਰਿਆਂ ਦੇ ਮਨੁੱਖੀ ਮਾਨਸਿਕਤਾ ਦੇ ਵਿਕ੍ਰਿਤ ਸਰੂਪ ਉੱਪਰ ਪਏ ਪ੍ਰਭਾਵ ਉੱਕਾ ਖ਼ਾਰਜ ਨਹੀਂ ਹੁੰਦੇ।

ਇਸ ਸੰਗ੍ਰਹਿ ਦੀਆਂ ਕਹਾਣੀਆਂ ਵਿਚ ਕਥਾਕਾਰ ਦਾ ਇਕ ਹੋਰ ਥੀਮਕ ਪੈਟਰਨ ਬਾਹਰੀ ਸੰਕਟਮਈ ਸਥਿਤੀਆਂ ਦੇ ਚਿਤਰਨ ਵਿੱਚੋਂ ਪਛਾਇਆ ਦਾ ਸਕਦਾ ਹੈ। ਇਨ੍ਹਾਂ ਕਹਾਣੀਆਂ ਵਿਚ 'ਹਵਾ' , 'ਘੁੱਪ ਘੇਰ' ਅਤੇ 'ਅੰਤਮ ਸਫ਼ਰ' ਹਨ। ਇਨ੍ਹਾਂ ਕਹਾਣੀਆਂ ਦਾ ਘਟਨਾਵੀ ਆਧਾਰ ਲੰਡਨ ਬੰਬ ਧਮਾਕੇ, ਦਿੱਲੀ ਦੇ ਸਿੱਖ ਵਿਰੋਧੀ ਦੰਗੇ ਅਤੇ ਗੁਜਰਾਤ ਦੇ ਫਿਰਕੂ ਦੰਗੇ ਹਨ। ਹਾਲਾਂਕਿ ਇਹ ਕਹਾਣੀਆਂ ਸੁਭਾਵਿਕ ਤੌਰ ਤੇ ਪਾਤਰ ਮੁਖੀ ਹੋਣ ਦੀ ਥਾਂ ਘਟਨਾਮੁਖੀ ਹਨ ਪਰ ਇਨ੍ਹਾਂ ਘਟਨਾਵਾਂ ਦੀ ਬੀੜਤ ਵਿੱਚੋਂ ਸਾਧਾਰਣ ਜਨ ਮਾਨਸ ਦੀ ਵੇਦਨਾ ਵੀ ਬਰਾਬਰ ਦੀ ਮਹੱਤਵਪੂਰਨ ਹੈ। 'ਹਵਾ' ਵਿਚ ਬਾਬਰੀ ਮਸਜਿਦ ਦੰਗਿਆਂ ਦੀ ਫਿਰਕੂ ਅੱਗ ਤੋਂ ਸੁਰੱਖਿਤ ਰਹਿ ਕੇ ਲੰਡਨ ਚਲੇ ਗਏ ਅਸਲਮ ਤੇ ਮੀਨਾ ਮਾਰੇ ਜਾਂਦੇ ਹਨ। 'ਅੰਤਮ ਸਫ਼ਰ' ਕਹਾਣੀ ਇਹੀ ਦੁਖਾਂਤ ਦੀਪਾ ਅਤੇ ਹਰਮੀਤ ਭੋਗਦੇ ਹਨ। ਵਿਸ਼ੇਸ਼ ਗੱਲ ਇਹ ਹੈ ਕਿ ਕਥਾਕਾਰ ਅਜਿਹੀਆਂ ਘਟਨਾਵਾਂ ਪਿੱਛੇ ਕਾਰਜਸ਼ੀਲ ਰਾਜਨੀਤਕ ਕਾਰਕਾਂ ਬਨਾਮ ਆਮ ਲੋਕਾਂ ਵਿਚਲੇ ਅੰਤਮ-ਧਰਮ ਪ੍ਰੇਮ ਸੰਬੰਧਾਂ ਨੂੰ ਵਿਰੋਧੀ ਜੁੱਟ ਬਣਾਉਂਦਾ ਹੈ। ਗੁਜਰਾਤ ਦੇ ਗੋਧਰਾ ਕਾਂਡ ਵਿਚ ਹੋਏ ਦੰਗਿਆਂ ਤੋਂ ਬਾਦ ਇਕ ਹਿੰਦੂ ਵਲੋਂ ਨੂਰ ਮੁਹੰਮਦ ਨਾਮੀ ਮੁਸਲਮਾਨ ਨੂੰ ਬਚਾਉਣ ਦੀ ਘਟਨਾ ਨੂੰ ਕਥਾ ਰੂਪ ਵਿਚ ਪੇਸ਼ ਕਰਨ ਪਿੱਛੇ ਵੀ ਕਥਾਕਾਰ ਦੀ ਦ੍ਰਿਸ਼ਟੀ ਅਜਿਹੀਆਂ ਘਟਨਾਵਾਂ ਦੌਰਾਨ ਬਚੀ ਰਹਿੰਦੀ ਮਾਨਵੀ ਸੰਵੇਦਨਾ ਦੀ ਪੇਸ਼ਕਾਰੀ ਹੀ ਹੈ। ਇਸ ਤੋਂ ਬਿਨਾਂ 'ਮਿੱਟੀ ਦੀ ਮਹਿਕ' ਨਾਮੀ ਕਹਾਣੀ ਪੰਜਾਬੀ ਸਮਾਜ ਵਿਚ ਭੋਇੰ ਦੀ ਮਾਲਕੀ ਨਾਲ ਜੁੜੀ ਕਿਸਾਨੀ ਦੇ ਜੀਵਨ ਸਰੋਕਾਰਾਂ ਨਾਲ ਜੁੜੀ ਹੋਈ ਹੈ। ਤਲਵਾਰ ਜਿੱਥੇ ਜ਼ਮੀਨ ਵਧਾਉਣ ਲਈ ਆਪਣੇ ਭਰਾ ਨਾਲ ਸਾਜ਼ਿਸ ਕਰਦਾ ਹੈ ਉਥੇ ਦਲੀਪਾ ਇਸ ਘਟ ਚੁੱਕੀ ਉਪਜੀ ਭੁੱਖ ਨੂੰ ਵਿਦੇਸ਼ ਤੋਂ ਪੈਸੇ ਕਮਾ ਕੇ ਕਈ ਭਰਾਵਾਂ ਦੀ ਜ਼ਮੀਨ ਖ਼ਰੀਦ ਕੇ ਸ਼ਾਂਤ ਕਰਦਾ ਹੈ।

ਇਨ੍ਹਾਂ ਕਹਾਣੀਆਂ ਵਿਚ ਕਥਾਕਾਰ ਦੀਆਂ ਬਿਰਤਾਂਤਕ ਜੁਗਤਾਂ ਵੀ ਵਿਸ਼ੇਸ਼ ਤੌਰ 'ਤੇ ਧਿਆਨਯੋਗ ਹਨ। ਕਥਾਕਾਰ ਮੁੱਖ ਤੌਰ 'ਤੇ ਵਿਰਕ ਦੇ ਕਥਾ ਮਾਡਲ ਅਤੇ ਪ੍ਰਗਤੀਸ਼ੀਲ ਯੁਗ ਦੇ ਕਥਾ ਪੈਟਰਨ ਤੋਂ ਬੁਰੀ

ਤਰ੍ਹਾਂ ਪ੍ਰਭਾਵਿਤ ਨਜ਼ਰ ਆਉਂਦਾ ਹੈ। ਕਹਾਣੀ ਦੇ ਅੰਤ 'ਤੇ ਰਹੱਸ ਉਦਘਟਨ ਦੀ ਜੁਗਤ ਰਾਹੀਂ ਉਹ ਆਪਣੇ ਬਿਰਤਾਂਤ ਦੀ ਵਰਣਨਾਤਮਕਾ ਨੂੰ ਨਵੇਂ ਅਰਥ ਸੰਸਾਰ ਵਿੱਚ ਪ੍ਰਵੇਸ਼ ਕਰਾਉਂਦਾ ਹੈ। ਇਸ ਸੰਗ੍ਰਹਿ ਦੀ ਕਹਾਣੀ ਮੁਆਵਜ਼ਾ ਇਸ ਸੰਦਰਭ ਵਿਚ ਗੌਲਣਯੋਗ ਕਹਾਣੀ ਹੈ। ਪੂਰੀ ਕਹਾਣੀ ਇਕ ਸੰਸਮਰਣੀ ਨਿਬੰਧ ਨੁਮਾ ਬਿਰਤਾਂਤ ਵਿਚ ਚੱਲਦੀ ਹੈ ਤੇ ਅੰਤਮ ਵਾਕ-

"ਬਾਅਦ 'ਚ ਪਤਾ ਲੱਗਾ ਕਿ ਜਿਸ ਸੰਸਥਾ ਨੂੰ ਉਹ ਗਰਾਂਟ ਦਿੱਤੀ ਗਈ ਹੈ, ਉਹ ਸੰਸਥਾ ਉਸ ਕੱਲ੍ਹ ਵਾਲੇ ਵਿਸ਼ਵ ਨੇਤਾ ਦੀ ਆਪਣੀ ਹੀ ਹੈ ਤੇ ਇਹ ਉਹੀ ਨੇਤਾ ਹੈ ਜਿਸਦੇ ਯੂਰਪ 'ਚ ਇਕ ਦੇਸ਼ ਦੇ ਟੁਕੜੇ ਕਰਾਉਣ 'ਚ ਮੁੱਖ ਭੂਮਿਕਾ ਨਿਭਾਈ ਸੀ।" (ਪੰਨਾ 26)

ਸਮੁੱਚੇ ਵਰਣਨ ਨੂੰ ਕਥਾਮਈ ਮੋੜਾ ਦੇਣ ਦਾ ਜਤਨ ਹੈ। 'ਇਕ ਮਰੀਅਮ ਹੋਰ' 'ਚ ਵੀ ਅਜਿਹੀ ਰਹੱਸ ਉਦਘਟਨੀ ਜੁਗਤ ਹੀ ਵਰਤੀ ਹੈ। 'ਨੰਗੇ ਲੋਕ' ਕਹਾਣੀ ਵਿਚ ਵੀ ਕਹਾਣੀਕਾਰ ਦਾ ਦਰਸ਼ਨ ਇਸ ਅੰਤਮ ਵਾਕ ਕਿ ,'ਹਾਬਰਟ ਦੀ ਪਤਨੀ ਨੂੰ ਅਹਿਸਾਸ ਹੋਇਆ ਕਿ ਹਾਸਲ ਹੋਵੇ ਉਹਨੂੰ ਤਿਆਗਣਾ ਤੇ ਜੋ ਹਾਸਲ ਹੀ ਨਾ ਹੋਵੇ ਉਹਨੂੰ ਪ੍ਰਾਪਤ ਕਰਨ 'ਚ ਕਿੰਨਾ ਫ਼ਰਕ ਹੈ। (ਪੰਨਾ 20)

ਵਿੱਚੋਂ ਸਪਸ਼ਟ ਹੁੰਦਾ ਹੈ। ਇਹ ਰਵਾਇਤੀ ਬਿਰਤਾਂਤਕਾਰੀ ਦੀਆਂ ਕਹਾਣੀਆਂ ਹਨ ਜਿਨ੍ਹਾਂ ਵਿਚ ਰੌਚਕ ਵਰਨਣ ਨੂੰ ਇਸ ਜੁਗਤ ਵਾਂਗ ਵਰਤਿਆਂ ਜਾਂਦਾ ਹੈ। ਤੇ ਕਹਾਣੀ ਦਾ ਬਿਰਤਾਂਤ ਤਣਾਅ ਨੂੰ ਪੀਡਾ ਕਰਨ ਦੀ ਥਾਂ ਅੰਤ 'ਤੇ ਹੁੰਦੇ ਰਹੱਸ ਵਿਸਫ਼ੋਟ ਪਾਤਰ ਨੂੰ ਚਕਿਤ ਕਰਦਾ ਹੈ। ਇਸੇ ਤਰ੍ਹਾਂ ਦੀ ਬਿਰਤਾਂਤਕਾਰੀ ਸੰਕਟ ਕਾਲੀਨ ਕਹਾਣੀਆਂ ਵਿਚ ਵੇਖੀ ਜਾ ਸਕਦੀ ਹੈ। ਅੰਤਮ ਸਫ਼ਰ ਇਸ ਸੰਗ੍ਰਹਿ ਦੀ ਅਕਾਰ ਪੱਖੋ ਸਭ ਤੋਂ ਵੱਡੀ ਕਹਾਣੀ ਹੈ। ਇਸ ਕਹਾਣੀ ਦਾ ਬਿਰਤਾਂਤ ਪਾਤਰਾਂ ਅਤੇ ਘਟਨਾਵਾਂ ਰਾਹੀਂ ਉਸਰਨ ਦੀ ਥਾਂ ਕੇਵਲ ਘਟਨਾਵਾਂ ਉੱਪਰ ਹੀ ਆਪਣੀ ਟੇਕ ਰੱਖਦਾ ਹੈ। ਪਾਤਰ ਲੇਖਕ ਦੇ ਸੰਦੇਸ਼ ਦੇ ਸੰਚਾਰ ਦਾ ਮਧਿਆਮ ਬਣਦੇ ਹਨ।

ਕੁੱਲ ਮਿਲਾ ਕੇ ਕਿਹਾ ਜਾਵੇਗਾ ਕਿ ਇਹ ਸੰਗ੍ਰਹਿ ਪੰਜਾਬੀ ਕਥਾ ਸੰਵੇਦਨਾ ਵਿਚ ਵਿਸ਼ੇਸ਼ ਪੱਖ ਤੋਂ ਨਿਵੇਕਲਾ ਵਿਸਥਾਰ ਜੋੜਦਾ ਹੈ। ਸਮਕਾਲੀ ਪੰਜਾਬੀ ਸਮਾਜ ਦੀ ਬਣਤਰ ਦੇ ਸਥੂਲ ਅਤੇ ਸੂਖਮ ਕਿਸਮ ਦੇ ਵਿਸਲੇਸ਼ਣ ਲਈ ਇਹ ਕਹਾਣੀਆਂ ਇਕ ਜ਼ਰੀਆ ਬਣਦੀਆਂ ਹਨ। ਵਰਤਮਾਨ ਪੰਜਾਬੀ ਸਮਾਜ ਦੀਆਂ ਕਈ ਧੁਨੀਆਂ ਪ੍ਰਤਿਧੁਨੀਆਂ ਅੰਤਰ ਰਾਸ਼ਟਰੀ ਪਰਿਪੇਖ ਵਿਚ ਇਨ੍ਹਾਂ ਕਹਾਣੀਆਂ ਵਿੱਚੋਂ ਸੁਣੀਆਂ ਜਾ ਸਕਦੀਆਂ ਹਨ।


ਮਨਮੋਹਨ ਬਾਵਾ ਦਾ ਨਵਾਂ ਨਾਵਲ

**ਯੁਗ-ਅੰਤ**

ਇਹ ਨਾਵਲ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਖ਼ਾਲਸਾ ਰਾਜ ਦੇ ਪਤਨ ਦੇ ਕਾਰਨਾਂ ਅਤੇ ਰਣਜੀਤ ਸਿੰਘ ਦੀਆਂ ਖ਼ਾਸੀਅਤਾਂ ਕਮਜ਼ੋਰੀਆਂ ਨੂੰ ਆਪਣੇ ਬਿਰਤਾਂਤ ਦਾ ਵਿਸ਼ਾ ਬਣਾਉਂਦਾ ਹੈ। ਮਹਾਰਾਜਾ ਰਣਜੀਤ ਸਿੰਘ ਦੀਆਂ ਅੱਠ ਰਾਣੀਆਂ ਚੋਂ ਹਰ ਕਿਸੇ ਦੀ ਕੁੱਖੋਂ ਪੁੱਤਰ ਹੀ ਪੈਦਾ ਹੁੰਦੇ ਰਹੇ? ਕਿਸੇ ਧੀ ਨੇ ਜਨਮ ਲਿਆ ਜਾਂ ਨਹੀਂ ਲਿਆ? ਇਹ ਵੀ ਨਾਵਲ ਦੇ ਬਿਰਤਾਂਤ ਦਾ ਇਕ ਅਨਿੱਖੜਵਾਂ ਅੰਗ ਹੈ।




*ਪ੍ਰਕਾਸ਼ਕ*

**ਚੇਤਨਾ ਪ੍ਰਕਾਸ਼ਨ,**


*ਪੰਜਾਬੀ ਭਵਨ, ਲੁਧਿਆਣਾ*




# ਮਾਨਵੀ ਸ਼ੋਸ਼ਣ ਅਤੇ ਦਮਨ ਦੇ ਵੱਖਰੇ ਵੱਖਰੇ ਰੂਪਾਂ ਦੀ ਪੇਸ਼ਕਾਰੀ 'ਤੁਸੀਂ ਨਹੀਂ ਸਮਝ ਸਕਦੇ'/ -ਡਾ. ਗੁਰਮੀਤ ਕੌਰ ਸੰਧੂ

ਜਿੰਦਰ ਪੰਜਾਬੀ ਕਹਾਣੀ ਵਿਚ ਸਥਾਪਤ ਨਾਂ ਹੈ। ਸਮਕਾਲੀ ਪੰਜਾਬੀ ਕਹਾਣੀ ਵਿੱਚ ਜਿੰਦਰ ਦੀ ਕਹਾਣੀ ਦਾ ਬਿਰਤਾਂਤ ਵੱਖਰੀ ਅਤੇ ਵਿਸ਼ੇਸ਼ ਥਾਂ ਰੱਖਦਾ ਹੈ। ਉਸ ਦੀਆਂ ਕਹਾਣੀਆਂ ਸਮਕਾਲੀ ਯਥਾਰਥ ਵਿੱਚ ਮਾਨਵੀ ਹੋਂਦ ਅਤੇ ਪਛਾਣ ਦੀ ਵੱਖਰੀ ਸਮਝ ਨੂੰ ਪੇਸ਼ ਕਰਦੀਆਂ ਹਨ। ਇਹਨਾਂ ਕਹਾਣੀਆਂ ਦਾ ਬਿਰਤਾਂਤ ਯਥਾਰਥ ਦੇ ਇਕ ਰੂਪ ਅਤੇ ਯਥਾਰਥ ਦੀ ਇਕਸਾਰਤਾ ਨੂੰ ਰੱਦ ਕਰਕੇ ਜਟਿਲ ਸੁਭਾਅ ਦਾ ਧਾਰਨੀ ਬਣਦਾ ਹੈ। ਇਹਨਾਂ ਕਹਾਣੀਆਂ ਦੇ ਬਿਰਤਾਂਤ ਦਾ ਵੱਖਰਾ ਅਤੇ ਵਿਸ਼ੇਸ਼ ਹੋਣਾ ਇਸ ਕਰਕੇ ਹੈ, ਕਿਉਂਕਿ ਇਹ ਮਨੁੱਖੀ ਜੀਵਨ ਨਾਲ ਸੰਬੰਧਿਤ ਯਥਾਰਥ ਦੇ ਅਨੇਕ ਰੂਪਾਂ ਨੂੰ ਸਿਰਜਣ ਵਿਚ ਸਫਲਤਾ ਹਾਸਲ ਕਰਦਾ ਹੈ।

ਉਸ ਦੀਆਂ ਕਹਾਣੀਆਂ ਵਿਚ ਜਿੰਨੇ ਵੀ ਵਿਸ਼ੈਗਤ ਸੰਦਰਭ ਹਨ। ਉਹ ਮੁੱਖ ਰੂਪ ਵਿਚ 'ਆਰਥਿਕ' ਅਤੇ 'ਮਾਨਸਿਕ' ਰੂਪ 'ਤੋਂ ਮਨੁੱਖੀ ਪਛਾਣ ਅਤੇ ਹੋਂਦ ਨੂੰ ਪੇਸ਼ ਕਰਦੇ ਹਨ। ਇਹਨਾਂ ਦੋਵਾਂ ਵਰਤਾਰਿਆਂ ਰਾਹੀਂ ਕਥਾਕਾਰ ਮਨੁੱਖੀ ਜੀਵਨ ਵਿਚਲੀਆਂ ਆਨੇਕਾਂ ਪਰਤਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ। ਇਹਨਾਂ ਕਹਾਣੀਆਂ ਵਿਚ ਮਾਨਵ ਦੀ ਇਕ ਅਜਿਹੀ ਧਿਰ ਹੈ ਜੋ ਪੂੰਜੀ ਦਾ ਕੇਂਦਰੀਕਰਨ ਕਰਨ ਦੀ ਪ੍ਰਕ੍ਰਿਆ ਨਾਲ ਸੰਬੰਧਿਤ ਹੈ ਅਤੇ ਦੂਸਰੀ ਮਾਨਵੀ




ਣੇ ਆਪ ਤੋਂ ਵਿਕੇਂਦਰਤ ਹੋ ਰਹੀ ਹੈ। ਇਸ ਸਮੁੱਚੀ ਪ੍ਰਕ੍ਰਿਆ ਵਿਚ ਮਾਨਵੀ ਦੇਹ
ਖਮ ਬੰਦਸ਼ਾਂ ਨਾਲ ਸੰਬੰਧਿਤ ਹੋ ਜਾਂਦੇ ਹਨ ਜੋ ਦਿੱਸਣ ਵਾਲੀਆਂ ਨਹੀਂ। ਦੇਹ
ਅਦਿੱਖ ਹਿੰਸਾ ਅਤੇ ਤਸ਼ੱਦਦ ਨਾਲ ਸੰਬੰਧਤ ਹੋ ਜਾਂਦੇ ਹਨ। ਕਥਾਕਾਰ ਇਹਨਾਂ
ਆਂ ਦੀ ਜਟਿਲਤਾ', 'ਮਨ ਦੀ ਦੁਬਿਧਾ', 'ਕਿਰਤ ਦਾ ਸ਼ੋਸ਼ਣ' , 'ਦਲਿਤ ਦਮਨ'
ਰਤ ਦਾ ਦੁਖਾਂਤ, ਆਦਰਸ਼ਾਂ ਦੀ ਟੁੱਟ ਭੱਜ, ਪ੍ਰਬੰਧ ਦੁਆਰਾ ਬਣਾਏ ਮਨੁੱਖੀ
ਪਮਾਨ ਕਰਨ ਦੀ ਕੋਸ਼ਿਸ਼ ਕਰਦਾ ਹੈ। ਰਿਸ਼ਤਿਆਂ ਦੇ ਉਸਰੇ ਪ੍ਰਬੰਧ ਅਤੇ ਉਸ
ਦਮਨ ਦੀ ਪ੍ਰਕ੍ਰਿਆ ਨੂੰ ਕਥਾਕਾਰ 'ਅਣਕਿਹਾ ਰੂਪ' ਵਿਚ ਪੇਸ਼ ਕਰਦਾ ਹੈ।
ਤਰਤੀਬ ਨੂੰ ਮਨ ਦੇ ਵਿਗਾੜ ਰਾਹੀਂ ਨੰਗਿਆਂ ਕੀਤਾ ਗਿਆ ਹੈ। ਇਥੇ
ਕ੍ਰਮ ਸਮਾਜਿਕ-ਸਭਿਆਚਾਰਕ ਹੋਂਦ ਨੂੰ ਕਾਇਮ ਰੱਖਦਾ ਹੈ ਅਤੇ ਮਨ ਦਾ
ਤੋਂ ਉਪਜੀ ਪੀੜਾ ਨੂੰ ਪੇਸ਼ ਕਰਦਾ ਹੈ। 'ਕਤਲ' ਕਹਾਣੀ ਦਾ ਕਥਾ ਸੰਸਾਰ ਮਨੁੱਖ
ਕਾਰਨ ਬਣਦਾ ਹੈ। ਇਸ ਕਹਾਣੀ ਵਿਚ ਰਿਸ਼ਤਿਆਂ ਦੇ ਬਾਹਰੀ ਰੂਪਾਂ ਅਤੇ
ਰੂਪਾਂ ਨੂੰ ਸਿਰਜਨਾ ਵਿਚ ਪਾਇਆ ਗਿਆ ਹੈ। ਇਸ ਕਹਾਣੀ ਦਾ ਬਾਪੂ ਪਾਤਰ
ਮ ਪੜਾਅ ਉਤੇ ਹੈ। ਉਸਦੀ ਮੌਤ ਨੂੰ ਉਲੀਕਿਆ ਜਾ ਰਿਹਾ ਹੈ। ਬਾਪੂ ਦੀ ਮੌਤ
ਪ੍ਰਤੀ ਸਮਾਜਿਕ ਰੁਖ ਹੋਰ ਪ੍ਰਕਾਰ ਦਾ ਹੈ ਪ੍ਰੰਤੂ ਮਾਨਸਿਕ ਵਿਵਹਾਰ ਬਿਲਕੁਲ ਵੱਖਰਾ, ਮਾਨਸਿਕ ਪ੍ਰਕ੍ਰਿਆ ਵਿਚ ਪਿਆ ਕਾਮਨਾ ਮਈ ਸੰਬੰਧਾਂ ਦਾ ਦੁਖਾਂਤ ਅਗਰਭੂਮੀ ਉਪਰ ਆ ਕੇ ਕਾਮਨਾਮਈ ਇੱਛਾ ਦੇ ਦਮਨ ਦਾ ਦੁਖਾਂਤ ਸਿਰਜਦਾ ਹੈ। ਇਹ ਕਹਾਣੀ ਸਮਕਾਲੀ ਮਨੁੱਖ ਦੇ ਗੜਬੜਾ ਗਏ ਮਾਨਵੀ ਰਿਸ਼ਤੇ ਦੇ ਅਰਥਾਂ ਨੂੰ ਸਿਰਜਦੀ ਹੈ। ਇਥੇ ਪਤੀ-ਪਤਨੀ ਦਾ ਰਿਸ਼ਤਾ ਸਮਾਜਿਕ ਤਾਂ ਹੈ ਪ੍ਰੰਤੂ ਮਾਨਵੀ ਨਹੀਂ। ਇਸ ਕਹਾਣੀ ਵਿਚ ਇਕ ਪਾਸੇ ਬਾਪੂ ਪਾਤਰ ਦਾ ਸੁਭਾਅ, ਉਸਦੇ ਮਾਨਵੀ ਕਰਮ, ਉਸ ਦੁਆਰਾ ਸੁਖਾਂਤ ਕੰਮ ਕਰਨ ਆਦਿ ਅਜਿਹੇ ਹਵਾਲੇ ਹਨ ਜੋ ਉਸ ਨੂੰ ਗਲਤ ਸਾਬਤ ਨਹੀਂ ਕਰਦੇ ਸਗੋਂ ਸਮਾਜਿਕ ਰਿਸ਼ਤੇ ਦੇ ਹੱਕ ਵਿਚ

ਭੁਗਤਦੇ ਹੋਏ ਮਾਨਵੀ ਰਿਸ਼ਤੇ ਦੇ ਵਿਗਾੜ ਉਪਰ ਪਰਦਾ ਪਾਉਣ ਦੀ ਕੋਸ਼ਿਸ਼ ਕਰਦੇ ਹਨ। ਪ੍ਰੰਤੂ ਕਥਾ ਵਿਚ ਇਹ ਸੰਵਾਦ ਮਾਨਵੀ ਰਿਸ਼ਤੇ ਦਾ ਦੁਖਾਂਤ ਪੇਸ਼ ਕਰਦਾ ਹੈ,

"ਰਾਤੀਂ ਵੀ ਬੀਬੀ ਤੇ ਬਾਪੂ ਖਹਿਬੜਦੇ ਰਹੇ ਸਨ। ਅੱਧੀ ਰਾਤ ਤਾਈਂ। ਇਕ ਬੋਲਦਾ ਤਾਂ ਦੂਜਾ ਚੁੱਪ ਹੋ ਜਾਂਦਾ। ਮੋੜ-ਘੋੜ ਕੇ ਗੱਲ ਉੱਥੇ ਹੀ ਆ ਜਾਂਦੀ ਜਿਥੋਂ ਸ਼ੁਰੂ ਹੋਈ ਸੀ। ਅਸੀਂ ਚਾਰੇ ਭੈਣ ਭਰਾ ਸਾਹ ਰੋਕੀ ਦਲਾਨ 'ਚ ਬੈਠੇ ਸੁਣ ਰਹੇ ਸੀ।

"ਦੱਸ ਤੈਨੂੰ ਕਿਹੜੀ ਚੀਜ਼ ਨ੍ਹੀਂ ਮਿਲਦੀ?" ਬਾਪੂ ਚੀਕ ਪਿਆ ਸੀ।

"ਤੇਰੀਆਂ ਚੀਜ਼ਾਂ ਨੂੰ ਮੈਂ ਚੱਟਣਾ।"

"ਮੇਰੇ ਕੋਲੋਂ ਆਹ ਨ੍ਹੀਂ ਹੋਣਾ।"

"ਫੇਰ ਸੌਂ ਵੀ ਉਥੇ ਹੀ ਜਾਇਆ ਕਰ।" ਕਲਪਦੀ ਹੋਈ ਬੀਬੀ ਦਲਾਨ 'ਚ ਆ ਗਈ ਸੀ।

ਫੇਰ ਬੀਬੀ ਬਾਪੂ ਦੀ ਬੈਠਕ 'ਚ ਕਦੇ ਨਹੀਂ ਵੜੀ।

ਫੇਰ ਬਾਪੂ ਲਈ ਘਰ ਦਾ ਅਰਥ ਸਿਰਫ ਉਹਦੀ ਬੈਠਕ ਰਹਿ ਗਿਆ ਸੀ ਤੇ ਮੇਰੇ ਲੇਖ ਦੇ ਅਰਥ ਵੀ ਬਦਲਦੇ ਗਏ ਸਨ।" (ਪੰਨਾ 15)

ਇਸ ਉਪਰੋਕਤ ਸੰਵਾਦ ਵਿਚ ਇਕ ਮੁੱਦਾ ਗੰਭੀਰ ਹੈ ਜੋ ਕਹਾਣੀ ਦੇ ਕੇਂਦਰ ਵਿਚ ਹੈ ਅਤੇ ਸਾਰੀ ਕਹਾਣੀ ਦੇ ਆਰ-ਪਾਰ ਫੈਲਿਆ ਹੋਇਆ ਹੈ। ਸਮਾਂ ਰਾਤ ਦਾ ਹੈ, ਸਥਾਨ ਘਰ ਦਾ ਹੈ, ਸੰਵਾਦ ਰਿਸ਼ਤਿਆਂ ਵਿਚ ਹੋ ਰਿਹਾ ਹੈ। ਇਸ ਵਿਚ ਤਿੰਨ ਵਾਕ ਖ਼ਾਸ ਧਿਆਨ ਦੀ ਮੰਗ ਕਰਦੇ ਹਨ।

1. ਫੇਰ ਸੌਂ ਵੀ ਉਥੇ ਹੀ ਜਾਇਆ ਕਰ।
2. ਫੇਰ ਬੀਬੀ ਬਾਪੂ ਦੀ ਬੈਠਕ 'ਚ ਕਦੇ ਨਹੀਂ ਵੜੀ।
3. ਫੇਰ ਬਾਪੂ ਲਈ ਘਰ ਦਾ ਅਰਥ ਸਿਰਫ ਉਹਦੀ ਬੈਠਕ ਰਹਿ ਗਿਆ ਸੀ।

ਇਹ ਸੰਵਾਦ ਸਾਂਝ, ਮਾਨਵਤਾ, ਪ੍ਰੇਮ ਅਤੇ ਮਾਨਵੀ ਰਿਸ਼ਤੇ ਅਤੇ ਇਹਨਾਂ ਦੇ ਘਰ ਵਿਚ ਹੁੰਦੇ ਕਤਲ ਨਾਲ ਸੰਬੰਧਿਤ ਹੈ। ਇਸ ਵਿਚ ਬਾਪੂ ਦਾ ਵਿਵਹਾਰ ਉਹਨਾਂ ਅਰਥਾਂ ਦੀ ਪ੍ਰਕ੍ਰਿਆ ਨਾਲ ਸੰਬੰਧਤ ਹੈ ਜੋ ਸਮਾਜਿਕ ਰਿਸ਼ਤੇ ਨੂੰ 'ਚੀਜ਼ਾਂ' ਰਾਹੀਂ ਸਥਾਪਤ ਰੱਖਣਾ ਚਾਹੁੰਦਾ ਹੈ ਪ੍ਰੰਤੂ ਮਾਂ ਦਾ ਵਿਵਹਾਰ ਮਾਨਵੀ ਰਿਸ਼ਤੇ ਨੂੰ ਸਥਾਪਤ ਕਰਨ ਵੱਲ ਹੈ। ਇਸ ਵਿਚ ਇਕ ਉਹ ਯਥਾਰਥ-ਸੰਬੰਧ ਹੈ ਜਿਸ ਨੇ ਘਰ ਵਿਚ ਫੈਲਣਾ ਸੀ ਪ੍ਰੰਤੂ ਉਹ ਰੁੱਕ ਗਿਆ, ਸੁੰਗੜ ਗਿਆ। ਦੂਸਰਾ ਉਹ ਸੰਬੰਧ-ਯਥਾਰਥ ਹੈ ਜੋ ਪਾੜੇ, ਵਿੱਥ ਅਤੇ ਅਮਾਨਵੀ ਸੰਬੰਧ ਦੇ ਰੂਪ ਵਿਚ ਹੈ ਜਿਸ ਨੇ ਰੁਕਣਾ ਸੀ ਪ੍ਰੰਤੂ ਫੈਲ ਗਿਆ। ਇਸ ਸਥਿਤੀ ਦਾ ਕਥਾਕਾਰ ਪਹਿਲਾਂ ਵੀ ਕਹਾਣੀ ਦੇ ਬਿਰਤਾਂਤ ਵਿਚ ਜ਼ਿਕਰ ਕਰ ਚੁੱਕਾ ਹੈ,

"ਬਾਪੂ ਅੱਡੇ ਤੇ ਪੁੱਜਾ ਹੁੰਦਾ ਤੇ ਬੀਬੀ ਘਰੋਂ ਨਿਕਲਦੀ, ਮੁੜਦੇ ਹੋਏ ਵੀ ਉਹ ਅੱਗੜ-ਪਿੱਛੜ ਆਉਂਦੇ।"

ਇਸ ਪ੍ਰਕਾਰ ਇਹ ਕਥਾ ਅਣਕਿਹਾ ਵਿਚੋਂ ਅਰਥਾਂ ਨੂੰ ਪ੍ਰਗਟ ਕਰਦੀ ਹੈ। ਕਹਾਣੀ ਵਿਚ ਕਥਾ-ਵਕਤਾ ਵੀ ਅਰਥ ਦੀ ਤਾਸੀਰ ਬਦਲਣ ਦੀ ਗੱਲ ਵਾਰ ਵਾਰ ਕਰਦਾ ਹੈ। ਇਸ ਕਹਾਣੀ ਵਿਚ ਰਿਸ਼ਤਿਆਂ ਵਿਚਲੀ ਮਾਨਵੀ ਸਾਂਝ ਦੇ ਕਤਲ ਦਾ ਕਥਾ-ਪ੍ਰਵਚਨ ਉਸਾਰਦਾ ਹੈ। ਇਸ ਕਤਲ ਦੇ ਰੂਪਕ ਰਾਹੀਂ ਕਥਾਕਾਰ ਨੇ ਸਮਕਾਲੀ ਸਮਾਜ ਵਿਚ ਰਿਸ਼ਤਿਆਂ ਵਿਚਲੀ ਬੰਜਰਤਾ ਅਤੇ ਪਨਪ ਰਹੇ ਅਮਾਨਵੀ ਵਿਵਹਾਰ ਨੂੰ ਗੰਭੀਰ ਅਤੇ ਜਟਿਲ ਬਿਰਤਾਂਤ ਰਾਹੀਂ ਪੇਸ਼ ਕੀਤਾ ਹੈ। ਕਤਲ ਦਾ ਅਹਿਸਾਸ ਉਸ ਸੂਖ਼ਮ ਰੂਪ ਦੀ ਨਿਸ਼ਾਨਦੇਹੀ ਕਰਦਾ ਹੈ, ਜੋ ਮਾਨਵੀ ਵਿਵਹਾਰ ਵਿਚ ਵਧ ਰਿਹਾ ਹੈ। ਇਸ ਕਹਾਣੀ ਵਿਚ ਮਾਨਵੀ ਦਮਨ ਦਾ ਰੂਪ ਰਿਸ਼ਤਿਆਂ ਦੇ ਬੋਝ ਵਿਚੋਂ ਪੇਸ਼ ਹੁੰਦਾ ਹੈ। ਇਸੇ ਹੀ ਪ੍ਰਕਾਰ 'ਬੱਸ ਹੁਣ ਤੂੰ ਸੌਂ ਜਾਈਂ' ਕਹਾਣੀ ਦਾ ਬਿਰਤਾਂਤ ਮਾਨਵੀ ਰਿਸ਼ਤਿਆਂ ਦੀਆਂ ਦੇਹ, ਕਾਮ ਦੀਆਂ ਨਵੀਆਂ ਸਮੀਕਰਨਾਂ ਨੂੰ ਪੇਸ਼ ਕਰਦਾ ਹੈ। ਇਸ ਕਹਾਣੀ ਵਿਚ ਮਾਂ ਅਤੇ ਧੀ ਦਾ ਦੁਖਾਂਤ ਸਾਂਝੇ ਰੂਪ ਵਿਚ ਸਾਹਮਣੇ ਆਉਂਦਾ ਹੈ। ਮਾਂ ਅਤੇ ਧੀ ਦੋਵਾਂ ਦੇ ਪਤੀ ਵਿਦੇਸ਼ ਵਿਚ ਹਨ। ਦੋਵਾਂ ਦੇ ਜੀਵਨ ਵਿਚ ਪਦਾਰਥਕ ਖੁਸ਼ ਹਾਲੀ ਪਸਰੀ ਹੋਈ ਹੈ, ਪ੍ਰੰਤੂ ਇਕ ਅਜਿਹਾ ਖਾਲੀਪਣ ਜਾ ਖਲਾਅ ਦੋਵਾਂ ਦੇ ਜੀਵਨ ਵਿਚ ਪੈਦਾ ਹੋ ਚੁੱਕਿਆਂ ਹੈ ਜਿਸ ਦਾ ਬਦਲ ਪਦਾਰਥ ਖੁਸ਼ਹਾਲੀ ਨਹੀਂ,



1. ਜਿਸ ਮਾਂ ਦੇ ਤਿੰਨ ਪੁੱਤ ਬਾਹਰ ਹੋਣ ਤੇ ਜਿਸ ਦੇ ਖਾਵੰਦ ਨੇ ਪੰਜੀ ਵਰ੍ਹੇ ਸਾਊਦੀ ਅਰਬ 'ਚ ਇਕੋ ਕੰਪਨੀ 'ਚ ਫੋਰਮੈਨੀ ਕੀਤੀ ਹੋਵੇ ਉਸ ਲਈ ਇਕ ਗਾਂ ਦੀ ਕੀ ਅਹਿਮੀਅਤ ਹੋ ਸਕਦੀ ਹੈ।"

2. ਮੀਨੂੰ ਦਾ ਡੈਡੀ ਸਾਲ ਬਾਅਦ ਆਉਂਦਾ ਸੀ। ਅਟੈਚੀ ਕੱਪੜਿਆਂ ਦਾ ਭਰ ਲਿਆਉਂਦਾ। ਕਈ ਨਵੀਆਂ ਆਈਟਮਾਂ ਹੁੰਦੀਆਂ ਉਹ ਜੋ ਅਜੇ ਤੱਕ ਘਰੇ ਨਹੀਂ ਸਨ ਤੇ ਪੁੱਛਦਾ, ਕੋਈ ਚੀਜ਼ ਰਹਿ ਗਈ ਹੈ ਤਾਂ ਦੱਸ। ਕਿਸੇ ਦੇ ਹੱਥ ਭੇਜ ਦੇਵਾਂਗਾ।"

ਇਕ ਪਾਸੇ ਪਦਾਰਥਕ ਖੁਸ਼ਹਾਲੀ ਅਤੇ ਦੂਸਰੇ ਪਾਸੇ ਦੇਹੀ ਮਨ ਦੀਆਂ ਲੋੜਾਂ ਦੀ ਕੰਗਾਲੀ ਆਦਿ ਅਜਿਹੇ ਭਰਵੇਂ ਅਰਥ ਸਿਰਜਦੀ ਇਹ ਕਹਾਣੀ ਮਨੁੱਖ ਅਤੇ ਉਸ ਦੁਆਰਾ ਸਿਰਜੇ ਰਿਸ਼ਤੇ ਦੇ ਸੱਚ ਨੂੰ ਤਲਾਸ਼ਦੀ ਹੈ। ਇਸ ਕਹਾਣੀ ਵਿਚ ਮਾਨਵੀ ਰਿਸ਼ਤਿਆਂ ਦੀ ਅੰਦਰਲੀ ਝਲਕ ਨੂੰ ਪੇਸ਼ ਕੀਤਾ ਗਿਆ ਹੈ। 'ਚੀਜ਼ਾਂ' ਤੇ 'ਮਨੁੱਖ' ਦੀ ਅਦਲਾ ਬਦਲੀ ਰਾਹੀਂ ਸਮਕਾਲੀ ਜੀਵਨ ਪ੍ਰੇਮ ਮਈ ਸੰਬੰਧਾਂ ਤੋਂ ਉਖੜ ਚੁੱਕਾ ਹੈ। ਇਸ ਵਿਚ ਔਰਤ ਦਾ ਰੂਪ ਅਜਿਹੇ ਬੰਦਸ਼ਾਂ ਅਤੇ ਦਮਨ ਨਾਲ ਸੰਬੰਧਿਤ ਹੁੰਦਾ ਚਿਤਰਿਆ ਗਿਆ ਹੈ ਜਿਸ ਵਿਚ ਉਹ 'ਘਰ' ਅਤੇ 'ਮਰਦ-ਪਤੀ' ਦੇ ਸਮਾਜਿਕ ਵਿਵਹਾਰ ਨੂੰ ਤਾਂ ਬਰਕਰਾਰ ਰੱਖਦੀ ਹੈ ਪ੍ਰੰਤੂ ਆਪਣਾ ਆਪਾ ਖਿੰਡਣ ਤੋਂ ਨਹੀਂ ਬਚਾ ਸਕਦੀ। ਸਮਾਜਿਕ ? ਤੌਰ ਤੇ ਨਿਰੰਤਰ ਰੱਖਦੀ ਹੋਈ ਆਪ ਜੜ ਹੋ ਜਾਂਦੀ ਹੈ। ਇਸ ਕਹਾਣੀ ਦਾ ਕਥਾ ਵਿਵੇਕ ਇਸ ਖੜੋਤਗ੍ਰਸ ਜੀਵਨ ਲੀਲਾ ਨੂੰ ਮੁੜ ਸਿਰਜਤ ਕਰਨ ਲਈ ਨਵੇਂ ਸੰਬੰਧਾਂ ਦੀ ਉਸਾਰੀ ਨੂੰ ਜਾਇਜ਼ ਠਹਿਰਾਉਂਦਾ ਹੈ। ਇਸ ਕਹਾਣੀ ਦਾ ਕਥਾ-ਵਿਵੇਕ ਤਾਂ ਹੋ ਸਕਦਾ ਹੈ ਜਿਸ ਵਿਚ ਛੋਟੂ (ਭਈਆ) ਅਤੇ ਮੱਖਣ ਮਾਨ ਵਰਗੇ ਖਾਲੀਪਣ ਨੂੰ ਭਰਦੇ ਹਨ ਪ੍ਰੰਤੂ ਜੀਵਨ ਦੀ ਸਹਿਜਤਾ ਅਤੇ ਸੰਜਮ ਰੱਦ ਹੋ ਜਾਂਦੀ ਹੈ। ਧੀ ਦਾ ਵਿਵਹਾਰ ਉਸ ਦਮਨ ਦੀ ਪੀੜਾ ਨੂੰ ਦੁਬਿਧਾ ਰਾਹੀ ਪੇਸ਼ ਕਰਦਾ ਹੈ।

ਇਸ ਕਹਾਣੀ ਸੰਗ੍ਰਹਿ ਦੀਆਂ ਬਾਕੀ ਕਹਾਣੀਆਂ ਦਲਿਤ ਸਰੋਕਾਰ, ਆਦਰਸ਼ਾਂ ਦਾ ਭੰਜਨ, ਮਜ਼ਬੂਰ ਕਾਮਿਆਂ ਦੀ ਬੇਬਸੀ, ਜਾਅਲੀ ਪਰਵਾਸ ਦਾ ਦੁਖਾਂਤ ਅਤੇ ਅਜੋਕੇ ਪ੍ਰਬੰਧ ਦੀ ਦਫ਼ਤਰੀ ਮਾਨਸਿਕਤਾ ਵਿਚ ਛਾਪ ਨੂੰ ਰੂਪਮਾਨ ਕਰਦੀਆਂ ਖ਼ੂਬਸੂਰਤ ਕਹਾਣੀਆਂ ਹਨ। 'ਬਲਾਤਕਾਰ' ਕਹਾਣੀ ਆਦਰਸ਼ਾਂ ਦੇ ਭੰਜਨ ਅਤੇ ਸਮਾਜਵਾਦ ਦੇ ਸੁਪਨੇ ਦੀ ਸਾਮਰਾਜੀ ਪ੍ਰਵਿਰਤੀ ਵਿਚ ਵਟ ਜਾਣ ਦੇ ਰੂਪ ਨੂੰ ਦਾਰਸ਼ਨਿਕ ਦ੍ਰਿਸ਼ਟੀ ਤੋਂ ਪੇਸ਼ ਕਰਦੀ ਹੈ। 'ਸੁੱਖਾ' ਪਾਤਰ ਜਦੋਂ ਸਭ ਕਾਸੇ ਨੂੰ ਪੂੰਜੀ ਦੇ ਤਰਕ ਅਧੀਨ ਕਰ ਲੈਂਦਾ ਹੈ ਤਾਂ ਕਾਮਰੇਡ ਸੰਤੋਖ ਸਿੰਘ, ਸਰਦਾਰ ਸੰਤੋਖ ਸਿੰਘ ਸਿੱਧੂ ਆਦਿ ਕਈ ਰੂਪਾਂ ਵਿਚ ਪ੍ਰਗਟ ਹੁੰਦਾ ਹੈ। ਪੂੰਜੀ ਦਾ ਤਰਕ ਪੜਾਅਵਾਰ ਆਪਣੀ ਪਕੜ ਬਣਾਉਂਦਾ ਹੈ। ਸੁੱਖੇ ਦਾ ਮੁੱਢਲਾ ਰੂਪ ਖਾਰਜ ਹੋ ਕੇ ਨਵੇਂ ਪ੍ਰਬੰਧ ਵਿਚ ਢਲ ਜਾਂਦਾ ਹੈ। ਮੁੰਡੂ ਦਾ ਸ਼ੋਸ਼ਣ ਅਤੇ ਦਮਨ ਸੁੱਖੇ ਕਾਮਰੇਡ ਦੇ ਅਗਲੇਰੇ ਰੂਪਾਂ ਨੂੰ ਗਹਿਰਾਈ ਨਾਲ ਰੂਪਮਾਨ ਕਰਦੇ ਹਨ। ਸਮਾਜਵਾਦ ਦਾ ਸੰਕਲਪ ਮਹਿਜ ਇਕ 'ਸੈਂਟਰ' ਤਕ ਸਿਮਟ ਜਾਂਦਾ ਹੈ। ਸਮੂਹਿਕਤਾ ਖਾਰਜ ਹੋ ਕੇ ਇਕ ਦੇ ਅਧੀਨ ਆ ਜਾਂਦੀ ਹੈ। ਇਸ ਪ੍ਰਕਾਰ ਇਹ ਕਹਾਣੀ ਉਹਨਾਂ ਆਦਰਸ਼ਾਂ ਦਾ ਟੁਟ-ਭੱਜ ਦੀ ਕਥਾ ਸਿਰਜਦੀ ਹੈ ਜਿਸ ਵਿਚ ਸਭ ਕੁਝ ਪੂੰਜੀ ਵੱਸ ਹੋ ਕੇ ਰੂਪ ਬਦਲ ਲੈਂਦਾ ਹੈ। 'ਕਿਹੜਾ ਕੋਈ ਪਹਾੜ ਡਿੱਗਾ' ਕਹਾਣੀ 'ਬਲਾਤਕਾਰ' ਕਹਾਣੀ ਦੇ ਬਿਰਤਾਂਤ ਵਿਚਲੇ ਪੂੰਜੀ ਦੇ ਤਰਕ ਦੁਆਰਾ ਉਜੜੇ ਮਾਨਵੀ ਕਰਮ ਨੂੰ ਹੀ ਸਿਰਜਦੀ ਹੈ। ਇਸ ਕਹਾਣੀ ਵਿਚ ਹਰੀਸ਼ ਕੁਮਾਰ ਦਾ ਕੱਚੀ ਉਮਰੇ ਕਲਰਕ ਬਣਨਾ, ਸਹੀ ਕੰਮ ਕਰਨਾ, ਅੱਗੇ ਪੜ੍ਹਾਈ ਲਈ ਸੰਘਰਸ਼ ਕਰਨਾ। ਪ੍ਰੰਤੂ ਜਦੋਂ ਹਰੀਸ਼ ਕੁਮਾਰ ਪ੍ਰਬੰਧ ਦੀ ਜਕੜ ਵਿਚ ਆ ਜਾਂਦਾ ਹੈ ਤਾਂ ਉਹ ਇਹ ਸਭ ਕੁਝ ਵਿਸਾਰ ਕੇ ਰਿਸ਼ਵਤ ਲੈਣੀ, ਪੈਸਾ ਕਮਾਉਣਾ, ਸ਼ਰਾਬ ਪੀਣੀ, ਘਰ ਵਿਚ ਨਵੀਆਂ ਨਵੀਆਂ ਵਸਤਾਂ ਲਿਆਉਣਾ ਆਦਿ ਵਿਚ ਵਟ ਜਾਂਦਾ ਹੈ। ਉਸ ਵਿਚ ਆਇਆ ਇਹ ਰੂਪਾਂਤਰਣ ਪੂੰਜੀ ਦੇ ਵਹਾ ਦਾ ਸਿੱਟਾ ਹੈ। ਇਹ ਕਹਾਣੀ ਮਨੁੱਖ ਦੇ ਉਸ ਸਮੂਹਿਕ ਦੁਖਾਂਤ ਨੂੰ ਸਿਰਜਦੀ ਹੈ ਜਿਸ ਵਿਚ ਮਨੁੱਖ ਇਨਸਾਨ ਨਾ ਹੋ ਕੇ ਮਸ਼ੀਨ ਦਾ ਪੁਰਜਾ ਬਣ ਜਾਂਦਾ ਹੈ। ਪ੍ਰਬੰਧ ਦਾ ਵਿਰੋਧ ਕਰਨ ਦੀ ਬਜਾਏ ਪ੍ਰਬੰਧ ਵਿਚ ਢਲ ਜਾਂਦਾ ਹੈ। ਇਥੇ ਸੱਚੇ ਸੁੱਚੇ ਮਾਨਵੀ ਕਰਮ ਦਾ ਦਮਨ ਸ਼ਰਾਬ, ਰਿਸ਼ਵਤ ਅਤੇ ਵਸਤਾਂ ਰਾਹੀ ਪੇਸ਼ ਕੀਤਾ ਗਿਆ ਹੈ, 'ਦੋ ਮਿੰਟ ਹੋਰ ਰੁਕ ਜਾ' ਕਹਾਣੀ ਵਿਚ ਗਰੀਬੀ ਨਾਲ ਝੰਬੇ ਮਜ਼ਦੂਰ ਦੀ ਮਜ਼ਬੂਰੀ ਅਤੇ ਦਮਨ ਦੇ ਸੂਖ਼ਮ ਰੂਪ ਨੂੰ ਪੇਸ਼ ਕੀਤਾ ਗਿਆ ਹੈ। ਬੜੀ ਖ਼ੂਬਸੂਰਤੀ ਨਾਲ ਹਨੇਰੇ ਦੇ ਪ੍ਰਤੀਕ ਰਾਹੀਂ ਮਜ਼ਦੂਰ ਦੇ ਜੀਵਨ ਵਿਚ ਪਸਰੇ ਹਨੇਰੇ ਨੂੰ ਰੂਪਮਾਨ ਕੀਤਾ ਗਿਆ ਹੈ,

"ਕਾਹਲੀ ਤਾਂ ਅੱਜ ਉਸ ਨੂੰ ਵੀ ਸੀ। ਰੋਜ਼ ਤਾਂ ਹਨੇਰਾ ਹੋ ਜਾਂਦਾ ਸੀ। ਪਿੰਡ ਪਹੁੰਚਦਿਆਂ ਤਾਈਂ ਹੱਥ ਨੂੰ ਹੱਥ ਨਹੀਂ ਦਿਸਦਾ ਹੁੰਦਾ ਸੀ। ਪਤਾ ਉਦੋਂ ਲੱਗਦਾ ਜਦੋਂ ਘੜਪ ਦੇਣੀ ਸਾਈਕਲ ਦਾ ਅਗਲਾ ਪਹੀਆ ਕਿਸੇ ਖੁਬਲੀ 'ਚ ਜਾ ਪੈਂਦਾ ਤੇ ਟੋਕਰੀ 'ਚ ਰੱਖਿਆ ਡੱਬਾ ਉੱਛਲ ਕੇ ਕਿਤੇ ਜਾ ਡਿੱਗਦਾ। ਉਹ ਹਨੇਰੇ 'ਚ ਇੱਧਰ ਉਧਰ ਹੱਥ ਮਾਰਦਾ, ਅੱਖਾਂ ਬੰਦ ਕਰਦਾ, ਖੋਲ੍ਹਦਾ ਤੇ ਡੱਬਾ ਉਦੋਂ ਮਿਲਦਾ ਜਦੋਂ ਟਰੱਕ ਜਾਂ ਟਰੈਕਟਰ ਦੀ ਤੇਜ਼ ਰੋਸ਼ਨੀ ਪੈਂਦੀ।"

ਤੇਜ਼ ਰੌਸ਼ਨੀ ਅਤੇ ਹਨੇਰੇ ਦੇ ਪ੍ਰਤੀਕ ਭਾਵ ਰਾਹੀਂ ਕਹਾਣੀ ਮਜ਼ਦੂਰ ਮਨੁੱਖ ਦੀ ਦੁਰਦਸ਼ਾ ਨੂੰ ਪੇਸ਼ ਕਰਦੀ ਹੈ। ਇਸ ਕਹਾਣੀ ਦਾ ਤਰਸੇਮ ਪਾਤਰ ਸਾਰੀ ਦਿਹਾੜੀ ਕੰਮ ਕਰਦੇ ਜਦੋਂ ਆਪਣੇ ਪਿੱਛੇ ਪੁੱਤ ਦੀ ਇੱਛਾ ਨੂੰ ਪੂਰਾ ਕਰਨ ਲਈ ਜਾਣਾ ਚਾਹੁੰਦਾ ਹੈ ਤਾਂ ਘਰ ਦੀ ਮਾਲਕਣ ਮਿੱਠੀ ਜ਼ਬਾਨ ਨਾਲ ਉਸ ਤੋਂ ਹੋਰ ਕੰਮ ਕਰਵਾਉਂਦੀ ਹੈ। ਅੰਤ ਉਸ ਨੂੰ ਰੁਟੀਨ ਵਾਂਗ ਹਨੇਰਾ ਹੋ ਜਾਂਦਾ ਹੈ। ਉਸ ਦੀ ਇੱਛਾ ਦਾ ਦਮਨ ਸਿਖਰ ਤੇ ਪੁੱਜ ਜਾਂਦਾ ਹੈ। ਇਸੇ ਹੀ ਪ੍ਰਕਾਰ 'ਤੁਸੀਂ ਨਹੀਂ ਸਮਝ ਸਕਦੇ' ਕਹਾਣੀ ਦਾ ਮਜ਼ਦੂਰ ਪਾਤਰ ਮਾਲਕਾਂ ਦੇ ਉਹਨਾਂ ਪ੍ਰਤੀ ਵਿਵਹਾਰ ਤੋਂ ਤੰਗ ਹੈ। ਮਜ਼ਦੂਰਾਂ ਦੇ ਦਿਲਾਂ ਵਿਚ ਮਾਲਕਾਂ ਦੀ ਮਿੱਥ ਅਤੇ ਉਸ ਮਿੱਥ ਦਾ ਟੁੱਟਣਾ ਇਸ ਕਹਾਣੀ ਦੇ ਬਿਰਤਾਂਤ ਦੀ ਸ਼ਕਤੀ ਨੂੰ ਪੇਸ਼ ਕਰਦੇ ਹਨ।

'ਕਾਲੀ ਧੁੱਪ' ਕਹਾਣੀ ਦਾ ਬਿਰਤਾਂਤ ਜਾਅਲੀ ਪਰਵਾਸ ਧਾਰਨ ਕਰਨ ਦੇ ਜੋਖਮਾਂ ਅਤੇ ਦਮਨ ਹੋ ਰਹੇ ਸੁਪਨਿਆਂ ਨੂੰ ਰੂਪਮਾਨ ਕਰਦਾ ਹੈ ਇਸ ਕਹਾਣੀ ਵਿਚ ਏਜੰਟਾਂ ਰਾਹੀਂ ਪੈਸੇ ਦੇ ਕੇ ਬਾਹਰ ਜਾਂਦੀ ਨੌਜਵਾਨ ਪੀੜ੍ਹੀ ਨਾਲ ਜੋ ਜੋ ਹਾਦਸੇ ਵਾਪਰਦੇ ਹਨ ਉਹਨਾਂ ਨੂੰ ਬੜੀ ਸੰਜੀਦਗੀ ਨਾਲ ਲੰਮੇਰੇ ਅਤੇ ਜਟਿਲ ਬਿਰਤਾਂਤ ਰਾਹੀਂ ਪੇਸ਼ ਕੀਤਾ ਗਿਆ ਹੈ। ਇਸ ਕਹਾਣੀ ਵਿਚ ਜੱਗਾ ਪਾਤਰ ਆਦਿ ਤੋਂ ਅੰਤ ਤੱਕ ਕਹਾਣੀ ਦੇ ਬਿਰਤਾਂਤ ਵਿਚ ਜਾਅਲੀ ਪਰਵਾਸੀ ਹੋਣ ਦੇ ਭਰਵੇਂ ਦੁਖਾਂ ਅਤੇ ਦਮਨਾਂ ਨੂੰ ਰੂਪਕ ਬਣ ਕੇ ਪੇਸ਼ ਕਰਦਾ ਹੈ। ਏਜੰਟਾਂ ਦੇ ਅੜਿੱਕੇ ਚੜੇ ਨੌਜਵਾਨ ਆਪਣੇ ਸੁਪਨੇ ਨੂੰ ਪੂਰਾ ਕਰਨ ਲਈ ਕਿਹੜੇ ਰਾਹਾਂ ਤੇ ਚਲਦੇ ਹਨ ਅਤੇ ਕਿਵੇਂ ਚਲਦੇ ਹਨ। ਇਸ ਕਹਾਣੀ ਵਿਚ ਬੜੀ ਖੂਬਸੂਰਤੀ ਨਾਲ ਪੇਸ਼ ਹੋਇਆ ਹੈ। ਇਹ ਕਹਾਣੀ ਨਿਰੋਲ ਦੁਖਾਂਤਕ ਪੱਖਾਂ ਦੀ ਉਸਾਰੀ ਕਰਦੀ ਹੈ। ਪੰਜਾਬੀ ਨੌਜਵਾਨ ਪੀੜ੍ਹੀ ਲਈ ਪਰਵਾਸ ਇਕ ਖੂਬਸੂਰਤ ਸੁਪਨਾ ਹੈ ਪ੍ਰੰਤੂ ਇਹ ਪਰਵਾਸ ਖੂਬਸੂਰਤ ਸੁਪਨਾ ਨਾ ਰਹਿ ਕੇ ਹੋਣੀ ਦਾ ਰੂਪ ਧਾਰਨ ਕਰ ਜਾਂਦਾ ਹੈ। ਆਰਥਿਕ ਖੁਸ਼ਹਾਲੀ ਦੀ ਭਾਲ ਕਰਦੇ ਇਹ ਨੌਜਵਾਨ ਆਪਣੇ ਆਪ ਨੂੰ ਗਵਾਉਂਦੇ ਹਨ, ਟੁੱਟਦੇ ਭੱਜਦੇ ਹਨ।

ਇਸ ਪ੍ਰਕਾਰ ਜਿੰਦਰ ਦਾ ਕਹਾਣੀ ਸੰਗ੍ਰਹਿ 'ਤੁਸੀਂ ਨਹੀਂ ਸਮਝ ਸਕਦੇ' ਦੀਆਂ ਕਹਾਣੀਆਂ ਸਮਕਾਲੀ ਸਮੇਂ ਵਿਚ ਮਾਨਵ ਜੀਵਨ ਵਿਚ ਪੈਦਾ ਹੋ ਚੁੱਕੀ ਬੰਜਰਤਾ ਅਤੇ ਅਮਾਨਵੀ ਵਿਵਹਾਰ ਦੇ ਵੱਖ ਵੱਖ ਰੂਪਾਂ ਨੂੰ ਪ੍ਰਗਟ ਕਰਦੀਆਂ ਹਨ। ਇਹਨਾਂ ਕਹਾਣੀਆਂ ਦੇ ਬਿਰਤਾਂਤ ਵਿਚ ਸਭ ਤੋਂ ਵੱਧ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਇਹ ਉਸ ਮਨੁੱਖ ਨੂੰ ਕੇਂਦਰ ਵਿਚ ਰਖਦੀਆਂ ਹਨ ਜਿਸ ਦਾ ਸ਼ੋਸ਼ਣ ਅਤੇ ਦਮਨ ਸਿਖਰ ਤੇ ਪੁੱਜ ਚੁੱਕਾ ਹੈ। ਇਸੇ ਕਰਕੇ ਇਹ ਕਹਾਣੀਆਂ ਉਸ 'ਸਮਝ' ਨਾਲ ਸਰੋਕਾਰ ਰੱਖਦੀਆਂ ਹਨ ਜੋ ਸਿੱਧੀ ਸਪਾਟ ਨਹੀਂ ਸਗੋਂ ਲੁਕਵੇਂ ਅਰਥਾਂ ਦੀ ਧਾਰਨੀ ਹੈ। ਇਹਨਾਂ ਕਹਾਣੀਆਂ ਵਿਚ ਮਾਨਸਿਕ ਕਸ਼ਟ, ਆਦਰਸ਼ਾਂ ਦੀ ਟੁੱਟ-ਭੱਜ, ਦਲਿਤ ਦਮਨ, ਕਿਰਤੀ ਅਤੇ ਮਜ਼ਦੂਰੀ ਦਾ ਸ਼ੋਸ਼ਣ, ਔਰਤ ਦਾ ਦੁਖਾਂਤ, ਪ੍ਰਬੰਧ ਦੇ ਬਣਾਏ ਮਨੁੱਖੀ ਪਿਆਦੇ (ਦਫਤਰੀ ਰੂਪ ਵਿਚ) ਜਆਲੀ ਪਰਵਾਸ ਦਾ ਦੁਖਾਂਤ ਅਜਿਹੇ ਕਥਾ ਸੰਦਰਭ ਹਨ ਜੋ ਦਰ ਕਿਨਾਰ ਕੀਤੇ ਮਨੁੱਖ ਦੇ ਸ਼ੋਸ਼ਣ ਅਤੇ ਦਮਨ ਦੇ ਵੱਖ ਵੱਖ ਰੂਪਾਂ ਨੂੰ ਸਿਰਜਦੇ ਹਨ। ਕਥਾਕਾਰ ਕੋਲ ਇਨ੍ਹਾਂ ਸੰਦਰਭਾਂ ਨੂੰ ਬਿਰਤਾਂਤ ਵਿਚ ਢਾਲਣ ਦੀ ਵੱਖਰੀ ਕਲਾਤਮਕ ਸਮਝ, ਸੂਝ ਹੈ ਜੋ ਉਸ ਦੁਆਰਾ ਸਿਰਜੇ ਸੰਘਣੇ ਅਤੇ ਜਟਿਲ ਬਿਰਤਾਂਤ ਰਾਹੀਂ ਸਮਝ ਆ ਜਾਂਦੀ ਹੈ। ਇਹਨਾਂ ਸੰਦਰਭਾਂ ਨਾਲ ਜੁੜਿਆ ਪਰਤ-ਦਰ ਪਰਤ ਯਥਾਰਥ ਨਾ ਤਾਂ ਸਰਲ ਹੈ ਅਤੇ ਨਾ ਹੀ ਸਤਹੀ, ਇਸੇ ਕਰਕੇ ਕਥਾਕਾਰ ਨਾ ਹੀ ਯਥਾਰਥ ਨੂੰ ਸਰਲ ਕਰਕੇ ਪੇਸ਼ ਕਰਦਾ ਹੈ ਅਤੇ ਨਾ ਹੀ ਇਕ ਤਰਕ ਵਿਚ ਬੰਨ੍ਹ ਦੇ ਪੇਸ਼ ਕਰਦਾ ਹੈ ਸਗੋਂ ਉਸਦੀ ਸੂਖਮਤਾ ਨੂੰ ਸਮਝਯੋਗ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਸਮਕਾਲੀ ਕਹਾਣੀ ਵਿਚ ਇਹ ਕਹਾਣੀ ਸੰਗ੍ਰਹਿ ਬਹੁਤ ਕੁਝ ਨਵਾਂ ਪ੍ਰਦਾਨ ਕਰਦਾ ਹੈ। ਇਸ ਦਾ ਗੰਭੀਰ ਨੋਟਿਸ ਲੈਣਾ ਬਣਦਾ ਹੈ।



## ਕੁਲਬੀਰ ਬਡੇਸਰੋਂ ਦੀਆਂ ਕਹਾਣੀਆਂ ਦਾ ਕਲਾ ਪੱਖ/ -ਜਤਿੰਦਰ ਕੌਰ

ਕੁਲਬੀਰ ਬਡੇਸਰੋਂ ਪੰਜਾਬੀ ਦੀ ਨਾਰੀ ਪੀੜਾ ਨੂੰ ਪੇਸ਼ ਕਰਨ ਵਾਲੀ ਚਰਚਿਤ ਕਹਾਣੀਕਾਰ ਹੈ। ਉਸ ਦੀ ਕਹਾਣੀ ਦੇ ਵਭਿੰਨ ਕਲਾ ਪੱਖਾਂ ਦਾ ਚਰਚਾ ਕਰਨਾ ਬਹੁਤ ਜ਼ਰੂਰੀ ਹੈ। ਕਹਾਣੀਕਾਰ ਆਪਣੀ ਕਲਾ ਰਾਹੀਂ ਕਹਾਣੀ ਵਿਚ ਉਕਸੁਕਤਾ ਪੈਦਾ ਕਰਕੇ ਪਲ ਵਿਚ ਹਸਾ ਸਕਦਾ ਹੈ ਤੇ ਪਲ ਵਿਚ ਰੁਆ ਸਕਦਾ ਹੈ। ਉਤਸੁਕਤਾ ਸੁਤੇ ਸਿੱਧ ਨਹੀਂ ਆ ਸਕਦੀ। ਉਸਦੀ ਉਸਾਰੀ ਕਹਾਣੀਕਾਰ ਵਿਸ਼ੇਸ਼ ਢੰਗ ਨਾਲ ਕਰਦਾ ਹੈ। ਉਤਸੁਕਤਾ ਲਟਕਾਓ ਨਾਲ ਪੈਦਾ ਹੁੰਦੀ ਹੈ ਜੇਕਰ ਕਹਾਣੀ ਦੀ ਸ਼ੁਰੂਆਤ ਗੁੰਝਲਦਾਰ ਹੋਵੇ ਤਾਂ ਇਹ ਗੁੰਝਲ ਕਿਸ ਤਰ੍ਹਾਂ ਖੁੱਲ੍ਹੇਗੀ ਪਾਠਕ ਦੀ ਉਤਸੁਕਤਾ ਲਟਕਾਅ ਵਿਚ ਬਣੀ ਰਹਿੰਦੀ ਹੈ ਤੇ ਅੰਤ ਵਿਚ ਜਾਨਣ ਦੀ ਉਤਸੁਕਤਾ ਵਧਦੀ ਹੀ ਚਲੀ ਜਾਵੇਗੀ। ਮੱਧ ਵਿਚ ਲਟਕਾਓ , ਅੰਤ ਤੇ ਕਹਾਣੀ ਦੀ ਸਾਰੀ ਗੁੰਝਲ ਸਹਿਜੇ ਹੀ ਖੁੱਲ੍ਹ ਜਾਂਦੀ ਹੈ। ਰਿਚਰਡਜ਼ ਸਮਾਰਜ ਕਹਿੰਦਾ ਹੈ ਕਿ ਆਮ ਤੌਰ ਤੇ ਕਹਾਣੀ ਦੇ ਤਿੰਨ ਪੜਾਅ ਹੁੰਦੇ ਹਨ। ਸਥਿਤੀਆਂ, ਇਹਨਾਂ ਨੂੰ ਉਤਪੰਨ ਕਰਨ ਵਾਲੇ ਹਾਲਾਤ ਅਤੇ ਕਾਰਜ ਦੀ ਤੇਜ਼ਗਤੀ ਜੋ ਸਿਖ਼ਰ ਤੇ ਪਹੁੰਚ ਕੇ ਲੁਕੇ ਹੋਏ ਰਹੱਸ ਨੂੰ ਪ੍ਰਗਟ ਕਰ ਦਿੰਦੀ ਹੈ।

ਕੁਲਬੀਰ ਬਡੇਸਰੋਂ ਦੀ ਕਹਾਣੀ 'ਮੁਹੱਬਤ' ਆਪਣੇ ਸਰਲਤਾ ਅਤੇ ਸੰਜਮਤਾ ਦੇ ਗੁਣ ਕਾਰਨ ਕਈ ਗੱਲਾਂ ਵੱਲ ਗੁੱਝਾ ਇਸ਼ਾਰਾ ਵੀ ਕਰ ਜਾਂਦੀ ਹੈ। ਕਹਾਣੀ ਵਿਚਲਾ ਵਿਸਥਾਰ ਸਮੱਸਿਆ ਨੂੰ ਵਧੇਰੇ ਸਮਝਣ ਦੇ ਯੋਗ ਬਣਾਉਂਦਾ ਹੈ। ਕਹਾਣੀ ਦਾ ਆਦਿ, ਮੱਧ ਤੇ ਅੰਤ ਰਲ ਕੇ ਪਾਠਕ ਤੇ ਇਕਹਿਰਾ ਤੇ ਸੰਪੂਰਨ ਪ੍ਰਭਾਵ ਪਾਉਂਦੇ ਹਨ।

ਇਸ ਤੋਂ ਬਾਅਦ ਕਹਾਣੀ ਦਾ ਮੱਧ ਆਉਂਦਾ ਹੈ। ਕੁਲਬੀਰ ਬਡੇਸਰੋਂ ਆਪਣੀਆਂ ਕਹਾਣੀਆਂ ਦਾ ਆਰੰਭ ਕਈ ਤਰ੍ਹਾਂ ਨਾਲ ਕਰਦੀ ਹੈ ਆਮ ਕਰਕੇ ਉਸਦੀਆਂ ਕਹਾਣੀਆਂ ਦੇ ਆਰੰਭ ਵਰਣਾਤਮਕ ਹੁੰਦੇ ਹਨ, 'ਮੇਰਾ ਘਰ' ਕਹਾਣੀ ਦਾ ਆਰੰਭ ਵਰਣਾਤਮਕ ਹੈ ਪਰ ਇਸ ਨਾਲ ਸਮੁੱਚੀ ਕਹਾਣੀ ਦੇ ਸਮਾਜਿਕ ਪ੍ਰਕਰਣ ਨੂੰ ਸ਼ਬਦਾਂ ਰਾਹੀਂ ਚਿਤਗਤਮਕ ਰੂਪ ਵਿਚ ਪੇਸ਼ ਕਰ ਜਾਂਦੀ ਹੈ,'ਇਹ ਹਿੰਦੋਸਤਾਨ ਹੈ ਜਨਾਬ... ਇਸਦੀ ਸਭ ਤੋਂ ਵੱਡੀ ਖਾਮੀ ਹੈ, ਇਕੱਲੀ ਕੁੜੀ ਨੂੰ ਦਬਾਉਣਾ'।

ਕੁਲਬੀਰ ਨੇ 'ਬਾਹਰਲੀ ਬੈਠਕ' ਕਹਾਣੀ ਵਿਚ ਤਾਰੋ ਨਾਂ ਦੀ ਮੁਟਿਆਰ ਦੀ ਹਿੰਮਤ ਦਾ ਜ਼ਿਕਰ ਕੀਤਾ ਹੈ ਜੋ ਪਿੰਡ ਦੀਆਂ ਗਰੀਬ ਧੀਆਂ ਦੀ ਇੱਜ਼ਤ ਨੂੰ ਰੋਲਣ ਵਾਲੇ ਜੰਗ ਸਿਹੁੰ ਨੂੰ ਮੌਤ ਦੇ ਘਾਟ ਉਤਾਰ ਦਿੰਦੀ ਹੈ ਇਸ ਕਹਾਣੀ ਦਾ ਆਰੰਭ ਤਾਰੋ ਦੇ ਪਾਤਰ ਨਾਲ ਹੁੰਦਾ ਹੈ, "ਮੈਂ ਤਾਂ ਸੀਖ ਦਊਂ ਕੰਜਰ ਦੀਆਂ ਅੱਖਾਂ ਚੁੱਲੇ 'ਚ।' ਅਜਿਹੀਆਂ ਕਹਾਣੀਆਂ ਵਿਚ ਚਰਿੱਤਰ ਪ੍ਰਧਾਨ ਹੋ ਜਾਂਦਾ ਹੈ ਤੇ ਕਥਾ ਵਸਤੂ ਤੇ ਘਟਨਾ ਗੌਣ ਰੂਪ ਵਿਚ ਵੇਖਣ 'ਚ ਆਉਂਦੀ ਹੈ। 'ਬਨਵਾਸ' ਕਹਾਣੀ ਆਰੰਭ ਤੋਂ ਹੀ ਸੁਪਨਿਆਂ ਦੇ ਟੁੱਟਣ ਦੇ ਯਥਾਰਥ ਨੂੰ ਬਿਆਨ ਕਰਦੀ ਹੈ। ਕੁਲਬੀਰ ਬਡੇਸਰੋਂ ਦੀਆਂ ਕਹਾਣੀਆਂ ਵਿਚ ਸ਼ੁਰੂਆਤ ਵਿਚ ਹੀ ਸਮੱਸਿਆ ਉੱਭਰਕੇ ਸਾਹਮਣੇ ਆਉਂਦੀ ਹੈ ਉਹ ਪਿੱਛਲ ਝਾਤ ਵਿਧੀ ਰਾਹੀਂ ਵੀ ਕਹਾਣੀ ਦੀ ਸਮੱਸਿਆ ਨੂੰ ਪੇਸ਼ ਕਰਦੀ ਹੈ। 'ਇਹ ਉਹ ਨਹੀਂ ਸੀ' ਕਹਾਣੀ ਵਿਚ ਉਹ ਆਪਣੇ ਭਰਾ ਦੇ ਦੋਸਤ ਕਾਕੂ ਦੇ ਬਦਲੇ ਹੋਏ ਵਰਤਾਓ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ ਜੋ ਕਿ ਬਚਪਨ ਵਿਚ ਉਸਦਾ ਬਹੁਤ ਹੀ ਸਤਿਕਾਰ ਕਰਦਾ ਸੀ ਪਰ ਜਵਾਨੀ ਵਿਚ ਪੈਰ ਧਰਦਿਆਂ ਹੀ ਉਸ ਤੇ ਮੈਲੀ ਨਜ਼ਰ ਰੱਖਦਾ ਹੈ।

ਬਡੇਸਰੋਂ ਦੀਆਂ ਕਹਾਣੀਆਂ ਵਿਚ ਘਟਨਾਵਾਂ ਕਦੇ ਵੀ ਫ਼ਾਲਤੂ ਨਹੀਂ ਜਾਪਦੀਆਂ ਸਗੋਂ ਸਮਾਜਿਕ ਪਰਿਪੇਖ ਵਿਚ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਵਧੇਰੇ ਸਪੱਸ਼ਟ ਤੇ ਯਥਾਰਤਕ ਰੂਪ ਪੇਸ਼ ਕਰਦੀਆਂ ਹਨ।

ਘਟਨਾਵਾਂ ਨੂੰ ਅੱਗੇ ਵਧਾਉਣ ਲਈ ਜ਼ਰੂਰੀ ਹੈ ਕਿ ਇਨ੍ਹਾਂ ਵਿਚ ਉਤੇਜਨਾ ਤੇ ਜਗਿਆਸਾ ਪੈਦਾ ਕੀਤੀ ਜਾਵੇ 'ਮੈਂ ਕੀ ਕਰਾਂ' ਕਹਾਣੀ ਵਿਚ ਨਾਇਕਾ ਸੁਨੀਤਾ ਤੇ ਉਸ ਦੇ ਪਤੀ ਦਿਲਬਾਗ਼ ਦੀ ਸਮੱਸਿਆ ਨੂੰ ਪੇਸ਼ ਕੀਤਾ ਗਿਆ ਹੈ। ਜਿੱਥੇ ਸੁਨੀਤਾ ਆਪਣੇ ਪਤੀ ਦੀ ਬੇਵਫ਼ਾਈ ਨੂੰ ਬਰਦਾਸ਼ਤ ਕਰ ਰਹੀ ਹੈ ਇਸ ਤੋਂ ਬਾਅਦ ਦੂਸਰੀ ਘਟਨਾ ਸੁਨੀਤਾ ਦੇ ਸੱਚੇ ਪਿਆਰ ਤੇ ਪਿਆਰ ਵਿਚ ਮਿਲੇ ਧੋਖੇ ਤੇ ਪੈਦਾ ਹੋਏ ਤਨਾਓ ਨੂੰ ਨਾਟਕੀਅਤਾ ਪ੍ਰਦਾਨ ਕਰਦਾ ਹੈ। ਅੱਜ ਦੀਆਂ ਕਹਾਣੀਆਂ ਵਿਚ ਘਟਨਾਵਾਂ ਹਨ, ਸੰਘਰਸ਼ ਹੈ ਪਰ ਇਹ ਸੰਘਰਸ਼ ਮਨ ਤੇ ਬੁੱਧੀ ਨਾਲ ਜ਼ਿਆਦਾ ਹੈ ਇਸ ਨੂੰ ਜਾਨਣ ਲਈ ਉਤਸੁਕਤਾ ਪੈਦਾ ਹੁੰਦੀ ਹੈ ਤੇ

ਪਾਤਰ ਦਾ ਮਾਨਸਿਕ ਵਿਸ਼ਾਦ ਵਧੇਰੇ ਪ੍ਰਬਲ ਰੂਪ ਵਿਚ ਉੱਘੜਦਾ ਹੈ ਉਸਦੀਆਂ ਕਹਾਣੀਆਂ 'ਕਰਜ਼', 'ਬਨਵਾਸ', 'ਮੁਹੱਬਤ ਤੇ ਭਟਕਣ' ਵਿਚ ਇਹ ਲੱਛਣ ਵੇਖੇ ਜਾ ਸਕਦੇ ਹਨ।

'ਮਾਂ' ਕਹਾਣੀ ਵਿਚ ਪਾਪਾ ਮਾਂ ਪਾਤਰ ਦੀ ਅਚਾਨਕ ਮੌਤ ਕਾਰਨ ਸਦਮੇਂ ਵਿਚ ਆ ਜਾਂਦਾ ਹੈ ਅਤੇ ਆਪਣੇ ਆਪਨੂੰ ਮਾਂ ਦੀ ਮੌਤ ਦਾ ਜ਼ਿੰਮੇਵਾਰ ਸਮਝਕੇ ਮਾਨਸਿਕ ਤਣਾਓ ਦਾ ਸ਼ਿਕਾਰ ਹੋ ਜਾਂਦਾ ਹੈ ਇਸ ਲਈ ਉਸ ਆਪਣੇ ਆਪ ਨੂੰ ਪਾਪੀ ਤੇ ਗੁਨਾਹਗਾਰ ਸਮਝਦਾ ਹੈ ਤੇ ਮਰੀ ਹੋਈ ਮਾਂ ਤੋਂ ਮਾਫ਼ੀਆਂ ਮੰਗ ਮੰਗ ਕੇ ਆਪਣੇ ਤਣਾਓ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਤਰ੍ਹਾਂ ਹੀ ਮਹਾਂਨਗਰਾਂ ਦੇ ਖੋਖਲੇ ਜੀਵਨ ਤੋਂ ਪੈਦਾ ਹੋਏ ਲੋਕਾਂ ਦੇ ਮਾਨਸਿਕ ਸੰਘਰਸ਼ ਨੂੰ 'ਇਹ ਸੱਚ ਹੈ' ਕਹਾਣੀ ਵਿਚ ਪੇਸ਼ ਕੀਤਾ ਹੈ ਕਹਾਣੀ ਵਿਚ ਨਾਇਕਾ ਮੀਰਾ ਦਾ ਮਾਨਸਿਕ ਘੋਲ ਘਟਨਾਵਾਂ ਦੀ ਵੱਖੋ-ਵੱਖਰੀ ਜੁਗਤ ਹੋਣ ਦੇ ਬਾਵਜੂਦ ਉਸ ਦੇ ਆਂਤਰਿਕ ਅੰਤਰ ਦਵੰਦ ਨੂੰ ਚਿਤਰਣ ਵਿਚ ਸਹਾਈ ਹੁੰਦਾ ਹੈ ਜਿਸ ਨਾਲ ਕਹਾਣੀ ਆਪਣੀ ਚਰਮ ਸੀਮਾ ਵੱਲ ਜਾਂਦੀ ਹੋਈ ਪ੍ਰਭਾਵ ਦੀ ਤੀਖਣਤਾ ਕਾਇਮ ਰੱਖਦੀ ਹੈ।

ਕੁਲਬੀਰ ਬਡੇਸਰੋਂ ਦੀਆਂ ਕਹਾਣੀਆਂ ਬਿਨਾ ਕੋਈ ਚਮਤਕਾਰ ਦਿਖਾਏ ਸੁਭਾਵਿਕ ਅੰਤ ਵੱਲ ਰੁਚਿਤ ਹਨ। 'ਉਸਰੱਈਏ' ਕਹਾਣੀ ਵਿਚ ਇਕ ਸਕੂਲ ਅਧਿਆਪਕ ਦਾ ਚਰਿੱਤਰ ਹੀਣ ਹੋਣਾ ਅਤੇ ਸਕੂਲ 'ਚੋਂ ਕੱਢਿਆ ਜਾਣਾ ਬਹੁਤ ਹੀ ਸੁਭਾਵਿਕ ਲਗਦਾ ਹੈ।

ਕੁਲਬੀਰ ਬਡੇਸਰੋਂ ਦੀਆਂ ਕਹਾਣੀਆਂ ਆਰੰਭ ਤੋਂ ਹੀ ਵਰਣਾਤਮਕ ਹੁੰਦੀਆਂ ਹਨ ਇਨ੍ਹਾਂ ਵਿਚ ਸਮੱਸਿਆ ਸ਼ੁਰੂ ਤੋਂ ਹੀ ਪੇਸ਼ ਕੀਤੀ ਜਾਂਦੀ ਹੈ। ਸਮੱਸਿਆ ਤੇ ਪੂਰੀ ਪਕੜ ਹੋਣ ਕਾਰਨ ਉਸਦੀਆਂ ਕਹਾਣੀਆਂ ਦਾ ਅੰਤ ਬਹੁਤ ਪ੍ਰਭਾਵਸ਼ਾਲੀ ਹੁੰਦਾ ਹੈ।

ਬਡੇਸਰੋਂ ਦੀਆਂ ਕਹਾਣੀਆਂ ਦੇ ਕਥਾਨਕ ਆਮ ਤੌਰ ਤੇ ਸਧਾਰਨ ਹੁੰਦੇ ਹਨ ਜਿਨ੍ਹਾਂ ਵਿਚ ਵਿਸਥਾਰ ਹੈ ਕਿਤੇ ਕਿਤੇ ਦੁਹਰਾਓ ਵੀ ਲੱਗਦਾ ਹੈ ਕਿਉਂਕਿ ਇਹ ਸਮਾਜਿਕ ਪ੍ਰਕਰਣ ਵਿਚੋਂ ਲਏ ਗਏ ਹਨ ਇਸ ਕਰਕੇ ਇਹ ਸੁਭਾਵਿਕ ਤੇ ਯਥਾਰਥਵਾਦੀ ਹੁੰਦੇ ਹਨ। ਮਾਨਸਿਕ ਪੱਖੋਂ ਟੁੱਟ ਰਹੇ ਸ਼ਹਿਰੀ ਮੱਧ ਵਰਗੀ ਲੋਕਾਂ ਦੀਆਂ ਸਮੱਸਿਆਵਾਂ ਉਸਨੇ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤੀਆਂ ਹਨ। ਲੋਕਾਂ ਦੀਆਂ ਸਮੱਸਿਆਵਾਂ ਉਸਨੇ ਆਮ ਜੀਵਨ ਵਿਚੋਂ ਲਈਆਂ ਹਨ। ਨਾਟਕੀ ਢੰਗ ਨਾਲ ਪੇਸ਼ ਕਰਨ ਨਾਲ ਗੁੰਝਲਾ, ਸਹਿਮ ਤਨਾਓ ਤੇ ਸੰਘਰਸ਼ ਪਾਠਕਾਂ ਵਿਚ ਰੌਚਕਤਾ ਪੈਦਾ ਕਰਦਾ ਹੈ। ਉਸਦੀਆਂ ਕਹਾਣੀਆਂ ਵਿਚ ਆਰਥਿਕ ਤੇ ਸਮਾਜਿਕ ਜੀਵਨ ਵਿਚ ਮਨੁੱਖ ਦੇ ਵਿਗਠਨ ਨੂੰ ਵਧੇਰੇ ਸਾਰਥਿਕ ਤੇ ਯਥਾਰਥਕ ਰੂਪ ਵਿਚ ਪੇਸ਼ ਕਰਨ ਦਾ ਯਤਨ ਹੈ।

ਕੁਲਬੀਰ ਬਡੇਸਰੋਂ ਨੇ ਸਮਕਾਲੀ ਸਮਾਜਿਕ ਵਰਤਾਰੇ ਵਿਚੋਂ ਵੱਖ ਵੱਖ ਵਰਗਾਂ, ਉੱਪ ਵਰਗਾਂ ਤੇ ਕਿੱਤਿਆਂ ਨਾਲ ਸੰਬੰਧਿਤ ਪਾਤਰਾਂ ਦੀ ਚੋਣ ਕੀਤੀ ਹੈ ਉਹ ਆਪ ਇਕ ਔਰਤ ਹੈ ਇਕ ਔਰਤ ਹੋਣ ਦੇ ਨਾਤੇ ਉਸ ਨੇ ਆਪਣੀਆਂ ਕਹਾਣੀਆਂ ਵਿਚ ਔਰਤ ਵਰਗ ਦੇ ਪਾਤਰਾਂ ਨੂੰ ਬਹੁਤ ਹੀ ਸਹਿਜਦਾ ਅਤੇ ਖ਼ੂਬਸੂਰਤੀ ਨਾਲ ਚਿਤਰਿਆ ਹੈ। ਉਸਦੀਆਂ ਕਹਾਣੀਆਂ ਦੀਆਂ ਔਰਤਾਂ ਪਾਤਰਾਂ ਆਪਣੀਆਂ ਕਮਜ਼ੋਰੀਆਂ ਤੇ ਮਜ਼ਬੂਰੀਆਂ ਸਮੇਤ ਜੀਵਨ ਦੇ ਵਾਧੇ ਘਾਟੇ ਜ਼ਰਦੀਆਂ ਜੱਦੋ ਜ਼ਹਿਦ ਭਰਪੂਰ ਜ਼ਿੰਦਗੀ ਬਤੀਤ ਕਰਦੀਆਂ ਹਨ, ਇਸ ਤੋਂ ਇਲਾਵਾ ਉਸ ਨੇ ਹੋਰ ਵੀ ਕਈ ਵਰਗਾਂ ਨਾਲ ਸੰਬੰਧਿਤ ਪਾਤਰ ਪੇਸ਼ ਕੀਤੇ ਹਨ।

ਉਸ ਨੇ ਮਹਾਂਨਗਰਾਂ ਵਿਚ ਰਹਿਣ ਵਾਲੇ ਅੱਜ ਦੇ ਮਾਨਸਿਕ ਪ੍ਰੇਸ਼ਾਨੀ ਵਿਚ ਗ੍ਰਸ਼ਤ ਮਨੁੱਖ ਨੂੰ ਪੇਸ਼ ਕੀਤਾ ਹੈ। ਜਿਸਦਾ ਜੀਵਨ ਉੱਪਰੋਂ ਭਾਵੇਂ ਚਮਕ-ਦਮਕ ਭਰਿਆ ਹੈ ਪਰ ਅੰਦਰੋਂ ਨੀਰਸ, ਖੋਖਲਾ ਤੇ ਬੇਜਾਨ ਹੈ ਉਹ ਆਪਣੀਆਂ ਕਹਾਣੀਆਂ ਵਿਚ ਮਰਦ ਪਾਤਰਾਂ ਨਾਲੋਂ ਔਰਤ ਪਾਤਰਾ ਨੂੰ ਜ਼ਿਆਦਾ ਸਫ਼ਲਤਾ ਨਾਲ ਚਿਤਰ ਸਕੀ ਹੈ। ਉਸਦੀਆਂ ਔਰਤ ਪਾਤਰ ਪੇਂਡੂ ਸ਼ਹਿਰੀ ਪੜ੍ਹੀਆਂ ਲਿਖੀਆਂ, ਅਨਪੜ੍ਹ ਔਰਤਾਂ ਹਨ।

'ਵਿਚਾਰੀ' ਕਹਾਣੀ ਦੀ ਚਿੰਤੀ ਇਸੇ ਤਰ੍ਹਾਂ ਦੀ ਹੀ ਇਕ ਪਾਤਰ ਹੈ ਜੋ ਕਿ ਪੇਂਡੂ ਅਤੇ ਗਰੀਬ ਵਰਗ ਨਾਲ ਸੰਬੰਧਿਤ ਹੈ। ਉਸ ਨੂੰ ਉਸਦੇ ਪੁੱਤਰਾਂ ਨੇ ਰੱਜ ਕੇ ਸਤਾਇਆ ਹੋਇਆ ਹੈ ਪਰ ਦੂਜੇ ਪਾਸੇ ਕਹਾਣੀ ਦੀ ਮੁੱਖ ਪਾਤਰ ਮਨਜੀਤ ਜੋ ਕਿ ਪੜ੍ਹੀ-ਲਿਖੀ ਅਤੇ ਆਰਥਿਕ ਪੱਖੋਂ ਮਜ਼ਬੂਤ ਔਰਤ ਹੈ ਪਰ ਦੋ ਬੱਚੀਆਂ ਦੀ ਮਾਂ ਹੈ ਉਸਨੂੰ ਚਿੰਤੀ ਦੀਆਂ ਨਜ਼ਰਾਂ ਵਿਚ ਵਿਚਾਰੀ ਇਸ ਕਰਕੇ ਬਣਨਾ ਪੈਂਦਾ ਕਿਉਂਕਿ ਉਸ ਦੇ ਪੁੱਤਰ ਨੂੰ ਨਹੀਂ ਸਗੋਂ ਧੀਆਂ ਨੂੰ ਜਨਮ ਦਿੱਤਾ ਹੈ। ਬਡੇਸਰੋਂ ਨੇ ਮਿਸਿਜ਼ ਮੈਨਾਂ' ਕਹਾਣੀ ਵਿਚ ਅਜਿਹੀ ਔਰਤ ਦੇ



ਕਿਰਦਾਰ ਨੂੰ ਪੇਸ਼ ਕੀਤਾ ਹੈ ਜਿਸਦਾ ਜੀਵਨ ਝੂਠ ਅਤੇ ਪਖੰਡ ਨਾਲ ਭਰਿਆ ਹੋਇਆ ਹੈ ਉਹ ਲੋਕਾਂ ਤੇ ਪ੍ਰਭਾਵ ਪਾਉਣ ਲਈ ਆਪਣੀਆਂ ਤਰੀਫ਼ਾਂ ਦੇ ਪੁਲ ਬੰਨਦੀ ਹੈ ਤੇ ਦੁਨੀਆਂ ਸਾਹਮਣੇ ਆਦਰਸ਼ ਔਰਤ ਹੋਣ ਦਾ ਦਿਖਾਵਾ ਕਰਦੀ ਹੈ। ਪਰ ਜਲਦੀ ਹੀ ਅੰਤ ਵਿਚ ਜਦੋਂ ਉਸ ਦਾ ਛੁਪਿਆ ਹੋਇਆ ਝੂਠ ਉਜਾਗਰ ਹੁੰਦਾ ਹੈ ਤਾਂ ਪਾਠਕ ਹੈਰਾਨ ਰਹਿ ਜਾਂਦਾ ਹੈ। 'ਹੋਇਆ ਜੀਉੜਾ ਉਦਾਸ' ਵਿਚ ਕੁਲਬੀਰ ਨੇ ਅਜਿਹੀ ਪ੍ਰੰਪਰਾਗਤ ਔਰਤ ਪੇਸ਼ ਕੀਤੀ ਹੈ ਜਿਸ ਨੂੰ ਆਪਣੇ ਪਤੀ ਦੀ ਮੌਤ ਤੋਂ ਬਾਅਦ ਸਾਰੀ ਦੁਨੀਆਂ ਸੁੰਨੀ ਲੱਗਣ ਲੱਗਦੀ ਹੈ। ਜਿੱਥੇ ਲੇਖਕਾ ਨੇ ਆਪਣੀਆਂ ਕਹਾਣੀਆਂ ਵਿਚ ਪ੍ਰੰਪਰਾਗਤ ਔਰਤਾਂ ਪੇਸ਼ ਕੀਤੀਆਂ ਹਨ ਉੱਥੇ ਨਾਲ ਹੀ ਉਸ ਨੇ ਆਪਣੀਆਂ ਕਹਾਣੀਆਂ ਵਿਚ ਪੜ੍ਹੀਆਂ ਲਿਖੀਆਂ ਆਧੁਨਿਕ ਅਤੇ ਆਰਥਿਕ ਪੱਖੋਂ ਮਜ਼ਬੂਰ ਔਰਤਾਂ ਵੀ ਪੇਸ਼ ਕੀਤੀਆਂ ਹਨ ਜੋ ਕਿ ਸੰਵੇਦਨਸ਼ੀਲਤਾ ਦੇ ਪੱਖ ਤੋਂ ਪ੍ਰੰਪਰਾਗਤ ਔਰਤਾਂ ਤੋਂ ਪਰ੍ਹੇ ਨਹੀਂ ਹਨ ਉਨ੍ਹਾਂ ਨੂੰ ਵੀ ਜ਼ਿੰਦਗੀ ਵਿਚ ਇਕ ਘਰ ਦੀ ਤਲਾਸ਼ ਹੈ 'ਮੇਰਾ ਘਰ', 'ਤੂੰ', 'ਬਨਵਾਸ', 'ਕਰਜ', 'ਇਹ ਤੂੰ ਸੀ ਇਹ ਮੈਂ ਸੀ' ਅਤੇ ਇਹ ਵੀ ਸੱਚ ਹੈ ਆਦਿ ਕਹਾਣੀਆਂ ਵਿਚ ਅਜਿਹੀਆਂ ਔਰਤਾਂ ਨੂੰ ਹੀ ਪੇਸ਼ ਕੀਤਾ ਗਿਆ ਹੈ। 'ਕਰਜ਼' ਅਤੇ 'ਇਹ ਵੀ ਸੱਚ ਹੈ' ਕਹਾਣੀਆਂ ਵਿਚ ਪ੍ਰੋੜ ਉਮਰ ਦੀਆਂ ਔਰਤਾਂ ਪੇਸ਼ ਕੀਤੀਆਂ ਗਈਆਂ ਹਨ ਜਿਨ੍ਹਾਂ ਨੂੰ ਕਿ ਆਰਥਿਕ ਅਤੇ ਪਰਿਵਾਰਕ ਮਜਬੂਰੀਆਂ ਕਾਰਨ ਜ਼ਿੰਦਗੀ ਨੂੰ ਜਿਉਣ ਦੇ ਸਹੀ ਅਵਸਰ ਪ੍ਰਾਪਤ ਨਹੀਂ ਹੋਏ ਅਤੇ ਉਹ ਜ਼ਿੰਦਗੀ ਨੂੰ ਇਕ ਬੋਝ ਦੀ ਤਰ੍ਹਾਂ ਢੋਂਦੀਆਂ ਹਨ।

'ਮੈਂ ਕੀ ਕਰਾਂ' ਤੇ 'ਇਕ ਖ਼ਤ ਪਾਪਾ ਦੇ ਨਾਂ' ਵਿਚ ਅਜਿਹੀਆਂ ਔਰਤਾਂ ਪੇਸ਼ ਕੀਤੀਆਂ ਹਨ ਜਿਨ੍ਹਾਂ ਦੇ ਸੁਪਨੇ ਵਿਆਹ ਤੋਂ ਬਾਅਦ ਚੂਰ ਚੂਰ ਹੋ ਗਏ ਹਨ ਤੇ ਉਹ ਜ਼ਿੰਦਗੀ ਦੇ ਦੁਰਾਹੇ ਤੇ ਖੜੀਆਂ ਹਨ ਤੇ ਕਈ ਅਜਿਹਾ ਫ਼ੈਸਲਾ ਨਹੀਂ ਲੈਂਦੀਆਂ ਜਿਨ੍ਹਾਂ ਨਾਲ ਆਪਣਿਆਂ ਨੂੰ ਦਰਦ ਹੋਵੇ। ਕੁਲਬੀਰ ਨੇ ਆਪਣੀਆਂ ਕਹਾਣੀਆਂ ਵਿਚ ਕਿਰਾਏਦਾਰਾਂ ਅਤੇ ਮਕਾਨ ਮਾਲਕਾਂ ਦੀ ਸ਼੍ਰੇਣੀ ਨੂੰ ਵੀ ਪੇਸ਼ ਕੀਤਾ ਹੈ ਕਿ ਕਿਸ ਤਰ੍ਹਾਂ ਕਿਰਾਏਦਾਰਾਂ ਨੂੰ ਮਕਾਨ ਕਿਰਾਏ ਤੇ ਲੈਣ ਲਈ ਤੇ ਫ਼ਿਰ ਅਰਾਮ ਨਾਲ ਜ਼ਿੰਦਗੀ ਬਸਰ ਕਰਨ ਲਈ ਮਕਾਨ ਮਾਲਕਾਂ ਤੋਂ ਡਰ ਕੇ ਰਹਿਣਾ ਪੈਂਦਾ ਹੈ ਤੇ ਉਨ੍ਹਾਂ ਦੀ ਚਾਪਲੂਸੀ ਕਰਨੀ ਪੈਂਦੀ ਹੈ। ਉਸ ਨੇ ਆਪਣੀਆਂ ਕਹਾਣੀਆਂ ਵਿਚ ਦੋਹਰੇ ਕਿਰਦਾਰ ਵਾਲੇ ਅਧਿਆਪਕ ਵੀ ਪੇਸ਼ ਕੀਤੇ ਹਨ 'ਉਸਰੱਈਏ' ਕਹਾਣੀ ਦਾ ਅਧਿਆਪਕ ਮਾਸਟਰ ਜਗੀਰ ਸਿੰਘ ਇਕ ਅਜਿਹਾ ਹੀ ਅਧਿਆਪਕ ਹੈ ਜੋ ਕਿ ਚਿੜੇ ਤੇ ਚਿੜੀ ਦੇ ਪ੍ਰੇਮ ਕਲੋਲ ਨੂੰ ਵੇਖ ਕੇ ਆਪਣੀ ਕਾਮ ਭੁੱਖ ਸ਼ਾਂਤ ਕਰਦਾ ਹੈ ਅਤੇ ਹੋਰਾਂ ਦੇ ਮਨਾਂ ਤੇ ਇਹ ਪ੍ਰਭਾਵ ਪਾਉਂਦਾ ਹੈ ਕਿ ਚਿੜੇ ਚਿੜੀ ਨੂੰ ਉਹ ਕਾਨੇ ਨਾਲ ਇਸ ਕਰਕੇ ਉਡਾਉਂਦਾ ਹੈ ਤਾਂ ਜੋ ਵਿਦਿਆਰਥੀਆਂ ਤੇ ਮਾੜਾ ਅਸਰ ਨਾ ਪਵੇ ਪਰ ਥੋੜ੍ਹੇ ਦਿਨਾਂ ਬਾਅਦ ਹੀ ਇਸ ਦੀ ਕਰਤੂਤ ਸਾਹਮਣੇ ਆ ਜਾਂਦੀ ਹੈ ਕਿ ਉਹ ਅਣਭੋਲ ਮੁੰਡਿਆਂ ਨਾਲ ਠਰਕ ਭੋਰਦਾ ਹੈ ਇਸੇ ਤਰ੍ਹਾਂ ਹੀ 'ਅਨਹੋਣੀ' ਕਹਾਣੀ ਦਾ ਮੁੱਖ ਪਾਤਰ ਇਕ ਸਕੂਲ ਅਧਿਆਪਕ ਵਿਦਿਆਰਥਣ ਨੂੰ ਟਿਊਸ਼ਨ ਇਸ ਕਰਕੇ ਪੜ੍ਹਾਉਂਦਾ ਹੈ ਤਾਂ ਜੋ ਉਹ ਉਸਨੂੰ ਵੇਖ ਸਕੇ ਅਤੇ ਉਸਨੂੰ ਛੋਹ ਕੇ ਆਪਣੀ ਕਾਮ ਤ੍ਰਿਪਤੀ ਕਰ ਸਕੇ। 'ਮੁਹੱਬਤ' ਕਹਾਣੀ ਵਿਚ ਯੂਨੀਵਰਸਿਟੀ ਦਾ ਪ੍ਰਾਧਿਆਪਕ ਆਪਣੀ ਪਤਨੀ ਦੇ ਹੁੰਦਿਆਂ ਆਪਣੀ ਵਿਦਿਆਰਥਣ ਨਾਲ ਸੰਬੰਧ ਰੱਖਦਾ ਹੋਇਆ ਉਸ ਤੇ ਕਬਜ਼ੇ ਦੀ ਭਾਵਨਾ ਜ਼ਾਹਿਰ ਕਰਦਾ ਹੈ। 'ਭਟਕਣ' ਕਹਾਣੀ ਦਾ ਪ੍ਰਾਧਿਆਪਕ ਵੀ ਅਜਿਹੇ ਹੀ ਚਰਿੱਤਰ ਦਾ ਮਾਲਕ ਹੈ ਜੋ ਕਦੇ ਆਪਣੀ ਵਿਦਿਆਰਥਣ ਨੂੰ ਆਪਣੀ ਪੁੱਤਰੀ ਆਖਦਾ ਹੈ ਤੇ ਬਾਅਦ ਵਿਚ ਉਸ ਤੇ ਮੈਲ਼ੀ ਨਜ਼ਰ ਰੱਖਦਾ ਹੈ। ਕੁਲਬੀਰ ਨੇ ਮਾਨਸਿਕ ਪ੍ਰੇਸ਼ਾਨੀ ਵਿਚ ਘਿਰੇ ਪਾਤਰ ਵੀ ਪੇਸ਼ ਕੀਤੇ ਹਨ ਜੋ ਕਿ ਸੰਬੰਧਿਤ ਸਥਿਤੀ ਲਈ ਆਪਣੇ ਆਪ ਨੂੰ ਦੋਸ਼ੀ ਸਮਝਦੇ ਹਨ 'ਔਂਤਰੀ' ਅਤੇ 'ਮਾਂ' ਕਹਾਣੀਆਂ ਇਸ ਦੀਆਂ ਵਧੀਆਂ ਉਦਾਹਰਣਾਂ ਹਨ।

ਆਧੁਨਿਕ ਗਲਪ ਰਚਨਾ ਵਿਚ ਪਾਤਰ ਦੀ ਚੇਤਨਾ ਨੂੰ ਮਹੱਤਵਪੂਰਨ ਸਥਾਨ ਹਾਸਲ ਹੈ ਪਾਤਰ ਦੇ ਬਾਹਰੀ ਕਾਰ-ਵਿਹਾਰ ਦੇ ਸਮਾਂਤਰ ਆਂਤਰਿਕ ਮਨ ਵਿਚ ਵੀ ਭਾਵ ਲਹਿਰਾਂ ਨਿਰੰਤਰ ਉਤਪੰਨ ਹੁੰਦੀਆਂ ਚਲਦੀਆਂ ਰਹਿੰਦੀਆਂ ਹਨ। ਮਨੁੱਖੀ ਮਾਨਸਿਕ ਧਰਾਤਲ ਤੇ ਵਾਪਰ ਰਹੀ ਉਧੇੜ ਬੁਣ ਅਤੇ ਸੁਭਾਅ ਦੀ ਪੇਸ਼ਕਾਰੀ ਵਾਸਤੇ ਮਨੋਵਿਸ਼ਲੇਸ਼ਣਾਤਮਕ ਵਿਧੀ ਨੂੰ ਆਧਾਰ ਬਣਾਇਆ ਜਾਂਦਾ ਹੈ। ਇਸੇ ਪ੍ਰਵਿਰਤੀ ਨੂੰ ਪ੍ਰਮੁੱਖਤਾ ਕਾਰਣ ਹੀ ਕਹਾਣੀ ਦਾ ਕਾਰਜ ਪ੍ਰਧਾਨ ਗੁਣ ਹੁਣ ਪਾਤਰ ਪ੍ਰਧਾਨ ਬਣ ਗਿਆ ਹੈ। ਇਸ ਵਿਧੀ ਦੁਆਰਾ ਕੁਲਬੀਰ ਨੇ ਕਈ ਪਾਤਰਾਂ ਦੇ ਜਜ਼ਬਿਆਂ ਦਾ ਕਲਾਤਮਕ ਪ੍ਰਗਟਾਵਾ ਕੀਤਾ ਹੈ। 'ਮਾਂ' ਕਹਾਣੀ ਦੇ ਪਾਤਰ 'ਪਾਪਾ' ਦਾ ਚਿਤਰਨ ਲੇਖਕ ਨੇ ਮਨੋਵਿਸ਼ਲੇਸ਼ਣਾਤਮਕ ਵਿਧੀ ਦੁਆਰਾ ਕੀਤਾ ਹੈ ਪਾਪਾ ਨੇ

ਸਾਰੀ ਉਮਰ ਆਪਣੀ ਮਾਂ ਦੀ ਸੇਵਾ ਕੀਤੀ ਤੇ ਇਕ ਦਿਨ ਪਾਪਾ ਦੇ ਥੋੜਾ ਜਿਹਾ ਕੌੜਾ ਬੋਲਣ ਤੇ ਤਾਂ ਮਾਂ ਨੂੰ ਸਦਮਾ ਪਹੁੰਚਦਾ ਹੈ ਅਤੇ ਉਹ ਥੋੜੇ ਦਿਨ ਬਿਮਾਰ ਰਹਿਣ ਤੋਂ ਬਾਅਦ ਚਲ ਵਸਦੀ ਹੈ ਪਾਪਾ ਦਾ ਪਾਤਰ ਆਪਣੇ ਆਪ ਨੂੰ ਮਾਂ ਦੀ ਮੌਤ ਦਾ ਜ਼ਿੰਮੇਵਾਰ ਠਹਿਰਾਉਣ ਲੱਗਦਾ ਹੈ।

'ਮੁਹੱਬਤ' ਕਹਾਣੀ ਦੀ ਨਾਇਕਾ ਨੀਲੀ ਦੀ ਮਾਨਸਿਕ ਅਵਸਥਾ ਨੂੰ ਲੇਖਕ ਨੇ ਇਸੇ ਵਿਧੀ ਦੁਆਰਾ ਪ੍ਰਗਟਾਇਆ ਹੈ ਨੀਲੀ ਜਿਸ ਪ੍ਰੋਫ਼ੈਸਰ ਨੂੰ ਪਿਆਰ ਕਰਦੀ ਹੈ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਉਹ ਪ੍ਰੋਫ਼ੈਸਰ ਉਸ ਪ੍ਰਤੀ ਗੰਭੀਰ ਨਹੀਂ ਹੈ ਅਤੇ ਇਹੀ ਗੱਲ ਉਸ ਦੀ ਮਾਨਸਿਕਤਾ ਨੂੰ ਠੇਸ ਪਹੁੰਚਾਉਂਦੀ ਹੈ ਅਤੇ ਉਹ ਆਪਣਾ ਸੰਬੰਧ ਪ੍ਰੋ. ਸਾਗਰ ਨਾਲ ਜੋੜ ਲੈਂਦੀ ਹੈ ਅਤੇ ਯੂਨੀਵਰਸਿਟੀ ਦੇ ਉਸ ਪ੍ਰੋਫ਼ੈਸਰ ਦਾ ਅਹਿਮ ਚੂਰ ਚੂਰ ਕਰ ਦਿੰਦੀ ਹੈ। ਮਨੋਵਿਗਿਆਨਕ ਵਿਧੀ ਦੀ ਹੀ ਸਹਾਇਕ ਸ਼ਾਖਾ ਹੈ ਚੇਤਨਾ ਪ੍ਰਵਾਹ ਤਕਨੀਕ ਇਸ ਵਿਧੀ ਦੀ ਸਹਾਇਤਾ ਨਾਲ ਪਾਤਰ ਦੇ ਅਚੇਤ ਵਿਚ ਵਸੀਆਂ ਖਾਹਿਸ਼ਾਂ ਦਾ ਪ੍ਰਗਟਾਵਾ ਹੁੰਦਾ ਹੈ 'ਮੇਰਾ ਘਰ' ਕਹਾਣੀ ਦੀ ਮੁੱਖ ਪਾਤਰ ਸਦਾ ਹੀ ਘਰ ਸ਼ਬਦ ਪ੍ਰਤੀ ਭਾਵੁਕ ਰਹੀ ਹੈ ਉਸ ਲਈ ਘਰ ਸ਼ਬਦ ਤੋਂ ਭਾਵ ਅਜਿਹੀ ਜਗ੍ਹਾ ਹੈ ਜਿੱਥੇ ਉਹ ਆਪਣੀ ਮਰਜ਼ੀ ਨਾਲ ਵਿਚਰ ਸਕੇ ਅਤੇ ਉਸ ਨੂੰ ਪੂਰੀ ਆਜ਼ਾਦੀ ਹੋਵੇ। ਅਪ੍ਰਤੱਖ ਅੰਤਰੀਵ ਮਨ ਬਚਨੀ ਦੀ ਉਦਾਹਰਣ ਬਡੇਸਰੋਂ ਦੀ ਕਹਾਣੀ 'ਮੈਂ ਕੀ ਕਰਾਂ' ਵਿਚੋਂ ਲਈ ਜਾ ਸਕਦੀ ਹੈ ਇਸ ਕਹਾਣੀ 'ਚ ਮੁੱਖ ਪਾਤਰ ਜਦੋਂ ਆਪਣੇ ਪਤੀ ਦੇ ਹੱਥੋਂ ਧੋਖਾ ਖਾਂਦੀ ਹੈ ਤਾਂ ਉਹ ਆਪਣੇ ਆਪ ਨੂੰ ਜ਼ਿੰਦਗੀ ਦੇ ਦੋਰਾਹੇ ਤੇ ਖੜਿਆਂ ਮਹਿਸੂਸ ਕਰਦੀ ਹੈ ਤੇ ਉਹ ਖਿਆਲਾਂ ਦੀ ਦੁਨੀਆਂ ਵਿਚ ਵਹਿ ਜਾਂਦੀ ਹੈ। ਮਨੋਵਿਸ਼ਲੇਸ਼ਣਾਤਮਕ ਵਿਧੀ ਅਧੀਨ ਕੁਲਬੀਰ ਨੇ ਹੋਰ ਵੀ ਕਈ ਪਾਤਰਾਂ ਦੀ ਪਾਤਰ ਉਸਾਰੀ ਕੀਤੀ ਹੈ ਜਿਵੇਂ 'ਹੋਇਆ ਜੀਊੜਾ ਉਦਾਸ' ਦੀ ਮਾਂ ਪਾਤਰ ਆਪਣੇ ਆਪ ਨੂੰ ਸਭ ਦੇ ਹੁੰਦਿਆਂ ਇਕੱਲਿਆਂ ਮਹਿਸੂਸ ਕਰਦੀ ਹੈ ਜਦੋਂ ਉਸ ਦਾ ਪਤੀ ਇਸ ਦੁਨੀਆਂ ਤੋਂ ਚਲਿਆ ਜਾਂਦਾ ਹੈ ਇਸ ਤਰ੍ਹਾਂ ਹੀ 'ਕਰਜ਼', 'ਬਨਵਾਸ' ਅਤੇ 'ਇਹ ਵੀ ਸੱਚ ਹੈ' ਕਹਾਣੀਆਂ ਵਿਚ ਅਜਿਹੀਆਂ ਔਰਤਾਂ ਦੀ ਮਾਨਸਿਕ ਸਥਿਤੀ ਨੂੰ ਦਰਸਾਇਆ ਗਿਆ ਹੈ ਜਿਹੜੀਆਂ ਕਿਸੇ ਮਰਦ ਸਾਥੀ ਦੇ ਸੱਚੇ ਸਾਥ ਨੂੰ ਤਰਸ ਰਹੀਆਂ ਹਨ।

ਬਡੇਸਰੋਂ ਨੇ ਆਪਣੀਆਂ ਕਹਾਣੀਆਂ ਅਜਿਹੇ ਪਾਤਰਾਂ ਦੀ ਸਿਰਜਨਾ ਕੀਤੀ ਹੈ, ਜਿਹੜਾ ਆਪਣੇ ਵਰਗ ਦੇ ਨੁਮਾਇੰਦੇ ਹੋ ਨਿਬੜੇ ਹਨ। ਬਡੇਸਰੋਂ ਨੇ ਜਿੱਥੇ ਕਿਤੇ ਪਿਤਾ ਦਾ ਪਾਤਰ ਚਿਤਰਿਆ ਹੈ ਉਸਨੂੰ ਸਾਊ, ਸ਼ਰੀਫ਼, ਜ਼ਿੰਮੇਵਾਰ, ਸੰਵੇਦਨਸ਼ੀਲ ਪਿਆਰ ਅਤੇ ਤਿਆਗ ਦੀ ਮੂਰਤ ਦੇ ਰੂਪ ਵਿਚ ਪੇਸ਼ ਕੀਤਾ ਹੈ। ਇਸ ਤਰ੍ਹਾਂ ਇਹ ਪਿਤਾ ਪਾਤਰ ਆਪਣੇ ਬਹੁਗਿਣਤੀ ਪਾਤਰਾਂ ਦਾ ਪ੍ਰਵਕਤਾ, ਐਕਟੈਂਟ ਬਣਕੇ ਪੇਸ਼ ਹੁੰਦਾ ਹੈ। ਉਸ ਦੀਆਂ ਕਹਾਣੀਆਂ ਵਿਚ ਪੇਸ਼ ਹੋਈ ਭਾਰਤੀ ਔਰਤ ਵੀ ਆਪਣੇ ਸੱਭਿਆਚਾਰਕ ਰੂਪ ਵਿਚ ਪੇਸ਼ ਹੋਈ ਹੈ ਉਹ ਮਾਪਿਆਂ ਦੀਆਂ ਭਾਵਨਾਵਾਂ ਦਾ ਖਿਆਲ ਰੱਖਣ ਵਾਲੀ, ਆਪਣੀ ਆਬਰੂ ਪਿੱਛੇ ਮਰ ਮਿਟਣ ਵਾਲੀ, ਪਤੀ ਨੂੰ ਪ੍ਰਮੇਸ਼ਰ ਸਮਝਦੀ ਹੈ ਪਰ ਕਿਤੇ ਕਿਤੇ ਉਸਦੀਆਂ ਕਹਾਣੀਆਂ ਵਿਚ ਅਤ੍ਰਿਪਤ ਇੱਛਾਵਾਂ ਦੁਆਰਾ ਪੀੜਤ ਤੇ ਭਟਕੀ ਹੋਈ ਔਰਤ ਤਾਂ ਕਿਤੇ ਕਿਤੇ ਆਰਥਿਕਤਾ ਤੇ ਇਕੱਲੇਪਨ ਹੱਥੋਂ ਸਤਾਈ ਹੋਈ ਜ਼ਿੰਦਗੀ ਨੂੰ ਮਾਨਣ ਲਈ ਤਰਸਦੀ ਔਰਤ ਵੀ ਪੇਸ਼ ਕੀਤੀ ਗਈ ਹੈ। ਇਸ ਤਰ੍ਹਾਂ ਉਹ ਭਾਰਤੀ ਨਾਰੀ ਦੇ ਵਿਭਿੰਨ ਵਰਗਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਐਕਟੈਂਟ ਦੇ ਰੂਪ ਵਿਚ ਪੇਸ਼ ਹੋਈ ਭਾਰਤੀ ਨਾਰੀ ਪਾਤਰ ਹੈ।

ਭਾਸ਼ਾ ਦੇ ਪੱਧਰ ਤੇ ਬਡੇਸਰੋਂ ਦੀਆਂ ਕਹਾਣੀਆਂ ਵਿਚ ਬਹੁਤ ਖੂਬੀਆਂ ਹਨ। ਉਹ ਮੁੱਖ ਰੂਪ ਵਿਚ ਸੁਚੇਤ ਪੱਧਰ ਤੇ ਸ਼ੁੱਧ ਟਕਸਾਲੀ ਭਾਸ਼ਾ ਦੀ ਵਰਤੋਂ ਕਰਦੀ ਹੈ ਉਸਦੀ ਆਪਣੀ ਭਾਸ਼ਾ 'ਤੇ 'ਦੁਆਬੀ' ਉਪਭਾਸ਼ਾ ਦਾ ਪ੍ਰਭਾਵ ਨਜ਼ਰ ਆਉਂਦਾ ਹੈ ਪਰ ਲੇਖਕ ਦੀ ਭਾਸ਼ਾ ਨੂੰ ਉਹ ਨਿਰੋਲ ਟਕਸਾਲੀ ਭਾਸ਼ਾ ਦੇ ਰੂਪ ਵਿਚ ਹੀ ਵਰਤਦੀ ਹੈ। 'ਔਂਤਰੀ' ਕਹਾਣੀ ਵਿਚ ਉਹ ਦੁਆਬੀ ਉਪ ਭਾਸ਼ਾ ਵਰਤਦੀ ਹੈ। ਇਸ ਭਾਸ਼ਾ ਨਾਲ ਉਸ ਦਾ ਬਹੁਤ ਮੋਹ ਹੈ ਉਸ ਦੇ ਬਹੁਤੇ ਪਾਤਰ ਇਹ ਹੀ ਭਾਸ਼ਾ ਬੋਲਦੇ ਹਨ। 'ਕਦੋਂ ਆਏਂਗੀ' ਕਹਾਣੀ ਦੀ ਉਦਾਹਰਨ ਹੈ, 'ਕੋਈ ਨਾ ਆ ਲੈਣ ਦੇ ਮੁੰਡੇ ਨੂੰ ਬਾਹਰੋਂ, ਉਹੀ ਇਹਨੂੰ ਠੀਕ ਕਰੂ, ਬਾਰਾਂ ਤਾਲੀ ਨੂੰ, ਮੇਰੀ ਨੂੰਹ ਕਦੇ ਮੂਹਰੇ ਨਹੀਂ ਸੀ ਕੂਈ, ਇਹ ਆਈਆ ਵੱਡੀ ਹਵਾ ਦੀ ਛਡੈਲ।"

ਕੁਲਬੀਰ ਬਡੇਸਰੋਂ ਨੇ ਪੜ੍ਹੇ ਲਿਖੇ, ਅਨਪੜ੍ਹ ਪੇਂਡੂ ਤੇ ਸ਼ਹਿਰੀ ਪਾਤਰਾਂ ਦਾ ਵਖਰੇਵਾਂ ਕੀਤਾ ਹੈ। ਸ਼ਹਿਰੀ ਮਹੌਲ ਨੂੰ ਚਿਤਰਣ ਲੱਗਿਆ ਪਾਤਰਾਂ ਦੇ ਮੂੰਹੋਂ ਆਮ ਬੋਲ ਚਾਲ ਵਾਲੇ ਅੰਗਰੇਜ਼ੀ ਦੇ ਸ਼ਬਦ ਬੁਲਵਾ ਦੇ ਮਹੌਲ ਨੂੰ ਯਥਾਰਥਕ ਬਨਾਉਣ ਦੀ ਕੋਸ਼ਿਸ ਕੀਤੀ ਹੈ, ਉਹ ਅੰਗਰੇਜ਼ੀ ਸ਼ਬਦਾਂ ਨੂੰ ਤਤਸਮ ਰੂਪ ਵਿਚ ਹੀ ਵਰਤਦੀ ਹੈ। ਬਡੇਸਰੋਂ ਦੀਆਂ ਕਹਾਣੀਆਂ ਵਿਚ ਪੇਂਡੂ ਜਾਂ ਸ਼ਹਿਰੀ ਵਾਤਾਵਰਣ ਦੀ ਸਿਰਜਣਾ



ਲਈ ਅਜਿਹੇ ਹੀ ਸ਼ਬਦਾਂ ਮੁਹਾਵਰਿਆਂ ਵਾਕਾਂ ਤੇ ਰੂਪਕਾਂ ਦੀ ਵਰਤੋਂ ਦੇ ਨਾਲ ਨਾਲ ਪਾਠਕ ਦੇ ਸੁਭਾਅ ਅਤੇ ਮੂਡ ਅਨੁਸਾਰ ਵਾਕ ਪ੍ਰਬੰਧ ਜਾਂ ਵਾਕ ਪ੍ਰਗਟਾਅ ਵਿਚ ਅੰਤਰ ਆਉਂਦਾ ਹੈ ਕਹਾਣੀਕਾਰ ਦਾ ਭਾਸ਼ਾ ਸੰਬੰਧੀ ਡੂੰਘਾ ਗਿਆਨ ਅਤੇ ਇਸਦੀ ਸੁਭਾਵਿਕ ਵਰਤੋਂ ਉਸਦੀਆਂ ਕਹਾਣੀਆਂ ਨੂੰ ਉੱਤਮਤਾ ਦਾ ਗੁਣ ਪ੍ਰਦਾਨ ਕਰਦੀ ਹੈ।

ਕੁਲਬੀਰ ਨੇ ਵਰਣਾਤਮਕ ਸ਼ੈਲੀ ਦੀ ਵਰਤੋਂ ਬਹੁਤ ਸਾਰੀਆਂ ਕਹਾਣੀਆਂ ਵਿਚ ਕੀਤੀ ਹੈ। ਲੇਖਕ ਇਕ ਖਾਂਦੇ ਪੀਂਦੇ ਘਰ ਦੀ ਮਾਲਕਣ ਦੇ ਬ੍ਰੇਪਵਾਹ ਸੁਭਾਅ ਦੀ ਪੇਸ਼ਕਾਰੀ ਵਰਣਾਤਮਕ ਸ਼ੈਲੀ ਵਿਚ ਕਰ ਰਹੀ ਹੈ ਕਿਸ ਤਰ੍ਹਾਂ ਔਰਤ ਲਾਪ੍ਰਵਾਹ ਹੋ ਕੇ ਖੁਸ਼ੀ ਖੁਸ਼ੀ ਜੀਵਨ ਜਿਉਂ ਸਕਦੀ ਹੈ। ਬਡੇਸਰੋਂ ਨੇ ਉਰਮਿਲਾ ਭੈਣ ਦੇ ਪਾਤਰ ਨੂੰ ਵਰਣਾਤਮਕ ਵਿਧੀ ਦੁਆਰਾ ਬਿਲਕੁਲ ਸਜੀਵ ਕਰ ਦਿੱਤਾ ਹੈ। ਆਤਕ ਕਥਾਤਮਕ ਸ਼ੈਲੀ ਦੀਆਂ ਜੁਗਤਾਂ ਵਿਚ ਹੀ ਇਕ ਢੰਗ ਸੰਬੋਧਨੀ ਵਿਧੀ ਹੈ ਇਸ ਵਿਧੀ ਅਨੁਸਾਰ ਲੇਖਕ ਕਹਾਣੀ ਦੇ ਇਕ ਪਾਤਰ ਦੇ ਰੂਪ ਵਿਚ ਸਿੱਧੇ ਤੌਰ ਤੇ ਪਾਠਕ ਨੂੰ ਮੁਖਾਤਬ ਹੁੰਦਾ ਹੈ। ਸੰਬੋਧਨ ਵਿਧੀ ਦੀ ਇਕ ਹੋਰ ਕਿਸਮ ਹੈ ਸੰਵਾਦਮਈ ਜੁਗਤ ਕਹਾਣੀ ਵਿਚ ਪ੍ਰਸਤੁਤ ਪਾਤਰਾਂ ਦੀ ਆਪਸੀ ਵਾਰਤਾਲਾਪ ਦੁਆਰਾ ਕਿਸੇ ਪ੍ਰਸਥਿਤੀ ਜਾਂ ਘਟਨਾ ਬਾਰੇ ਪ੍ਰਕਾਸ਼ ਪਾਇਆ ਜਾਂਦਾ ਹੈ। 'ਔਂਤਰੀ' ਕਹਾਣੀ ਵਿਚ ਲੇਖਕਾ ਨੇ ਸੰਵਾਦਕੀ ਸ਼ੈਲੀ ਦੀ ਵਰਤੋਂ ਕੀਤੀ ਹੈ। ਪ੍ਰਸ਼ਨੋਤਰੀ ਸ਼ੈਲੀ ਕਹਾਣੀ 'ਕਦੋਂ ਆਏਂਗੀ', ਪੱਤਰਾਤਮਕ ਸ਼ੈਲੀ ਕਹਾਣੀ 'ਇਕ ਖ਼ਤ ਪਾਪਾ ਦੇ ਨਾਂ' ਸੰਕੇਤਮਈ ਸ਼ੈਲੀ ਕਹਾਣੀਆਂ 'ਸੂਹੀ ਸਵੇਰ', 'ਗੱਡੀ ਦੇ ਡੱਬੇ' ਵਿਚ ਵਰਤੀਆਂ ਹਨ। ਇਨ੍ਹਾਂ ਸ਼ੈਲੀਆਂ ਤੋਂ ਇਲਾਵਾ ਉਸ ਨੇ 'ਰੱਬ ਝੂਠ ਨਾ ਬੁਲਾਏ', 'ਇਹ ਵੀ ਸੱਚ ਹੈ' ਕਹਾਣੀਆਂ ਵਿਚ ਵਿਅੰਗਾਤਮਕ ਸ਼ੈਲੀ ਦੀ ਵਰਤੋ ਕੀਤੀ ਹੈ।

ਉਸ ਦੀਆਂ ਕਹਾਣੀਆਂ ਜ਼ਿਆਦਾਤਰ ਵਰਣਾਤਮਕ ਹੁੰਦੀਆਂ ਹਨ ਇਸ ਲਈ ਵਰਨਣ ਦੁਆਰਾ ਹੀ ਵਿਸ਼ਾ ਦੱਸ ਦੇਣ ਨਾਲ ਕਹਾਣੀ ਦੀ ਕਲਾਤਮਕਤਾ ਸਿੱਧ ਨਹੀਂ ਹੁੰਦੀ ਇਸ ਸਥਿਤੀ ਵਿਚ ਪ੍ਰਭਾਵ ਦੀ ਏਕਤਾ ਖ਼ਤਮ ਹੋ ਜਾਂਦੀ ਹੈ ਕੁਲਬੀਰ ਬਡੇਸਰੋਂ ਆਪਣੀਆਂ ਕਹਾਣੀਆਂ ਵਿਚ ਵਾਰਤਾਲਾਪ ਦੁਆਰਾ ਅਜਿਹਾ ਪ੍ਰਭਾਵ ਪੈਦਾ ਕਰਦੀ ਹੈ ਜੋ ਕਹਾਣੀ ਨੂੰ ਚੁਸਤ, ਰੌਚਕ ਤੇ ਗਤੀਸ਼ੀਲ ਬਣਾਉਂਦਾ ਹੈ। ਛੋਟੇ-ਛੋਟੇ ਵਾਰਤਾਲਾਪ ਸਥਿਤੀਆਂ ਦੇ ਅਨੁਕੂਲ ਹੋਣ ਕਰਕੇ ਕਹਾਣੀ ਦੀ ਮਹੱਤਤਾ ਨੂੰ ਹੋਰ ਵਧਾ ਦਿੰਦੇ ਹਨ।

ਬਡੇਸਰੋਂ ਦੀਆਂ ਕਹਾਣੀਆਂ ਵਿਚ ਸਮਾਜ ਵਿਚ ਪੈਦਾ ਹੋਈਆਂ ਆਮ ਲੋਕਾਂ ਦੀਆਂ ਸਮੱਸਿਆਵਾਂ ਦੀਆਂ ਕਹਾਣੀਆਂ ਹਨ। ਜਿਸ ਵਿਚ ਦੇਸ਼ ਕਾਲ, ਸਮਾਜ ਵਿਚਲੀਆਂ ਪ੍ਰਸਥਿਤੀਆਂ ਦੇ ਚਿਤਰਣ ਤੇ ਜ਼ਿਆਦਾ ਬਲ ਦਿੱਤਾ ਹੈ। ਇਸ ਚਿਤਰਣ ਨਾਲ ਜਿੱਥੇ ਸਥਿਤੀਆਂ ਦੀ ਅੰਦਰੂਨੀ ਜਟਿਲਤਾ ਦਾ ਪਤਾ ਲੱਗਦਾ ਹੈ, ਉੱਥੇ ਅਜਿਹਾ ਸੁਗਠਿਤ ਵਾਤਾਵਰਣ ਪੈਦਾ ਹੁੰਦਾ ਹੈ ਕਿ ਪਿੱਠ ਭੂਮੀ ਰਾਹੀਂ ਕਹਾਣੀ ਦੀ ਸਮੁੱਚੀ ਸੰਵੇਦਨਾ ਨੂੰ ਪਾਠਕਾਂ ਦੇ ਸਾਹਮਣੇ ਪ੍ਰਕਾਸ਼ਮਾਨ ਕਰ ਦਿੰਦਾ ਹੈ, ਬਡੇਸਰੋਂ ਕਹਾਣੀਆਂ ਵਿਚ ਵਾਤਾਵਰਣ ਕਹਾਣੀ ਵਿਚਲੀਆਂ ਘਟਨਾਵਾਂ ਦੇ ਪ੍ਰਭਾਵ ਨੂੰ ਵਧਾਉਣ ਲਈ ਵਰਤਦੀ ਹੈ ਜਿਵੇਂ 'ਤੂੰ' ਕਹਾਣੀ ਵਿਚ ਉਸਨੇ ਲੋਕਲ ਟਰੇਨ ਵਿਚ ਚੜ੍ਹਨ ਉਤਰਨ ਵਾਲੇ ਮੁਸਾਫ਼ਿਰਾਂ ਦੇ ਦ੍ਰਿਸ਼ ਨੂੰ ਪੇਸ਼ ਕੀਤਾ ਹੈ।

ਪੰਜਾਬੀ ਸਭਿਆਚਾਰ ਅਤੇ ਇਸ ਨਾਲ ਜੁੜੀਆਂ ਚੀਜ਼ਾਂ ਅਤੇ ਰਸਮਾਂ ਬਾਰੇ ਕੁਲਬੀਰ ਬਡੇਸਰੋਂ ਨੂੰ ਪੂਰਾ ਗਿਆਨ ਹੈ ਇਸ ਦਾ ਚਿਤਰਨ ਉਹ ਮਾਂ ਕਹਾਣੀ ਵਿਚ ਕਰਦੀ ਹੈ। ਇਸ ਤੋਂ ਇਲਾਵਾ ਉਹ ਕਹਾਣੀ ਵਿਚ ਸਿਰਲੇਖ ਦੀ ਮਹੱਤਤਾ ਨੂੰ ਜਾਣਦੀ ਹੈ ਉਸਦੀਆਂ ਕਹਾਣੀਆਂ ਦੇ ਸਿਰਲੇਖ ਨਵੀਨ ਤੇ ਦਿਲ ਖਿੱਚਵੇਂ ਹਨ ਜਿਨ੍ਹਾਂ ਵਿਚ ਅਰਥ ਸਾਰਥਕਤਾ ਤੇ ਵਿਅੰਗ ਮਿਲਦਾ ਹੈ ਜਿਵੇਂ 'ਕਦੋਂ ਆਏਂਗੀ', 'ਇਕ ਖ਼ਤ ਪਾਪਾ ਦੇ ਨਾਂ', 'ਮੈਂ ਕੀ ਕਰਾਂ', 'ਬਾਹਰਲੀ ਬੈਠਕ', 'ਰੱਬ ਝੂਠ ਨਾ ਬੁਲਾਏ' ਆਦਿ। ਉਸ ਦੀਆਂ ਕਹਾਣੀਆਂ ਦੇ ਇਹ ਸਿਰਲੇਖ ਸਧਾਰਨ ਹੁੰਦੇ ਹੋਏ ਵੀ ਕਹਾਣੀ ਨੂੰ ਵਿਸ਼ੇ ਪ੍ਰਤੀ ਆਪਣੀ ਸਾਰਥਿਕਤਾ ਸਿੱਧ ਕਰਦੇ ਹਨ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਕੁਲਬੀਰ ਬਡੇਸਰੋਂ ਨੇ ਆਪਣੀਆਂ ਕਹਾਣੀਆਂ ਵਿਚ ਕਲਾ ਦੀ ਦ੍ਰਿਸ਼ਟੀ ਤੋਂ ਸਧਾਰਨ ਤਕਨੀਕ ਦੀ ਵਰਤੋਂ ਕੀਤੀ ਹੈ ਉਸ ਨੇ ਕਹਾਣੀਆਂ ਵਿਚਲੀਆਂ ਸਮੱਸਿਆਵਾਂ ਨੂੰ ਪਾਤਰ, ਘਟਨਾਵਾਂ, ਵਾਤਾਵਰਣ ਤੇ ਭਾਸ਼ਕ ਜੁਗਤਾਂ ਤੇ ਵਿਵਧਤਾ ਰਾਹੀਂ ਪ੍ਰਤੀਨਿਧ ਬਣਾਇਆ ਹੈ ਤੇ ਰੋਜ਼ ਮਰਾ ਦੀ ਜ਼ਿੰਦਗੀ ਦੀਆਂ ਕਠੋਰ ਸਮੱਸਿਆਵਾਂ ਨਾਲ ਨਿਕਟਵਰਤੀ ਸਾਂਝ ਪਾਉਣ ਦੇ ਨਾਲ ਨਾਲ ਸੁਹਜ ਸੁਆਦ ਦੇਣ ਦਾ ਯਤਨ ਕੀਤਾ ਹੈ ਇਸ ਦ੍ਰਿਸ਼ਟੀ ਤੋਂ ਬਡੇਸਰੋਂ ਦੀਆਂ ਕਹਾਣੀਆਂ ਰੂਪਾਤਮਕ ਪੱਖ ਤੋਂ ਪਾਠਕ ਨੂੰ ਪ੍ਰਭਾਵਿਤ ਵੀ ਕਰਦੀਆਂ ਹਨ ਤੇ ਸੋਚਣ ਲਈ ਮਜ਼ਬੂਰ ਵੀ ਕਰਦੀਆਂ ਹਨ।

***ਪਤਾ :151-ਡੀ. ਰਾਜਗੁਰੂ ਨਗਰ, ਲੁਧਿਆਣਾ***

# ਭਾਰਤੀ ਦਰਸ਼ਨ ਦੀ ਗਿਆਨ-ਸ਼ਾਸ਼ਤਰੀ ਪਰੰਪਰਾ ਅਤੇ ਡਾ. ਬੀ. ਆਰ. ਅੰਬੇਡਕਰ

- ਗਿਆਨ ਸਿੰਘ ਬੱਲ

## ਪਿਠ ਭੂਮੀ

ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਨੇ ਸਮਾਜ ਦੇ ਨਵ-ਨਿਰਮਾਣ ਲਈ ਉਨ੍ਹਾਂ ਦਾਰਸ਼ਨਿਕ ਧਾਰਾਵਾਂ ਨੂੰ ਚੁਣਿਆ ਹੈ ਜਿਨ੍ਹਾਂ ਦੇ ਗਿਆਨ-ਸਿਧਾਂਤਾਂ ਦਾ ਆਧਾਰ ਬੁੱਧੀਵਾਦ (Rationalism) ਹੈ ਅਤੇ ਇਨ੍ਹਾਂ ਦੀ ਹੀ ਉਨ੍ਹਾਂ ਨੇ ਪੁਨਰ ਵਿਆਖਿਆ ਕੀਤੀ ਹੈ। ਇਹ ਹਨ-ਆਰੰਭਕ ਬੁੱਧਿਜ਼ਮ ਅਤੇ ਕਪਿਲ ਮੁਨੀ ਦਾ ਸਾਂਖਯ ਦਰਸ਼ਨ। ਡਾ. ਅੰਬੇਡਕਰ ਨੇ ਭਾਵੇਂ ਕਿ ਸਾਂਖਯ ਦਰਸ਼ਨ ਅਤੇ ਇਸ ਦੇ ਤ੍ਰੈਅ-ਗੁਣ (Tri-Guna) ਸਿਧਾਂਤ ਦੀ ਵੀ ਪੁਨਰ ਵਿਆਖਿਆ ਕੀਤੀ ਹੈ ਲੇਕਿਨ ਉਨ੍ਹਾਂ ਨੇ ਇਸ ਦਰਸ਼ਨ ਦੇ ਸਾਰ ਨੂੰ ਬੁੱਧਿਜ਼ਮ ਦਰਸ਼ਨ 'ਚ ਹੀ ਸਮਲਿਤ ਹੋਇਆ ਦਸਿਆ ਹੈ। ਪਰੰਤੂ ਇਸ ਦਾ ਅਰਥ ਇਹ ਨਹੀਂ ਕਿ ਸਾਂਖਯ ਦਰਸ਼ਨ ਦੇ ਸੁਤੰਤਰ ਅਧਿਐਨ ਦੀ ਜ਼ਰੂਰਤ ਨਹੀਂ ਹੈ। ਅੰਬੇਡਕਰ ਦੇ ਬੁਧਿਜ਼ਮ ਦੀ ਖਾਸੀਅਤ ਹੈ ਕਿ ਉਨ੍ਹਾਂ ਨੇ ਬੁੱਧ ਦਰਸ਼ਨ ਦੇ ਮੁਢਲੇ ਸਮਾਜਿਕ ਮਹੱਤਵ ਨੂੰ ਦੁਹਰਾਉਂਦਿਆਂ ਮੌਜੂਦ ਪ੍ਰਚਲਤ ਬੋਧੀ ਮੱਤਾਂ ਤੋਂ ਅਲੱਗ ਪਛਾਣ ਸਥਾਪਤ ਕਰਕੇ ਇਸ ਨੂੰ ਸਮਾਜ ਦੇ ਭਵਿੱਖ ਦੇ ਦਰਸ਼ਨ ਅਤੇ ਨੈਤਿਕਤਾ ਦੇ ਰੂਪ 'ਚ ਪੇਸ਼ ਕੀਤਾ ਹੈ, ਭਾਰਤ ਵਿਚ ਇਹ 'ਭੀਮ ਯਾਨ' ਧਾਰਾ ਵਜੋਂ ਪਛਾਣ ਸਥਾਪਤ ਕਰ ਰਿਹਾ ਹੈ। ਆਪਣੀ ਉਮਰ ਦੇ ਆਖਰੀ ਪੜਾਅ ਦੌਰਾਨ ਉਹ ਬੜੀ ਹੀ ਗੰਭੀਰਤਾ ਤੇ ਗਹਿਰਾਈ ਨਾਲ ਭਾਰਤੀ ਦਰਸ਼ਨ ਤੇ ਸਭਿਆਚਾਰ ਦੇ ਇਤਿਹਾਸ ਵਿਚ ਮੌਜੂਦ ਉਨ੍ਹਾਂ ਸੂਤਰਾਂ ਦੀ ਤਲਾਸ਼ 'ਚ ਸਨ ਜਿਨ੍ਹਾਂ ਰਾਹੀਂ ਸਦੀਆਂ ਤੋਂ ਹਾਸ਼ੀਏ ਤੇ ਬੈਠੇ ਬੇਗਾਨਗੀ ਦਾ ਜੀਵਨ ਜੀਓ ਰਹੇ ਦਲਿਤ ਲੋਕ, ਦੂਸਰੀਆਂ ਨੀਚ-ਜਾਤੀਆਂ ਦੇ ਲੋਕ, ਔਰਤਾਂ, ਆਦੀਵਾਸੀ, ਵਿਮੁਕਤ ਤੇ ਜਰਾਇਮ-ਪੇਸ਼ਾ ਕਹੀਆਂ ਜਾਣ ਵਾਲੀਆਂ ਜਾਤੀਆਂ ਅਤੇ ਉਹ ਲੋਕ ਜੋ ਸੱਚੀਂ-ਮੁੱਚੀਂ ਹੀ ਸਮਾਜਿਕ ਪਰਿਵਰਤਨ ਦੇ ਮੁੱਦਈ ਹੋਣ, ਇਕੱਠੇ ਹੋ ਕੇ ਅਲੱਗ ਸੱਭਿਆਚਾਰਕ ਪਛਾਣ ਬਣਾ ਕੇ ਬ੍ਰਾਹਮਣੀ ਦਰਸ਼ਨ ਤੇ ਸੱਭਿਆਚਾਰ ਦਾ ਮੁਕਾਬਲਾ ਕਰ ਸਕਣ ਦੇ ਸਮਰੱਥ ਹੋ ਕੇ ਇਕ ਨਿਸਚਿਤ ਤੇ ਚਿਰਸਥਾਈ ਬਦਲ ਪੇਸ਼ ਕਰ ਸਕਣ। ਉਨ੍ਹਾਂ ਨੇ ਅਖੀਰ 'ਚ ਭਾਰਤੀ ਇਤਿਹਾਸ ਵਿਚੋਂ ਬੁੱਧਿਜ਼ਮ ਨੂੰ ਚੁਣਿਆ ਅਤੇ ਇਸ ਦੇ ਦੁਆਲਿਓਂ ਸਦੀਆਂ ਦਾ ਸਾਰਾ ਕੂੜਾ ਕਰਕਟ ਲਾਹ ਕੇ ਬੁੱਧੀਵਾਦ ਦੇ ਸਿਧਾਂਤ ਵਜੋਂ ਪੇਸ਼ ਕੀਤਾ। ਬਾਬਾ ਸਾਹਿਬ ਨੇ ਸਾਂਖ ਦਰਸ਼ਨ ਦੇ ਮੋਢੀ ਜਾਣੇ ਜਾਂਦੇ ਦਾਰਸ਼ਨਿਕ ਕਪਿਲ ਮੁੰਨੀ ਦੇ ਵਿਚਾਰਾਂ ਦੀ ਵੀ ਵਿਆਖਿਆ ਕੀਤੀ ਹੈ ਜਿਸ ਰਾਹੀਂ ਉਸ ਨੂੰ ਰੈਸ਼ਨਲਿਸਟ, ਯਥਾਰਥਵਾਦੀ ਅਤੇ ਅਨੁਭਵਵਾਦੀ ਸਿੱਧ ਕੀਤਾ ਹੈ ਅਤੇ ਉਸ ਦੇ ਤ੍ਰੈਅ-ਗੁਣ (Tri-Guna Theory) ਸਿਧਾਂਤ ਨੂੰ ਪ੍ਰਕ੍ਰਿਤੀ ਦੇ ਮੂਲ ਦਾ ਆਧਾਰ ਬਣਾ ਕੇ ਪੇਸ਼ ਕੀਤਾ ਹੈ। ਡਾ. ਅੰਬੇਡਕਰ ਦੇ ਗਿਆਨ-ਸਿਧਾਂਤ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਬੁੱਧਿਜ਼ਮ ਦੇ ਪ੍ਰਤੀਤਯ ਸਮੁਤਪਾਦ ਦੇ ਸਿਧਾਂਤ ਬਾਰੇ ਸਹੀ ਜਾਣਕਾਰੀ ਪ੍ਰਾਪਤ ਕੀਤੀ ਜਾਵੇ।

## ਪ੍ਰਤੀਤਯ ਸਮੁਤਪਾਦ

ਦਰਸ਼ਨ ਦੇ ਖੇਤਰ ਵਿਚ ਤਥਾਗਤ ਬੁੱਧ ਪਹਿਲੇ ਭਾਰਤੀ ਵਿਚਾਰਵਾਨ ਹਨ, ਜਿਨ੍ਹਾਂ ਨੇ ਦਾਵੰਦਾਤਮਿਕ (ਦ੍ਵੰਦਾਤਮਿਕ) ਵਿਧੀ ਅਤੇ ਇਕ ਸਦੀਵੀ ਪਰਿਵਰਤਨ-ਪ੍ਰਕਿਰਿਆ (The law of Eternal Change) ਨੂੰ ਦਾਰਸ਼ਨਿਕ ਅਧਿਐਨ ਦੇ ਬੁਨਿਆਦੀ ਤੱਤਾਂ ਵਜੋਂ ਮਾਨਤਾ ਦਿੱਤੀ ਹੈ। ਅੰਬੇਡਕਰ ਨੇ ਇਸ ਵਿਸ਼ੇਸ਼ਤਾ ਨੂੰ ਹੀ ਆਧਾਰ ਮੰਨ ਕੇ ਬੁੱਧ ਫਲਸਫੇ ਦੀ ਪੁਨਰ-ਵਿਆਖਿਆ ਕੀਤੀ ਹੈ। ਬੁੱਧ ਨੇ



ਉਪਨਿਸ਼ਦਿਕ ਪ੍ਰਾਭੌਤਿਕ ਦ੍ਰਿਸ਼ਟੀ ਅਨੁਸਾਰ ਬ੍ਰਹਿਮੰਡ ਦੀ ਉਤਪਨੀ ਦੇ ਸਿਰਜਕ ਕਹੇ ਜਾਂਦੇ ਉਸ ਸਦੀਵੀ, ਆਦ੍ਰਿਸ਼ਟ ਬ੍ਰਹਮ ਅਤੇ 'ਆਤਮਾ' ਦੀਆਂ ਧਾਰਨਾਵਾਂ ਨੂੰ ਰੱਦ ਕਰਕੇ ਸਮਾਜਿਕ ਪਰਿਵਰਤਨ ਦੇ ਆਪਣੇ ਮੌਲਿਕ ਸਿਧਾਂਤ ਦੀ ਸਿਰਜਣਾ ਕੀਤੀ ਸੀ।[1] ਇਸ ਸਿਧਾਂਤ ਦੇ ਤਿੰਨ ਪੱਖ ਹਨ-

1. ਅਨਿੱਤਯਵਾਦ 2. ਪ੍ਰਤੀਤਯਸਮੁਤਵਾਦ 3. ਅਨਾਤਮਵਾਦ ਅਤੇ ਅਨੀਸ਼ਵਰਵਾਦ।[2] ਅਨਿੱਤਯਵਾਦ ਦਾ ਅਰਥ ਹੈ ਕਿ ਹਰ ਵਸਤੂ, ਹਰ ਚੀਜ਼, ਹਰੇਕ ਘਟਨਾ ਤੇ ਹਾਲਾਤ ਪਰਿਵਰਤਨਸ਼ੀਲ ਹੈ (Everything is in constant flux, change is the law of Nature)। ਪ੍ਰਤੀਤਯ ਸਮੁੱਤਪਾਦ (Dependant Origination) ਦਾ ਅਰਥ ਹੈ ਕਿ ਬਿਨਾ ਕਾਰਨ ਕੁੱਝ ਨਹੀਂ ਵਾਪਰਦਾ, ਜੋ ਵੀ ਵਾਪਰਦਾ ਹੈ ਉਸ ਦਾ ਕੋਈ ਨਾ ਕੋਈ ਕਾਰਨ ਜ਼ਰੂਰ ਹੁੰਦਾ ਹੈ। ਦੂਸਰੇ ਸ਼ਬਦਾਂ 'ਚ ਕਿਹਾ ਜਾ ਸਕਦਾ ਹੈ, "ਹਰ ਚੀਜ਼ ਕਿਸੇ ਕਾਰਨ ਤੋਂ ਹੀ ਹੋਂਦ ਗ੍ਰਹਿਣ ਕਰਦੀ ਹੈ।' ਜਾਂ 'ਇਸ ਦੇ ਹੋਣ ਤੇ ਹੀ ਅਜਿਹਾ ਹੁੰਦਾ ਹੈ।"[3] ਆਪਣੇ ਆਪ 'ਚ ਕੋਈ ਵਸਤੂ ਹੋਂਦ ਗ੍ਰਹਿਣ ਨਹੀਂ ਕਰ ਸਕਦੀ, ਨਾਂ ਹੀ ਹੋਂਦ 'ਚ ਰਹਿ ਸਕਦੀ ਹੈ ਅਤੇ ਨਾਂ ਹੀ ਕੋਈ ਵਸਤੂ / ਚੀਜ / ਵਰਤਾਰਾ ਆਪਣੇ ਆਪ 'ਚ ਪੂਰਨ ਹੁੰਦਾ ਹੈ, ਹਰੇਕ ਚੀਜ਼ /ਵਸਤੂ ਦੂਸਰੀ ਉਤੇ ਨਿਰਭਰ ਹੈ। (Exestince flows from a cause Nothing exists by itself. Nothing is absolute. Everything depends upon some thing else) ਅਨ-ਤਮਵਾਦ ਅਤੇ ਅਨਸ਼ਿਵਰਵਾਦ ਧਾਰਨਾਵਾਂ ਉਪਰਲੀਆਂ ਦੋਨਾਂ ਦਾ ਤਰਕਪੂਰਨ ਸਿਟਾ ਹੈ। ਇਨ੍ਹਾਂ ਦਾ ਅਰਥ ਸਿਧਾ ਤੇ ਸੌਖਾ ਹੈ, ਭਾਵ ਕਿ ਅਜਿਹੀ ਕੋਈ ਐਸੀ ਆਤਮਾ ਤੇ ਈਸ਼ਵਰ (ਬ੍ਰਹਮ) ਨਹੀਂ ਹਨ ਜੋ ਅਟੱਲ, ਸਦੀਵੀਂ ਤੇ ਪੂਰਨ ਹੋਵੇ। ਅਜਿਹਾ ਦਾਅਵਾ ਕਰਨਾ ਕਾਲਪਨਿਕ ਹੁੰਦਾ ਹੈ, ਉਸੇ ਤਰ੍ਹਾਂ ਜਿਵੇਂ ਕਿਸੇ ਬਾਂਝ ਇਸਤਰੀ ਤੋਂ ਜਨਮੀ ਲੜਕੀ ਦੇ ਸੁਹੱਪਣ ਦੀ ਗੱਲ ਕੀਤੀ ਜਾਵੇ।

ਤਥਾਗਤ ਬੁੱਧ ਹੀ ਅਜਿਹੇ ਪਹਿਲੇ ਵਿਚਾਰਵਾਨ ਹਨ ਜਿਨ੍ਹਾਂ ਬ੍ਰਹਿਮੰਡੀ ਤੇ ਸਮਾਜਿਕ ਵਰਤਾਰਿਆਂ ਦੀ ਉਤਪਤੀ ਤੇ ਵਿਕਾਸ ਨੂੰ ਦਾਵੰਦਾਤਮਿਕ ਦ੍ਰਿਸ਼ਟੀ ਰਾਹੀਂ ਇਕ ਪ੍ਰਕਿਰਿਆ ਦੇ ਰੂਪ 'ਚ ਪੇਸ਼ ਕੀਤਾ ਹੈ।[4] ਬੁੱਧ ਨੇ ਕਿਹਾ, "ਓ, ਭਿਖਸ਼ੂਓ, ਯਾਦ ਰਖੋ ਕਿ ਜਿਸ ਦੀ ਹੋਂਦ ਹੈ, ਉਸ ਦਾ ਅੰਤ ਵੀ ਹੈ। ਹਰ ਵਸਤੂ ਜਾਂ ਵਰਤਾਰੇ ਦਾ ਕੋਈ ਨਾ ਕੋਈ ਕਾਰਨ ਹੈ। ਜਦ ਕਾਰਨ ਆਲੋਪ ਹੋ ਜਾਂਦਾ ਹੈ, ਕਾਰਜ ਵੀ ਆਲੋਪ ਹੋ ਜਾਣਾ ਲਾਜ਼ਮੀ ਹੈ। ਜੋ ਸਥਿਰ ਦਿਖਾਈ ਦਿੰਦਾ ਹੈ, ਉਹ ਅਸਲ 'ਚ ਅਸਥਾਈ ਹੈ। ਆਪਣੀ ਸਿਖਰ ਤੇ ਪਹੁੰਚ ਕੇ ਹਰ ਵਰਤਾਰੇ ਦਾ ਗਿਰਨਾ ਅਟੱਲ ਹੈ। ਜਿਥੇ ਆਰੰਭ ਹੈ ਉਥੇ ਅੰਤ ਵੀ ਹੈ, ਜਿਥੇ ਸੁਮੇਲ ਹੈ ਉਥੇ ਨਿਖੇਧ ਵੀ ਹੈ, ਜਿਥੇ ਜੀਵਨ ਹੈ ਉਥੇ ਮੌਤ ਵੀ ਹੈ।"[5] ਇਸ ਤਰ੍ਹਾਂ ਬੁੱਧ ਨੇ ਆਪਣੇ ਹੀ ਢੰਗ ਰਾਹੀਂ ਵਿਰੋਧ-ਵਿਕਾਸ ਦਾ ਨਿਯਮ ਸਿਰਜਿਆ ਹੈ ਜਿਸ ਅਨੁਸਾਰ ਸੰਗਤੀ ਜਾਂ ਮੇਲ (unity) ਤੇ ਇਸ ਦੇ ਵਿਰੋਧ (Strife of opposites) ਦੀ ਪ੍ਰਕਿਰਿਆ ਰਾਹੀਂ ਦੁਨੀਆਂ ਇਕ ਸਦੀਵੀਂ ਵਿਕਾਸ-ਕਿਰਿਆ 'ਚ ਬੱਝੀ ਹੋਈ ਹੈ। ਬੋਧੀ ਗਰੰਥ 'ਮਿਲਿੰਦ ਪ੍ਰਸ਼ਨ' ਵਿਚ ਭਿਖਸ਼ੂ ਨਾਗਸੇਨ, ਯੂਨਾਨੀ ਬਾਦਸ਼ਾਹ ਮੀਨੇਂਦਰ ਦੇ ਪ੍ਰਸ਼ਨਾਂ ਦਾ ਉਤਰ ਦਿੰਦੇ ਸ਼ਪਸ਼ੱਟ ਕਰਦੇ ਹਨ ਕਿ ਇਸ ਪ੍ਰਕਿਰਿਆ ਰਾਹੀਂ ਵਾਪਰੀ ਤਬਦੀਲੀ ਗੁਣਾਂਤਮਿਕ ਹੁੰਦੀ ਹੈ।[6] ਬੁੱਧ ਨੇ ਇਸ ਪ੍ਰਕਿਰਿਆ ਨੂੰ ਹੋਰ ਸਪੱਸ਼ਟ ਕਰਨ ਲਈ ਪਾਣੀ ਤੇ ਅਗਨੀ ਦੀਆਂ ਉਦਾਹਰਣਾਂ ਦਿਤੀਆਂ ਹਨ, ਜਿਵੇਂ ਪਾਣੀ ਹਮੇਸ਼ਾ ਵਗਦਾ ਹੈ ਉਸੇ ਤਰ੍ਹਾਂ ਵਿਰੋਧ-ਵਿਕਾਸ ਦੀ ਪ੍ਰਕਿਰਿਆ ਵੀ ਹਮੇਸ਼ਾਂ ਹਰਕਤ 'ਚ ਰਹਿੰਦੀ ਹੈ। ਇਹ ਇਤਫਾਕ ਹੀ ਹੈ ਕਿ ਯੂਨਾਨ ਦੇ ਇਤਹਾਸ 'ਚ ਦਾਵੰਦਆਤਮਿਕ ਵਿਧੀ ਦਾ ਪ੍ਰਯੋਗ ਕਰਨ ਵਾਲੇ ਫਿਲਾਸਫਰ ਹੀਰਾਕਲਾਈਟੂ (Hera Clitus) ਤਥਾਗਤ ਬੁੱਧ ਦੇ ਸਮਕਾਲੀ ਸਨ। ਸਾਂਖਮੱਤ ਵੀ ਭਾਰਤ ਵਿਚ, ਪਰੀਣਾਮਵਾਦ ਦੇ ਰੂਪ 'ਚ ਅਜਿਹੇ ਹੀ ਇਕ ਦ੍ਰਿਸ਼ਟੀਕੋਣ ਦੀ ਸਿਰਜਣਾ ਕਰ ਚੁੱਕਾ ਸੀ ਜਿਸ ਅਨੁਸਾਰ ਦੁਨੀਆਂ ਇਕ ਐਸੀ ਗਤੀ ਦੀ ਪ੍ਰਤੀਨਿਧਤਾ ਕਰਦੀ ਦੱਸੀ ਗਈ ਹੈ ਜੋ ਕਦੇ ਵੀ ਖੰਡਿਤ ਨਹੀਂ ਹੁੰਦੀ।' ਲੇਕਿਨ ਇਹ ਵਿਚਾਰ ਆਪਣੇ ਮੁਢਲੇ ਰੂਪ 'ਚ ਹੀ ਸੀ ਉਸ ਸਮੇਂ। ਇਸ ਦਾ ਸਾਨੂੰ ਖਿਆਲ ਰੱਖਣਾ ਪਵੇਗਾ। ਬਾਬਾ ਸਾਹਿਬ ਅੰਬੇਡਕਰ ਨੇ ਉਸ ਸਿਧਾਂਤ ਨੂੰ ਮੁੱਢੋਂ ਹੀ ਰੱਦ ਕੀਤਾ ਹੈ ਜਿਸ ਅਨੁਸਾਰ ਮੰਨਿਆ ਜਾਂਦਾ ਹੈ ਕਿ ਬ੍ਰਹਿਮੰਡੀ ਵਰਤਾਰੇ ਦੀ ਕਿਸੇ ਖਾਸ ਤੇ ਨਿਸਚਿਤ

ਸਮੇਂ 'ਚ ਸ਼ੁਰੂਆਤ ਹੋਈ ਹੈ।[7] ।ਅੰਬੇਡਕਰ ਨੇ ਮੰਨਿਆਂ ਹੈ ਕਿ ਬ੍ਰਹਿਮੰਡ ਦਾ ਸਮੇਤ ਮਨੁੱਖ ਦੇ, ਵਿਕਾਸ ਹੋਇਆ ਹੈ।

## ਹੋਣਾ, ਨਾ ਹੋਣਾ ਤੇ ਬਣੇ ਰਹਿਣਾ

ਕਾਰਜ-ਕਾਰਨ ਸਿਧਾਂਤ (Casual Genesis) ਦੇ ਇਕ ਹੋਰ ਪੱਖ ਦੀ ਵਿਆਖਿਆ, ਭਾਵੇਂ ਸੰਖੇਪ 'ਚ ਹੀ ਸਹੀ, ਇਥੇ ਜ਼ਰੂਰੀ ਜਾਪਦੀ ਹੈ। ਉਹ ਹੈ ਕਿ ਕਿਸੇ ਕਾਰਜ ਜਾਂ ਘਟਨਾਵਾਂ ਦੇ ਇਕ ਕਾਰਨ ਦੀ ਬਿਜਾਏ ਕਈ ਕਾਰਨ ਹੋ ਸਕਦੇ ਹਨ-ਸਗੋਂ ਜੇ ਇਹ ਕਹੀਏ ਕਿ ਹੁੰਦੇ ਹਨ, ਇਹ ਜ਼ਿਆਦਾ ਬੇਹਤਰ ਵਿਆਖਿਆ ਹੋਵੇਗੀ। ਹੋਣਾ ਜਾਂ ਹੋਂਦ ਗ੍ਰਹਿਣ ਕਰਨਾ ( Being) ਦੀ ਪ੍ਰਕਿਰਿਆ 'ਚ ਹੋਂਦ ਜਾਂ ਅਸਤਿਤਵ 'ਚ ਬਣੇ ਰਹਿਣਾਂ Becoming) ਵੀ ਨਿਹਿਤ ਹੈ। ਜਿਵੇਂ ਬੁੱਧਿਸਟ ਵਿਦਵਾਨ ਮਹਾਂ ਸਥਾਵਿਰ ਸੰਘਰੱਕਸ਼ਿਤ ਨੇ ਸਪੱਸ਼ਟ ਕੀਤਾ ਹੈ ਕਿ ਬੁੱਧ ਦਾ ਫਲਸਫ਼ਾ ਸਤਿ (Reality) ਅਤੇ ਅਸਤਿਤਵ ਜਾਂ ਹੋਂਦ 'ਚ ਬਣੇ ਰਹਿਣ (Becoming) ਦੀ ਪ੍ਰਕਿਰਿਆ 'ਚ ਕੋਈ ਫਰਕ ਨਹੀਂ ਦੇਖਦਾ ਇਸ ਲਈ ਜੋ ਵੀ ਸੱਚ ਹੈ ਜਾਂ ਜਿਹੜੀ ਵਸਤੂ ਜਾਂ ਚੀਜ਼ ਹੈ ਉਹ ਗੁਣਾਂਤਮਿਕ ਤਬਦੀਲੀ ਰਾਹੀਂ ਵੀ ਗੁਜ਼ਰਦੀ ਰਹਿੰਦੀ ਹੈ। ( Since the Philosophy of The Buddha equates Reality with Becoming we must conclude that what ever is real also becomes)[8] ਤਥਾਗਤ ਬੁੱਧ ਦੀ ਆਪਣੀ ਸ਼ਬਦਾਵਲੀ ਹੈ-Asmin sati idam Bhavati ਜਿਸ ਨੂੰ ਅੰਗਰੇਜ਼ੀ ਭਾਸ਼ਾ 'ਚ ਰਾਹੁਲ ਸਾਂਕ੍ਰਿਤਯਾਯਨ ਨੇ ਇਸ ਤਰ੍ਹਾਂ ਲਿਖਿਆ ਹੈ- When This was, then This comes and it was then this becomes,[9] ਭਾਵ ਅਜਿਹਾ ਮੁਕੰਮਲ ਹੋਣ ਉਪਰੰਤ ਇਹ ਹੁੰਦਾ ਹੈ ਜਾਂ ਇਹ ਹੋਂਦ 'ਚ ਆਉਂਦਾ ਹੈ ਅਤੇ ਗੁਣਾਂਤਮਿਕ ਤਬਦੀਲੀਆਂ ਰਾਹੀਂ ਉਜਾਗਰ ਹੁੰਦਾ ਹੋਇਆ ਆਪਣਾ ਜੀਵਨ ਪੰਧ ਜਾਰੀ ਰਖਦਾ ਹੈ। ਇਸ ਤਰ੍ਹਾਂ ਭਿਖਸ਼ੂ ਸੰਘਰਕਸ਼ਿਤ ਜੀਵਨ-ਪ੍ਰਵਾਹ ਦੀ ਨਿਸ਼ੇਧ ਜਾਂ ਅਭਾਵ (Non-Being ਜਾਂ Negation) ਅਵਸਥਾ ਨੂੰ ਵੀ ਹੋਂਦ 'ਚ ਬਣੇ ਰਹਿਣ ਦੀ ਅਵਸਥਾ (Becoming) ਦਾ ਹੀ ਇਕ ਰੂਪ ਸਮਝਦੇ ਹਨ। ਤਥਾਗਤ ਬੁੱਧ ਦੇ ਇਸ ਸਿਧਾਂਤ ਦੀ ਹੀ ਸਿਖਰ ਅਵਸੱਥਾ ਹੈ, ਨਿਰਵਾਣ (Nibbana) ਦੀ ਅਵਸਥਾ-ਇਹ ਸਥਿਤੀ ਹੀ ਬੁੱਧਿਜ਼ਮ ਨੂੰ ਇਕ ਪੂਰਣ ਦਰਸ਼ਨ-ਸਾਸ਼ਤਰ ਦਾ ਰੁਤਵਾ ਪ੍ਰਦਾਨ ਕਰਦੀ ਹੈ। ਬਾਬਾ ਸਾਹਿਬ ਅੰਬੇਡਕਰ ਨੇ ਇਸ ਮਹਾਨ ਕਾਰਜ ਕਾਰਨ ਸਿਧਾਂਤ ਨੂੰ ਸਵੀਕਾਰ ਕਰਦੇ ਹੋਏ ਪ੍ਰਚਲਤ ਕਰਮ-ਸਿਧਾਂਤ ਦੇ ਭਾਗਵਾਦੀ ਪੱਖ ਨੂੰ ਮੂਲੋਂ ਹੀ ਰੱਦ ਕਰ ਦਿੱਤਾ ਹੈ। ਅੰਬੇਡਕਰ ਨੇ ਬ੍ਰਾਹਮਣੀ ਭਾਗਵਾਦੀ ਕਰਮ ਨੂੰ ਰੱਦ ਕਰਕੇ ਕਰਮ ਦੀ ਵਿਗਿਆਨਕ ਨਜ਼ਰੀਏ ਤੋਂ ਵਿਆਖਿਆ ਕੀਤੀ ਹੈ ਜਿਸ ਅਨੁਸਾਰ ਸੰਸਕਾਰਾਂ (Transmigrpation) ਨੂੰ ਕਰਮ ਦਾ ਦਰਜਾ ਨਹੀਂ ਦਿੱਤਾ ਗਿਆ ਹੈ। ਇਹ ਯਾਦ ਰਹੇ ਕਿ ਹਿੰਦੂਇਜ਼ਮ ਦਾ ਆਤਮਾਵਾਂ ਦਾ ਆਵਾਗਵਨ ਦਾ ਸਿਧਾਂਤ ਭਾਗਵਾਦੀ ਹੈ ਜਿਸ ਵਿਚ ਮਨੁੱਖੀ ਸੁਤੰਤਰਤਾ ਲਈ ਕੋਈ ਜਗ੍ਹਾ ਨਹੀਂ ਹੈ। ਇਸੇ ਤਰ੍ਹਾਂ ਬਾਬਾ ਸਾਹਿਬ ਵਲੋਂ ਬੁੱਧਿਜ਼ਮ ਦੀ ਕੀਤੀ ਪੁਨਰ-ਵਿਆਖਿਆ ਵਿਚ ਬ੍ਰਾਹਮਣਵਾਦੀ ਮੁਕਤੀ (ਮੋਖਸ਼) ਦੇ ਆਦਰਸ਼ ਨੂੰ ਵੀ ਮੁਢੋਂ ਹੀ ਰੱਦ ਕੀਤਾ ਹੈ ਕਿਉਂਕਿ ਜਦ ਅਮਰ-ਆਤਮਾ ਅਤੇ ਪਰਮ-ਆਤਮਾ ਦੀਆਂ ਧਾਰਨਾਵਾਂ ਦੀ ਹੀ ਕੋਈ ਹੋਂਦ ਨਹੀਂ ਹੈ ਤਾਂ ਮੁਕਤੀ ਦੇ ਕਿਸੇ ਕਿਸਮ ਦੇ ਸਿਧਾਂਤ ਦੀ ਕੋਈ ਸਾਰਥਿਕਤਾ ਹੀ ਨਹੀਂ ਰਹਿ ਜਾਂਦੀ। ਮੁਕਤੀ-ਪ੍ਰਾਪਤੀ ਦੇ ਆਦਰਸ਼ ਦੀ ਥਾਂ ਉਨ੍ਹਾਂ ਨੇ ਨਿਰਵਾਣ ਪ੍ਰਾਪਤੀ ਦੇ ਆਦਰਸ਼ ਨੂੰ ਮਾਨਤਾ ਦਿੱਤੀ ਹੈ।

## ਨਿਰਵਾਣ ਕੀ ਹੈ?

ਇਹ ਨਿਰਵਾਣ ਕੀ ਹੈ? ਨਿਰਵਾਣ (Nibbana) ਦੀ ਬਾਬਾ ਸਾਹਿਬ ਨੇ ਤਿੰਨ-ਪੱਖੀ ਵਿਆਖਿਆ ਕੀਤੀ ਹੈ। ਪਹਿਲੀ, ਨਿਰਵਾਣ ਤੋਂ ਭਾਵ ਹੈ ਚੇਤੰਨ ਜਾਂ ਸੰਜੀਵ ਪ੍ਰਾਣੀ ਦੀ ਖੁਸ਼ੀ ਦੀ ਪ੍ਰਾਪਤੀ ਲਈ ਸਮੱਯਕ ਯਤਨਾਂ (Right Actions) 'ਚ ਲੀਨ ਰਹਿਣਾ। ਦੂਸਰੀ, ਜੀਵਨ ਦੌਰਾਨ ਹੀ ਅਜਿਹੇ ਕਰਮ



ਕਰਨੇ ਜਿਨ੍ਹਾਂ ਰਾਹੀਂ ਵਾਸਤਵਿਕ ਜੀਵਨ ਦੇ ਹੀ ਖੁਸ਼ੀ ਭਰਪੂਰ ਜੀਵਨ ਦਾ ਆਨੰਦ ਮਾਣਨਯੋਗ ਹਾਲਾਤ ਪੈਦਾ ਹੁੰਦੇ ਰਹਿਣ। ਤੀਸਰੀ, ਨਿਰਵਾਣ ਦਾ ਭਾਵ ਹੈ ਕਿ ਚੰਗਿਆਈ ਭਰਪੂਰ ਜੀਵਨ ਪ੍ਰਵਾਹ ਵਿਚ ਰੁਕਾਵਟਾਂ ਪੈਦਾ ਕਰਨਯੋਗ ਵਾਸਨਾਵਾਂ ਉਪਰ ਇਸੀ ਜੀਵਨ 'ਚ ਕਾਬੂ ਪਾ ਲੈਣਾ। ਨਿਰਵਾਣ ਤੋਂ ਭਾਵ ਸਮੂਹ ਮਾਨਵੀ ਵਾਸ਼ਨਾਵਾਂ ਦੇ ਖਾਤਮੇ ਦੀ ਅਵਸੱਥਾ ਦੀ ਪ੍ਰਾਪਤੀ ਤੋਂ ਨਹੀਂ ਹੈ ਜਿਸ ਦਾ ਦੂਸਰਾ ਨਾਮ ਮੌਤ ਹੈ ਜਿਸ ਨੂੰ ਬੋਧੀ ਸ਼ਬਦਾਵਲੀ ਵਿਚ ਪ੍ਰੀ-ਨਿਰਵਾਣ ਦੀ ਸਥਿਤੀ ਕਿਹਾ ਜਾਂਦਾ ਹੈ। ਇਸ ਸਥਿਤੀ 'ਚ ਤਾਂ ਚੇਤੰਨ ਪ੍ਰਾਣੀ (Sentient Being) ਜੀਵਨ-ਪ੍ਰਵਾਹ ਦੀ ਅਗਲੀ ਅਵਸਥਾ (Non-Being) 'ਚ ਜਾ ਸ਼ਾਮਲ ਹੁੰਦਾ ਹੈ। ਸੋ ਨਿਰਵਾਣ ਦਾ ਅਰਥ ਹੈ ਜੀਉਂਦੇ ਜੀਅ ਚੰਗਿਆਈ ਆਧਾਰਤ ਸ਼ਾਸ਼ਨ (Moral order of righteosness) ਨੂੰ ਕਾਇਮ ਰੱਖਣ ਲਈ ਬੇਲੋੜੀਆਂ ਜਾਂ ਤੀਬਰ ਵਾਸ਼ਨਾਵਾਂ ਉਪਰ ਮੁਕੰਮਲ ਕੰਟਰੋਲ ਕਰਨ 'ਚ ਕਾਮਯਾਬੀ ਹਾਸਲ ਕਰ ਲੈਣੀ। ਬਾਬਾ ਸਾਹਿਬ ਨੇ ਬੁੱਧਿਜ਼ਮ ਅਨੁਸਾਰ ਤਿੰਨ ਕਿਸਮ[10] ਦੀਆਂ ਤੀਬਰ ਵਾਸਨਾਵਾਂ ਦੀ ਗੱਲ ਕੀਤੀ ਹੈ। ਪਹਿਲੀ ਕਿਸਮ ਦੀਆਂ ਉਹ ਲਾਲਸਾਵਾਂ ਜਿਹੜੀਆਂ ਬੇਲੋੜੀਆਂ ਖਾਹਸ਼ਾਂ ਦੀ ਪੂਰਤੀ ਲਈ ਉਕਸਾਉਂਦੀਆਂ ਹਨ ਜਿਵੇਂ ਕਾਮ-ਵਾਸ਼ਨਾ, ਲੋਭ-ਲਾਲਚ, ਪਿਆਰ 'ਚ ਦੀਵਾਨਾ ਹੋਣਾ ਆਦਿ, ਦੂਸਰੀਆਂ ਉਹ ਜਿਹੜੀਆਂ ਆ-ਸਮਾਜਕ ਰੁਚੀਆਂ ਨੂੰ ਜਨਮ ਦਿੰਦੀਆਂ ਹਨ ਜਿਵੇਂ, ਗੁੱਸਾ, ਘ੍ਰਿਣਾ, ਵਿਦਰੋਹ ਜਾਂ ਅਸੰਤੋਸ਼, ਸੰਤਾਪ (ਦੋਸ਼) ਆਦਿ, ਤੀਸਰੀ ਕਿਸਮ ਦੀਆਂ ਉਹ ਲਾਲਸਾਵਾਂ ਜਿਹੜੀਆਂ ਅਗਿਆਨਤਾ ਪੈਦਾ ਕਰਦੀਆਂ ਹਨ ਜਿਵੇਂ ਜੜ੍ਹਤਾ, ਮਾਇਆਜਾਲ ਜਾਂ ਵਹਿਮ, ਉੱਜਡਪੁਣਾ ਆਦਿ। ਪਹਿਲੀ ਤੇ ਦੂਸਰੀ ਕਿਸਮ ਦੀਆਂ ਲਾਲਸਾਵਾਂ ਸਮਾਜ ਦੇ ਦੂਸਰੇ ਮੈਂਬਰਾਂ ਪ੍ਰਤੀ ਮਨੁੱਖੀ ਰਵੱਈਆ, ਵਿਹਾਰ ਭਾਵਨਾਵਾਂ ਤੇ ਆਵੇਗਾਂ ਆਦਿ ਨੂੰ ਪ੍ਰਭਾਵਤ ਕਰਦੀਆਂ ਹਨ ਜਦ ਕਿ ਤੀਸਰੀ ਕਿਸਮ ਦੀਆਂ ਲਾਲਸਾਵਾਂ ਉਨ੍ਹਾਂ ਵਿਚਾਰਾਂ ਨਾਲ ਸੰਬੰਧਤ ਹਨ ਜਿਹੜੇ ਮਨੁੱਖਾਂ ਨੂੰ ਸਚਾਈ ਤੋਂ ਕੋਹਾਂ ਦੂਰ ਲੈ ਜਾਂਦੇ ਹਨ। ਇਹ ਤੀਬਰ ਲਾਲਸਾਵਾਂ ਮਨੁੱਖੀ ਮਨ 'ਚ ਤਪਸ਼ ਉਤਪੰਨ ਕਰਦੀਆਂ ਹਨ, ਤੀਬਰ ਖਾਹਸ਼ਾਂ ਦੀ ਇਸ ਤਪਸ਼ ਨੂੰ ਸ਼ਾਂਤ ਕਰਨਾ ਹੀ ਨਿਰਵਾਣ ਪ੍ਰਾਪਤੀ ਦੀ ਅਵਸਥਾ ਹੈ ਇਸ ਆਦਰਸ਼ ਦੀ ਪ੍ਰਾਪਤੀ ਉਪਰੰਤ ਵੀ ਸਜੀਵ ਪ੍ਰਾਣੀ ਜਿੰਦਾ ਰਹਿ ਕੇ ਆਪਣਾ-ਆਪ ਸਮਾਜਿਕ ਬੇਹਤਰੀ ਲਈ ਸਮਰਪਤ ਕਰਦਾ ਰਹਿੰਦਾ ਹੈ। ਨਿਰਵਾਣ ਪ੍ਰਾਪਤੀ ਉਪਰੰਤ ਪ੍ਰੀ-ਨਿਰਵਾਣ ਦੀ ਪ੍ਰਾਪਤੀ ਤੱਕ ਤਥਾਗਤ ਬੁੱਧ ਇਸੇ ਹੀ ਸ਼ਾਂਤਮਈ ਅਵੱਸਥਾ ਦੇ ਪ੍ਰਤੀਕ ਬਣੇ ਹੋਏ ਹਨ।

## ਚੇਤੰਨ ਪ੍ਰਾਣੀ ਕੀ ਹੈ?

ਬਾਬਾ ਸਾਹਿਬ ਡਾ. ਅੰਬੇਡਕਰ ਦੇ ਗਿਆਨ-ਸਿਧਾਂਤ ਬਾਰੇ ਚਰਚਾ ਦਾ ਪਹਿਲਾ ਪੜਾਅ ਹੈ ਕਿ ਮਨੁੱਖ, ਭਾਵ ਚੇਤੰਨ ਪ੍ਰਾਣੀ (Sentient Being) ਬਾਰੇ ਮੁਕੰਮਲ ਜਾਣਕਾਰੀ ਹਾਸਲ ਕੀਤੀ ਜਾਵੇ। ਬਾਬਾ ਸਾਹਿਬ ਦਾ ਵਿਸ਼ਵਾਸ ਹੈ ਕਿ ਬੁੱਧਿਸਟ ਦਰਸ਼ਨ ਅਨੁਸਾਰ ਸੰਜੀਵ ਪ੍ਰਾਣੀ ਦੋ ਕਿਸਮ ਦੇ ਤੱਤਾਂ ਦਾ ਮਿਸ਼ਰਣ ਹੈ ਜਿਨ੍ਹਾਂ ਨੂੰ ਪਾਲੀ ਭਾਸ਼ਾ ਵਿਚ ਸਕੰਦ (Khandas) ਕਿਹਾ ਗਿਆ ਹੈ। ਇਹ ਹਨ-ਸਰੀਰਕ ਭਾਵ ਰੂਪ-ਸਕੰਦ (Rupa Khanda) ਅਤੇ ਮਾਨਸਿਕ ਭਾਵ ਨਾਮ ਸਕੰਦ (Nama Khanda) ਸਰੀਰਕ ਤੱਤਾਂ ਵਿਚ ਮੁੱਖ ਤੌਰ ਤੇ ਸ਼ਾਮਲ ਹਨ-ਧਰਤੀ, ਪਾਣੀ, ਅਗਨੀ ਅਤੇ ਵਾਯੂ। ਨਾਮ ਸਕੰਦ ਭਾਵ ਮਾਨਸਿਕ ਤੱਤ ਨੂੰ ਅਸੀਂ ਚੇਤਨਾ ਦੇ ਰੂਪ 'ਚ ਮਹਿਸੂਸ ਕਰਦੇ ਹਾਂ ਜਿਸ ਨੂੰ ਪਾਲੀ ਭਾਸ਼ਾ ਦੇ ਸ਼ਬਦ 'ਵਿਗਿਆਨ' (vinana) ਰਾਹੀਂ ਸੰਬੋਧਨ ਕੀਤਾ ਜਾਂਦਾ ਹੈ। ਚੇਤਨਤਾ (Consciousness) ਅਗੇ ਤਿੰਨ ਰੂਪਾਂ 'ਚ ਪਰਗਟ ਹੁੰਦੀ ਹੈ- 1. ਵੇਦਨਾ, ਜਿਹੜੀ ਛੇ ਇੰਦਰੀਆਂ ਤੇ ਬ੍ਰਹਿਮੰਡੀ ਵਰਤਾਰਿਆਂ ਦੇ ਆਪਸੀ ਸੰਪਰਕ ਰਾਹੀਂ ਪਰਗਟ ਹੁੰਦੀ ਹੈ, 2. ਪਰਤਖ ਗਿਆਨ, ਜਿਸ ਨੂੰ ਪਾਲੀ ਭਾਸ਼ਾ 'ਚ ਸੰਗਿਆ (sanna) ਕਿਹਾ ਗਿਆ ਹੈ, ਅਤੇ 3. ਸੰਸਕਾਰ (sankhara) ਭਾਵ ਮਨ ਦੀਆਂ ਅਵਸਥਾਵਾਂ (states of mind) ।ਚੇਤਨਾ ਦਾ ਸਰੋਤ ਕੋਈ ਬਾਹਰੀ ਨਹੀਂ ਹੈ, ਇਹ ਭੌਤਿਕ ਤੱਤਾਂ ਦੇ ਮਿਸ਼ਰਣ ਜਾਂ ਆਪਸੀ ਟਕਰਾ ਜਾਂ ਸੰਬੰਧਾਂ ਰਾਹੀਂ ਹੀ ਵਿਕਸਿਤ ਹੋਈ ਹੈ-ਇਸ ਤੋਂ ਭਾਵ ਹੈ ਕਿ ਜਿਥੇ ਕਿਤੇ ਵੀ ਰੂਪ ਜਾਂ

ਕਾਇਆ ਪਰਗਟ ਹੁੰਦੀ ਹੈ ਚੇਤਨਾ ਇਸ 'ਚ ਨਿਹਿਤ ਹੁੰਦੀ ਹੈ। ਅੰਬੇਡਕਰੀ ਬੋਧ ਗਿਆਨ ਅਨੁਸਾਰ ਇਹ ਚੇਤਨਾ (conscionsness ਆਤਮਾ (soul) ਨਹੀਂ ਹੈ-ਚੇਤਨਾ ਤਾਂ ਸੰਗਿਆਨਿਕ (cognitive), ਭਾਵਨਾਤਮਿਕ (emotional) ਅਤੇ ਇੱਛਕ (volitional) ਹੁੰਦੀ ਹੈ ਜਦ ਕਿ ਆਤਮ ਦੀ ਧਾਰਨਾ ਦਾ ਇਨ੍ਹਾਂ ਵਿਸ਼ੇਸ਼ਤਾਵਾਂ ਨਾਲ ਕੋਈ ਸੰਬੰਧ ਨਹੀਂ ਬਝਦਾ ਹੈ।

ਡਾ. ਅੰਬੇਡਕਰ ਦੇ ਗਿਆਨ-ਸਿਧਾਂਤ ਦਾ ਆਧਾਰ ਮੁੱਢਲੇ ਬੁੱਧਿਜ਼ਮ (Early Buddhism) ਦੇ ਦਰਸ਼ਨ 'ਚ ਹੈ ਜਿਸ ਦੀ ਕਿ ਉਨ੍ਹਾਂ ਨੇ ਮੁੜ ਵਿਆਖਿਆ ਕਰਕੇ ਮਾਨਵਤਾ ਲਈ 'ਭਵਿੱਖ ਦਾ ਦਰਸ਼ਨ' ਦੇ ਰੂਪ 'ਚ ਪੇਸ਼ ਕੀਤਾ ਹੈ। ਡੀ. ਪੀ. ਚਟੋਪਾਧਿਆਏ ਨੇ ਤਥਾਗਤ ਬੁੱਧ ਨੂੰ ਵਿਸ਼ਵ ਦੇ ਪਹਿਲੇ ਰੈਸ਼ਨਲਿਸਟ ਤੇ ਸਮਾਜ ਵਿਗਿਆਨੀ ਦੀ ਉਪਾਧੀ ਦਿੱਤੀ ਹੈ। ਅੰਬੇਡਕਰ ਅਨੁਸਾਰ ਚੇਤਨ ਮਨੁੱਖ ਸਿਰਫ ਸਮੇਂ (time) ਕੁਦਰਤ (Nature), ਭੌਤਿਕ ਬੰਧਨ (Necessity), ਰੱਬ (God) , ਕਿਸਮਤ (Fate) , 'ਚ ਹੀ ਬੱਝਾ ਹੋਇਆ ਨਹੀਂ ਹੈ ਅਤੇ ਨਾ ਹੀ ਉਹ ਇਨ੍ਹਾਂ ਵਰਤਾਰਿਆਂ ਦੇ ਹੱਥ ਦੀ ਕੱਠਪੁਤਲੀ ਹੈ। ਜੇ ਅਜਿਹਾ ਹੈ ਤਾਂ ਫਿਰ ਉਸ ਦੇ ਅਸਤਿਤਵ ਜਾਂ ਹੋਂਦ ਦਾ ਕੀ ਫਾਇਦਾ? ਉਸ ਦੀ ਹੋਂਦ ਦਾ ਵੀ ਕੀ ਫਾਇਦਾ ਜੇ ਉਹ ਸੁਤੰਤਰ ਨਹੀਂ ਹੈ ? ਜੇ ਉਸਨੇ ਪ੍ਰਾ-ਭੌਤਿਕ ਵਰਤਾਰਿਆਂ ਦਾ ਹੀ ਸ਼ਿਕਾਰ ਰਹਿਣਾ ਹੈ ਤਾਂ ਫਿਰ ਉਸ ਨੂੰ ਤੇ ਸਮਾਜ ਨੂੰ ਉਸ ਦੀ ਬੁੱਧੀ (ਅਕਲ) ਦਾ ਕੀ ਫਾਇਦਾ ਹੈ ? ਬਾਬਾ ਸਾਹਿਬ ਅਨੁਸਾਰ ਜਿਵੇਂ ਉਪਰ ਵਰਨਣ ਹੈ, ਮਨੁਖੀ ਚੇਤਨਾ ਸੰਗਿਆਨਿਕ ਹੈ-ਭਾਵ ਕਿ ਗਿਆਨ ਮਨੁੱਖ-ਕੇਂਦਰਤ ਹੈ। ਸੰਜੀਵ ਪ੍ਰਾਣੀ ਕਿਉਂਕਿ ਸੁਤੰਤਰ ਹੈ, ਇਸ ਲਈ ਉਹ ਹਰੇਕ ਘਟਨਾ ਜਾਂ ਕੁਦਰਤੀ ਵਰਤਾਰਿਆਂ ਦੇ ਰਹੱਸ ਨੂੰ ਜਾਣਨ ਦੀ ਸਮਰੱਥਾ ਰੱਖਦਾ ਹੈ। ਇਸ ਪਿਛੋਕੜ 'ਚ ਪ੍ਰਾ-ਭੌਤਿਕਵਾਦ ਨੂੰ ਰੱਦ ਕਰਨ ਤੋਂ ਸਿਵਾਏ ਤਥਾਗਤ ਬੁੱਧ ਪਾਸ ਹੋਰ ਕੋਈ ਰਸਤਾ ਹੈ ਹੀ ਨਹੀਂ ਸੀ। ਬਾਬਾ ਸਾਹਿਬ ਅਨੁਸਾਰ ਬੁੱਧ ਨੇ ਅਜਿਹਾ ਕਰਨ ਦੇ ਤਿੰਨ ਮਨੋਰਥ ਮਿਥੇ ਹਨ। ਇਹ ਹਨ-(1) ਮਨੁੱਖ ਨੂੰ ਬੁੱਧੀਵਾਦ ਦੇ ਮਾਰਗ ਉਤੇ ਤੋਰੀ ਰੱਖਣਾ, (2) ਮਨੁੱਖ ਨੂੰ ਸਚਾਈ ਦੀ ਖੋਜ ਲਈ ਸੁਤੰਤਰਤਾ ਪ੍ਰਦਾਨ ਕਰਨੀ ਅਤੇ (3) ਵਹਿਮਾਂ ਭਰਮਾਂ ਜਾਂ ਅੰਧ-ਵਿਸ਼ਵਾਸ਼ਾਂ ਨੂੰ ਦੂਰ ਕਰਨਾ ਤਾਂ ਕਿ ਸੰਸਾਰ ਵਿਚੋਂ ਖੋਜ ਦੀ ਭਾਵਨਾ ਹੀ ਨਾ ਖਤਮ ਹੋ ਜਾਵੇ।[11]

## ਅੰਬੇਡਕਰ ਦਾ ਗਿਆਨ-ਸਿਧਾਂਤ

ਬਾਬਾ ਸਾਹਿਬ ਅੰਬੇਡਕਰ ਅਨੁਸਾਰ ਬੁੱਧਿਜ਼ਮ ਕਿਸੇ ਵਸਤੂ ਜਾਂ ਚੀਜ਼ ਜਾਂ ਵਰਤਾਰੇ ਨੂੰ ਸੱਚ ਜਾਂ ਯਥਾਰਥ ਸਵੀਕਾਰ ਕਰਨ ਦਾ ਇਕੋ ਇਕ ਪੈਮਾਨਾ ਹੈ-ਪ੍ਰਮਾਣ ਭਾਵ ਉਸ ਦੀ ਹੋਂਦ ਦੀ ਪ੍ਰਮਾਣਕਤਾ। ਡਾ. ਅੰਬੇਡਕਰ ਅਨੁਸਾਰ ਗਿਆਨ ਦੀ ਪ੍ਰਮਾਣਕਤਾ ਸਥਾਪਤ ਕਰਨ ਦੀਆਂ ਦੋ ਵਿਧੀਆਂ ਬੁੱਧ ਨੇ ਸਵੀਕਾਰ ਕੀਤੀਆਂ ਹਨ। ਇਹ ਹਨ- (1) ਪ੍ਰਤੱਖ-ਗਿਆਨ ਜਾਂ ਅਨੁਭੂਤੀ (Perception) ਅਤੇ (2) ਅਨੁਮਾਨ (Inference) .

ਪ੍ਰਤੱਖ ਗਿਆਨ ਅਰਥਾਤ ਅਨੁਭੂਤੀ ਤੋਂ ਭਾਵ ਹੈ ਮਨੁੱਖੀ ਇੰਦਰੀਆਂ ਰਾਹੀਂ ਕਿਸੇ ਚੀਜ਼ ਦੀ ਹੋਂਦ ਪ੍ਰਤੀ ਜਾਣਕਾਰੀ ਪ੍ਰਾਪਤ ਕਰ ਲੈਣਾ-ਜਿਵੇਂ ਅਸੀਂ ਕਿਸੇ ਵਸਤੂ, ਵਰਤਾਰੇ, ਘਟਨਾ ਆਦਿ ਨੂੰ ਅੱਖਾਂ ਨਾਲ ਦੇਖਦੇ ਹਾਂ, ਨੱਕ ਰਾਹੀਂ ਸੁੰਘਦੇ ਹਾਂ, ਸਰੀਰਕ ਛੂਹ ਰਾਹੀਂ ਉਸ ਦੀ ਹੋਂਦ ਮਹਿਸੂਸ ਕਰਦੇ ਹਾਂ, ਕੰਨਾਂ ਰਾਹੀਂ ਸੁਣਦੇ ਹਾਂ, ਜੀਭ ਰਾਹੀਂ ਸੁਆਦ ਚੱਖਦੇ ਹਾਂ ਤਾਂ ਸਬੰਧਤ ਚੀਜ਼ ਦੀ ਪ੍ਰਮਾਣਕਤਾ ਦਾ ਸਬੂਤ ਮਿਲਦਾ ਹੈ। ਕਈ ਵਾਰ ਕੋਈ ਚੀਜ਼ ਪ੍ਰਤੱਖ ਨਜ਼ਰ ਨਹੀਂ ਆਉਂਦੀ ਤਾਂ ਉਸ ਦੀ ਅਸਲੀਅਤ ਦਾ ਪ੍ਰਗਟਾਅ ਕਿਸੇ ਹੋਰ ਰੂਪ 'ਚ ਸਾਡੇ ਸਾਹਮਣੇ ਆਉਂਦਾ ਹੈ, ਜਿਵੇਂ ਬਿਜਲੀ ਪ੍ਰਤੱਖ ਨਜ਼ਰ ਨਹੀਂ ਆਉਂਦੀ ਲੇਕਿਨ ਇਸ ਦੇ ਸਿੱਟੇ ਇਸ ਦੀ ਪ੍ਰਮਾਣਕਤਾ ਸਥਾਪਤ ਕਰਦੇ ਹਨ। ਸੋ, ਬ੍ਰਹਿਮੰਡ 'ਚ ਅਨੇਕਾਂ ਵਸਤੂਆਂ ਜਾਂ ਚੀਜ਼ਾਂ ਅਜਿਹੀਆਂ ਹਨ ਜਿਨ੍ਹਾਂ ਦੀ ਸਚਾਈ ਅਸੀਂ ਉਨ੍ਹਾਂ ਵਲੋਂ ਉਤਪੰਨ ਸਿਟਿਆਂ ਤੋਂ ਕਰਦੇ ਹਾਂ। ਕਈ ਅਜਿਹੀਆਂ ਵਸਤੂਆਂ ਜਾਂ ਚੀਜ਼ਾਂ ਜਾਂ ਵਰਤਾਰੇ ਹਨ ਜਿਨ੍ਹਾਂ ਦੇ ਸੱਚ ਹੋਣ ਨੂੰ ਅਸੀਂ ਅਨੁਮਾਨ ਜਾਂ ਕਿਆਸ ਦੇ ਆਧਾਰ ਉਤੇ ਸਵੀਕਾਰ ਕਰਦੇ ਹਾਂ। ਇਹ ਅਨੁਮਾਨ ਅਸੀਂ ਤਰਕ ਦੇ ਆਧਾਰ ਤੇ ਲਾਉਂਦੇ ਹਾਂ



ਲੇਕਿਨ ਇਸ ਅਨੁਮਾਨ ਜਾਂ ਕਿਆਸ ਦੀ ਸਾਰਥਕਤਾ ਸਥਾਪਤੀ ਦਾ ਪੈਮਾਨਾ ਪੁਸ਼ਟੀ ਜਾਂ ਪ੍ਰਮਾਣਕਤਾ ਹੀ ਹੈ-ਸੋ ਜਿਨ੍ਹੀ ਦੇਰ ਅਨੁਮਾਨ ਦੀ ਪੁਸ਼ਟੀ ਨਹੀਂ ਹੋ ਜਾਂਦੀ ਉਨੀ ਦੇਰ ਅਜਿਹੀ ਚੀਜ਼ ਦੇ ਸੱਚ ਹੋਣ ਨੂੰ ਸਾਰਥਕ ਗਿਆਨ ਦਾ ਹਿੱਸਾ ਨਹੀਂ ਸਵੀਕਾਰ ਕੀਤਾ ਜਾ ਸਕਦਾ। ਕਈ ਵਾਰ ਅਸੀਂ ਕਿਸੇ ਚੀਜ਼ ਜਾਂ ਵਰਤਾਰੇ ਬਾਰੇ ਪੂਰਵ-ਧਾਰਨਾ ਬਣਾ ਲੈਂਦੇ ਹਾਂ, ਪਰੰਤੂ ਇਹ ਵੀ ਉਨੀ ਦੇਰ ਸਮਾਜਿਕ ਗਿਆਨ ਦਾ ਹਿੱਸਾ ਨਹੀਂ ਸਵੀਕਾਰੀ ਜਾਂਦੀ ਜਿਨੀ ਦੇਰ ਤੱਕ ਇਸ ਦੀ ਹੋਂਦ ਜਾਂ ਸਚਾਈ ਦੀ ਪੁਸ਼ਟੀ ਨਹੀਂ ਹੁੰਦੀ। ਬੋਧੀ ਵਿਦਵਾਨ ਪੀ. ਲਕਸ਼ਮੀ ਨਾਰਾਸੂ ਨੇ ਬੁੱਧ ਦੇ ਗਿਆਨ ਸਿਧਾਂਤ ਬਾਰੇ ਸਪੱਸ਼ਟ ਕੀਤਾ ਹੈ- "The Khowledge of Truth involves both a subjcetiue and an objective element and there fere possesses Two criterias. Firstly the Perception of Truth is Possible only for a mind free from prejudice, and passion. Secondly as truth never lies on the surface it needs pains to dive deep and grasp it."[13]

ਡਾ. ਅੰਬੇਡਕਰ (ਬੁੱਧ) ਗਿਆਨ ਦੀ ਉਤਪਤੀ 'ਚ ਦੋਨੋਂ ਅੰਤਰੀਵ ਤੇ ਵਸਤੂਪੂਰਵਕ ਤੱਤਾਂ ਦੀ ਭੂਮਿਕਾ ਨੂੰ ਸਵੀਕਾਰ ਕਰਦੇ ਹਨ, ਲੇਕਿਨ ਗਿਆਨ ਦੀ ਭਰੋਸੇ ਯੋਗਤਾ, ਇਸ ਦੀ ਪੁਸ਼ਟੀ ਜਾਂ ਪ੍ਰਮਾਣਤਕਤਾ ਰਾਹੀਂ ਹੀ ਸਿੱਧ ਹੋ ਸਕਦੀ ਹੈ। ਅੰਬੇਡਕਰ (ਬੁੱਧ) ਅਨੁਸਾਰ ਉਹੀ ਗਿਆਨ ਸਾਰਥਕ ਤੇ ਮੰਨਣਯੋਗ ਹੈ ਜੋ ਅਨੁਭਵੀ ਇੰਦਰੀਆਂ ਤੇ ਬੁੱਧੀ ਦੇ ਪਰਸਪਰ ਸਹਿਯੋਗ ਰਾਹੀਂ ਪ੍ਰਾਪਤ ਕੀਤਾ ਜਾਵੇ, ਅਜਿਹਾ ਗਿਆਨ ਹੀ ਵਿਗਿਆਨਕ ਹੋ ਸਕਦਾ ਹੈ ਜਿਹੜਾ ਸਮਾਜ 'ਚ ਗਿਆਨ ਭੰਡਾਰ ਦਾ ਹਿੱਸਾ ਬਣਦਾ ਹੈ। ਅੰਬੇਡਕਰ ਅਨੁਸਾਰ ਬੁੱਧ ਦੇ ਗਿਆਨ ਸਿਧਾਂਤ ਵਿਚ ਕੋਈ ਵੀ ਐਸੇ ਵਿਸ਼ਵਾਸ਼ ਸ਼ਾਮਲ ਨਹੀਂ ਹਨ ਜਿਹੜੇ ਮਨੁੱਖੀ ਗਿਆਨ ਦੇ ਦਾਇਰੇ ਤੋਂ ਬਾਹਰੋਂ ਆ ਕੇ ਗਿਆਨ ਭੰਡਾਰ ਦਾ ਹਿੱਸਾ ਬਣੇ ਹੋਣ। (In Buddhism There are no beliefs which are not the out come of human Knowledge) ਅੰਬੇਡਕਰ ਦੇ ਬੁੱਧਿਜ਼ਮ ਅਨੁਸਾਰ ਚੇਤਨ ਪ੍ਰਾਣੀ ਬੁੱਧੀ (ਅਕਲ) ਦੀ ਵਰਤੋਂ ਰਾਹੀਂ ਹਰੇਕ ਘਟਨਾ ਜਾਂ ਵਰਤਾਰੇ ਦੇ ਕਾਰਨਾ ਤੇ ਪ੍ਰਭਾਵਾਂ ਦੀ ਖੋਜ ਕਰ ਸਕਣ ਦੇ ਸਮਰੱਥ ਹੈ। ਅੰਬੇਡਕਰ ਨੇ ਪ੍ਰਮਾਣਕਤਾ (Proof) ਨੂੰ ਗਿਆਨ ਦਾ ਭਰੋਸੇਯੋਗ ਆਧਾਰ ਮੰਨ ਕੇ ਧਾਰਮਿਕ ਹਸਤੀਆਂ, ਰਿਸ਼ੀਆਂ-ਮੁਨੀਆਂ, ਸੰਤਾਂ-ਭਗਤਾਂ ਦੇ ਹੀ ਗਿਆਨਵਾਨ ਹੋਣ ਉਤੇ ਪ੍ਰਸ਼ਨ ਚਿੰਨ੍ਹ ਲਾਇਆ ਹੈ। ਅਧੁਨਿਕ ਯੁੱਗ ਵਿਚ ਤਾਂ ਵਿਗਿਆਨਕ ਪ੍ਰਗਤੀ ਨੇ ਗਿਆਨ ਦੇ ਸੰਕਲਪ ਨੂੰ ਹੋਰ ਵੀ ਵਿਸ਼ਾਲ ਤੇ ਅਰਥ-ਭਰਪੂਰ ਬਣਾ ਦਿੱਤਾ ਹੈ।

## ਪ੍ਰਤਿਕਰਾਂਤੀ-ਵੇਦਾਂਤ, ਮਾਇਆਵਾਦ ਤੇ ਅੰਬੇਡਕਰ

ਤਥਾਗਤ ਬੁੱਧ ਨੇ ਆਪਣੇ ਕਾਰਜ-ਕਾਰਨ ਸਿਧਾਂਤ ਰਾਹੀਂ ਸਿੱਧ ਕਰ ਦਿੱਤਾ ਸੀ ਕਿ 'ਬ੍ਰਹਮ' ਤੇ 'ਆਤਮਾ' ਨਾਮ ਦੀਆਂ ਧਾਰਨਾਵਾਂ ਆਧਾਰਹੀਣ ਹਨ। ਇਸ ਦੇ ਫਲਸਰੂਪ ਉਪਨਿਸ਼ਦਿਕ ਰਹੱਸਮਈ ਵਿਚਾਰਧਾਰਾ ਉਤੇ ਇਕ ਤਕੜਾ ਹਮਲਾ ਹੋਇਆ ਸੀ। ਬੁੱਧ ਦੇ ਸਿਧਾਂਤ ਨੇ ਸਿੱਧ ਕਰ ਦਿੱਤਾ ਸੀ ਕਿ ਵੇਦ ਈਸ਼ਵਰ ਉਤਪਤੀ ਨਹੀਂ ਹਨ, ਕਿਉਂਕਿ ਈਸ਼ਵਰ ਨੂੰ ਕਿਸੇ ਨੇ ਕਦੇ ਦੇਖਿਆ ਨਹੀਂ ਹੈ, ਅਤੇ ਨਾ ਈਸ਼ਵਰ ਤੇ ਨਾਂ ਹੀ ਵੇਦ ਅਨਾਦਿ ਹਨ ਅਰਥਾਤ ਵੇਦ ਬਾਣੀ ਮਾਨਵ-ਰਚਿਤ ਹੈ। ਇਸ ਲਈ ਵੇਦਾਂ 'ਚ ਅੰਕਿਤ ਵਿਚਾਰ ਦੋਸ਼ ਰਹਿਤ ਨਹੀਂ ਹਨ। ਲੇਕਿਨ ਬ੍ਰਾਹਮਣਵਾਦੀ ਤਾਕਤਾਂ ਦੀ ਅਗਵਾਈ 'ਚ ਵਾਪਰੀ ਪ੍ਰਤਿ-ਕਰਾਂਤੀ ਤੋਂ ਬਾਅਦ ਆਤਮਵਾਦੀ ਵਿਚਾਰਧਾਰਾ ਨੂੰ ਬੜਾ ਬੱਲ ਮਿਲਿਆ ਸੀ। ਹਿੰਦੂ ਧਰਮ ਸ਼ਾਸ਼ਤਰਾਂ ਦੀ ਸਰਗਰਮ ਭੂਮਿਕਾ ਨੇ ਬੁੱਧੀਵਾਦੀ ਤੇ ਸੁਤੰਤਰ ਸੋਚ ਦੇ ਹਾਮੀਆਂ (Hiatuka) ਨੂੰ ਨਿੰਦਿਆ ਤੇ ਲੋੜ ਪੈਣ ਤੇ ਉਨ੍ਹਾਂ ਉਪਰ ਤਸ਼ੱਦਦ ਕਰਕੇ ਦਬਾਇਆ ਵੀ। ਇਥੋਂ ਤੱਕ ਕਿ ਮਹਾਂ-ਕਾਵਿ (ਮਹਾਂ ਭਾਰਤ ਤੇ ਰਮਾਇਣ) ਨੂੰ ਸਾਹਿਤਕ ਰੂਪ ਦੇਣ ਵਾਲਿਆਂ ਸੰਪਾਦਕਾਂ ਤੇ ਸੰਸ਼ੋਧਕਾਂ ਨੇ ਇਨ੍ਹਾਂ ਦੀਆਂ ਧਰਮ-ਸ਼ਾਸ਼ਤਰਾਂ ਅਨੁਕੂਲ ਸਿੱਖਿਆਵਾਂ ਨੂੰ ਸਾਧਾਰਨ ਲੋਕਾਂ ਤੱਕ ਲੈ ਜਾਣ ਦੀ ਸ਼ਕਤੀਸ਼ਾਲੀ ਭੂਮਿਕਾ ਨਿਭਾਈ ਹੈ।[15]

ਭਾਰਤੀ ਦਰਸ਼ਨ ਤੇ ਸੱਭਿਆਚਾਰ ਦਾ ਇਤਿਹਾਸ ਦਰਸਾਉਂਦਾ ਹੈ ਕਿ ਲਗ ਭਗ ਇਸੇ ਹੀ ਸਮੇਂ ਦੌਰਾਨ ਉਪਨਿਸ਼ਦਾਂ ਉਪਰ ਟਿੱਪਣੀਆਂ ਸ਼ੁਰੂ ਹੋਈਆਂ- ਸਭ ਤੋਂ ਪਹਿਲੇ ਅਜਿਹੇ ਟਿੱਪਣੀਕਾਰ ਬੱਦਰੀਆਣ ਸਨ ਜਿਨ੍ਹਾਂ ਨੇ 'ਬ੍ਰਹਮ-ਸੂਤਰ' ਨਾਮ ਦੇ ਗ੍ਰੰਥ ਰਚੇ। ਇਨ੍ਹਾਂ ਗ੍ਰੰਥਾਂ ਰਾਹੀਂ ਬੱਦਰੀਆਣ ਨੇ ਤਰਕ-ਵਿਦਿਆ (Anviksiki-Vidya) ਦੇ ਵਿਰੋਧ 'ਚ ਉਪਨਿਸ਼ਦਾਂ ਦੀ ਅਧਿਆਤਮ ਵਿਦਿਆ (Adhyatma-vidya) ਪੱਖੀ ਵਿਆਖਿਆ ਕੀਤੀ ਹੈ।[16] ਬੱਦਰੀਆਣ ਤੋਂ ਬਾਅਦ ਪ੍ਰਮੁੱਖ ਤੌਰ ਤੇ ਗੌਡਪੱਦ ਨੇ ਇਸੇ ਵਿਚਾਰਵਾਦੀ ਪਰੰਪਰਾ ਨੂੰ ਆਪਣੇ ਅਗਿਆਤ ਵਾਦ (Ajata-vad) ਰਾਹੀਂ ਅੱਗੇ ਤੋਰਿਆ ਹੈ। ਉਸ ਤੋਂ ਬਾਅਦ ਸ਼ੰਕਰ ਅਚਾਰਯ ਨੇ ਆਪਣੇ ਅਦਵੈਤਵਾਦ (advaita-vedanta) ਜਾਂ ਅਦਵੈਤ ਵੇਦਾਂਤ ਰਾਹੀਂ ਤਰਕ ਵਿਦਿਆ ਦੇ ਵਿਰੋਧ 'ਚ ਉਪਨਿਸ਼ਦਕ ਵਿਚਾਰਵਾਦੀ ਦਰਸ਼ਨ ਨੂੰ ਮਜ਼ਬੂਤ ਦਲੀਲਾਂ ਦੇ ਕੇ ਭਾਰਤੀ ਮਨ ਉਤੇ ਪ੍ਰਭਾਵ ਕਾਇਮ ਕਰਨ 'ਚ ਕਾਮਯਾਬ ਹਾਸਲ ਕੀਤੀ ਹੈ। ਸ਼ੰਕਰ ਕੇਰਲ ਦੇ ਰਹਿਣ ਵਾਲੇ ਸਨ, ਲੇਕਿਨ ਉਸ ਨੇ ਭਾਰਤ ਦੇ ਚਾਰੋ ਹਿੱਸਿਆ 'ਚ ਮੱਠ ਸਥਾਪਤ ਕਰਕੇ ਮਾਇਆਵਾਦ (Mayavada) ਦਾ ਖੂਬ ਪ੍ਰਚਾਰ ਕੀਤਾ ਹੈ। ਇਸੇ ਪਰੰਪਰਾ ਨੇ ਸ਼ੰਕਰ ਤੋਂ ਬਾਅਦ ਰਾਮਾਨੁਜ ਵਲੋਂ ਸਿਰਜੇ ਭਗਤੀ ਦੇ ਦਰਸ਼ਨ ਵਿਸ਼ਿਸ਼ਟਾਦਵੈਤਵਾਦ ਰਾਹੀਂ ਸਾਰੇ ਭਾਰਤ ਨੂੰ ਹੀ ਭਗਤੀ ਦੇ ਰੰਗ 'ਚ ਰੰਗਿਆ ਹੋਇਆ ਹੈ। ਸ਼ੰਕਰ ਨੇ 'ਬ੍ਰਹਮ' ਨੂੰ ਹੀ ਇਕ ਮਾਤਰ 'ਸਤ' ਮੰਨਿਆ ਹੈ, ਜੀਵ (ਆਤਮਾ) ਤੇ ਬ੍ਰਹਮ ਇਕ ਹੀ ਹਨ। ਬ੍ਰਹਮ-ਸਤਿ, ਚਿਤ ਅਤੇ ਆਨੰਦ ਹੈ। ਸ਼ੰਕਰ ਨੇ ਵਾਸਤਵਿਕ ਜਗਤ, ਨੂੰ ਮਿਥਿਆ ਕਿਹਾ ਹੈ। ਇਸ ਪਿਛੋਕੜ 'ਚ ਰਾਮਾਨੁਜ ਨੇ 'ਬ੍ਰਹਮ ਸੂਤਰ' ਦੀ ਈਸ਼ਵਰਵਾਦੀ ਵਿਆਖਿਆ ਕਰਕੇ ਵੈਸ਼ਨਵ-ਧਰਮ ਦਾ ਭਗਤੀ ਦਰਸ਼ਨ ਸਿਰਜਿਆ ਹੈ।

ਆਧੁਨਿਕ ਭਾਰਤ ਦੇ ਲੀਡਰਾਂ ਤੇ ਧਾਰਮਿਕ ਮਹਾਂ ਪੁਰਸ਼ਾਂ ਨੇ ਬ੍ਰਿਟਿਸ਼ ਸਾਮਰਾਜ ਵਿਰੁਧ ਜਦੋਂ ਜਹਿਦ ਦੌਰਾਨ ਤੇ ਆਜ਼ਾਦੀ ਪ੍ਰਾਪਤੀ ਉਪਰੰਤ ਅੱਜ ਤੱਕ ਇਸੇ ਵੇਦਾਂਤ, ਅਦਵੈਤ-ਵੇਦਾਂਤ ਅਤੇ ਵਿਸ਼ਿਸ਼ਟਾ ਦਵੈਤ ਦਰਸ਼ਨ ਦੀ ਵਿਚਾਰਵਾਦੀ ਪਰੰਪਰਾ ਨੂੰ ਪ੍ਰਗਤੀਸ਼ੀਲ ਧਾਰਾ ਦੇ ਰੂਪ 'ਚ ਪੇਸ਼ ਕੀਤਾ ਹੈ। ਕਿਹਾ ਗਿਆ ਕਿ ਜ਼ਾਤ-ਪਾਤ, ਛੂਆ-ਛੂਤ, ਆਰਥਿਕ ਨਾ-ਬਰਾਬਰਤਾ ਤੇ ਮੰਦਹਾਲੀ ਅਤੇ ਹੋਰ ਸਮਾਜਿਕ ਬੁਰਾਈਆਂ ਦਾ ਸਹੀ ਹੱਲ ਸਿਰਫ ਤੇ ਸਿਰਫ ਇਹੀ ਦਾਰਸ਼ਨਿਕ ਧਾਰਾ ਕਰ ਸਕਣ ਦੇ ਸਮਰੱਥ ਹੈ- ਇਸ ਨੂੰ ਹੀ ਸਮਾਰਟ ਦਰਸ਼ਨ (Smart Darshan) ਸਮਝਿਆ ਜਾਣ ਲੱਗਾ। ਇਹ ਪ੍ਰਚਾਰਿਆ ਜਾਂਦਾ ਹੈ ਕਿ 'ਬ੍ਰਹਮ' ਜਾਂ ਈਸ਼ਵਰ ਸਰਬ ਵਿਆਪਕ ਹੈ, ਕਣ ਕਣ ਵਿਚ ਵਿਦਮਾਨ ਹੈ, ਇਸ ਲਈ ਕੋਈ ਮਨੁੱਖ ਅਮੀਰ-ਗਰੀਬ, ਉਚ-ਨੀਚ, ਵੱਡਾ-ਛੋਟਾ ਹੈ ਹੀ ਨਹੀਂ, ਪ੍ਰਮਾਤਮਾ ਦੀਆਂ ਨਜ਼ਰਾਂ ਵਿਚ ਸਭ ਬਰਾਬਰ ਹਨ। ਇਸ ਲਈ ਬਰਾਬਰੀ ਲਈ ਸੰਘਰਸ਼ ਕਿਸ ਵਾਸਤੇ? ਇਹ ਵੀ ਕਿਹਾ ਜਾਂਦਾ ਹੈ ਕਿ ਮਨੁੱਖ ਦੇ ਆਪਣੇ ਵਸ 'ਚ ਤਾਂ ਕੁਝ ਹੈ ਹੀ ਨਹੀਂ ਜੋ ਵਾਪਰਨਾ ਹੈ(ਚੰਗਾ-ਮਾੜਾ) ਸਭ ਕਰਮਾਂ ਦਾ ਖੇਲ ਹੈ ਜਾਂ ਰੱਬੀ ਮਿਹਰ ਸਦਕਾ ਹੋਣਾ ਹੈ। ਸਮੁੱਚੀ ਭਗਤੀ ਲਹਿਰ ਦਾ ਇਹੀ ਟੀਚਾ ਹੈ-ਇਹੀ ਮਨੋਰਥ ਹੈ। ਸਦੀਆਂ ਤੋਂ ਇਹੀ ਮੰਨਿਆ ਤੇ ਇਸ ਤੇ ਅਮਲ ਕੀਤਾ ਜਾ ਰਿਹਾ ਹੈ।

ਸਾਮਰਾਜ ਵਿਰੁੱਧ ਸੰਘਰਸ਼ ਦੌਰਾਨ ਆਤਮਵਾਦੀ ਸਿਧਾਂਤ ਦੀ ਅਰਵਿੰਦ ਘੋਸ਼ ਨੇ ਭਾਰਤ ਦੇ ਹੱਕ 'ਚ ਇਹ ਕਹਿ ਕੇ ਵਰਤੋਂ ਕੀਤੀ ਕਿ 'ਆਤਮਾ' ਤਾਂ ਸੁਤੰਤਰ ਹੈ, ਇਸ ਨੂੰ ਗੁਲਾਮ ਜਾਂ ਕੈਦ ਨਹੀਂ ਕੀਤਾ ਜਾ ਸਕਦਾ, ਭਾਰਤ ਦੀ ਆਤਮਾ ਨੇ ਸੁਤੰਤਰ ਹੋਣਾ ਹੀ ਹੋਣਾ ਹੈ-ਅਰਥਾਤ ਭਾਰਤ ਦੀ ਸੁਤੰਤਰਤਾ ਨੂੰ ਕੋਈ ਰੋਕ ਨਹੀਂ ਸਕਦਾ ਹੈ। ਅਰਵਿੰਦ ਤਾਂ ਸੁਪਰ-ਮਨ ਦੇ ਵਿਕਾਸ ਦੀਆਂ ਸੰਭਾਵਨਾਵਾਂ ਭਾਰਤੀ-ਮਨ 'ਚ ਹੀ ਦੇਖਦੇ ਹਨ, ਅਜਿਹਾ ਮਨ ਜਿਸ ਦੀ ਸਰਦਾਰੀ ਸਮੁੱਚੀ ਵਿਸ਼ਵ 'ਚ ਸਥਾਪਤ ਹੋਣੀ ਵੇਦਾਂਤਿਕ ਵਿਚਾਰਧਾਰਾ 'ਚ ਨਿਹਿਤ ਹੈ। ਅਜਿਹਾ ਵਿਚਾਰ ਅੱਜ ਕੱਲ ਭਾਰਤ 'ਚ, ਖਾਸ ਕਰਕੇ ਮੱਧ-ਵਰਗੀ ਜਮਾਤ ਦੇ ਮਨ 'ਚ, ਘਰ ਕਰੀ ਬੈਠਾ ਹੈ। ਪਿਛਲੇ 20-25 ਸਾਲਾਂ ਤੋਂ (ਲਿੱਬਰੇਲਾਈਜ਼ੇਸ਼ਨ ਦੇ ਭਾਰਤੀ ਆਰਥਿਕਤਾ 'ਚ ਪ੍ਰਵੇਸ਼ ਹੋਣ ਦੇ ਸਮੇਂ ਤੋਂ) "ਭਾਰਤ ਦੇ ਉਦੈ ਹੋਣ" ਦਾ ਵਿਚਾਰ ਚਰਚਾ 'ਚ ਹੈ। ਹੁਣ ਅਜਿਹਾ ਸ਼ੁੱਭ ਸਮਾਂ ਸੰਨ 2020 ਦੇ ਆਸ ਪਾਸ ਆਉਣ ਦੀ ਗੱਲ ਕਹੀ ਜਾ ਰਹੀ ਹੈ। ਅਰਵਿੰਦ ਤੋਂ ਪਿਛੋਂ ਸਵਾਮੀ ਵਿਵੇਕਾਨੰਦ



ਵੇਦਾਂਤ ਦਰਸ਼ਨ ਦੇ ਬਹੁਤ ਸ਼ਕਤੀਸ਼ਾਲੀ ਸਮਰਥੱਕ ਰਹੇ ਹਨ। ਇਸ ਦਰਸ਼ਨਿਕ ਧਾਰਾ ਕਾਰਨ ਹੀ ਵਿਸ਼ਵ ਵਿਚ ਭਾਰਤ ਦੀ ਪ੍ਰਸਿੱਧੀ ਉਨ੍ਹਾਂ ਨੇ ਸਥਾਪਤ ਕੀਤੀ ਸੀ। ਦਰਅਸਲ, ਸਾਮਰਾਜੀ ਸ਼ਕਤੀਆਂ ਨੂੰ ਇਹ ਵਿਚਾਰ ਬੜਾ ਰਾਸ ਆਉਂਦਾ ਸੀ, ਉਹ ਇਸ ਦਰਸ਼ਨ ਦੀ ਤਾਰੀਫ ਕਰਕੇ ਭਾਰਤ ਦੀਆਂ ਸਾਧਨ-ਸੰਪਨ ਤੇ ਉੱਚੀਆਂ (ਦਵਿਜ-ਜਾਤੀਆਂ) ਸ਼੍ਰੈਣੀਆਂ, ਜੋ ਉਤਪਾਦਨੀ ਪ੍ਰਕਿਰਿਆ ਤੋਂ ਅਭਿਜ ਸਨ, ਤੋਂ ਮਾਣ-ਜਸ਼ ਦੀ ਪ੍ਰਾਪਤੀ ਕਰੀ ਜਾਂਦੇ ਸਨ, ਦੂਸਰੇ ਪਾਸੇ ਉਤਪਾਦਨ ਨਾਲ ਜੁੜੇ ਪਰ ਆਰਥਿਕ ਸਮਾਜਿਕ ਮੰਦਹਾਲੀ ਦਾ ਸ਼ਿਕਾਰ ਲੋਕਾਂ (ਖਾਸ ਕਰਕੇ ਨੀਵੀਆਂ (ਨਾਨ ਦਵਿਜ) ਜਾਤੀਆਂ ਨੂੰ ਇਸ ਅਧਿਆਤਮਵਾਦੀ ਰਹੱਸ 'ਚ ਫਸਾ ਕੇ ਆਪਣਾ ਰਾਜ-ਭਾਗ ਕਾਇਮ ਰਖਕੇ ਉਨ੍ਹਾਂ ਨੂੰ ਲੁੱਟ 'ਚ ਭਾਗੀਦਾਰ ਵੀ ਬਣਾ ਰਹੀਆਂ ਸਨ। ਵੇਦਾਂਤ ਅਨੁਸਾਰ 'ਆਤਮਾ' ਸੁਤੰਤਰ ਹੈ 'ਬ੍ਰਹਮ' 'ਚ ਲੀਨ ਹੋਣ ਲਈ ਨਾ ਕਿ ਵਿਅਕਤੀ ਦੀ ਸੁਤੰਤਰ ਹਸਤੀ ਸਥਾਪਤ ਕਰਨ ਲਈ। 'ਬ੍ਰਹਮ' 'ਚ ਲੀਨ ਹੋਣਾ ਆਤਮਾ ਦੀ ਹੋਣੀ ਹੈ, ਅਜਿਹਾ ਹੋਣਾ ਨਿਸਚਿਤ ਹੈ। ਇਸ ਨੂੰ ਕੋਈ ਰੋਕ ਨਹੀਂ ਸਕਦਾ ਹੈ। ਅਜਿਹਾ ਵਿਚਾਰ ਇਕ ਰਹੱਸ ਤਾਂ ਪੈਦਾ ਕਰ ਸਕਦਾ ਹੈ, ਕਿਸੇ ਦੇ ਜੀਵਨ ਜਾਂ ਸਮਾਜਿਕ ਜੀਵਨ ਦੀਆਂ ਪਦਾਰਥਕ ਹਾਲਤਾ 'ਚ ਕੋਈ ਪਰਿਵਰਤਨ ਨਹੀਂ ਲਿਆ ਸਕਦਾ। ਇਹੀ ਭੂਮਿਕਾ ਨਿਭਾਉਂਦਾ ਆ ਰਿਹਾ ਹੈ ਇਹ ਵੇਦਾਂਤੀ ਵਿਚਾਰ। ਕਈ ਮਾਰਕਸੀ ਚਿੰਤਕ ਤੇ ਲੀਡਰ ਵੀ ਸੋਚਣ, ਮੰਨਣ ਤੇ ਪ੍ਰਚਾਰਨ ਲੱਗੇ ਕਿ ਵੇਦਾਂਤ ਦਰਸ਼ਨ ਪ੍ਰਗਤੀਵਾਦੀ ਹੈ। -ਐਸ. ਏ. ਡਾਂਗੇ ਅਤੇ ਉਨ੍ਹਾਂ ਦੀ ਸਪੁੱਤਰੀ ਰੋਜ਼ਾ ਦੇਸ਼ ਪਾਂਡੇ ਇਨ੍ਹਾਂ ਵਿਚੋਂ ਪ੍ਰਮੁੱਖ ਰਹੇ ਹਨ। ਜੈ ਪ੍ਰਕਾਸ਼ ਨਰਾਇਣ ਵੀ ਇਸੇ ਵਿਚਾਰ ਦੇ ਸਨ। ਸਮਾਜਵਾਦੀ ਵਿਚਾਰਧਾਰਾ ਦਾ ਆਰੰਭ ਵੇਦ-ਵਿਚਾਰ 'ਚ ਹੀ ਨਿਹਿਤ ਸਮਝਿਆ ਤੇ ਪ੍ਰਚਾਰਿਆ ਜਾਣ ਲੱਗਾ। ਇਹੀ ਕਾਰਨ ਹੈ ਕਿ ਅੱਜ ਦੇ ਭਾਰਤ ਵਿਚ ਮਾਰਕਸਵਾਦ ਵਰਗੇ ਪਦਾਰਥਵਾਦੀ ਦਰਸ਼ਨ ਨੂੰ ਵੀ ਵੇਦਾਂਤ 'ਚ ਹੀ ਸੰਮਿਲਤ ਸਮਝਿਆ ਜਾਣ ਲੱਗਾ ਹੈ। ਵੀਹਵੀਂ ਸਦੀ 'ਚ ਬੋਧ ਦਰਸ਼ਨ ਤੇ ਸਾਂਖਯ ਦਰਸ਼ਨ ਦੀ ਪੁਨਰ ਵਿਆਖਿਆ ਕਰਦਿਆਂ ਬਾਬਾ ਸਾਹਿਬ ਅੰਬੇਡਕਰ ਨੇ ਇਸ ਦਾਰਸ਼ਨਿਕ ਅਸੰਗਤੀ ਨੂੰ ਸਮਝਦੇ ਹੋਏ ਸਮੁੱਚੀ ਵੇਦਾਂਤੀ ਦਾਰਸ਼ਨਿਕ ਪਰੰਪਰਾ ਨੂੰ ਹੀ ਨਜ਼ਰ ਅੰਦਾਜ਼ ਕਰ ਦਿੱਤਾ ਹੈ। ਬਾਬਾ ਸਾਹਿਬ ਨੇ ਵੇਦਿਕ ਗਿਆਨ ਨੂੰ ਤਾਂ ਗਿਆਨ-ਪ੍ਰਾਪਤੀ ਦੇ ਸਰੋਤ ਵਜੋਂ ਸ੍ਵ-ਸ੍ਰੇਸ਼ਟ ਹੀ ਨਹੀਂ ਮੰਨਿਆ ਹੈ। ਉਨ੍ਹਾਂ ਅਨੁਸਾਰ ਵੇਦਿਕ ਗਿਆਨ ਦੀ ਅੱਜ ਦੇ ਰੈਸ਼ਨਲ ਤੇ ਵਿਗਿਆਨਕ ਯੁੱਗ ਵਿਚ ਸੈਕੂਲਰ ਸਮਾਜਿਕ ਨੈਤਿਕਤਾ ਲਈ ਕੋਈ ਸਾਰਥਕਤਾ ਹੀ ਨਹੀਂ ਰਹਿ ਗਈ ਹੈ। ਗਿਆਨ-ਪ੍ਰਾਪਤੀ ਦੇ ਭਰੋਸੇਯੋਗ ਸਰੋਤ ਸਿਰਫ ਪ੍ਰਤੱਖ ਗਿਆਨ ਤੇ ਅਨੁਮਾਨ ਹੀ ਹੋ ਸਕਦੇ ਹਨ। ਬਾਬਾ ਸਾਹਿਬ ਨੇ ਸਾਂਖਯ ਦਰਸ਼ਨ ਦੇ ਮੋਢੀ ਰਿਸ਼ੀ ਕਪਿਲ ਨੂੰ ਵੀ ਇਕ ਯਥਾਰਥਵਾਦੀ ਅਤੇ ਅਨੁਭਵਵਾਦੀ ਦਾਰਸ਼ਨਿਕ ਮੰਨਿਆ ਹੈ।[17]

## ਅੰਬੇਡਕਰੀ ਗਿਆਨ-ਸਿਧਾਂਤ-ਕੁਝ ਵਿਸ਼ੇਸ਼ਤਾਈਆਂ

ਅੰਬੇਡਕਰੀ ਗਿਆਨ ਸਿਧਾਂਤ ਅਨੁਸਾਰ ਪ੍ਰਤੱਖ ਗਿਆਨ ਤੇ ਅਨੁਮਾਨ ਰਾਹੀਂ ਪ੍ਰਾਪਤ ਗਿਆਨ ਦੀਆਂ ਕੁਝ ਵਿਸ਼ੇਸ਼ਤਾਈਆਂ ਹਨ-ਜਿਨ੍ਹਾਂ ਦੀ ਜਾਣਕਾਰੀ ਜ਼ਰੂਰੀ ਹੈ। ਇਹ ਹਨ- ਪਹਿਲੀ, ਆਪਣੇ ਆਪ 'ਚ ਗਿਆਨ ਜਾਂ ਸੰਗਿਆਨ (Cognition) ਅੰਤਮ ਨਹੀਂ ਹੈ, ਕਿਉਂਕਿ ਨਾ ਤਾਂ ਪੂਰਨ ਜਾਂ ਅੰਤਮ ਗਿਆਨ ਦੀ ਕੋਈ ਧਾਰਨਾ ਹੈ ਤੇ ਨਾ ਹੀਂ ਗਿਆਨੀ ਇਕ ਸਮੇਂ ਤੇ ਸਥਾਨ ਤੇ ਪੂਰਨ ਗਿਆਤਾ ਜਾਂ ਸਰਬ-ਗਿਆਤਾ ਹੋ ਸਕਦਾ ਹੈ। ਚੇਤਨ-ਪ੍ਰਾਣੀ ਲਈ ਹਮੇਸ਼ਾਂ ਕੁਝ ਨਾ ਕੁਝ ਬ੍ਰਹਿਮੰਡ 'ਚ ਜਾਨਣ ਲਈ ਰਹਿੰਦਾ ਹੈ। ਲੇਕਿਨ ਜੋ ਅੱਜ ਨਹੀਂ ਜਾਣਿਆ ਗਿਆ ਚੇਤਨ ਮਨੁੱਖ ਉਸ ਨੂੰ ਕਦੇ ਨਾ ਜ਼ਰੂਰ ਜਾਣਨ ਦੀ ਸਮਰੱਥਾ ਰੱਖਦਾ ਹੈ। The Buddha said That at one ard the same time, no one can know and see every thing. knowledge is never final. there is always some thing to be knowen) ਇਸ ਦਾ ਭਾਵ ਹੈ ਕਿ ਕੋਈ ਵੀ ਸੰਤ, ਮਹਾਤਮਾ, ਰਿਸ਼ੀ, ਪੰਡਿਤ, ਪੁਜਾਰੀ, ਸਾਇੰਸਦਾਨ, ਵਿਦਵਾਨ, ਸਾਹਿਤਕਾਰ ਆਦਿ ਪੂਰਨ ਗਿਆਤਾ ਨਹੀਂ ਹੁੰਦਾ ਹੈ, ਨਾ ਹੋ ਸਕਦਾ

ਹੈ। ਦੂਸਰੀ ਵਿਸ਼ੇਸ਼ਤਾ ਹੈ ਕਿ ਅੰਬੇਡਕਰ ਦੇ ਬੁੱਧਿਜ਼ਮ ਅਨੁਸਾਰ ਹਰ ਨਰ-ਨਾਰੀ ਨੂੰ ਸਿੱਖਿਆ ਤੇ ਗਿਆਨ ਪ੍ਰਾਪਤੀ ਦਾ ਬਰਾਬਰ ਹੱਕ ਹੈ ਜਦ ਕਿ ਵਰਣ ਆਸ਼ਰਮ ਧਰਮ, ਅਦਵੈਤ-ਵੇਦਾਂਤ, ਵਿਸ਼ਿਸਟਾ ਦਵੈਤਵਾਦ ਦੇ ਵਿਧਾਨ ਅਤੇ ਧਰਮ-ਸ਼ਾਸ਼ਤਰਾਂ ਦੀਆਂ ਸਿੱਖਿਆਵਾਂ ਅਨੁਸਾਰ ਇਹ ਹੱਕ ਸਭ ਲਈ ਬਰਾਬਰ ਨਹੀਂ ਹੈ।

ਗਿਆਨ ਸੰਗਿਆਨ ਅਤੇ ਨੈਤਿਕਤਾ ਅੰਬੇਡਕਰੀ ਵਿਚਾਰਧਾਰਾ ਅਨੁਸਾਰ ਗਿਆਨ ਤੇ ਨੈਤਿਕਤਾ ਦਾ ਵੀ ਆਪਸੀ ਗੂੜਾ ਰਿਸ਼ਤਾ ਹੈ। ਬਾਬਾ ਸਾਹਿਬ ਨੇ ਬੋਧ ਸਾਹਿਤ 'ਚ ਪ੍ਰਚੱਲਤ ਪ੍ਰਗਿਆ (Pradnya) ਦੀ ਧਾਰਨਾ ਅਤੇ ਬ੍ਰਾਹਮਣੀ ਵਿਧਾਨ ਵਿਚ ਪ੍ਰਚਲਤ ਵਿਦਿਆ (Vidya) ਦੀ ਧਾਰਨਾ ਦਾ ਫਰਕ ਦਰਸਾਉਂਦੇ ਹੋਏ ਸਪਸ਼ਟ ਕੀਤਾ ਹੈ ਕਿ (ੳ) ਪ੍ਰਗਿਆ ਦਾ ਭਾਵ-ਅਰਥ ਵਧੇਰੇ ਵਿਸ਼ਾਲ ਤੇ ਲੋਕ-ਪੱਖੀ ਹੈ। ਬ੍ਰਾਹਮਣੀ-ਵਿਧਾਨ ਅਨੁਸਾਰ ਕੋਈ ਬ੍ਰਾਹਮਣ ਸ਼ਾਸ਼ਤਰੀ ਜਾਂ ਟੀਚਰ ਧਰਮ ਸ਼ਾਸ਼ਤਰਾਂ ਦਾ ਗਿਆਤਾ ਹੋਣ ਦੇ ਸਾਥ ਸਾਥ ਚਾਰ ਹੋਰ ਗੁਣਾਂ ਦਾ ਧਾਰਨੀ ਹੁੰਦਾ ਹੈ। ਇਹ ਗੁਣ ਹਨ-(1) ਉਹ ਕਿਸੇ ਦੂਸਰੇ ਵਿਅਕਤੀ ਦੀ ਕਹੀ ਗੱਲ ਨੂੰ ਫੌਰਨ ਸਮਝਦਾ ਹੈ , (2) ਉਸ ਦੀ ਯਾਦਦਾਸ਼ਤ ਐਨੀ ਤੇਜ਼ ਹੁੰਦੀ ਹੈ ਕਿ ਉਹ ਭੂਤਕਾਲ ਦੀਆਂ ਘਟਨਾਵਾਂ ਨੂੰ ਤੁਰੰਤ ਹੀ ਦਸ ਸਕਦਾ ਹੈ, (3) ਉਹ ਆਪਣੇ ਘਰੇਲੂ ਕੰਮ-ਕਾਰ ਨਿਪਟਾਉਣ 'ਚ ਮਿਹਨਤੀ ਤੇ ਨਿਪੁੰਨ ਹੁੰਦਾ ਹੈ ਅਤੇ (4) ਉਹ ਸਾਧਨ ਸੰਪੰਨ ਹੁੰਦਾ ਹੈ। ਲੇਕਿਨ ਉਸ ਲਈ ਇਹ ਜ਼ਰੂਰੀ ਨਹੀਂ ਕਿ ਉਹ ਚੰਗੇ ਗੁਣਾਂ ਦਾ ਮਾਲਕ ਵੀ ਹੋਵੇ ਜਾਂ ਦੂਸਰਿਆਂ ਦੀ ਭਲਾਈ ਲਈ ਬਚਨਬਧ ਵੀ ਹੋਵੇ। ਦੂਸਰੇ ਪਾਸੇ ਤਥਾਗਤ ਬੁੱਧ ਅਨੁਸਾਰ ਇਕ ਗਿਆਨਵਾਨ ਵਿਅਕਤੀ ਹੋਣ ਲਈ ਸਭ ਤੋਂ ਪਹਿਲਾਂ ਗੁਣ ਹੀ ਬਹੁਜਨ ਦੀ ਭਲਾਈ ਤੇ ਚੰਗਿਆਈ ਪ੍ਰਤੀ ਵਚਨਬਧਤਾ ਹੈ। ਡਾ. ਅੰਬੇਡਕਰ ਨੇ ਬੁੱਧ-ਮੱਤ ਦੀ ਪ੍ਰਗਿਆ ਦੀ ਧਾਰਨਾ ਨੂੰ ਵਿਚਾਰ ਧੱਮ (Vicchar-Dhamma) ਕਿਹਾ ਹੈ ਜਿਸ ਤੋਂ ਭਾਵ ਹਮੇਸ਼ਾ ਠੀਕ ਜਾਂ ਸਹੀ ਸੋਚਣਾ (Thinking Aright) ਹੈ। ਤਥਾਗਤ ਬੁੱਧ ਅਨੁਸਾਰ ਗਿਆਨਵਾਨ ਵਿਅਕਤੀ 'ਚ ਇਹ ਚਾਰ ਗੁਣ ਹੁੰਦੇ ਹਨ-(1) ਗਿਆਤਾ ਜਾਂ ਵਿਦਵਾਨ ਲਈ ਜ਼ਰੂਰੀ ਹੈ ਕਿ ਉਹ ਬਹੁਜਨ ਦੀ ਭਲਾਈ ਤੇ ਖੁਸ਼ੀ ਪ੍ਰਤੀ ਵਚਨਬੱਧ ਹੋਵੇ, (2) ਜਿਸ ਵਿਚਾਰਧਾਰਾ ਜਾਂ ਵਿਚਾਰ ਪ੍ਰਣਾਲੀ ਨੂੰ ਉਹ ਮੰਨਦਾ ਹੈ ਉਸ ਅਨੁਸਾਰ ਹੀ ਉਸ ਦਾ ਵਿਵਹਾਰਕ ਜੀਵਨ ਹੋਵੇ (ਮਾਰਕਸਵਾਦ 'ਚ ਇਸ ਨੂੰ ਸਿਧਾਂਤ ਤੇ ਅਮਲ ਦਾ ਸੁਮੇਲ ਕਿਹਾ ਜਾਂਦਾ ਹੈ।, (3) ਜਿਸ ਵਿਚਾਰਧਾਰਾ ਜਾਂ ਵਿਚਾਰ-ਪ੍ਰਣਾਲੀ ਨੂੰ ਉਹ ਨਹੀਂ ਮੰਨਦਾ, ਉਸ ਨੂੰ ਆਪਣੇ ਜੀਵਨ 'ਚ ਲਾਗੂ ਨਾ ਕਰਦਾ ਹੋਵੇ, ਅਤੇ (4) ਉਹ ਆਪਣੇ ਮਨ ਦਾ ਸੁਆਮੀ ਆਪ ਹੋਵੇ।

(ਅ) ਵਿਦਿਆ ਦੀ ਧਾਰਨਾ ਅਤੇ ਪ੍ਰਗਿਆ ਦੀ ਧਾਰਨਾ ਵਿਚਕਾਰ ਦੂਸਰਾ ਫਰਕ ਹੈ ਕਿ ਪ੍ਰਤੱਖ ਗਿਆਨ ਤੇ ਅਨੁਮਾਨ ਰਾਹੀਂ ਪ੍ਰਾਪਤ ਗਿਆਨ ਗਿਆਤਾ ਦੀ ਅੰਤਰ-ਦ੍ਰਿਸ਼ਟੀ ਦੇ ਵਿਕਾਸ 'ਚ ਸਹਾਈ ਹੁੰਦਾ ਹੈ, ਦਰਅਸਲ ਬੋਧੀ ਸਾਹਿਤ 'ਚ ਪ੍ਰਗਿਆ ਦਾ ਦੂਸਰਾ ਨਾਮ ਹੀ ਅੰਤਰ-ਦ੍ਰਿਸ਼ਟੀ ਹੈ। ਇਸੇ ਵਾਸਤੇ ਤਥਾਗਤ ਬੁੱਧ ਨੇ ਉਨ੍ਹਾਂ ਮਾਨਸਿਕ ਬੰਦਸ਼ਾਂ (Asavas) ਦਾ ਖਾਤਮਾ ਵੀ ਜ਼ਰੂਰੀ ਦਸਿਆ ਹੈ ਜਿਹੜੀਆਂ ਕੋਈ ਗਿਆਨੀ ਸਿਆਣਪ ਨੂੰ ਗ੍ਰਹਿਣ ਜਾਂ ਅਨੁਭਵ ਕਰਨ 'ਚ ਮਹਿਸੂਸ ਕਰਦਾ ਹੈ, ਭਾਵ ਕਿ ਗਿਆਤਾ ਹਰ ਕਿਸਮ ਦੇ ਵਿਤਕਰੇ ਅਤੇ ਆਵੇਗਾਂ ਦੇ ਪ੍ਰਭਾਵ ਤੋਂ ਮੁਕਤ ਹੋਵੇ। ਸਚਾਈ ਤੱਕ ਪਹੁੰਚ ਕਰਨ ਲਈ ਅਜਿਹਾ ਜ਼ਰੂਰੀ ਹੈ।

(ੲ) ਅੰਬੇਡਕਰ ਅਨੁਸਾਰ ਗਿਆਤਾ ਲਈ ਜਿਥੇ ਸਮਯਕ-ਵਿਚਾਰ (ਬਾਣੀ) ਜ਼ਰੂਰੀ ਹੈ ਉਥੇ ਆਚਾਰ ਵੀ ਠੀਕ ਰਹਿਣਾ ਜ਼ਰੂਰੀ ਹੈ। ਇਸ ਵਾਸਤੇ ਬੁੱਧ-ਧੱਮ ਵਿਚ ਸ਼ੀਲ (Sila) ਦੇ ਨਾਲ-ਨਾਲ ਹੋਰ ਵੀ ਨੈਤਿਕ ਗੁਣਾਂ ਨੂੰ ਗ੍ਰਹਿਣ ਕਰਨ ਦੀ ਹਦਾਇਤ ਹੈ। ਸ਼ੀਲ ਤੋਂ ਭਾਵ ਹੈ ਪਾਪ ਕਰਮ, ਅਸ਼ੁੱਭ ਕਰਮ, ਬੁਰੇ ਕਰਮ ਕਰਨ ਦੀ ਮਨ੍ਹਾਹੀ-ਸ਼ਰਮ ਦੇ ਡਰ ਤੋਂ ਪਾਪ ਕਰਮ ਤੋਂ ਬਚੇ ਰਹਿਣਾ ਆਦਿ। ਨੈਸ਼ਕਰਮ ਤੋਂ ਭਾਵ ਹੈ ਬੇਲੋੜੇ ਕਾਮ-ਭੋਗ ਦਾ ਤਿਆਗ, ਦਾਨ ਤੋਂ ਭਾਵ ਨਿਰਸੁਆਰਥ ਭਾਵਨਾ ਤਹਿਤ ਦੂਸਰਿਆਂ ਦੀ ਭਲਾਈ ਹਿਤ ਆਪਣੀ ਜਾਇਦਾਦ, ਖੂਨ, ਸਰੀਰ ਦੇ ਅੰਗ ਆਦਿ ਦਾਨ ਕਰ ਦੇਣ ਦੀ ਭਾਵਨਾ, ਆਪਣੇ ਟੀਚੇ ਨੂੰ ਪੂਰਾ ਕਰਨ ਦੀ ਇਛਾ ਉਤਪੰਨ ਕਰਨੀ, ਖਿਮਾ ਕਰਨੀ, ਸੱਚ ਬੋਲਣਾ, ਸਮੁਚੀ ਮਾਨਵਤਾ ਪ੍ਰਤੀ ਪਿਆਰ-ਭਾਵਨਾ, ਦਯਾ ਦੀ ਭਾਵਨਾ, ਮੈਤ੍ਰੀ ਭਾਵ ਭਾਈਚਾਰੇ ਦੀ ਭਾਵਨਾ ਅਤੇ ਮਨ ਜਾਂ ਚਿਤ ਨੂੰ ਅਜਿਹੀ



ਅਵਸਥਾ 'ਚ ਲੈ ਜਾਣਾ ਜਿਥੇ ਮਨੁੱਖ ਕਿਸੇ ਨੂੰ ਵੀ ਆਪਣਾ ਪਰਾਇਆ ਨਾ ਸਮਝ ਸਕੇ। ਅੰਬੇਡਕਰ ਅਨੁਸਾਰ ਅਜਿਹੇ ਆਚਾਰ ਬਗੈਰ ਗਿਆਨ ਦੀ ਕੋਈ ਮਹੱਤਤਾ ਕਿਸੇ ਗਿਆਤਾ ਵਾਸਤੇ ਨਹੀਂ ਰਹਿ ਜਾਂਦੀ। ਗਿਆਨਵਾਨ ਲਈ ਦਇਆਵਾਨ ਹੋਣਾ ਵੀ ਲਾਜ਼ਮੀ ਹੈ। ਦੂਸਰਿਆਂ ਪ੍ਰਤੀ ਤਰਸ ਦੀ ਭਾਵਨਾ (Karuna) ਸਿਰਫ ਮਨੁੱਖਾਂ ਤੱਕ ਹੀ ਸੀਮਤ ਨਾ ਰਹਿ ਕੇ ਬ੍ਰਹਿਮੰਡ ਦੇ ਸਭੇ ਪ੍ਰਾਣੀਆਂ ਪ੍ਰਤੀ ਪ੍ਰਗਟ ਹੁੰਦੀ ਹੈ-ਇਹ ਹੈ ਬੁੱਧ ਫਲਸਫੇ 'ਚ ਦਯਾ ਦਾ ਭਾਵ ਅਰਥ। ਮੁੱਖ ਤੌਰ ਤੇ ਅੰਬੇਡਕਰ ਦੇ ਗਿਆਨ-ਸਿਧਾਂਤ ਦਾ ਨੈਤਿਕ ਆਧਾਰ ਸ਼ੀਲ, ਕਰੁਣਾ ਅਤੇ ਮੈਤ੍ਰੀ ਗੁਣ ਹਨ। ਬ੍ਰਾਹਮਣੀ ਵਿਦਿਆ ਦੀ ਧਾਰਨਾ 'ਚ ਅਜਿਹੇ ਗੁਣਾਂ ਦਾ ਅਭਾਵ ਹੈ।

## ਅੰਤਕਾ

ਇਨ੍ਹਾਂ ਗੁਣਾਂ ਦੀ ਪਾਲਣਾ ਕਰ ਰਹੇ ਸਾਇਸਦਾਨਾਂ, ਕਾਲਾਕਾਰਾਂ, ਸਾਹਿਤਕਾਰਾਂ, ਰਾਜਨੀਤੀਵਾਨਾਂ, ਡਾਕਟਰਾਂ, ਖੋਜ਼ਕਾਰੀਆਂ, ਸਮਾਜ ਵਿਗਿਆਨੀਆਂ ਆਦਿ ਲਈ ਸਮਾਜ ਅਤੇ ਸਮੁੱਚੇ ਬ੍ਰਹਿਮੰਡੀ ਵਰਤਾਰੇ ਦੀ ਬੇਹਤਰੀ ਲਈ ਹੀ ਆਪਣੇ ਗਿਆਨ ਦੀ ਵਰਤੋਂ ਦੀਆਂ ਸੰਭਾਵਨਾਵਾਂ ਵੱਧਣੀਆਂ ਹਨ। ਬੋਧ ਪਰੰਪਰਾ ਵਿਚ ਲਲਿਤ ਕਲਾਵਾਂ ਅਤੇ ਸਮਾਜ ਵਿਗਿਆਨਾਂ ਨੂੰ ਸਰਬ ਵਿਆਪਕ ਮੁਕਤੀ ਦਾ ਸਾਧਨ ਮੰਨਿਆ ਗਿਆ ਹੈ- ਇਸ ਲਈ ਸਮੁੱਚੇ ਗਿਆਨ ਦਾ ਮਨੋਰਥ ਮਨੁੱਖੀ ਚੇਤਨਾ ਨੂੰ ਅਮੀਰ ਬਣਾਉਂਦੇ ਤੁਰੀ ਜਾਣਾ ਹੈ।

## *ਹਵਾਲੇ , ਟਿੱਪਣੀਆਂ ਅਤੇ ਵਿਆਖਿਆਵਾਂ-*

1. ਦੇਖੋ ਬਾਬਾ ਸਾਹਿਬ ਅੰਬੇਡਕਰ ਦਾ 'ਬੁੱਧ ਅਤੇ ਉਸ ਦਾ ਧੱਮ' (ਬੰਬਈ, ਸਿਧਾਰਥ ਪਬਲੀਕੇਸ਼ਨ) ਪੰਨਾ 72 - " He discarded heresies about soul and refrained from identifying it with either body, sensations, volitions and consciousness."

2. ਦੇਖੋ- 'Buddism-The marxist Approach' (Edited) (PPH, New Delhi), Pages 3 to 8. "Buddhism aimed Primarily at shattering this ettrnalist Philosophy of up anishad, and that is why it was calld unatam vada as against the atamvada of the upanishods." Rahul Sankrityayan.

3. Ibid. "Whan This was, then this comes and it was then this comes" ( asmin sati idam bhavati). P-5. Rahul Sankrityayan.

4. Ibid. Page 37. Buddha 'was the first Indion Thinker who aode dialectic the lahes of etenral Change, the central core of his philosophy.' ( Y. Bala mamoorty).

5. Ibid.Page-39.

6, Ibid.

7. B.R. Ambedkar, 'The Buddha and His Dhamma'.Page.72 (The Buddha discarded The Theory that The cosmic Progress had a known begining.)

8. Maha Stha vira sanghara kshita, 'Buddism As Philosophy and As Religion,' (Reprinted by T.L. Chahal for The Dhamma Trust), P.9-10.

9. Buddhim-The Marxist Approach, PPH, Page.5.

10. The Buddha and His Dhamma, P. 166-167. ਕਰਮ ਤੇ ਕਰਮ ਫ਼ਲ ਬਾਰੇ ਵਧੇਰੇ ਜਾਣਕਾਰੀ ਲਈ ਇਸ ਗਰੰਥ ਦਾ ਪੰਨਾ 170 ਤੋਂ 173 ਤੱਕ ਦਾ ਅਧਿਐਨ ਲਾਹੇਵੰਦ ਹੋ ਸਕਦਾ ਹੈ। (To understand the meanings of Theory of Karma in detail and this effects on manis mundanre life and on society, one can read its Pages from, 170 to 173, and from 242 to248)

11. The Buddha and His Dhamma, Pages 174-175)

12. Ibid. Page 180. "The Buddha argueed that there must be proof befare one can accept a thing to be a reality. There ane two modes of proof, Perception and inference."

13. P. Lakshmi Narasu, 'The Essence of Buddhim' Page-23

14. Ibid.

15. P.V. Kane in Annals of Bhandar Kar Oriental Research Institute, 1966 II. Ouoted by D.P. Chattopadhyaya in 'What is Living and What is Dead in Indian Philisophy, PPH,192.


16. Ouoted by Chattopodhyaya P. 619.

17. The Buddha and His Dhamma, Pages, 60 to 63.

18. Ibid. Page-192.


# ਮਿਸ਼ੈਲ ਫੂਕੋ

**ਡਾ. ਮਨਮੋਹਨ**




ਪੂਰਬੀ ਅਤੇ ਪੱਛਮੀ ਚਿੰਤਕਾਂ ਦੀ ਲੜੀ ਅਧੀਨ ਮਿਸ਼ੈਲ ਫੂਕੋ ਡਾ. ਮਨਮੋਹਨ ਦੁਆਰਾ ਲਿਖਤ ਪੰਜਾਬੀ ਅਕਾਦਮੀ ਦਿੱਲੀ ਦੀ 2009 ਦੀ ਪ੍ਰਕਾਸ਼ਨਾ ਹੈ। ਇਸ ਪੁਸਤਕ ਵਿਚ ਲੇਖਕ ਨੇ ਚਿੰਤਕ ਦਾ ਜੀਵਨ, ਉਸਦੀਆਂ ਰਚਨਾਵਾਂ, ਵਿਚਾਰਧਾਰਾ ਅਤੇ ਸਮਕਾਲੀ ਚਿੰਤਨ 'ਤੇ ਲੇਖਕ ਦਾ ਕੀ ਪ੍ਰਭਾਵ ਹੈ ਆਦਿ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਗਈ ਹੈ। ਇਹ ਪੁਸਤਕ ਖੋਜ ਵਿਦਿਆਰਥੀਆਂ, ਅਧਿਆਪਕਾਂ ਅਤੇ ਪਾਠਕਾਂ ਲਈ ਬਹੁਤ ਹੀ ਲਾਹੇਵੰਦ ਹੈ।

**ਮੁੱਲ:150 ਰੁਪਏ**

**ਪ੍ਰਕਾਸ਼ਕ: ਪੰਜਾਬੀ ਅਕਾਦਮੀ ਦਿੱਲੀ**




## ਪੁਸਤਕ ਰਿਵਿਊ-




***ਨ੍ਹੇਰੇ ਦੇ ਵਾਸੀ (ਕਹਾਣੀ ਸੰਗ੍ਰਹਿ) ਸਰੂਪ ਸਿਆਲਵੀ***
***ਪ੍ਰਕਾਸ਼ਕ: ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ***

ਸਰੂਪ ਸਿਆਲਵੀ ਆਪਣਾ ਨਵਾਂ ਕਹਾਣੀ ਸੰਗ੍ਰਹਿ 'ਨ੍ਹੇਰੇ ਦੇ ਵਾਸੀ' ਲੈ ਕੇ ਹਾਜ਼ਿਰ ਹੋਇਆ ਹੈ। ਸਿਰਲੇਖ ਵਾਲੀ ਕਹਾਣੀ ਦੇ ਦੋ ਭਾਗ ਹਨ, ਨ੍ਹੇਰੇ ਦੇ ਵਾਸੀ-2 ਪਹਿਲੀ ਕਹਾਣੀ ਕਹਾਣੀ ਦਾ 'ਲੀਫ' ਲੈ ਕੇ ਅੱਗੇ ਚੱਲਦੀ ਹੈ। ਪਹਿਲੇ ਭਾਗ ਵਾਲੀ ਕਹਾਣੀ ਦੀ ਤਿੰਨ ਪੀੜ੍ਹੀਆਂ ਦੀ ਕਹਾਣੀ ਮਗਰੋਂ ਆਈ ਚੌਥੀ-ਪੰਜਵੀਂ ਪੀੜ੍ਹੀ ਦੀ ਕਹਾਣੀ ਇਸ ਸਿਰਮੌਰ ਕਹਾਣੀ ਨੂੰ ਲੰਮੇ ਕਾਲ-ਖੰਡ ਵਜੋਂ ਹੀ ਨਹੀਂ ਪੀੜ੍ਹੀਆਂ ਦੇ ਵਿਕਾਸ਼-ਕ੍ਰਮ ਵਜੋਂ ਵੀ ਵੇਖਿਆ ਜਾ ਸਕਦਾ ਹੈ। ਪਹਿਲੇ ਭਾਗ ਵਾਲੀ ਕਹਾਣੀ ਵਿੱਚ ਨੰਦੂ ਦੇ ਮਾਪਿਆਂ ਫਿਰ ਉਸ ਦੇ ਪਰਿਵਾਰ ਤੇ ਮਗਰੋਂ ਉਸ ਦੇ ਪੁੱਤਰ ਦੀ ਕਬੀਲਦਾਰੀ ਤਕ ਪਹੁੰਚਣ ਤਕ ਸਮੇਂ ਪਰਿਵਰਤਨ ਦੇ ਦੌਰ ਨੂੰ 'ਵਿਹੜੇ ਵਾਲਿਆਂ' ਦੇ ਕਿਰਦਾਰਾਂ ਤੇ ਉਨ੍ਹਾਂ ਦੇ ਕੰਮਾਂ-ਕਾਜ਼ਾਂ ਨੂੰ ਸਹਿਜੇ-ਸਹਿਜੇ ਦਰਸਾਇਆ ਗਿਆ ਜੋ ਉਸ ਸਮੇਂ ਦਾ ਸੱਚ ਸੀ। ਉਹ ਲੋਕ ਜਿਹੜੇ ਸਿਰੜੀ ਮਿਹਨਤੀ ਹੋਣ ਦੇ ਬਾਵਜੂਦ 'ਵਿਹੜੇ ਵਾਲਿਆਂ' ਦੇ ਨਾਂ ਹੇਠ ਜੀਣ ਦੀ ਥਾਏਂ ਜੂਨ ਭੋਗਦੇ ਹੋਏ ਵੀ ਇਸ ਗੱਲ ਨੂੰ ਉਦੋਂ ਸਮਝ ਨਾ ਸਕੇ ਕਿ ਉਚੇਰੀ ਜਾਤੀਆਂ ਦਾ ਕੰਮ ਖੇਤਾਂ ਵਿੱਚ ਦਿਹਾੜੀਆਂ ਲੁਆ ਕੇ ਬਿਜਾਈ, ਗੁਡਾਈ ਦਾ ਹੋਵੇ ਜਾਂ ਵਿਆਹ-ਸ਼ਾਦੀ, ਗ਼ਮੀ ਵੇਲੇ ਕੰਮਾਂ ਦੇ ਢੇਰ ਨੂੰ ਨਜਿਠਣਾ ਹੋਵੇ ਤੇ ਇਸ ਤੋਂ ਵੱਧ ਮਰੇ ਹੋਏ ਪਸ਼ੂਆਂ ਦੀ ਢੋਆ-ਢੁਆਈ ਕਰਕੇ, ਖੱਲਾਂ ਲਾਹੁਣੀਆਂ ਆਦਿ ਹੋਵੇ। ਪਰ ਕਦੇ ਵੀ ਉਹ ਲੋਕ ਆਪਣੀ ਅਹਿਮੀਅਤ ਨਾ ਜਾਣ ਸਕੇ ਤੇ ਪਸ਼ੂਆਂ ਦੀ ਖੱਲਾਂ ਲਾਹੁੰਣ-ਸਾਂਭਣ ਦੇ ਨਾਲ ਨਾਲ ਆਪਣੀਆਂ ਖਲਾਂ ਨੂੰ ਵੀ ਤਥਾਕਥਿਤ ਉੱਚੀ ਜਾਤੀਆਂ ਵਲੋਂ ਖਿੱਚਵਾਉਂਦੇ ਤੇ ਕਦੇ ਕਦੇ ਲੁਹਾਉਂਦੇ ਵੀ ਰਹੇ। ਇਸੇ ਲਈ ਇਹ ਲੋਕ ਵੀਹਵੀਂ ਸਦੀ ਦੇ ਅੱਧ ਤਕ 'ਨ੍ਹੇਰੇ ਦੇ ਵਾਸੀ' ਹੀ ਬਣੇ ਰਹੇ। ਇਨ੍ਹਾਂ ਦੇ ਹਨੇਰੇ ਵਿੱਚ ਵਿਦਿਆ ਦੇ ਸੂਰਜ ਦੀ ਰੌਸ਼ਨੀ ਨੇ ਹੌਲੀ ਹੌਲੀ ਉਜਿਆਰਾ ਕਰਨਾ ਆਰੰਭ ਕਰ ਦਿੱਤਾ ਸੀ।

ਨੰਦੂ ਦੇ ਬਾਪ ਮਿਹਰੂ ਤੇ ਉਸ ਦੀ ਮਾਂ ਦੇ ਮੁਕਾਬਲੇ 'ਤੇ ਨੰਦੂ ਤੇ ਉਸ ਦੀ ਬੀਵੀ ਸੀਬੋ ਦੇ ਜੀਵਨ ਸੰਗਰਾਮ ਵਿੱਚ ਵੀ ਪਰਿਵਰਤਨ ਆਇਆ, ਜਿਸ ਨੂੰ ਲੇਖਕ ਨੇ ਅਤਿਅੰਤ ਸੂਖਮ ਵੇਰਵਿਆਂ ਨਾਲ ਬਹੁਤੇ ਉਚੇਚ ਨਾਲ ਨਹੀਂ ਬਸ ਲੰਘਦੇ-ਲੰਘਦੇ ਸਹਿਜਤਾ ਨਾਲ ਦਰਸਾ ਕੇ ਕਹਾਣੀ ਵਿੱਚ ਵਾਧੂ ਦਾ ਲਮਕਾਓ ਵੀ ਨਹੀਂ ਲਿਆਉਂਦਾ। ਸੀਬੋ ਦਾ ਦਿਹਾੜੀ ਜਾਣ ਤੋਂ ਖਿੱਝਣਾ, ਫਿਰ ਮਰੇ ਹੋਏ ਪਸ਼ੂਆਂ ਦਾ ਮਾਸ ਖਾਣ ਤੋਂ ਇਨਕਾਰ ਕਰਨਾ, ਨੰਦੂ ਦੇ ਤਾਏ ਦਾ ਪਰਸਾ ਸਿੰਘ ਬਣਨਾ ਤੇ ਉਸ ਦੇ ਪਰਿਵਾਰ ਦਾ ਸਿੱਖ ਧਰਮ ਗ੍ਰਹਿਣ ਕਰਨਾ, ਉਸ ਦੀਆਂ ਨੂੰਹਾਂ ਦਾ ਆਪਣੀਆਂ ਜ਼ਰੂਰਤਾ ਦੀ ਪੂਰਤੀ ਲਈ ਖੇਤ ਦੇ ਮਾਲਕਾਂ, ਜਿੰਮੀਦਾਰਾਂ ਨਾਲ ਸਿੱਧੇ ਆਢਾ ਲੈ ਲੈਣਾ ਜਿਹੇ ਸੂਖਮ ਵੇਰਵੇ ਬੜੇ ਅਰਥ ਭਰਪੂਰ ਹੋ ਕੇ ਸਾਹਮਣੇ ਆਉਂਦੇ ਹਨ। ਬਾਅਦ ਵਿੱਚ ਨੰਦੂ ਦੀ ਬਹੂ ਸੰਤੀ ਦਾ ਵਤੀਰਾ ਵੀ ਬਦਲਦੇ ਸਮੇਂ ਦੀ ਗੁਹਾਰ ਲਾਉਂਦਾ ਹੀ ਪ੍ਰਤੀਤ ਹੁੰਦਾ ਹੈ। ਸ਼ਹਿਰਨ ਬਹੂ ਦੇ ਤੌਰ-ਤਰੀਕਿਆਂ ਸਦਕਾ ਨੰਦੂ ਦਾ ਪਤਨੀ ਬਗੈਰ ਆਪਣੇ ਆਪ ਵਿੱਚ ਹੀ ਸਿਮਟਦੇ ਜਾਣਾ ਇਸ ਸੱਚ ਦੀ ਗਵਾਹੀ ਭਰਦਾ ਹੈ ਕਿ ਇਨ੍ਹਾਂ ਲੋਕਾਂ ਦੀ ਸਵੈ ਹੀਣਤਾ ਨੂੰ ਸਿਰ ਚੁੱਕਣ ਦੀ ਥਾਂਏਂ ਹਰ ਥਾਂ ਡਾਢੇ ਅੱਗੇ ਸਿਰ ਨਿਵਾਉਣਾ ਹੀ ਸਿੱਖਿਆ। ਜਦਕਿ ਉਨ੍ਹਾਂ ਦੀ ਮਗਰਲੀਆਂ ਪੀੜ੍ਹੀਆਂ ਵਿੱਚ ਕੰਮ-ਕਾਜ ਪਖੋਂ, ਸੁਭਾਅ ਪਖੋਂ, ਰਹਿਣ-ਸਹਿਣ ਪਖੋਂ ਜ਼ਮੀਨ-ਆਸਮਾਨ ਦਾ ਅੰਤਰ ਆ ਗਿਆ।

ਜਿਥੇ ਨੰਦੂ ਆਪਣੇ ਕਾਲੇ ਨਹੁੰਆਂ ਨੂੰ ਸਦਾ ਛੁਪਾਉਣ ਦਾ ਜਤਨ ਕਰਦਾ ਰਿਹਾ ਤੇ ਆਪਣੇ ਪੋਤਿਆਂ ਨੂੰ ਮੋਰ ਤੇ ਗੁਟਾਰ ਸੁਣਾ ਕੇ ਬੱਚਿਆਂ ਤੋਂ ਵੱਧ ਆਪਣੇ ਆਪ ਨੂੰ ਇਸ ਗੱਲ ਦੀ ਤਸੱਲੀ ਦੇਣ ਦੀ ਕੋਸ਼ਿਸ਼ ਕਰਦਾ ਰਿਹਾ ਕਿ ਗੁਟਾਰ ਜਿਹੀ ਉੱਚ ਜਾਤੀਆਂ ਦੇ ਝੂਠ ਫਰੇਬ ਤੋਂ ਪਹਿਲਾਂ ਉਹ ਲੋਕ ਸਹੀ ਅਰਥਾਂ ਵਿੱਚ ਸੁਹਣੇ ਹੁੰਦੇ ਸਨ। ਭਾਗ-2 ਵਿਚ ਇਹ ਲੋਕ ਪਿੰਡਾਂ, ਵਿਹੜਿਆਂ ਤੋਂ ਦੂਰ ਵੱਡੇ-ਵੱਡੇ ਸ਼ਹਿਰਾਂ ਜਿਵੇਂ ਚੰਡੀਗੜ੍ਹ ਵਿੱਚ ਕੋਠੀਆਂ ਪਾਉਣ ਤੇ ਰਾਜਨੀਤੀ ਆਪਨਾਉਣ ਸਦਕਾ ਉਨ੍ਹਾਂ ਦੇ ਬੱਚਿਆਂ

ਦਾ ਵਿਦੇਸ਼ਾਂ ਤਕ ਜਾ ਵੱਸਣਾ ਵੀ ਹੈਰਾਨ ਨਹੀਂ ਕਰਦਾ ਪਰ ਸੱਚ ਇਹ ਵੀ ਹੈ ਇਹ ਸ਼ਹਿਰੀ ਚਮਕ-ਦਮਕ ਤੇ ਐਸ਼, ਸੁਖ ਸਹੂਲਤਾਂ ਉਸ ਦੇ ਹੀ ਹਿੱਸੇ ਆਉਂਦੀਆਂ ਹਨ, ਜਿਹੜਾ ਆਪਣੀ ਅਕਲ ਦਾ ਇਸਤੇਮਾਲ ਚੁਸਤੀ ਤੇ ਸਮਝਦਾਰੀ ਨਾਲ ਕਰਦਾ ਹੈ, ਨਹੀਂ ਤਾਂ ਉਸ ਦਾ ਭਰਾ ਮਨਜੀਤ ਸਿੰਘ ਬਦਲਦੇ ਯੁੱਗ ਅਨੁਸਾਰ ਵੀ ਤਰੱਕੀ ਨਾ ਕਰ ਸੱਕਿਆ। ਇਸ ਦੇ ਬਾਵਜੂਦ ਇਹ ਕਹਿਣ ਵਿੱਚ ਗੁਰੇਜ ਨਹੀਂ ਕਿ ਭਾਗ-2 ਦੇ ਮੁਕਾਬਲੇ ਭਾਗ -1 ਦੀ ਗਠਨ ਪ੍ਰਕਿਰਿਆ ਵਧੇਰੇ ਮਜ਼ਬੂਤ ਹੈ ਤੇ ਕਹਾਣੀ ਰਸ਼ ਨਾਲ ਲਬਾਲਬ ਵੀ।

ਇਸ ਸੰਗ੍ਰਿਹ ਦੀ ਇਕ ਹੋਰ ਕਹਾਣੀ 'ਉਹ ਪਰੀ ਕੌਣ ਹੈ' ਵੀ ਧਿਆਨ ਖਿੱਚਣ ਯੋਗ ਹੈ। ਇਸ ਕਹਾਣੀ ਪੁਰਾਤਨ ਮਿੱਥ ਯਮ ਤੇ ਯਮੀ ਨਾਮਕ ਭੈਣ-ਭਰਾ ਦੇ ਇਸਤਰੀ ਮਰਦ ਵਿਚਲੇ ਸਦੀਵੀ ਆਦਿ ਸੰਬੰਧ ਨੂੰ ਕਈ ਕੋਣਾਂ ਤੋਂ ਉਜਾਗਰ ਕਰਦੀ ਉਤੇ ਆਧਾਰਿਤ ਆਧੁਨਿਕ ਸਮੇਂ ਵਿਚ ਕੰਬੋਡੀਆਂ ਦੇਸ ਵਿੱਚ ਵਾਪਰਦੀ ਦਿੱਸਦੀ ਹੈ। ਕਹਾਣੀਕਾਰ ਮਹਾਂਭਾਰਤ ਵਿਚਲੇ ਪ੍ਰਸੰਗਾਂ ਨੂੰ ਲੈ ਕੇ ਇਹ ਪ੍ਰਤਿਪਾਦਿਤ ਕਰਦਾ ਹੈ ਕਿ ਸਦੀਵੀਂ ਸੱਚ ਕਾਲ-ਖੰਡ ਦੇ ਘੇਰੇ ਵਿੱਚ ਨਹੀਂ ਆਉਂਦਾ, ਭਾਵੇਂ ਉਹ ਮਿੱਥਾਂ ਪੌਰਾਇਕ ਗ੍ਰੰਥਾਂ ਰਾਹੀਂ ਬਿਆਨ ਹੁੰਦਾ ਰਿਹਾ ਹੋਵੇ, ਸਭਿਅਤਾ ਦੀਆਂ ਅਨੇਕਾਂ ਸਦੀਆਂ ਪਾਰ ਕਰ ਅਨੇਕਾਂ ਨੈਤਿਕ, ਸਮਾਜਿਕ ਨਿਯਮਾਂ ਅਧੀਨ ਬੱਝ ਕੇ ਚਲੇ, ਦੁਨੀਆਂ ਦੇ ਕਿਸੇ ਨਾ ਕਿਸੇ ਨੁਕਰ ਵਿੱਚ ਉਹ ਕਿਸੇ ਦਾ ਕਿਸੇ ਰੂਪ ਵਿਚ ਅਚਾਨਕ ਵਾਪਰਨ ਵਾਲੇ ਕਿਸੇ ਹਾਦਸੇ ਕਿਸੇ ਘਟਨਾ ਰਾਹੀਂ ਆਪਣੀ ਝਲਕ ਅਜੇ ਵੀ ਵਿਖਾ ਜਾਂਦਾ ਹੈ। ਕੰਬੋਡੀਆ ਦੇ ਗ੍ਰਹਿ-ਯੁੱਧ ਦੀ ਭੇਂਟ ਚੜ੍ਹੀ ਲਿਲੀ ਕਿਵੇਂ ਕਿੰਨੇ ਵਰ੍ਹਿਆਂ ਮਗਰੋਂ ਜਿਸ ਸੁੰਗ ਨਾਲ ਪਿਆਰ ਤੇ ਵਿਆਹ ਦਾ ਨਾਤਾ ਜੋੜ ਬੈਠਦੀ ਤੇ ਸੁੰਗ ਵਲੋਂ ਬਚਪਨ ਦੀਆਂ ਯਾਦਾਂ ਖੰਘਾਲਦੇ ਹੋਏ ਲਿਲੀ ਇਹ ਸੱਚ ਜਾਣ ਜਾਂਦੀ ਹੈ ਕਿ ਸੁੰਗ ਉਸੇ ਦਾ ਹੀ ਛੋਟਾ ਸਕਾ ਭਰਾ ਹੈ। ਇਹ ਸੱਚਾਈ ਜਾਨਣ ਮਗਰੋਂ ਲਿਲੀ ਦੀ ਮਾਨਸਿਕ ਹਾਲਤ ਵਿੱਚ ਆਉਂਦੀ ਅਸਥਿਰਤਾ ਉਸ ਨੂੰ ਪਾਗਲ ਤੇ ਬੇਹਾਲ ਕਰ ਜਾਂਦੀ ਹੈ।

'ਸੀਨੀਅਰਟੀ' ਕਹਾਣੀ ਸਕੂਲ-ਪ੍ਰਸ਼ਾਸ਼ਨ ਵਿਚ ਰਚਦੀ ਮਿਚਦੀ ਰਾਜਨੀਤੀ, ਗੁਟਬਾਜੀ ਦੇ ਨਾਲ ਨਾਲ ਜਾਤ-ਪਾਤ ਵਖਰੇਵਿਆਂ ਸਦਕਾ ਇਕੋ ਜਿਹੇ ਅਧਿਆਪਕਾਂ ਵਿੱਚ ਖਿਚੋਜਾਨ ਤੇ ਅਹਿਬਾਜੀ ਦੇ ਨਾਲ ਨਾਲ ਵਿਦਿਆਰਥੀਆਂ ਨਾਲ ਹੁੰਦੇ ਭੇਦਭਾਵ ਵੀ ਸਾਹਮਣੇ ਲਿਆਉਂਦੀ ਹੈ। 'ਬਲੀ ਦੇ ਬੱਕਰੇ' ਅਸਲ ਵਿਚ ਬਾਬਾ ਸਾਹਿਬ ਅੰਬੇਡਕਰ ਦੇ ਉਸ ਮਹਾਵਾਕ ਨੂੰ ਆਪਣਾ ਆਧਾਰ ਬਣਾਉਂਦੀ ਹੈ, ਜਿਸ ਵਿੱਚ ਉਨ੍ਹਾਂ ਨੇ ਕਿਹਾ ਸੀ, 'ਸਾਨੂੰ (ਦਲਿਤਾਂ) ਨੂੰ ਆਪ ਹੀ ਬਲੀ ਦਾ ਬੱਕਰਾ ਬਣਨਾ ਪੈਣੈ। ਸ਼ੇਰ ਦੀ ਕਦੇ ਬਲੀ ਨਹੀਂ ਦਿੱਤੀ ਜਾਂਦੀ, ਬਲੀ ਹਮੇਸ਼ਾ ਬੱਕਰੇ ਦੀ ਹੀ ਦਿੱਤੀ ਜਾਂਦੀ ਹੈ।" ਮਹਾਂਰਾਸ਼ਟਰ ਦੇ ਮਹਾੜ ਵਿੱਚ ਵਾਪਰੀ ਇਤਿਹਾਸਿਕ ਘਟਨਾ ਜਿਸ ਵਿੱਚ ਬਾਬਾ ਸਾਹਬ ਨੇ ਦਲਿਤਾਂ ਦੇ ਹਜੂਮ ਨਾਲ ਪਿੰਡ ਦੇ ਤਾਲਾਬ ਵਿੱਚੋਂ ਆਪ ਵੀ ਪਾਣੀ ਪੀਤਾ ਸੀ ਤੇ ਸਾਰੇ ਦਲਿਤਾਂ ਨੂੰ ਵੀ ਪਿਲਾਇਆ ਸੀ। ਪਰ ਇਹ ਕਹਾਣੀ ਪਿੰਡਾਂ ਵਿੱਚ ਹੇਠਲੇ ਪੱਧਰ ਉਤੇ ਵੀ ਰਾਜਨੀਤੀ ਦੇ ਕੁਚੱਕਰਾਂ ਦਾ ਪਰਦਾਫਾਸ਼ ਕਰਦੀ ਹੈ, ਜਿਸ ਵਿੱਚ ਪਾਣੀ ਦਾ ਝਗੜਾ ਪੁਲਿਸ ਦੇ ਦਖਲ ਦੇਣ ਦੇ ਬਾਵਜੂਦ, ਮੀਡੀਆ ਵਿੱਚ ਪ੍ਰਚਾਰ ਹੋਣ ਦੇ ਬਾਅਦ ਵੀ ਉਸ ਤਰ੍ਹਾਂ ਨਹੀਂ ਸੁਲਝਾਇਆ ਜਾ ਸਕਦਾ, ਜਿਸ ਤਰ੍ਹਾਂ ਉਹ ਸੁਲਝਣਾ ਚਾਹੀਦਾ ਸੀ। ਯਾਨਿ ਅਜੇ ਵੀ ਬਲੀ ਦੇ ਬੱਕਰੇ ਦਲਿਤਾਂ ਨੂੰ ਹੀ ਬਣਾਇਆ ਜਾਂਦਾ ਹੈ।

ਪਿੰਡ ਦੀ ਇਹੀ ਰਾਜਨੀਤੀ ਦੀ ਇਕ ਮਿਸਾਲ 'ਵਿੰਗੀ ਗਲੀ ਸਿੱਧੀ ਗਲੀ' ਵਿੱਚ ਵੀ ਵੇਖਣ ਨੂੰ ਮਿਲਦੀ ਹੈ। ਪੰਚਾਇਤਾਂ ਵਿੱਚ ਵੀ ਕਿਸ ਤਰ੍ਹਾਂ ਦੇ ਦਾਅ ਪੇਚ ਖੇਡੇ ਤੇ ਵਰਤੇ ਜਾਂਦੇ ਹਨ ਤੇ ਕਾਨੂੰਨੀ ਸ਼ਬਦਾਂ ਦੀਆਂ ਘੁਣਤ੍ਰਤਾਂ ਕਿਵੇਂ ਸਿੱਧੀ ਗੱਲ ਨੂੰ ਪੁੱਠੀ ਤੇ ਝੂਠ ਨੂੰ ਸੱਚ ਕਰ ਵਿਖਾਉਂਦੀਆਂ ਹਨ, ਇਸ ਨੂੰ ਸਹਿਜੇ ਹੀ ਸਮਝਿਆ ਜਾ ਸਕਦਾ ਹੈ। ਪਰ ਇਨ੍ਹਾਂ ਚੱਕਰਾਂ ਵਿੱਚ ਪਿਸਦਾ ਹਮੇਸ਼ਾ ਆਮ ਆਦਮੀ ਹੀ ਹੈ, ਉਸ ਦੀ ਸਮਾਜਿਕ ਆਰਥਿਕ ਤੇ ਮਾਨਸਿਕ ਸਥਿਤੀ ਉਤੇ ਇਸ ਦਾ ਕਿੰਨਾ ਨਕਾਰਾਤਮਕ ਪ੍ਰਭਾਵ ਪੈਂਦਾ ਹੈ, ਇਸ ਸਭ ਨੂੰ ਜਾਂਚਣ ਪਰਖਣ ਦੀ ਵਿਹਲ ਹੀ ਕਿਸ ਕੋਲ ਹੈ? ਸਾਰੀਆਂ ਹੀ ਕਹਾਣੀਆਂ ਦਾ ਧੁਰਾ 'ਵਿਹੜੇ ਵਾਲੇ' ਹੀ ਹਨ। ਪਿੰਡਾਂ ਵਿੱਚ ਕਿਸ ਕਿਸ ਤਰ੍ਹਾਂ ਦੇ ਰਾਜਨੀਤਿਕ ਹੱਥ ਕੰਡੇ ਅਪਨਾਏ ਜਾਂਦੇ ਹਨ ਤੇ ਪੰਚ, ਸਰਪੰਚਾਂ, ਪੰਚਾਇਤਾਂ ਦੀ ਰਾਜਨੀਤੀ ਹੀ ਕਿਸੇ ਦੇ ਨੱਕ ਹੇਠ ਨਹੀਂ ਆ ਪਾਉਂਦੀ। ਤਾਕਤ ਦਾ ਇਸਤੇਮਾਲ ਕਿੰਨਾ ਗੰਦ ਤੇ ਨਫਰਤ ਫੈਲਾਉਂਦਾ ਹੈ, ਲੋਕਾਂ ਅੰਦਰ ਵਖਰੇਵਾਂ ਪੈਦਾ ਕਰਦਾ ਹੈ ਆਮ ਆਦਮੀ ਇਸ ਨੂੰ ਜਾਣਦੇ ਹੋਏ ਵੀ ਇਸ ਦੇ ਕੁਚੱਕਰ ਨੂੰ ਸਮਝਣ ਵਿੱਚ ਅਜੇ ਤਕ ਨਾਸਮਝ ਹਨ

**-ਜਸਵਿੰਦਰ ਕੌਰ ਬਿੰਦਰਾ**




***ਸਮਾਂ ਤੇ ਸੁਪਨੇ (ਕਹਾਣੀਆਂ) ਰਣਜੀਤ ਸਿੰਘ ਭਿੰਡਰ***
***ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਲੁਧਿਆਣਾ,***




'ਸਮਾਂ ਤੇ ਸੁਪਨੇ' ਰਣਜੀਤ ਸਿੰਘ ਭਿੰਡਰ ਦਾ ਤੀਸਰਾ ਕਹਾਣੀ ਸੰਗ੍ਰਹਿ ਹੈ। ਇਸ ਸੰਗ੍ਰਹਿ ਵਿੱਚ ਕੁਲ ਗਿਆਰਾ ਕਹਾਣੀਆਂ ਹਨ। ਸਾਰੀਆਂ ਹੀ ਕਹਾਣੀਆਂ ਵੱਖ ਵੱਖ ਵਿਸ਼ਿਆ ਨਾਲ ਵੱਖ ਵੱਖ ਵਿਧੀਆਂ ਤੇ ਆਧਾਰਿਤ ਹਨ। ਜਿਵੇਂ 'ਸ਼ਾਵਰ' ਕਹਾਣੀ ਵਿੱਚ ਦੋ ਸੱਭਿਆਚਾਰਾਂ ਦਾ ਟਕਰਾ ਪੇਸ਼ ਕਰਕੇ ਇਹ ਦਰਸਾਇਆ ਗਿਆ ਹੈ ਕਿ ਅੱਜ ਵੀ ਤੀਸਰੀ ਦੁਨੀਆਂ ਦੇ ਲੋਕ ਕਿਸੇ ਅੰਧੇਰੀ ਸਦੀ ਤੇ ਅਮਾਨਵੀ ਮਾਨਸਿਕਤਾ ਦੇ ਵਸਨੀਕ ਜਾਪਦੇ ਹਨ। ਇਸਤੋਂ ਭਿੰਡਰ ਹੁਰਾਂ ਦੀ ਨਿੱਗਰ ਸੋਚ ਅਤੇ ਮਨਵਤਾ ਪ੍ਰਤੀ ਸੁਚੇਤ ਰੂਪ ਵਿਚ ਹਮਦਰਦੀ ਵੇਖੀ ਜਾ ਸਕਦੀ ਹੈ। 'ਪਲ ਪਲ ਮਰਦਾ ਆਦਮੀ' ਕਹਾਣੀ ਵਿਚ ਕਹਾਣੀਕਾਰ ਨੇ ਸਾਡੇ ਦੇਸ਼ ਵਿੱਚ ਕਿਸੇ ਉੱਚੀ ਜਾਤ ਨਾਲ ਸੰਬੰਧਿਤ ਆਰਥਿਕ ਪੱਖੋਂ ਨੀਵੇਂ ਲੋਕਾਂ ਦੀ ਸਥਿਤੀ ਬੜੇ ਹੀ ਕਲਾਤਮ ਢੰਗ ਨਾਲ ਪੇਸ਼ ਕੀਤੀ ਹੈ। 'ਤਿੰਨ ਭੈਣਾ' ਕਹਾਣੀ ਇਸ ਸੰਗ੍ਰਹਿ ਦੀ ਸਭ ਤੋਂ ਵਧੀਆਂ ਕਹਾਣੀ ਕਹੀ ਜਾ ਸਕਦੀ ਹੈ। ਇਸ ਵਿੱਚ 21 ਵੀਂ ਸਦੀ ਦੀ ਭਾਰਤੀ ਨਾਰੀ, ਸਥਿਤੀ ਨੂੰ ਬਹੁਤ ਹੀ ਗੰਭੀਰ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਕਿ ਜ਼ਿੰਦਗੀ ਦੇ ਹਰ ਕਿਸੇ ਵੀ ਖੇਤਰ ਸਮਾਜਿਕ, ਸਾਹਿਤਕ, ਉੱਚ ਪ੍ਰੋਫਾਈਲ, ਧਾਰਮਿਕ ਆਦਿ ਸਭ ਥਾਵਾਂ ਤੇ ਕਿਸ ਤਰ੍ਹਾਂ ਮਰਦ ਪ੍ਰਧਾਨ ਸਮਾਜ ਦੀ ਘਟਿੱਤ ਬਾਜ਼ੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਕਿਵੇਂ ਉਸਨੂੰ ਰੋਜਮਰਾਂ ਦੀਆਂ ਘਰੇਲੂ ਵਸਤਾਂ ਦੀ ਤਰ੍ਹਾਂ ਹਰ ਕੰਮ ਲਈ ਸਰੀਰਕ ਰੂਪ ਵਿੱਚ ਵਰਤਿਆਂ ਜਾਂਦਾ ਹੈ। 'ਕੈਫੇਟੇਰੀਏ ਵਾਲੀ ਕੁੜੀ' ਕਹਾਣੀ ਵਿੱਚ ਵੀ ਸਾਡੀ ਅਜੋਕੀ ਔਰਤ ਨੂੰ ਵਿਦੇਸ਼ਾਂ ਵਿੱਚ ਜਾ ਕੇ ਵੀ ਮਰਦ ਪ੍ਰਧਾਨ ਸਮਾਜ ਦੀਆਂ ਜ਼ਿਆਦਤੀਆਂ ਦਾ ਸ਼ਿਕਾਰ ਹੁੰਦੀ ਵਿਖਾਇਆ ਗਿਆ ਹੈ। 'ਭਿੰਡਰ' ਸਾਹਿਬ ਦੀਆਂ ਕਹਾਣੀਆਂ ਬੜੀ ਹੀ ਸਧਾਰਨ ਸਪੱਸ਼ਟ ਤੇ ਸਾਫ ਸੁਥਰੀ ਭਾਸ਼ਾ ਵਿੱਚ ਲਿਖੀਆਂ ਗਈਆਂ ਹਨ। ਪ੍ਰਵਾਸ ਨਾਲ ਸੰਬੰਧਤ ਕਹਾਣੀਆਂ ਵਿਚ ਅੰਗਰੇਜ਼ੀ ਸ਼ਬਦਾਂ ਦੀ ਕਾਫ਼ੀ ਭਰਮਾਰ ਹੈ। ਕਹਾਣੀਆਂ ਲੱਚਰ ਸ਼ਬਦਾਵਲੀ ਤੋਂ ਨਿਰੋਲ ਮੁਕਤ ਹਨ। ਪ੍ਰਵਾਸੀ ਕਲਚਰ, ਸਾਡੀ ਨਿਆਂ ਸਥਿਤੀ, ਬੇਰੁਜ਼ਗਾਰੀ, ਜਾਤੀ ਜਮਾਤੀ ਮਸਲਿਆਂ ਆਦਿ ਦੇ ਵਿਸ਼ਿਆ ਨੂੰ ਇਸ ਸੰਗ੍ਰਹਿ ਵਿੱਚ ਬਹੁਤ ਹੀ ਬਰੀਕਬੀਨੀ ਨਾਲ ਚਿਤਰਿਆ ਗਿਆ ਹੈ।

**- ਹਰਜੀਤ ਧਾਲੀਵਾਲ**


***ਰੱਬ ਵਰਗੇ ਬੰਦ (ਕਹਾਣੀਆਂ) ਜਗਜੀਤ ਸਿੰਘ ਪੰਧੇਰ***
***ਪ੍ਰਕਾਸ਼ਕ: ਸੜਕਨਾਮਾ ਪ੍ਰਕਾਸ਼ਨ, ਮੋਗਾ***




'ਰੱਬ ਵਰਗੇ ਬੰਦੇ' ਜਗਜੀਤ ਸਿੰਘ ਪੰਧੇਰ ਦਾ ਪਲੇਠਾ ਕਹਾਣੀ ਸੰਗ੍ਰਹਿ ਹੈ। ਵਡੇਰੀ ਉਮਰ ਵਿੱਚ ਜਾ ਕੇ ਲਿਖੇ ਇਸ ਕਹਾਣੀ ਸੰਗ੍ਰਹਿ ਵਿਚੋ ਉਹਨਾਂ ਦੀ ਪ੍ਰੋੜ੍ਹ ਉਮਰ ਦੇ ਤਜ਼ਰਬੇ ਸਪੱਸ਼ਟ ਝਲਕਦੇ ਹਨ। ਇਤਿਹਾਸ ਮੁੱਖੀ ਯਥਾਰਥ ਨੂੰ ਜੀਵਨੀਮੂਲਕ ਰੂਪ ਵਿਚੋਂ ਪੇਸ਼ ਕਰਦੀਆਂ ਇਹ ਕਹਾਣੀਆਂ ਜਜ਼ਬਾਤੀ ਵਧੇਰੇ 'ਤੇ ਤਰਕਮਈ ਘੱਟ ਹਨ। ਪੰਧੇਰ ਸਾਹਿਬ ਨੇ ਭਾਵੇਂ ਨਿਰਪੱਖ ਹੋ ਕੇ ਕਹਾਣੀਆਂ ਦੀ ਸਿਰਜਣਾ ਕੀਤੀ ਹੈ। ਪਰ ਉਹਨਾਂ ਨੇ ਹਰ ਇਕ ਕਹਾਣੀ ਵਿਚੋਂ ਲੱਗ ਭੱਗ ਸਿੱਖਾਂ ਦੇ ਕਿਰਦਾਰ ਨੂੰ ਸ਼ਲਾਘਾਮਈ ਰੂਪ ਵਿੱਚ ਹੀ ਪੇਸ਼ ਕੀਤੀ ਹੈ। ਜੋ ਉਹਨਾਂ ਦੇ ਅਵਚੇਤਨ ਵਿੱਚ ਪਈ ਸਿੱਖ ਧਰਮ ਪ੍ਰਤੀ ਸ਼ਰਧਾ, ਕੱਟੜਤਾ ਨੂੰ ਦਰਸਾਉਂਦਾ ਹੈ। ਕਹਾਣੀਆਂ ਨੂੰ ਬੜੇ ਹੀ ਵਧੀਆ ਢੰਗ ਨਾਲ ਬਹੁਤ ਛੋਟੇ ਛੋਟੇ ਵੇਰਵਿਆਂ ਨਾਲ ਨਜਿੱਠਿਆ ਗਿਆ ਹੈ। ਹਰ ਕਹਾਣੀ ਦਾ ਟਾਈਟਲ ਕਿਸੇ ਨਾ ਕਿਸੇ ਪਾਤਰ ਦੇ ਵਾਰਤਾਲਾਪ ਦਾ ਹਿੱਸਾ ਬਣਾਇਆ ਗਿਆ ਹੈ। ਜਿਸ ਨਾਲ ਕਹਾਣੀ ਦਾ ਤੋੜਾ ਉੱਥੇ ਹੀ ਟੁੱਟ ਜਾਂਦਾ ਹੈ। ਅਤੇ ਕਹਾਣੀ ਉੱਥੇ ਹੀ ਖਤਮ ਹੋ ਜਾਂਦੀ ਹੈ। ਤੇ ਉਸ ਤੋਂ ਪਿਛੋਂ ਦੀਆਂ ਸਤਰਾਂ ਅਰਥਹੀਣ ਹੋ ਜਾਂਦੀਆਂ ਹਨ। ਜਿਵੇਂ 'ਉਜਾੜਾ' ਕਹਾਣੀ ਵਿੱਚ ਭਾਈ ਜੀ ਦੇ ਸ਼ਬਦ ਇਸ ਤਰ੍ਹਾਂ ਹਨ, "ਉਹਨਾਂ ਵਿੱਚ ਛਾਈ ਖ਼ਾਮੋਸ਼ੀ ਆਖੀਰ

ਭਾਈ ਜੀ ਦੇ ਚਿੱਤੋਂ ਲਏ ਹੌਕੇ ਨਾਲ ਰਲੇ ਦੁਖੀ ਬੋਲਾਂ ਨਾਲ ਟੁੱਟੀ, "ਐਹੋ ਜੀ ਆਜ਼ਾਦੀ ਤੋਂ ਕਿਸੇ ਨੇ ਕੀ ਲੈਣਾ ਸੀ, ਜਿਸਦਾ ਮਹੂਰਤ ਈ ਉਜਾੜੇ ਨਾਲ ਹੋਇਆ ਹੈ।" ਪੰਧੇਰ ਹੁਰਾਂ ਨੇ ਇਹਨਾਂ ਕਹਾਣੀਆਂ ਵਿੱਚ ਆਮ ਸਧਾਰਨ ਲੋਕਾਂ ਦੀ ਛੋਟੇ ਪੱਧਰ ਦੀ ਅਸਧਾਰਨ ਸਮਝ ਦੀ ਪੇਸ਼ਕਾਰੀ ਬੜੇ ਹੀ ਵਧੀਆ ਢੰਗ ਨਾਲ ਕੀਤੀ ਹੈ, ਕਿ ਕਿਵੇਂ ਉਹ ਲੀਡਰ ਲੋਕਾਂ ਦੀਆਂ ਲੂੰਮੜ ਚਾਲਾਂ ਨੂੰ ਨਾ ਸਮਝਦੇ ਹੋਏ ਆਜ਼ਾਦੀ ਨੂੰ ਕੋਸ ਰਹੇ ਹਨ। ਇਸ ਤਰ੍ਹਾਂ ਲੱਗ ਭੱਗ ਹਰ ਕਹਾਣੀ ਵਿਚੋਂ ਵਾਪਰ ਰਿਹਾ ਹੈ। ਜਿਸ ਨਾਲ ਕਹਾਣੀ ਦੀ ਉਤਸੁਕਤਾ ਮਰ ਜਾਂਦੀ ਹੈ। ਭਾਵੇਂ ਇਹ ਕਹਾਣੀਆਂ ਉਸ ਪੱਧਰ ਦੀਆਂ ਨਹੀਂ ਜਿਸ ਪੱਧਰ ਤੇ ਅੱਜ ਦੀ ਪੰਜਾਬੀ ਨਿੱਕੀ ਕਹਾਣੀ ਪੁੱਜ ਚੁੱਕੀ ਹੈ। ਪ੍ਰੰਤੂ ਦੇਸ਼ ਵੰਡ ਨਾਲ ਜੁੜੀਆਂ ਹੋਣ ਕਰਕੇ ਇਹਨਾਂ ਦੀ ਸਾਰਥਿਕਤਾ ਅੱਜ ਵੀ ਹੈ। ਜੋ ਕਿ ਸਾਡੀ ਅਜੋਕੀ ਨੌਜਵਾਨ ਪੀੜੀ ਨੂੰ ਇਹ ਦੱਸਦੀਆਂ ਹਨ, ਕਿ ਆਜ਼ਾਦੀ ਕਿਵੇਂ ਲਈ ਗਈ। ਤੇ ਕੀ ਕੀ ਕੀਮਤਾਂ ਆਮ ਸਧਾਰਨ ਲੋਕਾਂ ਨੂੰ ਚੁਕਾਉਣੀਆਂ ਪਈਆਂ ਹਨ। **- ਹਰਜੀਤ ਧਾਲੀਵਾਲ**

***ਲੰਕਾ ਦਾਹ (ਨਾਵਲ) ਜੀਤ ਸਿੰਘ ਸੰਧੂ***
***ਪ੍ਰਕਾਸ਼ਕ ਸੜਕਨਾਮਾ ਪ੍ਰਕਾਸ਼ਨ, ਮੋਗਾ***
***ਮੁੱਲ: 100 ਰੁਪਏ, ਪੰਨੇ: 136***




'ਲੰਕਾ ਦਾਹ' ਜੀਤ ਸਿੰਘ ਸੰਧੂ ਦਾ ਹੁਣੇ ਜਿਹੇ ਪ੍ਰਕਾਸ਼ਤ ਹੋਇਆ ਉਹ ਨਾਵਲ ਹੈ ਜਿਹੜਾ ਉਸ ਨੇ ਦੋ ਦਹਾਕੇ ਪਹਿਲਾ ਲਿਖਿਆ ਸੀ ਹੁਣ ਇਸ ਨਾਵਲ ਨੂੰ ਮੁੜ ਸੋਧ ਕੇ ਪ੍ਰਕਾਸ਼ਤ ਕੀਤਾ ਹੈ। ਨਾਵਲ ਦਾ ਆਰੰਭ ਲਾਲ ਤੇ ਥੱਮਣ ਦੋ ਪਾਤਰਾਂ ਦੇ ਵੈਲੀ ਵਿਹਾਰ ਤੋਂ ਹੁੰਦਾ ਹੈ। ਨਾਵਲ ਦਾ ਆਰੰਭ ਸੰਤਾਲੀ ਦੇ ਦੰਗਿਆਂ ਦੇ ਦਰਦ ਭਰੇ ਸਮੇਂ ਤੋਂ ਹੁੰਦਾ ਹੈ ਜਦੋਂ ਦੋ ਫਿਰਕੇ ਇਕ ਦੂਜੇ ਦੇ ਲਹੂ ਦੇ ਪਿਆਸੇ ਹੋ ਜਾਂਦੇ ਹਨ। ਥੰਮਣ, ਮਾਨਾ ਤੇ ਲਾਲ ਇਕ ਮੁਸਲਮਾਨ ਕਾਫ਼ਲੇ ਤੇ ਹਮਲਾ ਕਰ ਕੇ ਕੁਝ ਬੰਦਿਆਂ ਨੂੰ ਮਾਰ ਕੇ ਇਕ ਨੂਰਾ ਨਾਂ ਦੀ ਕੁੜੀ ਚੁੱਕ ਕੇ ਲੈ ਆਉਂਦੇ ਹਨ। ਨੂਰਾ ਖ਼ੁਦਕਸ਼ੀ ਕਰਨ ਨੱਠਦੀ ਹੈ ਪਰ ਪਿੰਡ ਵਾਲੇ ਬਚਾ ਲੈਂਦੇ ਹਨ ਫਿਰ ਲਾਲ ਸਿੰਘ ਨੂਰਾਂ ਦਾ ਵਿਆਹ ਕਰਵਾ ਲੈਂਦਾ ਹੈ। ਪਰ ਲਾਲ ਦੀ ਪਹਿਲੀ ਪਤਨੀ ਵੀ ਹੈ। ਉਸ ਦਾ ਇਕ ਪੁੱਤ ਸੋਹਣਾ ਹੈ ਨਾਵਲਕਾਰ ਨੇ ਦੋਹਾਂ ਨੂੰ ਖਲਨਾਇਕ ਦਿਖਾਇਆ ਹੈ। ਨਾਵਲਕਾਰ ਦੋ ਤਰ੍ਹਾਂ ਦੇ ਪਾਤਰ ਸਿਰਜਦਾ ਹੈ ਜਾਂ ਤਾਂ ਬਹੁਤ ਚੰਗੇ ਜਾਂ ਫਿਰ ਅਤਿ ਦਰਜੇ ਦਾ ਮਾੜੇ। ਨਾਵਲ ਵਿਚ ਲਾਲ ਤੇ ਉਹਦਾ ਪੁੱਤ ਮਾੜੇ ਪਾਤਰ ਹਨ ਚਰਨਾ ਸਮਾਜ ਦਾ ਸੁਧਾਰ ਕਰਨ ਦਾ ਚਾਹਵਾਨ। ਨਾਵਲ ਵਿਚ ਪੁਲਿਸ ਵਲੋਂ ਤਸੀਹੇ ਦੇਣ ਦਾ ਜ਼ਿਕਰ ਹੈ। ਤੇ ਬਦੀ ਦੀ ਨੇਕੀ ਉੱਤੇ ਜਿੱਤ ਸੋਹਣੇ ਨੂੰ ਮਾਰ ਕੇ ਹੁੰਦੀ ਹੈ। ਨਸ਼ੇ, ਪੁਲਿਸ ਅਤੇ ਦਲਿਤ ਸਮਾਜ ਨੂੰ ਵੀ ਸੰਧੂ ਨੇ ਆਪਣੇ ਨਾਵਲ ਵਿਚ ਚਿਤਰੇ ਹਨ। ਉਸ ਕੋਲ ਪਿੰਡ ਦੀ ਆਂਚਲਿਕਤਾ ਹੈ। ਪੇਂਡੂ ਭਾਸ਼ਾ 'ਤੇ ਉਹਦੇ ਪੀਡੀ ਪਕੜ ਹੈ। ਨਾਵਲ ਨੂੰ ਰੋਚਿਕ ਬਣਾਉਣ ਲਈ ਉਸ ਨੇ ਪੇਂਡੂ ਜ਼ਿੰਦਗੀ ਦੇ ਕਈ ਚਿਹਨ ਵਰਤੇ ਹਨ, ਚਾਹੇ ਉਹ ਰਵਾਇਤੀ, ਸੁਧਾਰਵਾਦੀ, ਆਦਰਸ਼ਵਾਦੀ ਹਨ।

**- ਜਸਬੀਰ ਗਿੱਲ** (ਖੋਜ ਵਿਦਿਆਰਥੀ ਗੁਰੂ ਨਾਨਕ ਦੇਵ ਯੂਨੀ. ਅੰਮ੍ਰਿ.)

***ਪਾਣੀਆਂ ਦੇ ਰੰਗ (ਕਹਾਣੀ ਸੰਗ੍ਰਹਿ) ਮਨਜੀਤ ਬਠਿੰਡਾ***
***ਪ੍ਰਕਾਸ਼ਕ :ਚੇਤਨਾ ਪ੍ਰਕਾਸ਼ਨ, ਲੁਧਿਆਣਾ***

ਮਨਜੀਤ ਬਠਿੰਡਾ ਦਾ ਇਹ ਪਹਿਲਾ ਕਹਾਣੀ ਸੰਗ੍ਰਹਿ ਹੈ। ਜਿਸ ਵਿਚ ਉਸ ਨੇ 9 ਕਹਾਣੀਆਂ ਪਾਠਕਾਂ ਨੂੰ ਦਿੱਤੀਆਂ ਹਨ। ਮਨਜੀਤ ਦੀ ਕਹਾਣੀ ਮੁੱਖ ਤੌਰ ਤੇ ਪਿੰਡ ਨਾਲ ਜੁੜੀ ਹੋਈ ਹੈ। ਪ੍ਰੰਤੂ ਉਸ ਵਿਚ ਆਮ ਬੰਦੇ ਦੀ ਪੀੜ ਅਤੇ ਔਰਤ ਦਾ ਦਰਦ ਡੁੱਲ੍ਹ ਡੱਲ੍ਹ ਕੇ ਪੈਂਦਾ ਹੈ। ਪੁਸਤਕ ਦੀ ਸਿਰਲੇਖ ਵਾਲੀ ਕਹਾਣੀ ਕਿਸਾਨੀ ਸੰਕਟ ਨੂੰ ਉਭਾਰਦੀ ਹੈ। ਪ੍ਰੰਤੂ ਕਹਾਣੀ ਵਿਚ ਲੇਖਕ ਪੰਜਾਬ ਤੇ ਹਰਿਆਣਾ ਦੇ ਪਾਣੀਆਂ ਦੇ ਵੰਡ ਵਾਲਾ ਮੋਟਿਫ ਉਭਾਰਦਾ ਹੈ। ਪੁਸਤਕ ਦੀ ਪਹਿਲੀ ਕਹਾਣੀ 'ਹੁਣ ਨਹੀਂ' ਉਸ ਦੀ ਬਹੁਤ ਅਹਿਮ ਕਹਾਣੀ ਹੈ ਜਿਸ ਵਿਚ ਦੇਸ਼ ਵੰਡ ਦੇ ਦਰਦ ਨੂੰ ਪੰਜਾਬ ਵਿਚ 80 ਵੇਂ ਦਹਾਕੇ ਵਿਚ ਉਭਰਦੇ ਦਹਿਸ਼ਤਵਾਦ ਦੇ ਪ੍ਰਸੰਗ ਵਿਚ ਉਭਾਰਿਆ ਹੈ। ਕਹਾਣੀ ਵਿਚ ਪ੍ਰਕਾਸ਼ ਚੰਦ ਲੁਬਾਣਾ ਦੀ ਮਨੋ ਸਥਿਤੀ ਨੂੰ ਬਿਆਨ ਕੀਤਾ ਹੈ। ਕਹਾਣੀ 'ਦਹਿਸ਼ਤ' ਦੇ ਚਿਹਨ ਤੇ ਉਸਰਦੀ ਹੈ। ਮਨਜੀਤ ਆਪਣੀ






ਕਹਾਣੀ 'ਧਰਤੀ ਤੋਂ ਉੱਪਰ ਉੱਠੇ ਪੈਰ' ਵਿਚ ਦਲਿਤ ਚੇਤਨਾ ਦੇ ਮਸਲੇ ਨੂੰ ਲੈ ਕੇ ਆਇਆ ਹੈ। ਕਹਾਣੀ ਨਰੈਣੂ ਨਾਂ ਦੇ ਦਲਿਤ ਚਮਾਰ ਪਾਤਰ ਨੇ ਮਨ ਵਿਚ ਚਿਤਵ ਹੁੰਦੀ ਹੈ ਜਿਹੜਾ ਜੁੱਤੀਆਂ ਗੰਢਦਾ-ਗੰਢਦਾ ਸਾਰੀ ਉਮਰ ਲੰਘਾ ਦਿੰਦਾ ਹੈ। ਉਸ ਦਾ ਬਚਪਨ ਦਾ ਸਾਥੀ ਜੰਗੂ ਕਿਵੇਂ ਪੜ੍ਹ ਲਿਖ ਕੇ ਜੰਗਾ ਸਿੰਘ ਬਣ ਜਾਂਦਾ ਹੈ ਤੇ ਰਾਖਵੇਂਕਰਨ ਦੀਆਂ ਸਹੂਲਤਾ ਲੈ ਕੇ ਉਸ ਦਾ ਪੁੱਤ ਪੜ੍ਹ ਕੇ ਡੀ. ਸੀ. ਲੱਗ ਜਾਂਦਾ ਹੈ ਕਹਾਣੀ ਵਿਚ ਮੋੜ ਉਸ ਵੇਲੇ ਆਉਂਦਾ ਹੈ ਜਦੋਂ ਉਸ ਪਿੰਡ ਦੇ ਇਕ ਗੁਰਦਵਾਰੇ ਵਿਚ ਉਸ ਡੀ. ਸੀ. ਨੂੰ ਬੁਲਾਇਆ ਜਾਂਦਾ ਹੈ ਜਿੱਥੇ ਬਚਪਨ ਵਿਚ ਨਰੈਣੂ ਤੇ ਜੰਗੂ ਨੂੰ ਪਾਣੀ ਵੀ ਨਹੀਂ ਸੀ ਪੀਣ ਦਿੱਤਾ ਜਾਂਦਾ। ਗਿਰਗਿਟ ਵਾਂਗ ਬਦਲਗੇ ਉੱਚੀ ਜਾਤੀਆਂ ਦੇ ਵਤੀਰੇ ਅਤੇ ਡੇਰੇ ਤੇ ਕਹਾਣੀ ਤਿੱਖਾ ਵਿਅੰਗ ਕਰਦੀ ਹੈ। 'ਪੋਪ ਕੌਰਨ' ਕਹਾਣੀ ਦਲਿਤ ਚੇਤਨਾ ਨੂੰ ਪੇਸ਼ ਕਰਨ ਵਾਲੀ ਕਹਾਣੀ ਹੈ ਜਿਸ ਵਿਚ ਬਚਨੇ ਝਿਊਰ ਤੇ ਉਸਦੇ ਪਰਿਵਾਰ ਦੀ ਦਰਦਨਾਕ ਵਿੱਥਿਆ ਬਿਆਨ ਕੀਤੀ ਗਈ ਹੈ। ਜਿਹੜੇ ਦਾਣੇ ਭੁੰਨ ਕੇ ਗੁਜਾਰਾ ਕਰਦੇ ਹਨ ਬਚਨੇ ਦੇ ਪਰਿਵਾਰ ਦਾ ਸੰਕਟ ਉਦੋਂ ਗਹਿਰਾ ਹੁੰਦਾ ਹੈ ਜਦੋਂ ਟੇਵੇ ਦੇਖਣ ਵਾਲਾ ਪੰਡਤ ਦਾ ਮੁੰਡਾ ਪੋਪ ਕੋਰਨ ਬਣਾਉਣ ਵਾਲੀ ਮਸ਼ੀਨ ਲੈ ਆਉਂਦਾ ਹੈ। ਤੇ ਬਚਨੇ ਦਾ ਪਰਿਵਾਰ ਨਿਰਾਸਾਜਨਕ ਸਥਿਤੀ ਵਿਚ ਪਹੁੰਚ ਜਾਂਦਾ ਹੈ। ਉਸ ਦੀਆਂ ਕਹਾਣੀ 'ਕੂਲੇ ਹੱਥ', 'ਸ਼ਰਤ', 'ਯੂਰੋ' , 'ਢੇਰੀਆਂ' ਜ਼ਿੰਦਗੀ ਦੇ ਵੱਖਰੇ ਸਰੋਕਾਰ ਲੈ ਕੇ ਆਉਂਦੀਆਂ ਹਨ ਜਿਨ੍ਹਾਂ ਵਿਚ ਨਾਰੀ ਦੇ ਮਸਲਿਆਂ ਨੂੰ ਉਭਾਰਿਆ ਹੈ।

**- ਭਗਵੰਤ ਰਸੂਲਪੁਰੀ**





***ਸਭਿਆਤਾਵਾਂ ਦਾ ਪਤਨ (ਵਾਰਤਕ) ਰਾਜਿੰਦਰ ਬਿਬਰਾ***
***ਪ੍ਰਕਾਸ਼ਕ: ਲਿਟਰੇਚਰ ਹਾਊਸ ਪੁਤਲੀਘਰ ਅੰਮ੍ਰਿਤਸਰ***
***ਮੁੱਲ: 160 ਰੁਪਏ, ਪੰਨੇ: 128***

ਰਾਜਿੰਦਰ ਬਿਬਰਾ ਪ੍ਰਮੁੱਖ ਤੌਰ ਤੇ ਨਾਵਲਕਾਰ ਹੈ ਉਸ ਨੇ ਲਿਖਣ ਦਾ ਆਰੰਭ ਅੰਗਰੇਜ਼ੀ ਤੋਂ ਕੀਤਾ ਅਤੇ ਪੰਜਾਬੀ ਵਿਚ ਆਪਣੇ ਨਾਵਲਾਂ ਰਾਹੀ ਪੱਛਮੀ ਚਿੰਤਨ ਲੈ ਕੇ ਆਇਆ। ਇਹ ਪੁਸਤਕ ਵਿਚ ਉਸਨੇ ਸਮਾਜ ਵਿਗਿਆਨ, ਭਾਰਤੀ ਦਰਸ਼ਨ, ਸਮਕਾਲੀ ਮਸਲੇ ਅਤੇ ਸਾਡੀ ਸੰਸਕ੍ਰਿਤੀ ਅਤੇ ਸਭਿਆਤਾਵਾਂ ਨੂੰ ਕਈ ਨੁਕਤਿਆਂ ਤੋਂ ਵਿਚਾਰਨ ਯੋਗ ਮਸਲਿਆ ਨੂੰ ਛੋਹਿਆ ਹੈ। ਬਿਬਰਾ ਨੇ ਆਪਣੇ ਲੇਖ 'ਪਹਿਲਾ ਕਦਮ ਸਚਾਈ ਵੱਲ' ਵਿਗਿਆਨ ਬ੍ਰਹਿਮੰਡੀ ਚੇਤਨਾ ਦੇ ਸੰਦਰਭ ਵਿਚ ਸ਼੍ਰਿਸਟੀ ਦੀ ਰਚਨਾ ਅਤੇ ਮਨੁੱਖੀ ਵਿਨਾਸ਼ ਦੇ ਕਈ ਰਹੱਸ਼ ਖੋਲੇ ਹਨ। 'ਸਭਿਆਤਾਵਾਂ ਦਾ ਪਤਨ' ਲੇਖ ਵਿਚ ਕੁਝ ਕੁ ਸਵਾਰਥੀ ਲੋਕਾਂ ਵੱਲੋਂ ਸਭਿਆਤਾ ਨੂੰ ਖੋਰਾ ਲਾਉਣ ਦਾ ਮੁੱਦਾ ਉਭਾਰਿਆ ਹੈ। ਇਨਸਾਨ ਕਿਵੇਂ ਵੱਖ ਵੱਖ ਰੂਪਾ ਨਾਲ ਵਿਨਾਸ਼ ਕਰ ਰਿਹਾ ਹੈ ਸਾਹਿਤ ਰਾਹੀ, ਵਿਗਿਆਨਕ ਖੋਜਾ ਰਾਹੀ ਆਦਿ। 'ਗਿਆਨ ਦਾ ਸੋਮਾ' ਲੇਖ ਉਸ ਨੇ ਸੰਵਾਦ ਦੀ ਸੈਲੀ ਵਿਚ ਸਿਰਜਿਆ ਹੈ। ਬੁੱਧੀ ਵੱਲੋਂ ਬ੍ਰਹਿਮੰਡੀ ਗਿਆਤਾ ਹੋਣ ਦੇ ਪਖੰਡ ਨੂੰ ਪੇਸ਼ ਕੀਤਾ ਹੈ। 'ਕਰਮ ਦਾ ਨਿਖਾਰ' ਲੇਖ ਵਿਚ ਵਿਦਿਆਰਥੀ ਤੇ ਮਾਸਟਰ ਦਾ ਸਵੈ ਸੰਵਾਦ ਰਚਾ ਕੇ ਉਸ ਨੇ ਵਿਗਿਆਨ ਗੱਲਾਂ ਕੀਤੀਆਂ ਹਨ। ਪ੍ਰਕ੍ਰਿਤੀ ਤੇ ਸ੍ਰਿਸ਼ਟੀ ਦੇ ਰਹੱਸ ਦੀਆਂ ਗੱਲਾਂ ਕੀਤੀਆਂ ਹਨ। ਇਹ ਲੰਮੀ ਵਾਰਤਾਲਾਪ ਹੈ ਜਿਸ ਵਿਚ ਲੇਖਕ ਨੇ ਧਰਮ ਤੇ ਫਿਰਕੂ ਸਕਤੀਆਂ ਆਦਿ ਬਹੁਤ ਸਾਰੇ ਮੁੱਦੇ ਉਭਾਰੇ ਹਨ। ਆਪਣੀਆਂ ਲਿਖਤਾਂ ਵਿਚ ਉਸ ਭ੍ਰਿਸ਼ਟ ਅਤੇ ਅਸੱਭਿਆ ਸਮਾਜ ਦੀਆਂ ਅਨੈਤਿਕ ਕਦਰਾਂ ਕੀਮਤਾਂ ਦੀ ਚਰਚਾ ਬੜੇ ਵਿਗਿਆਨਕ ਨਜਰੀਏ ਤੋਂ ਕੀਤੀ ਹੈ।

**- ਜਸਬੀਰ ਗਿੱਲ** (ਖੋਜ ਵਿਦਿਆਰਥੀ ਗੁਰੂ ਨਾਨਕ ਦੇਵ ਯੂਨੀ. ਅੰਮ੍ਰਿ.)

***ਨਵਤੇਜ ਸਿੰਘ ਦੀਆਂ ਚੋਣਵੀਆਂ ਕਹਾਣੀਆਂ***
***ਸੰਪਾਦਕ: ਬਲਦੇਵ ਸਿੰਘ 'ਬੱਦਨ' (ਡਾ.)***
***ਪ੍ਰਕਾਸ਼ਕ : ਨੈਸ਼ਨਲ ਬੁੱਕ ਟਰੱਸਟ, ਇੰਡੀਆ***
***ਮੁੱਲ: 100 ਰੁਪਏ, ਪੰਨੇ: 140***





ਪ੍ਰਗਤੀਵਾਦੀ ਕਹਾਣੀਕਾਰ ਨਵਤੇਜ ਸਿੰਘ ਦੀ ਇਸ ਪੁਸਤਕ 'ਚ 43 ਚੌਣਵੀਆਂ ਕਹਾਣੀਆਂ ਹਨ। ਨਵਤੇਜ ਪੰਜਾਬੀ ਕਹਾਣੀ ਵਿਚ ਉਦੋਂ ਉਭਰਿਆ ਜਦੋਂ ਪ੍ਰਗਤੀਵਾਦੀ ਤੇ ਮਾਰਕਸਵਾਦੀ ਵਿਚਾਰਧਾਰਾ ਦਾ ਪੰਜਾਬੀ ਕਹਾਣੀ ਤੇ ਪੂਰਾ ਪ੍ਰਭਾਵ ਸੀ। ਨਵਤੇਜ ਨਿੱਕੀ ਹੁਨਰੀ ਕਹਾਣੀ ਰਾਹੀ ਲੋਟੂ ਸ਼੍ਰੇਣੀਆ ਪ੍ਰਤੀ ਘਿਰਣਾ ਤੇ ਲੁਟੀਣ ਵਾਲਿਆ ਲਈ ਹਮਦਰਦੀ ਦਾ ਪ੍ਰਗਟਾਵਾ ਵਿਅੰਗ ਰਾਹੀ ਲੈ ਕੇ ਆਇਆ। ਸਮੁੱਚੀਆਂ ਕਹਾਣੀਆਂ ਦਾ ਪਾਠ ਕਰਨ ਉਪਰੰਤ ਇਹ ਧਾਰਨਾ ਉਭਰਦੀ ਹੈ ਕਿ ਉਸ ਦੀਆਂ ਕਹਾਣੀਆਂ ਦੇ ਵਿਸ਼ੇ ਅੰਤਰਰਾਸ਼ਟਰੀ, ਆਰਥਿਕ ਨਾ-ਬਰਾਬਰੀ, ਧਾਰਮਿਕ ਭ੍ਰਿਸ਼ਟਾਚਾਰ, ਰਾਜਸੀ ਭ੍ਰਿਸ਼ਟਾਚਾਰ, ਪਿਆਰ 'ਚ ਗਰੀਬੀ ਆਦਿ ਨੂੰ ਲੈਂਦਾ ਹੈ। ਭਾਵੇਂ ਕਿ ਨਵਤੇਜ ਨੇ ਬਹੁਤ ਥੋੜ੍ਹਾ ਲਿਖਿਆ ਪ੍ਰੰਤੂ ਕਲਾਤਮਿਕ ਪੱਖ ਤੋਂ ਉਸ ਦੀਆਂ ਕਹਾਣੀਆਂ ਨੇ ਅੰਤਰ-ਰਾਸ਼ਟਰੀ ਪੱਧਰ ਦੀ ਪ੍ਰਸਿੱਧਤਾ ਪ੍ਰਾਪਤ ਕੀਤੀ ਹੈ। ਉਝ ਤਾਂ ਪੁਸਤਕ 'ਚ ਸਾਰੀਆਂ ਕਹਾਣੀਆਂ ਹੀ ਜ਼ਿਕਰਯੋਗ ਹਨ ਪ੍ਰੰਤੂ ਕੁਝ ਕਹਾਣੀਆਂ ਦੀਆਂ ਖੂਬੀਆਂ ਦਾ ਜ਼ਿਕਰ ਕਰਨਾ ਬਣਦਾ ਹੈ।

'ਬਾਸਮਤੀ ਦੀ ਮਹਿਕ' ਉਸ ਦੀ ਚਰਚਿਤ ਕਹਾਣੀ ਹੈ ਜਿਸ 'ਚ ਗਲਤ ਸਮਾਜਿਕ ਕਦਰਾਂ-ਕੀਮਤਾਂ ਤੇ ਵਿਅੰਗ ਕੀਤਾ ਹੈ ਜੋ ਚਾਹੁਣ ਵਾਲਿਆਂ ਪ੍ਰੇਮੀਆ ਨੂੰ ਮਨਮਰਜੀ ਦਾ ਜੀਵਨ ਸਾਥੀ ਨਹੀਂ ਚੁਣਨ ਦੇਂਦੀਆਂ ਕਹਾਣੀ 'ਚ ਰਣਧੀਰ ਨਾਮ ਦੇ ਗ਼ਰੀਬ ਤੇ ਇਨਕਲਾਬੀ ਕਵੀ, ਸੁਖਵੰਤ ਪ੍ਰੇਮ ਕਰਦੀ ਹੈ, ਪ੍ਰੰਤੂ ਸੁਖਵੰਤ ਦੇ ਮਾਪੇ ਉਹਦਾ ਵਿਆਹ ਧੱਕੇ ਨਾਲ ਇਕ ਫੌਜੀ ਨਾਲ ਕਰ ਦਿੰਦੇ ਹਨ ਜਿਹੜਾ ਐਸ਼ ਕਰਨ ਵਾਲਾ ਤੇ ਜਿਹਨੂੰ ਪਿਆਰ ਤੇ ਕਿਤਾਬਾਂ ਦੀ ਸੂਝ ਨਹੀਂ। ਇਸ ਕਹਾਣੀ ਵਿਚ ਉਸ ਨੇ ਦੇਸ਼ ਵੰਡ ਨੂੰ ਵੀ ਚਿਤਰਿਆ ਹੈ। 'ਕੋਟ ਤੇ ਮਨੁੱਖ' ਉਸ ਦੀ ਇਕ ਹੋਰ ਚਰਚਿਤ ਕਹਾਣੀ ਹੈ ਜਿਸ 'ਚ ਅਮੀਰਾਂ ਤੇ ਵਿਅੰਗ ਕੀਤਾ ਹੈ ਜਿਹੜੇ ਕਿਸੇ ਗਰੀਬ ਦੀ ਰੋਜ਼ੀ ਖੋਹਣ ਸਮੇਂ ਰਤਾ ਵੀ ਦੁੱਖੀ ਨਹੀਂ ਹੁੰਦੇ। ਕਹਾਣੀ 'ਚ ਮਾਸਟਰ ਦੀ ਭੈੜੀ ਆਰਥਿਕ ਦਸ਼ਾ ਦਾ ਵਰਨਣ ਕੀਤਾ ਗਿਆ ਹੈ। ਕਹਾਣੀ ਦੇ ਨਾਇਕ ਮਾਸਟਰ ਈਸ਼ਰਦਾਸ ਦੀ ਏਨੀ ਭੈੜੀ ਹਾਲਤ ਹੈ ਕਿ ਸਰਦੀਆਂ ਦੇ ਮੌਸਮ ਵਿਚ ਉਸ ਪਾਸ ਨਾ ਰਜਾਈ ਹੈ ਨਾ ਸਵੈਟਰ ਨਾ ਕੋਈ ਕੋਟ। ਤੇ ਬੱਚੀ ਖੰਘ ਨਾਲ ਪੀੜਤ ਹੈ ਤੇ ਉਸ ਕੋਲ ਦਵਾਈ ਲਈ ਪੈਸੇ ਨਹੀਂ ਹਨ। ਉਹ ਐਨੀ ਆਰਥਿਕ ਤੰਗੀ ਵਿਚੋਂ ਲੰਘ ਰਿਹਾ ਹੈ ਕਿ ਉਸ ਕੋਲ ਅਤਿ ਜ਼ਰੂਰੀ ਸਮਾਨ ਖਰੀਦਣ ਲਈ ਪੈਸੇ ਨਹੀਂ ਪ੍ਰੰਤੂ ਐਨੀ ਗਰੀਬੀ ਦੇ ਬਾਵਜੂਦ ਪਾਤਰ ਬੱਚਿਆ ਨੂੰ ਪੜ੍ਹਾ ਰਿਹਾ ਹੈ। ਦਲਿਤ ਦੇ ਆਰਥਿਕ ਮਸਲਿਆ ਨੂੰ ਕਹਾਣੀ ਬਹੁਚ ਸਿਧਾਂਤਕ ਪਹੁੰਚ ਨਾਲ ਉਭਾਰਦੀ ਹੈ। 'ਦਿਲ ਦੀ ਥਾਂ ਜੰਦਰਾ' ਮਨੁੱਖ ਦੀ ਗੁਲਾਮ ਮਾਨਸਿਕਤਾ ਦੀ ਗੱਲ ਕਰਦੀ ਹੈ। ਸੁਖਜਿੰਦਰ ਦਾ ਪਤੀ ਇਕ ਵਕੀਲ ਹੈ ਪਰ ਉਹ ਸ਼ੱਕੀ ਸੁਭਾਅ ਵਾਲਾ ਹੈ ਉਹ ਜਦੋਂ ਘਰੋਂ ਬਾਹਰ ਜਾਂਦਾ ਹੈ ਪਤਨੀ ਨੂੰ ਘਰ ਅੰਦਰ ਕਰ ਜਿੰਦੇ ਮਾਰ ਕੇ ਜਾਂਦਾ ਹੈ, ਉਹ ਸਨਕੀ ਸੁਭਾਅ ਵਾਲਾ ਹੈ, ਵਕੀਲ ਕਿਸੇ ਬੱਚੇ, ਇਸਤਰੀ ਨੂੰ ਘਰ ਅੰਦਰ ਨਹੀਂ ਆਉਣ ਦਿੰਦਾ। ਨਵਤੇਜ ਦੀ ਇਹ ਵਿਅੰਗਮਈ ਕਹਾਣੀ ਹੈ। ਉਹ ਮਰਦ ਪ੍ਰਧਾਨ ਸਮਾਜ ਤੇ ਇਕ ਵਿਅੰਗ ਕਰਦੀ ਹੈ ਕਿ ਕਿਸ ਤਰ੍ਹਾਂ ਉਹ ਇਸਤਰੀ ਦੀ ਭਾਵਨਾ ਦੀ ਕਦਰ ਕਰਨ ਦੀ ਥਾਂ ਉਸ ਦੀ ਇਛਾਵਾ ਨੂੰ ਕੁਚਲ ਰਿਹਾ ਹੈ। ਉਹ ਇਸਤਰੀ ਜੋ ਪਿਆਰ ਦੀ ਆਸ ਕਰਦੀ ਹੈ, ਮਰਦ ਉਹਨੂੰ ਨਫ਼ਰਤ ਦੇ ਰਿਹਾ ਹੈ। ਪਿਆਰ ਦੀ ਥਾਂ ਉਹਦੇ ਦਿਲ ਅੰਦਰ ਜਿੰਦਰਾ ਲੱਗਾ ਹੈ 'ਮਨੁੱਖ ਜਿਹੜਾ ਪਿਆਰ ਬਾਰੇ ਨਹੀਂ ਬੋਲਦਾ' ਕਹਾਣੀ ਦੀ ਸਮੱਸਿਆ ਅਧਵਾਟੇ ਰਹਿ ਚੁੱਕੇ ਪਿਆਰ ਦੀ ਬਾਤ ਹੈ। ਇਕ ਕਲਾਕਾਰ ਕਵੀ ਸ਼ਹਿਰ ਦੀ ਕੁੜੀ ਨੂੰ ਪਿਆਰ ਕਰਦਾ ਹੈ ਪਰ ਆਰਥਿਕ ਕਾਰਣ ਪਿਆਰ ਅਧਵਾਟੇ ਰਹਿ ਜਾਂਦਾ ਹੈ।



'ਸੋਹਣੀ ਮਹੀਵਾਲ' ਕਹਾਣੀ ਪ੍ਰੀਤ ਕਹਾਣੀ ਦੀ ਪੁਨਰ ਸਿਰਜਣਾ ਹੈ। ਇਹ ਕਹਾਣੀ ਪ੍ਰੇਮੀ ਪ੍ਰੇਮਕਾ ਦੇ ਤਿਆਗ ਦੀ ਗੱਲ ਕਰਦੀ ਹੈ। 'ਇਕ ਕੁੜੀ ਤੇ ਇਕ ਸਰਾਪ' ਲੇਖਕ ਦੀ ਇਕ ਹੋਰ ਚੰਗੀ ਕਹਾਣੀ ਹੈ। ਇਸ ਕਹਾਣੀ ਸਾਡੇ ਸਮਾਜ ਦੀ ਸਮਾਜਿਕ ਬੁਰਾਈ ਤੇ ਧਰਮ ਦੀ ਆੜ 'ਚ ਇਸਤਰੀ ਤੇ ਹੋ ਰਹੇ ਜ਼ੁਲਮ ਨੂੰ ਬਿਆਨ ਕਰਦੀ ਹੈ ਸਾਡੀਆਂ ਪੁਰਾਣੀਆਂ ਧਾਰਮਿਕ ਰਸਮਾਂ ਚੰਪਾ ਵਰਗੀਆਂ ਮੁਟਿਆਰਾਂ ਦੇ ਜੀਵਨ ਨੂੰ ਨਰਕ ਬਣਾ ਦਿੰਦੀਆਂ ਹਨ, ਲੇਖਕ ਇਸ ਕਹਾਣੀ ਰਾਹੀ ਸਮਾਜ ਤੇ ਚੋਟ ਕਰਦਾ ਹੈ। 'ਦੂਜੀ ਵਾਰ ਜੇਬ ਕੱਟੀ ਗਈ' ਕਹਾਣੀ ਵਿਚ ਨਵਤੇਜ ਨੇ ਦੋ ਪੀੜ੍ਹੀਆਂ ਨੂੰ ਲਿਆ ਹੈ। ਕਹਾਣੀ 'ਚ ਇਕ ਰਿਕਸ਼ਾ ਚਾਲਕ ਹੈ ਜੋ ਮਿਹਨਤ ਕਰਕੇ ਰੋਟੀ ਖਾਂਦਾ ਹੈ ਤੇ ਲੜਕੇ ਦੀ ਫੀਸ ਚਿੰਦਾ ਹੈ। ਪਰ 10 ਤਰੀਕ ਹੋਣ ਤੇ ਉਹਦੇ ਕੋਲ ਫੀਸ ਲਈ ਪੈਸੇ ਨਹੀਂ ਦੂਜੇ ਪਾਸੇ ਰਿਕਸ਼ੇ 'ਚ ਬੈਠਾ ਗਾਹਕ ਬੇ-ਹਿਸਾਬ ਪੈਸੇ ਖਰਚ ਕਰਦਾ ਹੈ। ਕਹਾਣੀ 'ਚ ਆਰਥਿਕ ਕਾਣੀ ਵੰਡ 'ਚੋਂ ਉਪਜੇ ਦੁਖਾਂਤ ਦਾ ਵਰਨਣ ਕੀਤਾ ਹੈ। ਕਹਾਣੀ ਇਹ ਵੀ ਦੱਸਦੀ ਹੈ ਕਿ ਕਿਸ ਤਰ੍ਹਾਂ ਸੇਠ ਵਰਗੇ ਲੋਕ ਗਰੀਬ ਲੋਕਾਂ ਦੀ ਲੁੱਟ ਘੜੀ ਪਿੱਛੇ ਕਰਕੇ ਕਰਦੇ ਹਨ। ਇਨ੍ਹਾਂ ਕਹਾਣੀਆਂ ਤੋਂ ਇਲਾਵਾ ਪੁਸਤਕ 'ਚ ਭਾਈਆਂ ਬਾਝ, ਬੰਦ ਪਿਆ ਬਿਸਤਰਾ, ਉਜੜੇ ਘਰ ਚੰਗੀਆਂ ਕਹਾਣੀ ਹਨ। 'ਇਕ ਸੀ ਪੁੱਤਰ... ਇਕ ਸੀ ਮਾਂ' ਕਹਾਣੀ ਸੱਤਾ ਵੱਲੋਂ ਆਮ ਬੰਦੇ ਤੇ ਹੁੰਦੇ ਜ਼ੁਲਮ ਦੀ ਕਹਾਣੀ ਹੈ। ਪੁਲਿਸ ਦੀ ਵਹਿਸ਼ੀ ਸੋਚ ਨੂੰ ਰੂਪਮਾਨ ਕਰਦੀ ਹੈ ਜਿਹੜੀ ਡਾਂਗ ਦੇ ਜੋਰ ਨਾਲ ਮਾਂ-ਪੁੱਤ ਦੇ ਰਿਸ਼ਤੇ ਨੂੰ ਔਰਤ-ਮਰਦ ਦੇ ਸ਼ਰੀਰਕ ਰਿਸ਼ਤੇ ਬਣਾਉਣ ਲਈ ਜ਼ੁਲਮ ਕਰਦੀ ਹੈ, 'ਹਵਾਲਦਾਰ ਸ਼ਿੰਗਾਰਾ ਸਿੰਘ' ਇਸੇ ਟੋਨ ਦੀ ਕਹਾਣੀ ਹੈ। 'ਬਸ਼ੀਰ' ਪਾਤਰ ਪ੍ਰਧਾਨ ਕਹਾਣੀ ਹੈ ਜਿਸ ਵਿਚ ਅਮੀਰ-ਗਰੀਬ ਦੀ ਦੋਸਤੀ ਨੂੰ ਬਿਆਨ ਕੀਤਾ ਗਿਆ ਹੈ। 'ਨਵੀਂ ਰੁੱਤ' ਕਹਾਣੀ ਦੇਸ਼ ਕੁਰਬਾਨੀ ਦੀ ਗੱਲ ਕਰਦੀ ਹੈ। 'ਨਾ ਵਿਚ ਕੀ ਪਿਆ ਏ' ਕਹਾਣੀ ਸਾਹਿਤਕ ਜੁਗਾੜਬੰਦੀਆਂ, ਸਾਹਿਤਕ ਪ੍ਰਦੂਸ਼ਣ ਨੂੰ ਬਿਆਨ ਕਰਦੀ ਹੈ।

ਪੁਸਤਕ ਦੀ ਭੂਮਿਕਾ 'ਚ ਡਾ. ਬਲਦੇਵ ਸਿੰਘ 'ਬੱਦਨ' ਨੇ ਪੰਜਾਬੀ ਕਹਾਣੀ ਦਾ ਪੜਾਵਾਰ ਵਿਕਾਸ਼ ਨੂੰ ਪੇਸ਼ ਕੀਤਾ ਹੈ। ਉਨ੍ਹਾਂ ਪੰਜਾਬੀ ਕਹਾਣੀਕਾਰਾਂ 'ਚ ਨਵਤੇਜ ਸਿੰਘ ਦਾ ਨਿੱਗਰ ਯੋਗਦਾਨ ਉਲੀਕਿਆ ਹੈ। ਇਹ ਪੁਸਤਕ ਪ੍ਰਗਤੀਵਾਦੀ ਕਹਾਣੀ 'ਚ ਬੜਾ ਖੂਬਸੂਰਤ ਗੁਲਦਸਤਾ ਹੈ। - **ਭਗਵੰਤ ਰਸੂਲਪੁਰੀ**




***...ਨ ਲੰਮੀਆਂ ਰਾਤਾਂ (ਅਫ਼ਰੀਕੀ ਕਹਾਣੀਆਂ ਦਾ ਸੰਗ੍ਰਹਿ)***
***... ਨਦੇਜਦਾ ਓਬਰਾਡੋਵਿਕ, ਅਨੁਵਾਦ : ਬਲਬੀਰ ਪਰਵਾਨਾ***
***... ਨੈਸ਼ਨਲ ਬੁੱਕ ਟਰੱਸਟ, ਇੰਡੀਆ***
***... ਰੁਪਏ, ਪੰਨੇ : 290***

...ਕ ਟਰੱਸਟ ਅਨੁਵਾਦ ਰਾਹੀ ਭਾਰਤੀ ਤੇ ਵਿਦੇਸ਼ੀ ...ੀ ਪਾਠਕਾਂ ਤੱਕ ਵਾਜਵ ਮੁੱਲ ਤੇ ਭੇਟ ਕਰਕੇ ਬਹੁਤ ...ਿਆ ਹੈ। ਇਸੇ ਕੜੀ 'ਚ ਅਫ਼ਰੀਕੀ ਸਮਾਜ ਦੀ ਗੂੜ੍ਹੀ ...ਆਂ ਕਹਾਣੀਆਂ ਦੀ ਇਹ ਅਹਿਮ ਪੁਸਤਕ ਹੈ ਜਿਸ ...ਹਿਤਕਾਰ ਬਲਬੀਰ ਪਰਵਾਨਾ ਨੇ ਪੰਜਾਬੀ ਗਲਪੀ ...ਲੀ ਵਿਚ ਅਨੁਵਾਦ ਕੀਤਾ ਹੈ। ਇਨ੍ਹਾਂ ਕਹਾਣੀਆਂ ਵਿਚ ਅਸੀਂ ਅਫ਼ਰੀਕੀ ਸਭਿਆਚਾਰ ਅਤੇ ਉਥੋਂ ਦੇ ਲੋਕਾਂ ਦੀਆਂ ਸਮੱਸਿਆਵਾਂ ਦੀ ਝਲਕ ਦੇਖ ਸਕਦੇ ਹਾਂ। ਪਾਠਕ ਅਫ਼ਰੀਕੀ ਮਿੱਟੀ ਦੀ ਮਹਿਕ ਇਨ੍ਹਾਂ ਕਹਾਣੀਆਂ ਚੋਂ ਮਹਿਸੂਸ ਕਰ ਸਕਦਾ ਹੈ। ਅਫ਼ਰੀਕੀ ਸਮਾਜ ਦੇ ਉਪਰ ਯੂਰਪੀਅਨ ਵਲੋਂ ਧੱਕੇ ਨਾਲ ਥੋਪੀਆਂ ਕਦਰਾਂ-ਕੀਮਤਾਂ ਦਾ ਵਰਨਣ ਜਿੱਥੇ ਇਨ੍ਹਾਂ ਕਹਾਣੀਆਂ ਵਿਚੋਂ ਮਿਲਦਾ ਹੈ ਉਥੇ ਅਫ਼ਰੀਕਨ ਮੂਲ ਵਾਸੀਆਂ ਦਾ ਸਾਰਾ ਰਹਿਣ-ਸਹਿਣ ਦਾ ਸੰਤੁਲਨ ਵੀ ਵਿਗਾੜ ਦਿੱਤਾ ਜਾਂਦਾ ਹੈ। ਇਹੋ ਜਿਹੇ ਮੁੱਦੇ ਲੈ ਕੇ ਆਈਆਂ ਹਨ ਇਹ ਕਹਾਣੀਆਂ। ਅਫ਼ਰੀਕਨ ਕਹਾਣੀਕਾਰ ਨੇ ਯੂਰਪ ਵਲੋਂ ਕਹੇ ਫਤਵੇ ਕਿ ਅਫ਼ਰੀਕੀ ਵਹਿਸ਼ੀ ਤੇ ਜੰਗਲੀ ਲੋਕ ਹਨ ਤੇ ਗੋਰੇ ਲੋਕ ਸ਼ਾਂਤੀ ਪਸੰਦ, ਕਾਨੂੰਨ, ਪ੍ਰਬੰਧ ਧਰਮ ਦੇ ਧਾਰਨੀ ਤੇ ਵੀ ਸਵਾਲ ਖੜੇ ਕੀਤੇ ਹਨ। ਇਹ ਕਹਾਣੀਕਾਰ ਕਾਲੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਬੜੀ ਸਿੱਦਤ ਨਾਲ ਉਭਾਰਦੇ ਹਨ। ਇਸ ਕਿਤਾਬ ਦੇ ਕਹਾਣੀਕਾਰ ਮੁੱਦਿਆ ਦੀ ਗੱਲ ਕਰਦੇ ਹਨ। ਇਸ

ਪੁਸਤਕ 'ਚ 16 ਅਫ਼ਰੀਕੀ ਦੇਸ਼ਾਂ ਦੀਆਂ 25 ਕਹਾਣੀਆਂ ਹਨ, ਇਹ ਲੇਖਕ ਅਲਜ਼ੀਰੀਆ, ਮੋਰਾਕੋ, ਟਿਊਨੀਸ਼ਿਆ, ਮਿਸਰ, ਮੋਜ਼ਬੀਕ, ਦੱਖਣੀ ਅਫ਼ਰੀਕਾ 'ਚੋਂ ਵਭਿੰਨ-ਵਭਿੰਨ ਵਿਸ਼ੇ ਲੈ ਕੇ ਆਏ ਹਨ ਇਨ੍ਹਾਂ ਦੇ ਵਿਸ਼ੇ ਲੋਕਾਂ ਦੀਆਂ ਸਭਿਆਚਾਰਕ ਪ੍ਰੰਪਰਾ, ਅੰਧਵਿਸ਼ਵਾਸ਼, ਧਰਮ, ਵਿਆਹੁਤਾ ਰਸਮਾ, ਪਰਿਵਾਰਕ ਸੰਬੰਧ, ਯੁੱਧ 'ਚ ਔਰਤਾਂ-ਮਾਰਦਾਂ ਦੀਆਂ ਸਮੱਸਿਆਵਾਂ ਪੇਸ਼ ਕਰਦੇ ਹਨ।

ਹੇਨਰੀ ਲੋਪੇਜ ਦੀ 'ਉਧਾਰ' ਬੜੀ ਮਰਮਿਕ ਕਹਾਣੀ ਹੈ, ਜਿਸ 'ਚ ਇਕ ਨਿੱਕੇ ਬੱਚੇ ਦੀ ਪੀੜ ਪੇਸ਼ ਕੀਤੀ ਹੈ ਜੋ ਆਪਣੀ ਮਾਂ ਦੀ ਝੁੱਗੀ 'ਚ ਘਿਰ ਕੇ ਬਿਮਾਰੀ, ਭੁੱਖ ਤੇ ਬਿਨਾਂ ਸੰਭਾਲ ਦੇ ਮਰ ਜਾਂਦਾ ਹੈ। ਉਲਟ ਉਹੀ ਮਾਂ ਨੂੰ ਸਾਰਾ ਦਿਨ ਕਿਸੇ ਮੁਹੱਲੇ 'ਚ ਖਾਂਦੇ ਪੀਂਦੇ ਘਰ ਦੇ ਬੱਚਿਆਂ ਦੀ ਦੇਖਭਾਲ ਕਰਨ ਲਈ ਮਜ਼ਬੂਰ ਹੋਣਾ ਪੈਂਦਾ ਹੈ। 'ਮੁੱਠੀ ਭਰ ਖਜੂਰਾ' ਕਹਾਣੀ 'ਚ ਇਕ ਸੰਵੇਦਨਸ਼ੀਲ ਮੁੰਡੇ ਨੂੰ ਪੇਸ਼ ਕੀਤਾ ਹੈ ਜਿਹਦਾ ਆਪਣੇ ਦਾਦਾ ਜੀ ਪ੍ਰਤੀ ਪਿਆਰ ਤੇ ਸਤਿਕਾਰ ਉਸ ਵੇਲੇ ਚੂਰ ਚੂਰ ਹੋ ਕੇ ਨਫ਼ਰਤ ਵਿਚ ਬਦਲ ਜਾਂਦਾ ਹੈ ਜਦੋਂ ਉਹ ਬੱਚੇ ਦੀਆਂ ਬੇਰਹਿਮ ਤੇ ਅਮਾਨਵੀ ਪ੍ਰਵਿਰਤੀਆਂ ਦੇਖਦਾ ਹੈ। ਸਿੰਡਵੇ ਮੈਗੋਨਾ ਦੀ ਕਹਾਣੀ 'ਜਦੋਂ ਮੈਂ ਨੇਟਰੇਗਾ ਗਈ' ਬਹੁਤ ਮਹੱਤਵਪੂਰਨ ਕਹਾਣੀ 'ਚ ਇਕ 14 ਸਾਲਾਂ ਦੀ ਬੱਚੀ ਦੀ ਹਿਲਾ ਕੇ ਰੱਖ ਦੇਣ ਦੀ ਕਥਾ ਹੈ ਜਿਹੜੀ ਰੰਗ-ਭੇਦ ਦੀ ਕਰੂਰਤਾ ਦਾ ਸ਼ਿਕਾਰ ਹੁੰਦੀ ਹੈ। ਕਹਾਣੀ ਬੱਚੀ ਦੀ ਮੋਨ ਵੇਦਨਾ ਪੇਸ਼ ਕਰਦੀ ਹੈ ਜੋ 'ਕਾਲੀ' ਹੈ ਤੇ 'ਔਰਤ ਵੀ' ਰਿਸ਼ਤੇਦਾਰਾਂ ਵਲੋਂ ਬੱਚੀ ਨਾਲ ਵਿਭਚਾਰ ਹੁੰਦਾ ਹੈ ਇਹ ਦਹਿਸ਼ਤ ਭਰੇ ਮਹੌਲ 'ਚ ਉਹ ਪਲਦੀ ਹੈ, ਜਿਹੜੀ ਸਾਨੂੰ ਅੰਦਰ ਤੀਕ ਹਿਲਾ ਦਿੰਦੀ ਹੈ ਅੰਤ ਵਿਚ ਕਹਾਣੀ 'ਆਖਰੀ ਯੁੱਧ' ਦਾ ਜ਼ਿਕਰ ਕਰਨਾ ਬਣਦਾ ਹੈ, ਯੁੱਧ 'ਚ ਪਿਸ ਰਹੇ ਨਾਇਕ ਦੀ ਮਨੋਦਸ਼ਾ ਹੈ ਕਿਵੇਂ ਇਕ ਨਾਇਕ ਠਗਿਆ ਜਾਂਦਾ ਹੈ, ਜਿਸ ਉਦੇਸ਼ ਲਈ ਉਹ ਲੜ ਰਿਹਾ ਹੁੰਦਾ ਹੈ ਅੰਤ 'ਚ ਦੇਸ਼ ਧ੍ਰੋਹ ਦਾ ਫਤਵਾ ਦੇ ਦਿੱਤਾ ਜਾਂਦਾ ਹੈ। ਪੁਸਤਕ 'ਚ 'ਭਰਾ' ਕਹਾਣੀ ਵੀ ਜਿਕਰਯੋਗ ਕਹਾਣੀ ਹੈ ਜਿਸ 'ਚ ਪਾਤਰ ਇਕੋ ਵੇਲੇ ਅਯਾਸ਼ੀ, ਤਾਸ਼ ਦਾਰੂ, ਸੈਕਸ 'ਚ ਡੁੱਬ ਕੇ ਜ਼ਿੰਦਗੀ ਦਾ ਮਜ਼ਾ ਲੈ ਰਿਹਾ ਹੁੰਦਾ ਹੈ। ਉਸ ਪਲ ਉਨ੍ਹਾਂ ਦੀ ਮਨੋਦਸਾ ਐਹੋ ਜਿਹੀ ਪੱਥਰ ਦੀ ਹੋ ਜਾਂਦੀ ਹੈ ਕਿ ਉਹ ਮੌਤ ਬਾਰੇ ਸੋਚਦੇ ਹਨ। 'ਭੀਖ ਮੰਗਣ ਦੀ ਮਰਿਆਦਾ' ਵੀ ਚੰਗੀ ਕਹਾਣੀ ਹੈ। ਇਹ ਪੁਸਤਕ ਸਾਡੇ ਮਨ 'ਚ ਫਸੀਆ ਪ੍ਰੰਪਰਕ ਮਿੱਥਾ ਨੂੰ ਤੋੜਦੀ ਹੈ। ਪੁਸਤਕ ਪੜ੍ਹਨ ਵਾਲੀ ਹੈ, ਕਿਉਂਕਿ ਇਹ ਅਫ਼ਰੀਕੀ ਲੋਕਾਂ ਦਾ ਵੇਦਵਾ ਭਰਪੂਰ ਇਤਿਹਾਸ ਵੀ ਬਿਆਨ ਕਰਦੀ ਹੈ। **-ਭਗਵੰਤ ਰਸੂਲਪੁਰੀ**

### *ਉੱਚੇ ਪੁਲਾਂ ਦਾ ਪਾਣੀ (ਕਹਾਣੀ ਸੰਗ੍ਰਹਿ) ਸੁਰਜੀਤ ਬਰਾੜ*
### *ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ*




ਮਾਰਕਸੀ ਵਿਚਾਰਧਾਰਾ ਨਾਲ ਪ੍ਰਤੀਬੱਧ ਸੁਰਜੀਤ ਬਰਾੜ ਦਾ ਇਹ ਪਹਿਲਾ ਕਹਾਣੀ ਸੰਗ੍ਰਹਿ ਹੈ ਜਿਸ ਵਿਚ ਉਸ ਨੇ ਕਹਾਣੀਆਂ ਰਾਹੀ ਮਾਰਕਸੀ ਵਿਚਾਰਧਾਰ ਨੂੰ ਜ਼ਿਹਨ ਵਿਚ ਰੱਖ ਕੇ ਕਹਾਣੀਆਂ ਦੀ ਘਾੜਤ ਘੜੀ ਹੈ। ਉਸ ਦੀ ਕਹਾਣੀ ਪਿੰਡ ਦਾ ਮੁਹਾਵਰਾ ਲੈ ਕੇ ਆਉਂਦੀ ਹੈ। ਪਿੰਡ ਵਿਚ ਦੋ ਵਰਗਾ ਨੂੰ ਉਸ ਨੇ ਆਪਣੀਆਂ ਕਹਾਣੀਆਂ ਦਾ ਅਧਾਰ ਬਣਾਇਆ ਹੈ ਇਕ ਹੈ ਜੱਟ ਕਿਸਾਨ ਜਿਸ ਨੂੰ ਉਹ ਉੱਚ ਵਰਗ ਕਹਿੰਦਾ ਹੈ ਦੂਜਾ ਹੈ ਦਲਿਤ ਵਰਗ ਜਿਸ ਨੂੰ ਉਹ ਨਿਮਨ ਜਾਂ ਸਰਵਹਾਰਾ ਵਰਗ ਕਹਿੰਦਾ ਹੈ। ਪੂਰੀਆਂ ਕਹਾਣੀਆਂ ਦੀ ਬੁਣਤੀ ਦੋ ਵਰਗਾ ਦੇ ਟਕਰਾ ਦੀਆਂ ਕਹਾਣੀਆਂ ਹਨ। ਜੋ ਸੰਕਟ ਕਹਾਣੀਆਂ ਵਿਚ ਬਰਾੜ ਹੁਰਾਂ ਨੇ ਉਭਾਰੇ ਨੇ ਉਨ੍ਹਾਂ ਦਾ ਦੋਸ਼ ਉਹ ਸਾਡਾ ਰਾਜਨੀਤਿਕ ਸਿਸਟਮ ਨੂੰ ਮਨੰਦੇ ਹਨ। ਕਿਸਾਨੀ ਸੰਕਟ ਚਾਰੇ ਉਹ ਘੱਟ ਰਹੀ ਜ਼ਮੀਨ ਦਾ ਹੋਵੇ ਜਾਂ ਆਰਥਿਕਤਾ ਵਿਚ ਪਿਸ ਰਹੀ ਕਿਸਾਨੀ ਹੋਵੇ ਉਹ ਆਪਣੀ ਗੱਲ ਵਿਚਾਰਧਾਰਕ ਪੈਂਤੜੇ ਤੋਂ ਕਹਿੰਦਾ ਹੈ। 'ਪਿੰਜਰੇ 'ਚੋਂ ਉੱਡਿਆ ਪੰਛੀ' ਕਹਾਣੀ ਵਿਚ ਧੀਰਾ ਸਮਾਜਿਕ ਸਿਸਟਮ ਹੱਥੋਂ ਬੇਵੱਸ ਹੋਇਆ ਪਾਤਰ ਹੈ ਜਿਹੜਾ ਲਗਾਤਾਰ ਹਲਾਤਾ ਹੱਥੋਂ ਹਾਰਦਾ ਜਾ ਰਿਹਾ ਹੈ। ਪਹਿਲੀ ਹਾਰ ਉਹਦੀ ਉਦੋਂ ਹੁੰਦੀ ਹੈ ਜਦੋਂ ਉਹ ਭਰਾ ਦੀ ਪਤਨੀ 'ਤੇ ਚਾਦਰ ਪਾਉਂਦਾ ਹੈ, ਦੂਜੀ ਹਾਰ ਉਹਦੀ ਪਤਨੀ ਪਰਮਿੰਦਰ ਉਹਨੂੰ ਧੋਖੇ ਵਿਚ ਰੱਖ ਕੇ ਕੈਨੇਡਾ ਚਲੇ ਜਾਂਦੀ ਹੈ ਤੇ ਉਹਨੂੰ ਪਛਾਣਦੀ ਵੀ ਨਹੀਂ। 'ਕਨੇਡਾ ਦੇ ਬੰਦੇ' ਕਹਾਣੀ



ਜਗਦੇਵ ਉਰਫ ਜੱਗੀ ਦੀ ਪੂਰੀ ਜ਼ਿੰਦਗੀ ਦੀ ਕਹਾਣੀ ਬਿਆਨ ਕੀਤੀ ਗਈ ਹੈ ਕਿ ਕਿਵੇਂ ਉਹਦੀ ਜ਼ਿੰਦਗੀ ਦੁੱਖਾਂ ਪੀੜਾਂ ਵਿਚੋਂ ਲੰਘਦੀ ਹੈ ਭਾਵੇਂ ਉਹ ਆਪਣੀ ਬੇਟੀ ਸਰਬੀ ਰਾਹੀ ਕੈਨੇਡਾ ਪਹੁੰਚ ਜਾਂਦੇ ਹਨ। ਪਰ ਉੱਥੇ ਵੀ ਉਨ੍ਹਾਂ ਦੇ ਦੁੱਖ ਘਟਦੇ ਨਹੀਂ। 'ਅੰਦਰਲੀ ਜ਼ਿੰਦਗੀ' ਕਹਾਣੀ ਭਾਨਾ ਨਾਂ ਦੇ ਦਲਿਤ ਪਾਤਰ ਦੀ ਗਰੀਬੀ ਵਿਚ ਪਿਸ ਰਹੀ ਜ਼ਿੰਦਗੀ ਦੀ ਬਾਤ ਪਾਉਂਦੀ ਹੈ। ਉਹ ਲੋਕ ਜਿਨ੍ਹਾਂ ਦੀ ਰੋਟੀ ਵਰਗੀ ਮੁਢਲੀ ਲੋੜ ਵੀ ਪੂਰੀ ਨਹੀਂ ਹੁੰਦੀ ਇਸ ਕਹਾਣੀ ਰਾਹੀ ਬਰਾੜ ਸਕਾਰ ਕਰਦਾ ਹੈ। ਇਸ ਪੁਸਤਕ ਦੀ ਸਿਰਲੇਖ ਵਾਲੀ ਕਹਾਣੀ 'ਉੱਚੇ ਪੁਲਾਂ ਦਾ ਪਾਣੀ' ਭੰਗੀ ਬਰਾਦਰੀ ਦੀ ਸਮਾਜਿਕ ਸਥਿਤੀ ਨੂੰ ਬਿਆਨ ਕਰਦੀ ਹੈ। ਜਿੱਥੇ ਇਸ ਬਰਾਦਰੀ ਦੇ ਬੰਦਿਆਂ ਨੂੰ ਬੰਦੇ ਹੀ ਨਹੀਂ ਸਮਝਿਆ ਜਾਂਦਾ ਚਾਹੇ ਉਹ ਪੜ੍ਹ ਲਿਖ ਕੇ ਜਿੱਡਾ ਮਰਜੀ ਅਫ਼ਸਰ ਲੱਗ ਜਾਵੇ। ਇਸ ਕਹਾਣੀ ਦਾ 'ਮੈਂ' ਪਾਤਰ ਭੰਗੀ ਬਰਾਦਰੀ ਵਿਚ ਜਨਮ ਲੈ ਕੇ ਪੜ੍ਹ ਕੇ ਅਫ਼ਸਰ ਲੱਗ ਜਾਂਦਾ ਹੈ ਤੇ ਉਸ ਦੇ ਰੁਤਬੇ ਨੂੰ ਦੇਖ ਕੇ ਜੱਟਾਂ ਦੀ ਕੁੜੀ ਉਸ ਨਾਲ ਵਿਆਹ ਕਰਵਾ ਲੈਂਦੀ ਹੈ ਸੰਕਟ ਉਦੋਂ ਗਹਿਰਾ ਹੋ ਜਾਂਦਾ ਹੈ ਜਦੋਂ ਉਹ ਉਸ ਦੇ ਜੱਦੀ ਘਰ ਆਉਂਦੀ ਹੈ। ਉਸ ਵੇਲੇ ਲੜਕੀ ਦੇ ਜਾਤੀ ਸੰਸਕਾਰ ਉਹਦੇ ਮੱਥੇ ਵਿਚੋਂ ਉਭਰ ਆਉਂਦੇ ਹਨ। ਪਰ ਇਸ ਸੰਕਟ ਦਾ ਹੱਲ ਉਦੋਂ ਨਿਕਲ ਆਉਂਦਾ ਹੈ ਜਦੋਂ ਦੋਹਾਂ ਦਾ ਬੱਚਾ ਪੁੱਲ ਦਾ ਕੰਮ ਕਰਦਾ ਹੈ।

ਇੰਜ ਹੀ 'ਚੀਚ ਵਹੁਣੀ' ਕਹਾਣੀ ਦੇਵ ਲੱਲੀ ਨਾਂ ਦੇ ਪਾਤਰ ਅਤੇ ਕਹਾਣੀ 'ਮਾਫ਼ ਕਰੀਂ ਨਾਜਰਾ' ਵਿਚ ਹਰਦੀਪ ਦਾ ਦਾ ਪਾਤਰ ਰਾਹੀਂ ਉਨ੍ਹਾਂ ਦੀ ਪੂਰੀ ਜ਼ਿੰਦਗੀ ਬਿਆਨ ਕੀਤੀ ਗਈ ਹੈ। 'ਪਹਿਲੀ ਗੱਲ-ਦੂਜੀ ਗੱਲ' ਕਹਾਣੀ ਗੁਰਜੰਟ ਸਿੰਘ ਰਾਹੀਂ ਖੁਰ ਰਹੀ ਕਿਸਾਨੀ ਦੀ ਵਿਥਿਆ ਬਿਆਨ ਕੀਤੀ ਗਈ ਹੈ। ਇਸੇ ਤਰ੍ਹਾਂ ਤਾਪਮਾਨ, ਸਮਝਣ ਵਾਲੀ ਗੱਲ, ਅਜੀਬ ਜਿਹਾ ਆਨੰਦ ਅਤੇ ਨਵੀਂ ਕਿਰਨ ਕਹਾਣੀਆਂ ਰਾਹੀਂ ਬਰਾੜ ਖੁਰ ਰਹੀ ਕਿਸਾਨੀ ਵਿਚ ਕਿਵੇਂ ਆਮ ਸਧਾਰਥ ਬੰਦਾ ਮਰ ਰਿਹਾ ਹੈ, ਕਿਵੇਂ ਉਹ ਤਲਖ ਹਕੀਕਤਾ ਸਾਹਮਣੇ ਰੂਬਰੂ ਹੋ ਰਿਹਾ ਹੈ ਨੂੰ ਪੇਸ਼ ਕਰਦਾ ਹੈ। ਬਰਾੜਾ ਪਾਤਰ ਪ੍ਰਧਾਨ ਕਹਾਣੀ ਬੰਦੇ ਦੀ ਸਮੁੱਚੀ ਜ਼ਿੰਦਗੀ ਦੇ ਚੌਖਟੇ ਵਿਚ ਰੱਖ ਕੇ ਲਿਖਦਾ ਹੈ। ਜੰਮਣ ਤੋਂ ਲੈ ਕੇ ਮੌਤ ਤੱਕ ਜਾਂ ਇਸਦੇ ਨੇੜੇ ਪਹੁੰਚਣ ਤੱਕ ਦੀ ਜ਼ਿੰਦਗੀ ਨੂੰ ਬਿਆਨ ਕਰਦਾ ਹੈ। ਇਸ ਕਿਤਾਬ ਵਿਚ ਸੁਰਜੀਤ ਬਰਾੜ ਨੇ ਪੰਜਾਬ ਦੇ ਖੁਰ ਰਹੇ ਪਿੰਡ ਨੂੰ ਸਮੁੱਚੇ ਸਮਾਜਿਕ ਚੌਖਟੇ ਵਿਚ ਬਾ ਖੂਬੀ ਨਾਲ ਚਿਤਰਿਆ ਹੈ। **-ਭਗਵੰਤ ਰਸੂਲਪੁਰੀ**

### *ਗੁਆਚਿਆ ਮੁੰਡਾ (ਨਾਵਲ) ਜਗਦੀਸ਼ ਕੌਸ਼ਲ*

ਜਗਦੀਸ਼ ਕੌਸ਼ਲ ਨੇ ਆਪਣੇ ਨਾਵਲ 'ਗੁਆਚਿਆ ਮੁੰਡਾ' ਵਿਚ ਕਿਸ਼ੋਰ ਪਾਤਰ ਨੂੰ ਆਧਾਰ ਬਣਾਇਆ ਹੈ। ਛੇਵੀਂ ਵਿੱਚ ਪੜ੍ਹਦਾ ਕਿਸ਼ੋਰ ਘੋਗਾ ਵਿਧਵਾ ਮਾਂ ਦਾ ਇਕਲੌਤਾ ਮੁੰਡਾ ਜਿਸ ਦਾ ਆਮ ਬੱਚਿਆਂ ਵਾਂਗ ਪੜ੍ਹਾਈ ਵਿੱਚ ਘੱਟ ਤੇ ਖੇਡਾਂ ਵਿੱਚ ਵੱਧ ਧਿਆਨ ਲੱਗਦਾ ਹੈ। ਅਸਲ ਵਿੱਚ ਉਹ ਖੇਡਾਂ ਵਿੱਚ ਵੀ ਮਨ ਲਾਉਣ ਦੀ ਥਾਂ ਇਸ ਪਾਸੇ ਵਧੇਰੇ ਭਟਕਦਾ ਹੈ ਕਿ ਕਿਧਰੇ ਉਸ ਨੂੰ ਕੋਈ ਅਜਿਹੀ ਜਾਦੂਈ ਵਸਤੂ ਮਿਲ ਜਾਏ, ਜੋ ਉਸ ਨੂੰ ਆਪਣੇ ਜਾਦੂ ਦੇ ਪ੍ਰਭਾਵ ਨਾਲ ਪੜ੍ਹਾਈ ਵਿੱਚ ਪਾਸ ਕਰਵਾ ਦੇਵੇ।

ਅਸਲ ਵਿਚ ਅਸੀਂ ਬੱਚਿਆਂ ਨੂੰ ਮਿਹਨਤ ਕਰਨ ਦਾ ਗੁਰ ਪੂਰੀ ਤਰ੍ਹਾਂ ਨਹੀਂ ਸਿਖਾਉਂਦੇ। ਉਨ੍ਹਾਂ ਨੂੰ ਚੀਜ਼ਾਂ ਨੂੰ ਆਪਣੇ ਤੌਰ ਤੇ ਸਿੱਖਣ ਤੇ ਸਮਝਣ ਦਾ ਭਰੋਸਾ ਨਹੀਂ ਦਿਵਾਉਂਦੇ, ਅਸੀਂ ਵੱਡੇ ਲੋਕ ਯਾਨਿ ਮਾਪੇ, ਅਧਿਆਪਕ ਤੇ ਹੋਰ ਸਾਰੇ ਵਿਅਕਤੀ ਆਪਣੀ ਸਮਝਦਾਰੀ ਦਾ ਭਾਰ ਉਨ੍ਹਾਂ ਉਤੇ ਥੋਪਦੇ ਹਾਂ, ਜਿਸ ਦੇ ਬੋਝ ਥੱਲੇ ਅਕਸਰ ਬੱਚੇ ਦਬ ਜਾਂਦੇ ਹਨ ਤੇ ਸੁਭਾਵਿਕ ਢੰਗ ਨਾਲ ਪੁੰਗਰ ਨਹੀਂ ਪਾਉਂਦੇ। ਅਸੀਂ ਆਪਣੇ ਬੱਚਿਆਂ ਦੇ ਹਾਣ ਦੇ ਘੱਟ ਬਣਦੇ ਹਾਂ, ਪਰ ਉਨ੍ਹਾਂ ਨੂੰ ਛੇਤੀ ਕੀਤੀਆਂ ਆਪਣੇ ਹਾਣ ਦਾ ਬਣਾਉਣਾ ਲੋਚਦੇ ਹਾਂ।

ਅਰੰਭ ਤੋਂ ਹੀ ਬੱਚਿਆਂ ਵਿੱਚ ਆਪਣੇ ਸਕੂਲ, ਵਿਦਿਆ ਤੇ ਅਧਿਆਪਕਾਂ ਪ੍ਰਤੀ ਆਦਰ ਦੇ ਨਾਲ ਯਕੀਨ ਦੀ ਭਾਵਨਾ ਭਰਨੀ ਚਾਹੀਦੀ ਹੈ ਤਾਂ ਕਿ ਉਹ ਮਨ ਨਾਲ ਵਿਦਿਆ ਗ੍ਰਹਿਣ ਕਰ ਸਕਣ। ਘੋਗੇ ਜਿਹੇ ਬੱਚਿਆਂ ਲਈ ਸਿਰਫ ਨੰਬਰਾਂ ਦੀ ਪ੍ਰਾਪਤੀ ਤੇ ਪਾਸ ਹੋਣਾ ਹੀ ਵੱਡੀ ਪ੍ਰਾਪਤੀ ਹੁੰਦੀ ਹੈ, ਜਿਸ ਦੇ ਲਈ ਵੀ ਉਹ ਸੋਨ-ਕਾਟੋ ਜਾਂ ਕਿਸੇ ਚੰਦਰਪਰੀ ਦੀ ਮਦਦ ਲੈਣੀ ਚਾਹੁੰਦੇ ਹਨ। ਨਾਵਲ ਵਿੱਚ ਇਹ ਕਿਸ਼ੋਰ ਸਕੂਲੋਂ ਭੱਜ ਕੇ ਅਜਿਹੀ ਕਿਸੇ ਅਦ੍ਰਿਸ਼ ਸੋਨ ਕਾਟੋ ਨੂੰ ਲੱਭਦਾ ਤੇ ਫਿਰ ਉਸ ਨੂੰ ਆਪਣੀ ਪ੍ਰੇਰਣਾ ਬਣਾ ਕੇ ਜਦੋਂ ਪੜ੍ਹਦਾ ਹੈ ਤਾਂ ਜਮਾਤ ਵਿੱਚ ਚੰਗੇ ਨੰਬਰ ਲੈ ਕੇ ਪਾਸ ਹੋ ਜਾਂਦਾ ਹੈ। ਪਰ ਇਸ ਦਾ ਸਿਹਰਾ ਉਹ


ਆਪਣੀ ਮਿਹਨਤ ਨੂੰ ਨਹੀਂ ਸੋਨ-ਕਾਟੋ ਦੇ ਜਾਦੂਈ ਪ੍ਰਭਾਵ ਨੂੰ ਹੀ ਦੇਂਦਾ ਹੈ। ਅਸਲ ਵਿੱਚ ਸੋਨ-ਕਾਟੋ ਉਸ ਨੂੰ ਹਰ ਵੇਲੇ ਦਿੱਸਦੀ ਹੈ ਤੇ ਉਸ ਦੀ ਮਦਦ ਕਰਦੀ ਹੈ, ਪਰ ਜਦੋਂ ਉਹ ਗਲਤੀ ਨਾਲ ਇਸ ਦਾ ਭੇਦ ਆਪਣੇ ਮਿੱਤਰਾਂ ਅੱਗੇ ਖੋਲ੍ਹ ਬੈਠਦਾ ਹੈ ਤਾਂ ਉਸ ਨੂੰ ਲੱਗਦਾ ਹੈ ਕਿ ਸੋਨ-ਕਾਟੋ ਨਾਰਾਜ਼ ਹੋ ਕੇ ਉਸ ਤੋਂ ਦੂਰ ਚਲੀ ਗਈ ਹੈ, ਜਿਸ ਕਰਕੇ ਪੜ੍ਹਾਈ ਤੋਂ ਫਿਰ ਉਸ ਦਾ ਮਨ ਉਚਾਟ ਹੋ ਜਾਂਦਾ ਹੈ।

ਲੇਖਕ ਨੇ ਨਾਵਲ ਵਿੱਚ ਇਕ ਵਿਗਿਆਨਕ ਖੋਜ ਕੇਂਦਰ ਰਾਹੀਂ ਘੋਗੇ ਨੂੰ ਪੜ੍ਹਾਈ ਵੱਲ ਪਰਤਣ ਨਾਲ ਵੀ ਜਾਣੂ ਕਰਵਾਉਣਾ ਚਾਹਿਆ, ਜਿਸ ਦਾ ਕੁਝ ਅਸਰ ਹੋਇਆ, ਪਰ ਛੇਤੀ ਸਭ ਕੁਝ ਪਾ ਲੈਣ ਦੀ ਇੱਛਾ ਕਾਰਣ ਵਿਗਿਆਨਕ ਪੱਧਰ ਵੀ ਬੇਅਸਰ ਸਾਬਿਤ ਹੋਇਆ, ਕਿਉਂਕਿ ਹਰ ਗੱਲ ਦਾ ਸਮਾਂ ਨਿਯਤ ਹੁੰਦਾ ਹੈ। ਪਰ ਹੌਲੀ ਹੌਲੀ ਜਦੋਂ ਅੱਗੇ ਦਾ ਮਨ ਪੜ੍ਹਾਈ ਵਿੱਚ ਲੱਗਦਾ ਜਾਂਦਾ ਹੈ ਉਹ ਇਨ੍ਹਾਂ ਭਰਮ-ਭੁਲੇਖਿਆਂ ਤੋਂ ਉਪਰ ਉਠਦਾ ਜਾਂਦਾ ਹੈ। ਅਸਲ ਵਿੱਚ ਜਦੋਂ ਉਸ ਨੂੰ ਵਿਗਿਆਨਕ ਖੋਜ-ਕੇਂਦਰ ਦੇ ਕਿਧਰੇ ਹੋਰ ਚਲੇ ਜਾਣ ਬਾਰੇ ਪਤਾ ਲੱਗਦਾ ਹੈ ਤਾਂ ਉਹ ਪਹਿਲਾਂ ਬੇਹੱਦ ਨਿਰਾਸ ਹੋ ਜਾਂਦਾ ਹੈ, ਪਰ ਕਿਧਰੇ ਦੂਰ ਹਨੇਰੀ, ਭੀੜੀ ਤੇ ਅਨਜਾਣ ਦਿਸ਼ਾ ਵੱਲ ਜਾਣ ਦੀ ਬਜਾਏ ਜਦੋਂ ਉਹ ਆਪਣੇ ਸ਼ਹਿਰ ਵੱਲ ਝਾਤੀ ਮਾਰਦਾ ਹੈ ਤਾਂ ਉਹ ਥਾਂ ਜਾਣੀ-ਪਛਾਣੀ ਤੇ ਰੌਸ਼ਨੀ ਭਰਪੂਰ ਦਿਸਦੀ ਹੈ ਜਿਸ ਕਾਰਨ ਉਹ ਉਸ ਰੌਸ਼ਨੀ ਵੱਲ ਹੀ ਕਦਮ ਵਧਾ ਲੈਂਦਾ ਹੈ।

ਨਾਵਲ ਦਾ ਅੰਤ ਬੇਹੱਦ ਪ੍ਰਤੀਕਾਤਮਕ ਤੇ ਗੂੜ੍ਹੇ ਅਰਥਾਂ ਵਾਲਾ ਹੈ। ਨਾਵਲ ਕਿਸ਼ੋਰ ਬਾਲਕ ਦੀ ਅਸਥਿਰ ਮਨੋਸਥਿਤੀ ਦਾ ਸਹੀ ਪ੍ਰਗਟਾਵਾ ਕਰਦਾ ਹੈ। ਇਹ ਨਾਵਲ ਬੱਚਿਆਂ ਕਿਸ਼ੋਰਾਂ ਦੇ ਨਾਲ ਨਾਲ ਮਾਪਿਆਂ, ਅਧਿਆਪਕਾਂ ਨੂੰ ਵੀ ਪੜ੍ਹਨਾ ਚਾਹੀਦਾ ਹੈ ਤਾਂ ਕਿ ਉਹ ਬੱਚਿਆਂ ਨੂੰ ਸਹੀ ਸੇਧ ਦੇ ਸਕਣ। ਨਾਵਲ ਇਕਦਮ ਸੁਭਾਵਿਕ ਤੇ ਯਥਾਰਥਕ ਪਰਿਸਥਿਤੀਆਂ ਵਿਚੋਂ ਨਿਕਲਿਆ ਪ੍ਰਤੀਤ ਹੁੰਦਾ ਹੈ, ਜਿਸ ਕਰਕੇ ਇਸ ਵਿੱਚ ਕੁਝ ਵੀ ਓਪਰਾ ਨਹੀਂ ਆਉਂਦਾ। ਇਹ ਸਾਡੀ ਗਵਾਚਦੀ ਜਾਂਦੀ ਕਿਸ਼ੋਰ ਪੀੜ੍ਹੀ ਦੇ ਨਾਲ ਨਾਲ ਸਾਨੂੰ ਵੀ ਆਪਣੇ ਮਕਸਦ ਵੱਲ ਲੈ ਜਾਣ ਦੀ ਸਹੀ ਸੇਧ ਪ੍ਰਦਾਨ ਕਰਦਾ ਹੈ।

**-ਜਸਵਿੰਦਰ ਕੌਰ ਬਿੰਦਰਾ**

***101 ਪੰਜਾਬੀ ਮਹਿਲਾ ਕਥਾਕਾਰਾਂ ਕੀ ਸ੍ਰੇਸ਼ਟ ਕਹਾਣੀਆਂ-2***
***ਸੰਪਾਦਕ ਤੇ ਅਨੁਵਾਦਕ : ਡਾ. ਚਰਨਜੀਤ ਸਿੰਘ***
***ਪ੍ਰਕਾਸ਼ਕ: ਸ਼ਿਲਾਲੇਖ ਪ੍ਰਕਾਸ਼ਨ, ਦਿੱਲੀ***
***ਮੁੱਲ : 400 ਰੁਪਏ, ਪੰਨੇ : 286***





ਇਸ ਪੁਸਤਕ ਵਿਚ ਪੰਜਾਬੀ ਇਸਤਰੀ ਲੇਖਕਾਵਾਂ ਦੀਆਂ ਕਹਾਣੀਆਂ ਹਿੰਦੀ ਵਿਚ ਅਨੁਵਾਦ ਕਰਕੇ ਪ੍ਰਕਾਸ਼ਤ ਕੀਤੀਆਂ ਹਨ। ਇਸ ਭਾਗ ਵਿਚ 50 ਇਸਤਰੀ ਕਹਾਣੀਕਾਰਾਂ ਦੀਆਂ ਕਹਾਣੀਆਂ ਹਨ। ਡਾ. ਚਰਨਜੀਤ ਸਿੰਘ ਦਾ ਇਹ ਯਤਨ ਬਹੁਤ ਹੀ ਮਹੱਤਵਪੂਰਨ ਹੈ। ਇਹ ਬੜੇ ਆਚੰਭੇ ਵਾਲੀ ਗੱਲ ਹੈ ਕਿ ਪੰਜਾਬੀ ਵਿਚ 101 ਇਸਤਰੀਆਂ ਕਹਾਣੀਆਂ ਲਿਖ ਰਹੀਆਂ ਹਨ। ਇਸ ਭਾਗ ਵਿਚ ਸਾਮਿਲ ਕਹਾਣੀਕਾਰ ਹਨ ਰਸ਼ਪਿੰਦਰ ਰਸ਼ਮ, ਪ੍ਰੀਤਮ ਦੁਮੇਲ, ਪ੍ਰੀਤਮ ਸੰਧੂ, ਡਾ. ਗੁਰਮਿੰਦਰ ਸਿੱਧੂ, ਤੇਜਿੰਦਰ ਕੌਰ ਗੁਜਰਾਲ, ਮਨਜੀਤ ਇੰਦਰਾ, ਹਰਜੀਤ ਕੌਰ ਬਾਜਵਾ, ਨਰਿੰਦਰ ਕੌਰ ਛਾਬੜਾ, ਬੀਬਾ ਕੁਲਵੰਤ, ਸੁਰਿੰਦਰ ਕੌਰ ਖਰਲ, ਰਾਜਬੀਰ ਰੰਧਾਵਾ, ਕਮਲੇਸ਼ ਸਚਦੇਵ, ਗੁਰਚਰਨ ਕੌਰ ਥਿੰਦ, ਸਵਿਤਾ ਚੱਡਾ, ਡਾ. ਨਿਰਮਲ ਜਸਵਾਲ, ਮਨਮੋਹਨ ਕੌਰ, ਅਰਕਮਲ ਕੌਰ, ਸਰਬਜੀਤ ਕੌਰ ਸੰਧਾਵਾਲੀਆ, ਗੁਰਦੀਪ ਕੌਰ, ਮਨਜੀਤ ਕੌਰ ਅੰਬਾਲਵੀ, ਸੁਰਿੰਦਰ ਕੌਰ ਚੌਹਾਨ, ਸੋਮਾ ਸਬਲੋਕ, ਨਿਰਮਲ, ਚਰਨਜੀਤ ਕੌਰ, ਜਸਵੰਤ ਕੌਰ ਢਿੱਲੋਂ, ਕੰਵਲ ਜੀਤ ਕੌਰ ਜੁਨੇਜਾ, ਰਣਜੀਤ ਕੌਰ ਜੀਤ, ਕੁਲਬੀਰ ਬਡੇਸਰੋਂ, ਜਸਵਿੰਦਰ ਕੌਰ ਬਿੰਦਰਾ, ਅਨੀਤਾ ਵਰਮਾ, ਪ੍ਰਿੰ. ਉਰਮਲਾ ਵਰਮਾ, ਰਾਜਵਿੰਦਰ ਕੌਰ ਹੁੰਦਲ, ਅਮਰਜੀਤ ਕੌਰ ਨਾਜ਼, ਨਰਿੰਦਰ ਕੌਰ ਭੱਚੂ, ਤਰੱਨਮ ਰਿਆਜ਼, ਮਿੰਨੀ ਗਿੱਲ, ਮਧੂ ਬਾਲਾ, ਏਕਤਾ ਬੀ. ਪੀ. ਸਿੰਘ, ਨੀਰੂ ਆਸੀਮ, ਹਰਜੀਤ ਕੌਰ, ਵਿਸ਼ਵ ਜੋਤੀ ਧੀਰ,




ਸਰੋਜ ਬਾਲੂ, ਜੋਤੀ ਬਾਵਾ, ਭੁਪਿੰਦਰ ਕੌਰ ਸਢੋਰਾ, ਅਨੂ ਮੰਡੇਰ, ਸਿਰਮਜੀਤ ਗਿੱਲ, ਅਕਵਿੰਦਰ ਕੌਰ ਬਾਹਲ, ਅਨੁਰਾਧਾ ਸ਼ਰਮਾ ਆਦਿ। ਇਨ੍ਹਾਂ 50 ਕਹਾਣੀਕਾਰਾਂ ਵਿਚ ਬਹੁਤ ਥੋੜੀਆਂ ਹਨ ਜਿਨ੍ਹਾਂ ਦੀ ਪੰਜਾਬੀ ਕਹਾਣੀ ਵਿਚ ਪਛਾਣ ਹੈ। ਬਹੁਤ ਸਾਰੀਆਂ ਕਹਾਣੀਕਾਰਾਂ ਅਸਲੋਂ ਨਵੀਆਂ ਹਨ ਜਿਨ੍ਹਾਂ ਨੇ ਇਕ ਅੱਧ ਕਹਾਣੀ ਹੀ ਲਿਖੀ ਹੈ। ਪੁਸਤਕ ਵਿਚ ਬਹੁਤ ਸਾਰੀਆਂ ਕਹਾਣੀਆਂ ਹਲਕੇ ਪੱਧਰ ਦੀਆਂ ਹਨ। ਇਸ ਦੇ ਬਾਵਜੂਦ ਸਾਹਿਤ ਵਿਚ ਇਕ ਨਵਾਂ ਤਜ਼ਰਬਾ ਹੈ। ਸੰਪਾਦਕ ਤੇ ਅਨੁਵਾਦਕ ਨੂੰ ਇਸ ਗੱਲ ਦੀ ਵਧਾਈ ਕਿ ਉਸ ਨੇ ਐਨੀਆਂ ਕਹਾਣੀਆਂ ਪੜ੍ਹੀਆਂ ਅਤੇ ਇਨ੍ਹਾਂ ਦਾ ਅਨੁਵਾਦ ਕੀਤਾ। **- ਸਰੋਜ**

***ਪੰਜਾਬੀ ਕਹਾਣੀ ਸਦੀ ਦੇ ਆਰ ਪਾਰ***
***ਸੰਪਾਦਕ ਤੇ ਅਨੁਵਾਦਕ : ਜਸਵਿੰਦਰ ਕੌਰ ਬਿੰਦਰਾ***
***ਪ੍ਰਕਾਸ਼ਕ : ਅਲੇਖ ਪ੍ਰਕਾਸ਼ਨ, ਦਿੱਲੀ***
***ਮੁੱਲ : 450 ਰੁਪਏ, ਪੰਨੇ : 352***




ਇਸ ਪੁਸਤਕ ਵਿਚ ਡਾ. ਜਸਵਿੰਦਰ ਕੌਰ ਬਿੰਦਰਾ ਨੇ ਵੀਹਵੀਂ ਸਦੀ ਦੀਆਂ ਪ੍ਰਤੀਨਿੱਧ ਕਹਾਣੀਆਂ ਨੂੰ ਅਨੁਵਾਦ ਕਰਕੇ ਪ੍ਰਕਾਸ਼ਤ ਕੀਤਾ ਹੈ। ਇਹ ਕਾਰਜ ਇਸ ਲਈ ਵੀ ਵਿਸ਼ੇਸ਼ ਮਹੱਤਤਾ ਰੱਖਦਾ ਹੈ ਕਿ ਡਾ. ਬਿੰਦਰਾ ਨੇ ਨਿਰਪੱਖਤਾ ਦਾ ਸਬੂਤ ਦੇ ਕੇ ਕਹਾਣੀਆਂ ਦੀ ਚੋਣ ਕੀਤੀ ਹੈ। ਹਿੰਦੀ ਦੇ ਪਾਠਕ ਇਨ੍ਹਾਂ ਕਹਾਣੀਆਂ ਨੂੰ ਪੜ੍ਹ ਕੇ ਪੰਜਾਬੀ ਵਿਚ ਲਿਖੀ ਜਾ ਰਹੀ ਕਹਾਣੀ ਦੀ ਨਿੱਗਰ ਤਸਵੀਰ ਦੇਖ ਸਕਦੇ ਹਨ। ਇਸ ਪੁਸਤਕ ਵਿਚ 32 ਕਹਾਣੀਆਂ ਪ੍ਰਕਾਸ਼ਤ ਕੀਤੀਆਂ ਹਨ। ਜਸਵਿੰਦਰ ਨੇ ਚਰਨ ਸਿੰਘ ਸ਼ਹੀਦ, ਨਾਨਕ ਸਿੰਘ, ਗੁਰਬਖਸ ਸਿੰਘ ਪ੍ਰਤੀਲੜੀ, ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਕਰਤਾਰ ਸਿੰਘ ਦੁੱਗਲ, ਅੰਮ੍ਰਿਤਾ ਪ੍ਰੀਤਮ, ਸੰਤੋਖ ਸਿੰਘ ਧੀਰ, ਕੁਲਵੰਤ ਸਿੰਘ ਵਿਰਕ, ਰਾਮ ਸਰੂਪ ਅਣਖੀ, ਗੁਲਜ਼ਾਰ ਸਿੰਘ ਸੰਧੂ, ਗੁਰਦੇਵ ਸਿੰਘ ਰੁਪਾਣਾ, ਸੁਖਵੰਤ ਕੌਰ ਮਾਨ, ਮੋਹਨ ਭੰਡਾਰੀ, ਗੁਰਬਚਨ ਸਿੰਘ ਭੁੱਲਰ, ਚੰਦਨ ਨੇਗੀ, ਪ੍ਰੇਮ ਪ੍ਰਕਾਸ਼, ਮਨਮੋਹਨ ਬਾਵਾ, ਲਾਲ ਸਿੰਘ, ਜਸਬੀਰ ਭੁੱਲਰ, ਬਲਦੇਵ ਸਿੰਘ, ਵਰਿਆਮ ਸੰਧੂ, ਜੋਗਿੰਦਰ ਸਿੰਘ ਨਿਰਾਲਾ, ਹਰਜੀਤ ਅਟਵਾਲ, ਜਿੰਦਰ, ਤਲਵਿੰਦਰ ਸਿੰਘ, ਸੁਖਜੀਤ, ਭਗਵੰਤ ਰਸੂਲਪੁਰੀ, ਅਜਮੇਰ ਸਿੰਘ ਸਿੱਧੂ, ਜਤਿੰਦਰ ਸਿੰਘ ਹਾਂਸ ਅਤੇ ਅਨੇਮਨ ਸਿੰਘ ਦੀਆਂ ਸਮੇਂ ਸਮੇਂ ਚਰਚਾ ਵਿਚ ਰਹੀਆਂ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਹਨ। ਪੁਸਤਕ ਵਿਚ ਉਹ ਕਹਾਣੀਆਂ ਸਾਮਿਲ ਕੀਤੀਆਂ ਹਨ ਜਿਨ੍ਹਾਂ ਨੇ ਪੰਜਾਬੀ ਕਹਾਣੀ ਦਾ ਮੁਹਾਂਦਰਾ ਨਿਖਾਰਨ ਵਿਚ ਅਹਿਮ ਰੋਲ ਅਦਾ ਕੀਤਾ ਹੈ। ਪੁਸਤਕ ਵਿਚ ਸੁਜਾਨ ਸਿੰਘ ਦੀ ਕਹਾਣੀ 'ਕੁਲਫ਼ੀ', ਵਿਰਕ ਦੀ 'ਰਸਭਰੀਆਂ', 'ਸੁਖਵੰਤ ਕੌਰ ਮਾਨ ਦੀ ਕਹਾਣੀ 'ਚਾਦਰ ਹੇਠਲਾ ਬੰਦਾ', ਮੋਹਨ ਭੰਡਾਰੀ ਦੀ 'ਕਬੂਤਰ', 'ਪ੍ਰੇਮ ਪ੍ਰਕਾਸ਼ ਦੀ 'ਸੁਮਰੋ ਬੇਗ਼ਮ' ,' ਵਰਿਆਮ ਸਿੰਘ ਸੰਧੂ ਦੀ ਕਹਾਣੀ 'ਚੌਥੀ ਕੂੰਟ', ਜਿੰਦਰ ਦੀ 'ਬਿਨਾ ਵਜਾ ਤਾਂ ਨਹੀਂ', ਸੁਖਜੀਤ 'ਅੰਤਰਾ' , ਭਗਵੰਤ ਰਸੂਲਪੁਰੀ ਦੀ ਕਹਾਣੀ 'ਖੋਜ' , ਜਤਿੰਦਰ ਹਾਂਸ ਦੀ 'ਨੰਗੇਜ਼' ਆਦਿ ਕਹਾਣੀਆਂ ਪੰਜਾਬੀ ਦੀਆਂ ਬਹੁਤ ਹੀ ਚਰਚਿਤ ਕਹਾਣੀਆਂ ਹਨ। ਜਿਨ੍ਹਾਂ ਵਿਚ ਬਹੁਪਰਤੀ ਯਥਾਰਥ ਨੂੰ ਪੇਸ਼ ਕੀਤਾ ਗਿਆ ਹੈ। ਪੁਸਤਕ ਦੀ ਸੰਪਾਦਕ ਡਾ. ਬਿੰਦਰਾ ਦੀ ਧਾਰਨਾ ਹੈ ਕਿ ਉਸ ਨੇ ਪੰਜਾਬੀ ਕਹਾਣੀ ਦੇ ਵਿਕਾਸ਼ ਨੂੰ ਪੇਸ਼ ਕੀਤਾ ਹੈ। ਪੁਸਤਕ ਵਿਚ ਪੰਜਾਬੀ ਕਹਾਣੀ ਦੀ ਨੀਂਹ ਰੱਖਣ ਵਾਲੀ ਪਹਿਲੀ ਪੀੜ੍ਹੀ , ਉਸ ਨੀਂਹ ਨੂੰ ਮਜਬੂਤ ਕਰਨ ਵਾਲੀ ਦੂਜੀ ਪੀੜ੍ਹੀ, ਨੀਂਹ ਤੇ ਮਜਬੂਤ ਇਮਾਰਤ ਖੜੀ ਕਰਨ ਵਾਲੀ ਤੀਜੀ ਪੀੜ੍ਹੀ ਅਤੇ ਇਸ ਕਹਾਣੀ ਰੂਪੀ ਇਮਾਰਤ ਨੂੰ ਵਿਸ਼ਾਲ ਕਰਨ ਵਾਲੀ ਅਤੇ ਨਵੇਂ ਨਵੇਂ ਪ੍ਰਯੋਗ ਕਰਨ ਵਾਲੀ ਅਤੇ ਭਾਰਤੀ ਤੇ ਅੰਤਰਰਾਸ਼ਟਰੀ ਭਾਸ਼ਾਵਾਂ ਦੀ ਪੱਧਰ ਤੱਕ ਪੰਜਾਬੀ ਕਹਾਣੀ ਨੂੰ ਪਹੁੰਚਾਉਣ ਵਾਲੀ ਚੌਥੀ ਪੀੜ੍ਹੀ ਦੇ ਕਥਾਕਾਰਾਂ ਨੂੰ ਇਕ ਮੰਚ ਤੇ ਪੇਸ਼ ਕੀਤਾ ਹੈ। ਪੁਸਤਕ ਦੀ ਭੂਮਿਕਾ ਵਿਚ ਡਾ. ਬਿੰਦਰਾ ਨੇ ਪੰਜਾਬੀ ਕਹਾਣੀ ਦੇ ਵਿਕਾਸ਼ ਨੂੰ ਪੇਸ਼ ਕਰਨ ਵਾਲੇ ਸਿਧਾਂਤਕ ਨੁਕਤੇ ਪੇਸ਼ ਕੀਤੇ ਹਨ। ਪੁਸਤਕ ਵਿਚ ਸਾਮਿਲ ਕਹਾਣੀਆਂ ਦੀ ਖ਼ੂਬੀਆਂ ਵੀ ਪੇਸ਼ ਕੀਤੀਆਂ ਹਨ ਜਿਨ੍ਹਾਂ ਕਾਰਨਾ ਕਰਕੇ ਕਹਾਣੀਆਂ ਹਿੰਦੀ ਵਿਚ ਅਨੁਵਾਦ ਕੀਤੀਆਂ ਗਈਆਂ। **- ਸਰੋਜ**

***ਕਾਰਮੇਲਿਨ (ਕੋਂਕਨੀ ਨਾਵਲ) ਮੂਲ: ਦਾਮੋਦਰ ਮੌਜ਼ੋ***
***ਅਨੁ : ਡਾ. ਜਸਵਿੰਦਰ ਕੌਰ ਬਿੰਦਰਾ***
***ਪ੍ਰਕਾਸ਼ਕ : ਸਾਹਿਤ ਅਕਾਦੇਮੀ ਨਵੀਂ ਦਿੱਲੀ***
***ਮੁੱਲ : 200, ਰੁਪਏ, ਪੰਨੇ : 252***




ਕਾਰਮੇਲਿਨ ਨਾਵਲ ਭਾਰਤੀ ਸਾਹਿਤ ਅਕਾਦੇਮੀ ਵੱਲੋਂ ਸਨਮਾਨਿਤ ਕੋਂਕਨੀ ਨਾਵਲ ਹੈ। ਇਸ ਨਾਵਲ ਦਾ ਅਨੁਵਾਦ ਪੰਜਾਬੀ ਦੇ ਚਰਚਿਤ ਆਲੋਚਕ ਅਤੇ ਅਨੁਵਾਦਕ ਡਾ. ਜਸਵਿੰਦਰ ਕੌਰ ਬਿੰਦਰਾ ਨੇ ਬੜੀ ਮਿਹਨਤ ਨਾਲ ਕੀਤਾ ਹੈ। ਨਾਵਲ ਦੀ ਕਹਾਣੀ ਇਕ ਅਨਾਥ ਕੁੜੀ ਕਾਰਮੇਲਿਨ ਦੀ ਜ਼ਿੰਦਗੀ ਵਿੱਚ ਵਾਪਰਦੀਆਂ ਘਟਨਾਵਾਂ ਤੇ ਕੇਂਦਰਤ ਹੁੰਦੀ ਹੈ। ਭਾਰਤੀ ਸਮਾਜ ਵਿਚ ਔਰਤ ਆਪਣੀ ਚੰਗੀ ਆਰਥਿਕ ਸਥਿਤੀ, ਜਿਉਂਦੇ ਰਹਿਣ ਲਈ ਸੰਘਰਸ਼ ਕਰਦੀ ਹੈ। ਨਾਵਲ ਦੇ ਸ਼ੁਰੂ ਵਿਚ ਉਹ ਖਾੜੀ ਦੇਸ਼ ਕੁਵੈਤ ਵਿੱਚ ਨੌਕਰੀ ਕਰਦੀ ਦਿਖਾਈ ਗਈ ਹੈ। ਉਸਦੀ ਕਹਾਣੀ ਪਤੀ ਦੀ ਮੌਤ ਉਪਰੰਤ ਫਲੈਸ਼ਬੈਕ ਚਲਦੀ ਹੈ। ਉਹਦੀ ਜ਼ਿੰਦਗੀ ਬੜੀ ਮੁਸੀਬਤਾਂ ਅਤੇ ਦੁੱਖਾਂ ਨਾਲ ਭਰੀ ਹੈ। ਉਹ ਪੂਰੇ ਨਾਵਲ ਵਿਚ ਮਾਨਸਿਕ, ਸ਼ਰੀਰਕ ਦੁੱਖਾਂ ਦਾ ਸਾਹਮਣਾ ਕਰ ਚੁੱਕੀ ਹੈ ਪਰ ਆਪਣੀ ਲੜਕੀ ਬੇਲਿਦਾ ਲਈ ਅਖੀਰ ਤੱਕ ਸੰਘਰਸ਼ ਕਰਦੀ ਹੈ। ਖਾੜੀ ਦੇਸ਼ ਦੇ ਮੁਸਲਿਮ ਬਹੁ ਗਿਣਤੀ ਵਿੱਚ ਔਰਤ ਜਾਤੀ ਦੀ ਬੇਕਦਰੀ ਅਤੇ ਅਰਬ ਦੇ ਮਰਦਾ ਦਾ ਐਸ਼ਪ੍ਰਸਤੀ ਵਾਲਾ ਜੀਵਨ ਨਜ਼ਰੀ ਆਉਂਦਾ ਹੈ। ਉਸਦਾ ਮਾਲਕ ਨਿਸਾਰ ਜਿਸਦੇ ਘਰ ਕਾਰਮੇਲਿਨ ਆਯਾ ਦੇ ਤੌਰ ਤੇ ਕੰਮ ਕਰਦੀ ਹੈ ਅਤੇ ਉਸਨੂੰ ਕੰਮ ਬਦਲੇ ਚੋਖੇ ਪੈਸੇ ਵੀ ਮਿਲਦੇ ਹਨ, ਪਰ ਨਿਸਾਰ ਉਸਨੂੰ ਆਪਣੇ ਨਾਲ ਸੌਣ ਦੇ ਅਲੱਗ ਪੈਸੇ ਦਿੰਦਾ ਹੈ ਉਹ ਲੋਕ ਪੈਸੇ ਨਾਲ ਹਰ ਸੁੱਖ ਖਰੀਦਣ ਦੇ ਚਾਹਵਾਨ ਜਾਪਦੇ ਹਨ।

ਕਾਰਮੇਲਿਨ ਦੀ ਜ਼ਿੰਦਗੀ ਵਿੱਚ ਪਤੀ ਮੁਸੀਬਤਾਂ ਲਿਆਉਣ ਵਾਲਾ ਸਿੱਧ ਹੁੰਦਾ ਹੈ। ਉਹ ਇਕੱਲੀ ਦੁੱਖਾਂ ਦਾ ਸਾਹਮਣਾ ਕਰਦੀ ਹੈ ਪਰ ਉਸਦੀ ਜੇਠਾਣੀ ਇਜ਼ਾਬੇਨ ਉਸਦੀ ਹਰ ਸੰਭਵ ਮਦਦ ਕਰਦੀ ਹੈ ਅਤੇ ਉਹ ਉਸਦੀ ਸਹਾਇਤਾ ਨਾਲ ਕੁਵੈਤ ਪਹੁੰਚਦੀ ਹੈ। ਪੂਰਾ ਨਾਵਲ ਕਾਰਮੇਲਿਨ ਰਾਹੀ ਨਾਰੀ ਪੀੜਾ ਨੂੰ ਪੇਸ਼ ਕਰਦਾ ਹੈ। ਨੌਕਰਾਣੀ ਬਣ ਕੇ ਕੰਮ ਕਰਦੀ ਹੋਈ ਉਹ ਆਪਣੇ ਪਰਿਵਾਰ ਨੂੰ ਆਰਥਿਕ ਠੁੰਮਣਾ ਦਿੰਦੀ ਹੈ। ਇਸ ਦੇ ਨਾਲ ਨਾਲ ਲੇਖਕ ਨੇ ਔਰਤ ਦੇ ਸੈਕਸ ਸ਼ੋਸ਼ਣ, ਕ੍ਰਿਸਤਾਨੀ ਸਮਾਜ ਦਾ ਜਾਤੀਗਤ ਦਵੰਦ ਅਤੇ ਕੁਵੈਤ ਅਤੇ ਗੋਵਾ ਦੀ ਸ਼ਹਿਰੀ ਜ਼ਿੰਦਗੀ ਨੂੰ ਬਰੀਕੀ ਨਾਲ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਨਾਵਲ ਗੋਆ ਦੇ ਹੋਰ ਬਹੁਤ ਸਾਰੇ ਪਾਸਾਰ ਖੋਲਦਾ ਹੈ।

**-ਸਰੋਜ**

***ਘਰ ਵਾਪਸੀ (ਕਹਾਣੀ ਸੰਗ੍ਰਹਿ) ਮਹਿੰਦਰਵਾਲ ਸਿੰਘ***
***ਪ੍ਰਕਾਸ਼ਕ: ਸਤਕਨਾਮਾ ਪ੍ਰਕਾਸ਼ਨ, ਮੋਗਾ***
***ਮੁੱਲ: 80 ਰੁਪਏ, ਪੰਨੇ: 96***

ਪਰਵਾਸੀ ਗਲਪਕਾਰ ਮਹਿੰਦਰਪਾਲ ਸਿੰਘ ਦਾ ਇਹ ਪਹਿਲਾ ਕਹਾਣੀ ਸੰਗ੍ਰਹਿ ਅਤੇ ਦੋ ਨਾਵਲ ਪੰਜਾਬੀ ਪਾਠਕਾ ਨੂੰ ਦੇ ਚੁੱਕਾ ਹੈ। ਇਸ ਕਹਾਣੀ ਸੰਗ੍ਰਹਿ ਦੀ ਕਹਾਣੀਆਂ ਦਾ ਮੁੱਖ ਸਰੋਕਾਰ ਪਰਵਾਸ ਦਾ ਦਰਦ ਹੈ ਜਿਹੜੇ ਪੰਜਾਬੀ ਪਰਵਾਸੀ ਹੋ ਕੇ ਭੋਗਦੇ ਹਨ। 'ਕਇਆ ਕਲਮ' ਉਸ ਔਰਤ ਦੀ ਬਾਤ ਪਾਉਂਦੀ ਹੈ ਜਿਹੜੀ ਪੱਛਮੀ ਸੰਸਕਾਰ ਵਿਚ ਵਿਚਰਦੀ ਹੋਈ ਹਰ ਤਰ੍ਹਾਂ ਦੀਆਂ ਖੁੱਲ੍ਹਾਂ ਮਾਣਦੀ ਹੈ ਦੂਜੇ ਪਾਸੇ ਜਿਸ ਬੰਦੇ ਨਾਲ ਉਹਦਾ ਵਿਆਹ ਹੁੰਦਾ ਹੈ ਉਹ ਆਪਣੇ ਰਵਾਇਤੀ ਪੰਜਾਬੀ ਸੰਸਕਾਰਾਂ ਵਿਚ ਪਲਿਆ ਹੋਇਆ ਹੈ। ਮਿਸਜ ਸੇਖੋਂ ਦੇ ਵਿਆਹ ਬਾਹਰੇ ਸੰਬੰਧ ਦੋਹਾਂ ਨੂੰ ਵੱਖ ਕਰ ਦਿੰਦੇ ਹਨ ਪਰ ਕਹਾਣੀਕਾਰ ਨਾਇਕਾ ਦਾ ਕਾਇਆ ਕਲਪ ਕਰ ਕੇ ਮੁੜ ਉਸ ਨੂੰ ਸੁਧਾਰ ਦਿੰਦਾ ਹੈ ਤੇ ਦੋਵੇਂ ਮੁੜ ਪਤੀ-ਪਤਨੀ ਬਣ ਜਾਂਦੇ ਹਨ। 'ਬੁੱਧ ਦੀ ਰੂਹ' ਕਹਾਣੀ ਬਜ਼ੁਰਗਾਂ ਦੇ ਸੰਤਾਪ ਦੀ ਕਹਾਣੀ ਹੈ, ਬੁਢਾਪੇ ਵਿਚ ਬਜ਼ੁਰਗ ਦੀ ਇਕੱਲਤਾ ਨੂੰ ਬਿਆਨ ਕੀਤਾ ਹੈ। ਪਰ ਕਹਾਣੀ ਵਿਚ ਲੇਖਕ ਬੁੱਧ ਦੀ ਰੂਹ ਵਾਲਾ ਮੇਟਾਫਰ ਕੁਸ਼ਲਤਾ ਨਾਲ ਨਹੀਂ ਵਰਤ ਸਕਿਆ। 'ਘਰ ਵਾਪਸੀ' ਪੁਸਤਕ ਦੀ ਸਿਰਲੇਖ ਵਾਲੀ ਕਹਾਣੀ ਹੈ ਜੋ ਪੰਜਾਬੀ






ਪਰਿਵਾਰ ਦੀ ਕਹਾਣੀ ਹੈ ਜਿਹੜੇ ਵਿਦੇਸ਼ ਵਿਚ ਚਲੇ ਜਾਂਦੇ ਹਨ ਉਥੇ ਦੇ ਸਭਿਆਤਾ ਦਾ ਪ੍ਰਭਾਵ ਕਬੂਲ ਕੇ ਕਹਾਣੀ ਵਿਚ ਲੜਕੀ ਅਨੇਕਾਂ ਮੁੰਡਿਆ ਨਾਲ ਸੰਬੰਧ ਜੋੜ ਲੈਂਦੀ ਹੈ ਤੇ ਮਾਪੇ ਇਸ ਗੱਲ ਨੂੰ ਬਰਦਾਸਤ ਨਹੀਂ ਕਰਦੇ। 'ਫੁੱਲਦਾਨ' ਕਹਾਣੀ 'ਚ ਲੇਖਕ ਉਸ ਵਿਅਕਤੀ ਦੀ ਮਨੋ ਗੁੰਝਲਾ ਨੂੰ ਪੇਸ਼ ਕਰਦਾ ਹੈ ਜਿਹੜਾ ਪੰਦਰਾ ਸਾਲਾਂ ਬਾਅਦ ਵਿਦੇਸੋਂ ਘਰ ਪਰਤਦਾ ਹੈ। 'ਮਿੱਟੀ ਬਿਨਾਂ ਜੜ੍ਹਾਂ' ਕਹਾਣੀ ਪੰਜਾਬੀ ਕਲਚਲ ਨਾਲੋਂ ਟੁੱਟ ਰਹੇ ਪਾਤਰਾਂ ਦੀ ਕਹਾਣੀ ਹੈ। 'ਵੱਢੇ ਹੱਥ' ਕਹਾਣੀ ਰਿਸ਼ਤਿਆ ਦੇ ਜਸ਼ਨ ਵਿਚ ਵਹਿ ਕੇ ਤਬਾਹ ਹੋਣ ਦੀ ਕਹਾਣੀ ਹੈ। 'ਵਸੀਹਤ' ਦਲਿਤ ਚਿੰਤਨ ਦੀ ਕਹਾਣੀ ਹੈ। ਜਿਸ ਵਿਚ ਗਰੀਬੀ ਦੀ ਜੂਨ ਹੰਢਾ ਰਿਹੇ ਸੰਤੂ ਦੀ ਵਿਥਿਆ ਬਿਆਨ ਕੀਤੀ ਗਈ ਹੈ। 'ਸਬਰ' ਕਹਾਣੀ ਔਰਤ ਦੀਆਂ ਮਰ ਰਹੀਆਂ ਖਹਿਸ਼ਾ ਦੀ ਕਹਾਣੀ ਹੈ 'ਕਾਰੂ ਦਾ ਖਜ਼ਾਨਾ' ਭਰੂਣ ਹੱਤਿਆ ਦੀ ਬਾਤ ਪਾਉਂਦੀ ਹੈ। ਪੁਸਤਕ ਦੀਆਂ ਸਾਰੀਆਂ ਕਹਾਣੀਆਂ ਦਾ ਅਧਿਐਨ ਕਰਨ ਤੇ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਲੇਖਕ ਸੁਧਾਰਵਾਦੀ ਕਹਾਣੀ ਲਿਖਦਾ ਹੈ। ਗਲਤ ਰਸਤੇ ਤੇ ਚੱਲਣ ਵਾਲੇ ਪਾਤਰ ਜਾਂ ਤਾਂ ਸੁਧਰ ਜਾਂਦੇ ਜਾਂ ਫਿਰ ਉਨ੍ਹਾਂ ਦਾ ਮਾੜਾ ਹਾਲ ਹੁੰਦਾ ਹੈ। ਪ੍ਰੰਤੂ ਪਰਵਾਸੀ ਸਰੋਕਾਰ ਦੀਆਂ ਬਰੀਕ ਤੰਦਾਂ ਫੜਨ ਵਿਚ ਲੇਖਕ ਸਫ਼ਲ ਰਹਿੰਦਾ ਹੈ।

**- ਭਗਵੰਤ ਰਸੂਲਪੁਰੀ**


***ਸੂਰਜ ਡੁੱਬਾ ਸਿਖ਼ਰ ਦੁਪਹਿਰੇ (ਨਾਵਲ) ਗੁਰਚਰਨ ਸਿੰਘ ਔਲਖ***
***ਪ੍ਰਕਾਸ਼ਕ: ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ***
***ਮੁੱਲ: 130 ਰੁਪਏ, ਪੰਨੇ: 128***




ਔਲਖ ਨੇ ਰੇਸ਼ਮਾ ਨਾਂ ਦੀ ਅਲੜ ਜਵਾਨ ਤੇ ਹੁਸਨ ਦੀ ਮੂਰਤ ਪਾਤਰ ਰਾਹੀ ਨਾਵਲ ਦਾ ਆਰੰਭ ਕੀਤਾ ਹੈ। ਜਿਹੜੀ ਕਿ ਕਾਲਜ ਪੜ੍ਹਦੀ ਹੈ। ਉਹ ਔਰਤ ਦੀ ਖ਼ੂਬਸੂਰਤੀ ਚਿਤਰਨ ਲਈ ਖ਼ੂਬਸੂਰਤ ਅੰਲਕਾਰ ਵਰਤਦਾ ਹੈ। ਰੇਸ਼ਮਾ ਦਾ ਪਿਤਾ ਹਵਾਈ ਸੈਨਾ ਵਿਚ ਵਿੰਗ ਕਮਾਂਡਰ ਹੈ ਤੇ ਨਾਵਲ ਦੇ ਬਿਰਤਾਂਤ ਵਿਚ ਉਹ ਬਠਿੰਡਾ ਦੇ ਹਵਾਈ ਫੌਜ਼ ਦੇ ਸਟੇਸ਼ਨ ਵਿਚ ਨਿਯੁਕਤ ਹੁੰਦਾ ਹੈ। ਰੇਸ਼ਮਾ ਦੀ ਸਹੇਲੀ ਮੋਨਿਕਾ ਨਾਲ ਨਾਵਲ ਅੱਗੇ ਤੁਰਦਾ ਹੈ। ਜਵਾਨ ਪਾਤਰਾਂ ਦੀਆਂ ਜਵਾਨ ਸੱਧਰਾਂ ਦਾ ਨਾਵਲ ਵਿਚ ਵਰਣਨ ਹੈ। ਅੱਜ ਦੇ ਸਮੇਂ ਵਿਚ ਬੱਚੇ ਕਿਵੇਂ ਪੜ੍ਹਦੇ ਹਨ ਅਤੇ ਹੋਰ ਮਨ ਪ੍ਰਚਾਵੇ ਲਈ ਕੀ ਕਰਦੇ ਨੇ ਨਾਵਲ ਵਿਚ ਪੇਸ਼ ਹੋਇਆ ਹੈ। ਨਾਵਲ ਵਿਚ ਫੌਜੀਆਂ ਦੇ ਸੁਭਾਅ, ਡਸਿਪਲਨ ਅਤੇ ਅਸੂਲਾ ਦੇ ਪੱਕੇ ਹੋਣਾ ਆਦਿ ਗੱਲਾਂ ਰੇਸ਼ਮਾ ਦੇ ਪਿਤਾ ਰਾਹੀ ਪੇਸ਼ ਹੋਈਆਂ ਹਨ। ਫਿਰ ਰੇਸ਼ਮਾ ਤੇ ਸੂਰਜ ਦਾ ਕਾਲਜ ਵਿਚ ਪੜ੍ਹਦਿਆਂ ਹੀ ਪਿਆਰ ਪਨਪਦਾ ਹੈ। ਦੋਵੇਂ ਜੀਵਨ ਸਾਥੀ ਬਣਨ ਦੇ ਸੁਪਨੇ ਲੈਣ ਲੱਗ ਪੈਂਦੇ ਹਨ। ਉਧਰ ਸੂਰਜ ਰੇਸ਼ਮਾ ਦੇ ਸੁਪਨੇ ਲੈਣ ਲੱਗ ਪੈਂਦਾ ਹੈ ਸੂਰਜ ਜਦੋਂ ਯੂਨੀਵਰਸਿਟੀ ਚੋਂ ਫਸਟ ਆ ਜਾਂਦਾ ਹੈ ਤੇ ਉਹ ਚੰਡੀਗੜ੍ਹ ਪੜ੍ਹਨ ਦੀ ਜਿੱਦ ਕਰਨ ਲੱਗ ਪੈਂਦਾ ਹੈ। ਉਧਰ ਰੇਸ਼ਮਾ ਦੇ ਮਾਤਾ ਪਿਤਾ ਸੂਰਜ ਨੂੰ ਆਪਣੇ ਵਸ ਕਰਕੇ ਆਪਣੇ ਕਾਬੂ ਕਰਨ ਦੀਆਂ ਸਕੀਮਾ ਘੜਦੇ ਹਨ। ਨਾਵਲ ਵਿਚ ਔਲਖ ਨੇ ਯੂਨੀਵਰਸਿਟੀ ਦੀ ਜ਼ਿੰਦਗੀ ਨੂੰ ਵੀ ਚੰਗੇ ਤਰੀਕੇ ਨਾਲ ਪੇਸ਼ ਕੀਤਾ ਹੈ। ਸੂਰਜ ਵੱਲ ਅਨੇਕਾ ਕੁੜੀਆਂ ਝੁਕਦੀਆਂ ਹਨ ਪਰ ਉਹਨੂੰ ਤਾਂ ਹਰ ਇਕ ਵਿਚ ਰੇਸ਼ਮਾ ਹੀ ਦਿਸਦੀ ਹੈ ਅਖੀਰ ਰੇਸ਼ਮਾ ਦੇ ਪਿਤਾ ਬਾਜਵਾ ਦੀ ਇੱਛਾ ਅਨੁਸਾਰ ਸੂਰਜ ਫੌਜ ਦੀ ਟ੍ਰੇਨਿੰਗ ਕਰਨ ਚਲੇ ਜਾਂਦਾ ਹੈ ਤੇ ਫਿਰ ਨਾਵਲ ਮੋੜਾ ਕੱਟਦਾ ਹੈ ਬਾਜਵਾ ਰੇਸ਼ਮਾ ਨੂੰ ਵਿਦੇਸ਼ ਪੜ੍ਹਨ ਭੇਜਣ ਦੇ ਸੁਪਨੇ ਅਤੇ ਫਿਰ ਉਥੇ ਹੀ ਕੋਈ ਚੰਗਾ ਮੁੰਡਾ ਲੱਭ ਕੇ ਵਿਆਹ ਤੇ ਫਿਰ ਆਪ ਵੀ ਵਿਦੇਸ਼ ਜਾਣ ਦੇ ਸੁਪਨੇ ਲੈਣ ਲੱਗ ਪੈਂਦਾ ਹੈ। ਤੇ ਰੇਸ਼ਮਾ ਨੂੰ ਉਹ ਪੜ੍ਹਨ ਲਈ

ਕੇਨੈਡਾ ਭੇਜ ਦਿੰਦੇ ਹਨ ਇਸ ਗੱਲ ਦਾ ਸੂਰਜ ਨੂੰ ਕੋਈ ਇਲਮ ਨਹੀਂ ਹੁੰਦਾ। ਫਿਰ ਸੂਰਜ ਦੀ ਬਦਲੀ ਉੜੀ ਬਾਰਾਮੂਲਾ ਵਿਚ ਕਰ ਦਿੱਤੀ ਜਾਂਦੀ ਇਸ ਦੌਰਾਨ ਉਹਦੀ ਜ਼ਿੰਦਗੀ ਵਿਚ ਡਾ. ਰੂਪੀ ਨਾਂ ਦੀ ਕੁੜੀ ਆਉਂਦੀ ਹੈ। ਰੇਸ਼ਮਾ ਰਿੰਗ ਸੈਰਾਮਨੀ ਲਈ ਉਥੇ ਪਹੁੰਚਦੀ ਹੈ, ਉਦੋਂ ਹੀ ਨਾਵਲ ਦੁਖਾਂਤ ਵੱਲ ਮੋੜ ਕੱਟਦਾ ਹੈ। ਸੂਰਜ 'ਤੇ ਅੱਤਵਾਦੀਆਂ ਦਾ ਹਮਲਾ ਹੋ ਜਾਂਦਾ ਹੈ ਤੇ ਉਹ ਸ਼ਹੀਦ ਹੋ ਜਾਂਦਾ ਹੈ ਉਧਰ ਰੇਸ਼ਮਾ ਡਾ. ਰੂਪੀ ਨੂੰ ਧੱਕਾ ਦੇ ਮਾਰ ਦਿੰਦੀ ਤੇ ਮਗਰ ਹੀ ਡਿੱਗ ਕੇ ਆਪ ਵੀ ਮਰ ਜਾਂਦੀ ਹੈ। ਨਾਵਲਕਾਰ ਦੁਖਾਂਤ ਦਾ ਸਿਖਰ ਸਿਰਜਣ ਲਈ ਅੱਗੜ ਪਿੱਛੜ ਤਿੰਨ ਮੌਤਾਂ ਕਰਵਾ ਦਿੰਦਾ ਹੈ। ਸੂਰਜ ਨੂੰ ਨਾਵਲ ਵਿਚ ਚਿਹਨ ਦੇ ਤੌਰ ਤੇ ਵਰਤਿਆ ਹੈ। ਜਿਹੜੀ ਕਿ ਭਰ ਜਵਾਨੀ ਵਿਚ ਡੁੱਬ ਜਾਂਦਾ ਹੈ। **- ਡਾ. ਰਵੀ ਪਾਲ**

***ਲੇਖਾ ਜੋਖਾ (ਕਹਾਣੀਆਂ) ਨਰਿੰਜਨ ਤਸਨੀਮ***
***ਪ੍ਰਕਾਸ਼ਕ: ਰਵੀ ਸਾਹਿਤ ਪ੍ਰਕਾਸਨ, ਅੰਮ੍ਰਿਤਸਰ***
***ਮੁੱਲ: 130 ਰੁਪਏ, ਪੰਨੇ : 128***





ਨਰਿੰਜਨ ਤਸਨੀਮ ਪ੍ਰਮੁੱਖ ਰੂਪ ਵਿਚ ਨਾਵਲਕਾਰ ਹੈ ਅਤੇ ਉਸ ਦੇ ਇਕ ਨਾਵਲ ਨੂੰ ਸਾਹਿਤ ਅਕੈਡਮੀ ਐਵਾਰਡ ਵੀ ਮਿਲ ਚੁੱਕਾ ਹੈ। ਇਹ ਉਸ ਦਾ ਪਹਿਲਾ ਕਹਾਣੀ ਸੰਗ੍ਰਹਿ ਹੈ। ਇਹ ਕਹਾਣੀਆਂ ਉਸ ਨੇ ਮੁੱਢਲੇ ਪੜਾ ਦੀਆਂ ਕਹਾਣੀਆਂ ਹਨ। ਜਿਸ ਨੂੰ ਹੁਣ ਕਿਤਾਬੀ ਰੂਪ ਦਿੱਤਾ ਹੈ। ਇਸ ਲਈ ਇਨ੍ਹਾਂ ਕਹਾਣੀਆਂ ਨੂੰ ਹੁਣ ਦੇ ਪ੍ਰਸੰਗ ਵਿਚ ਪੜ੍ਹਨਾ ਤੇ ਪੜਚੋਲ ਕਰਨਾ ਪ੍ਰਸੰਗਕ ਨਹੀਂ ਹੋਵੇਗਾ। ਉਸ ਦੀ ਪਹਿਲੀ ਕਹਾਣੀ ਹੈ 'ਲਿਸ਼ਕਾਰ' ਜਿਸ ਵਿਚ ਪਾਤਰ ਡਿਸਟ੍ਰਿਕਟ ਫ਼ੂਡ ਕੰਟਰੋਲਰ ਲੱਗਾ ਹੈ ਤੇ ਉਸ ਕਣਕ ਸਾਫ ਕਰਨ ਵਾਲੀਆਂ ਮਜਦੂਰ ਇਸਤਰੀਆਂ ਬਾਰੇ ਸੋਚਦਾ ਹੈ। ਇਹ ਇਸਤਰੀਆਂ ਆਪਣੀ ਗਰੀਬੀ ਬਾਰੇ ਗੱਲਾਂ ਕਰਦੀਆਂ ਹਨ। ਫਿਰ ਬਰਸਾਤ ਵਿਚ ਕਹਾਣੀ ਦਾ ਪਾਤਰ ਵੀ ਗੁਦਾਮ ਦੀ ਛੱਤ ਉੱਤੇ ਉਨ੍ਹਾਂ ਵਿਚ ਇਕ ਇਸਤਰੀ ਨਾਲ ਮਿੱਟੀ ਪਾਉਣ ਲੱਗ ਪੈਂਦਾ ਹੈ ਨਾਲ ਉਨ੍ਹਾਂ ਦੇ ਜਵਾਨ ਕੁੜੀ ਵੀ ਹੈ ਕਹਾਣੀਕਾਰ ਨੇ ਉਸ ਦੇ ਮਨ ਦੀ ਮਨੋਦਸ਼ਾ ਨੂੰ ਬੜੀ ਬਰੀਕੀ ਨਾਲ ਲੁਕਵੇ ਢੰਗ ਨਾਲ ਫੜਿਆ ਹੈ ਜਦੋਂ ਮੈਂ ਪਾਤਰ ਕੋਲੋਂ ਉਹ ਮਿੱਟੀ ਦੀ ਬਾਲਟੀ ਫੜਨ ਲੱਗਦੀ ਹੈ। ਉਹ ਉਹਲਾ ਕਹਾਣੀ ਨੂੰ ਬਹੁ ਅਰਥੀ ਬਣਾ ਦਿੰਦਾ ਹੈ। 'ਪਛਤਾਵਾ' ਕਹਾਣੀ ਵਿਚ ਵੀ ਤਸਨੀਮ ਕਿਰਤੀ ਲੋਕਾਂ ਦੇ ਹੱਕ ਦੀ ਗੱਲ ਕਰਦਾ ਹੈ। ਕਹਾਣੀ ਦਾ ਪਾਤਰ ਜੋ ਰੇਹੜਾ ਚਲਾਉਂਦਾ ਹੈ ਬੜਾ ਇਮਾਨਦਾਰ ਦਿਖਾਇਆ ਹੈ। 'ਫਾਸਲੇ' ਕਹਾਣੀ ਦਾ ਮੈਂ ਪਾਤਰ ਆਪਣੇ ਗੁਜਰ ਚੁੱਕੇ ਅਤੀਤ ਨੂੰ ਚੇਤੇ ਕਰਦਾ ਹੈ। 'ਗਰਕਣੀ' ਕਹਾਣੀ ਵਿਚ ਉਸ ਨੇ ਕਿਰਤੀ ਲੋਕਾਂ ਦੀ ਗੱਲ ਕੀਤੀ ਹੈ। ਲੇਖਕ ਮਿਹਨਤ ਕਰਨ ਵਾਲੇ ਲੋਕਾਂ ਦੇ ਹੱਕ ਵਿਚ ਖੜਦਾ ਹੈ ਜਿਨ੍ਹਾਂ ਦਾ ਸ਼ੋਸ਼ਣ ਮੱਧ-ਵਰਗ ਦੇ ਲੋਕ ਕਰਦੇ ਹਨ। 'ਲੇਖਾ ਜੋਖਾ' ਕਹਾਣੀ ਰਾਹੀ ਇਕ ਐਸਾ ਮੁੱਦਾ ਉਭਾਰਿਆ ਹੈ ਜਿਸ ਰਾਹੀ ਪਾਤਰ ਪੜ੍ਹਾਈ ਵਿਚ ਐਸਾ ਖੁੱਭ ਜਾਂਦਾ ਹੈ ਕਿ ਉਹਨੂੰ ਆਪਣੇ ਆਪ ਦੀ ਕੋਈ ਸੁਧ ਹੀ ਨਹੀਂ ਰਹਿੰਦੀ। ਜ਼ਿੰਦਗੀ ਦੀਆਂ ਥੁੜ੍ਹਾ ਦੀ ਗੱਲ ਕਰਦਾ ਹੈ। 'ਪਲਕ ਝਪਕਣ ਵਿਚ' ਕਹਾਣੀ ਵਿਚ ਲੇਖਕ ਨੇ ਗੁਜਰ ਚੁੱਕੇ ਪਲਾਂ ਨੂੰ ਖ਼ੂਬਸੂਰਤੀ ਨਾਲ ਫੜਿਆ ਹੈ। ਕਹਾਣੀਆਂ ਤੋਂ ਇਲਾਵਾ 'ਰਾਸ਼ੀ ਫਲ' ਨਾਂ ਦਾ ਵਿਅੰਗ ਵਿਚ ਇੱਛਤ ਯਥਾਰਥ ਨੂੰ ਲੇਖਕ ਨੇ ਫੜਿਆ ਹੈ। ਇਕ ਲੇਖ ਹੈ ਪੋਸਟ ਸਕਰਿਪਟ 'ਸਾਹਿਤਕ ਜੀਵਨ ਦੇ ਤਿੰਨ ਦੌਰ' ਵਿਚ ਤਸਨੀਮ ਨੇ ਆਪਣੇ ਸਾਹਿਤਕ ਬਿਰਤਾਂਤ ਨੂੰ ਚਿਤਰਿਆ ਹੈ। **- ਡਾ. ਰਵੀ ਪਾਲ**

***ਅਮੀਨਾ (ਨਾਵਲ) ਮੁਹੰਮਦ ਕਬੀਰ ਉਮਰ***
***ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ***
***ਮੁੱਲ: 250 ਰੁਪਏ, ਪੰਨੇ: 231***

ਨਾਇਜੀਰੀਆ ਨਾਵਲ ਜਿਹੜਾ ਕਿ ਅਨੇਕਾਂ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕਾ ਹੈ ਪੰਜਾਬੀ 'ਚ ਪਵਨ ਗੁਲਾਟੀ ਦੇ ਅਨੁਵਾਦ ਰਾਹੀ ਪਾਠਕਾਂ ਤੀਕ ਪਹੁੰਚਿਆ ਹੈ। ਨਾਵਲ 'ਚ ਲੇਖਕ ਮੁਹੰਮਦ ਕਬੀਰ ਨੇ ਮੁਸਲਿਮ ਸਮਾਜ ਦੇ ਧੁਰ ਅੰਦਰ ਤੀਕ ਜਾ ਕੇ ਉਸ ਦੀ ਕੱਟੜਤਾ ਤੇ ਔਰਤ ਜਬਰ ਨੂੰ ਬਾਹਰ ਲੈ ਕੇ ਆਂਦਾ







ਹੈ। ਨਾਵਲਕਾਰ ਮੁਹੰਮਦ ਕਬੀਰ ਉਮਰ ਪੱਤਰਕਾਰੀ ਕਿੱਤੇ ਨਾਲ ਜੁੜਿਆ ਹੋਇਆ ਨਾਵਲਕਾਰ ਹੈ ਜੋ ਮੁਸਲਿਮ ਸਮਾਜ ਵਿਚ ਵਿਚਰ ਰਹੀਆਂ ਔਰਤਾਂ ਦੇ ਹੱਕਾਂ ਦੀ ਗੱਲ ਕਰਦਾ ਹੈ। ਨਾਵਲਕਾਰ ਅਮੀਨਾ ਨਾਂ ਦੇ ਪਾਤਰ ਰਾਹੀ ਔਰਤ ਤੇ ਹੋ ਰਹੇ ਜਬਰ ਦੀ ਗੱਲ ਕਰਦਾ ਹੈ ਜਿਹੜੀਆਂ ਔਰਤਾਂ ਸਮਾਜ ਨੂੰ ਬਦਲਣ ਲਈ ਔਖੇ ਪੈਂਡੇ ਉੱਤੇ ਤੁਰਦੀਆਂ ਹਨ। ਪੂਰਾ ਨਾਵਲ ਨਾਰੀ ਸ਼ਕਤੀ ਦੀ ਗੱਲ ਕਰਦਾ ਹੈ, ਮੁਸਲਿਮ ਸਮਾਜ 'ਚ ਔਰਤ ਕਿਸ ਤਰ੍ਹਾਂ ਜਿਉਂਦੀ ਹੈ, ਉਸ ਦੀਆਂ ਭਾਵਨਾਵਾਂ ਕਿਵੇਂ ਦੱਬੀਆਂ ਦੀਆਂ ਦੱਬੀਆਂ ਹੀ ਰਹਿ ਜਾਂਦੀਆਂ ਹਨ, ਔਰਤਾਂ ਦਾ ਕਿਵੇਂ ਸਰੀਰਕ ਸ਼ੋਸ਼ਣ ਹੁੰਦਾ ਹੈ, ਸੱਤਾ ਕਿਵੇਂ ਭ੍ਰਿਸ਼ਟਾਚਾਰ ਹੋ ਕੇ ਸਮਾਜ ਨੂੰ ਨਸ਼ਟ ਕਰ ਰਹੀ ਹੈ। ਅਜਿਹੇ ਪ੍ਰਸੰਗਾਂ ਨੂੰ ਮੁਸਲਿਮ ਸਮਾਜ ਨੇ ਬੜੀ ਬਰੀਕੀ ਨਾਲ ਚਿਤਰਿਆ ਹੈ। ਇਨ੍ਹਾਂ ਤੋਂ ਇਲਾਵਾ ਨਾਵਲ ਹੋਰ ਪਸਾਰ ਵੀ ਹਨ। ਨਾਵਲਕਾਰ ਮੁਹੰਮਦ ਕਬੀਰ ਉਮਰ ਪੱਤਰਕਾਰੀ ਕਿੱਤੇ ਨਾਲ ਜੁੜਿਆ ਹੋਣ ਕਰਕੇ ਨਾਵਲੀ ਬਿਰਤਾਂਤ 'ਚ ਪੱਤਰਕਾਰੀ ਬਿਰਤਾਂਤ ਪੇਸ਼ ਕਰਦਾ ਹੈ। ਪ੍ਰੰਤੂ ਨਾਵਲਕਾਰ ਇਕ ਵਿਜ਼ਨ ਲੈ ਕੇ ਚੱਲ ਰਿਹਾ ਹੈ ਜਿਹੜਾ ਵਿਜ਼ਨ ਨਾਰੀ ਦੀ ਆਜ਼ਾਦੀ ਨਾਲ ਜੁੜਿਆ ਹੋਇਆ ਹੈ। ਨਾਵਲ 'ਅਮੀਨਾ' ਦੀ ਮਕਬੂਲੀਅਤ ਦਾ ਇਥੋਂ ਪਤਾ ਲੱਗ ਜਾਂਦਾ ਹੈ ਕਿ ਇਸ ਦਾ ਅਨੁਵਾਦ ਅਰਬੀ, ਅਜੇਰੀ, ਬਹਾਸਾ, ਯੂਨਾਨੀ, ਹਿੰਦੀ, ਮਲਿਆਲਮ, ਸਰਬੀਅਨ, ਤਾਮਿਲ, ਉਰਦੂ ਤੇ ਹੋਰ ਬਹੁਤ ਸਾਰੀਆਂ ਭਾਸ਼ਾਵਾਂ 'ਚ ਅਨੁਵਾਦ ਹੋ ਚੁੱਕਾ ਹੈ ਤੇ ਤਕਰੀਬਨ 20 ਕੁ ਹੋਰ ਭਾਸ਼ਾਵਾਂ 'ਚ ਅਨੁਵਾਦ ਹੋ ਰਿਹਾ ਹੈ। ਸੰਸਾਰ ਪ੍ਰਸਿੱਧ ਕਲਾਸਿਕ ਰਚਨਾ ਹਰ ਪਾਠਕ ਨੂੰ ਪੜ੍ਹਨ ਦੀ ਲੋੜ ਹੈ।

**- ਸਰੋਜ**

***ਸ਼ਹੀਦ ਊਧਮ ਸਿੰਘ ਕਾਵਿ ਸ਼ਰਧਾਂਤਲੀ***
***ਸੰਪਾਦਕ: ਡਾ. ਧਰਮਪਾਲ ਸਿੰਗਲ,***
***ਡਾ. ਬਲਦੇਵ ਸਿੰਘ 'ਬੱਦਨ'***
***ਪ੍ਰਕਾਸ਼ਕ: ਆਰਸੀ ਪਬਲਿਸ਼ਰਜ਼, ਦਿੱਲੀ***
***ਮੁੱਲ: 395, ਪੰਨੇ: 368***




ਡਾ. ਸਿੰਗਲ ਤੇ ਡਾ. ਬੱਦਨ ਹੁਰਾਂ ਨੇ ਸ਼ਹੀਦ ਊਧਮ ਸਿੰਘ ਉਤੇ ਬਹੁਮੁੱਲੀ ਕਿਤਾਬ ਸੰਪਾਦਤ ਕਰਕੇ ਬਹੁਤ ਮੁੱਲਵਾਨ ਕਾਰਜ ਕੀਤਾ ਹੈ। ਇਸ ਪੁਸਤਕ 'ਚ 88 ਪੰਨਿਆ ਵਿਚ ਅਜਿਹੀ ਸਮੱਗਰੀ ਹੈ ਜੋ ਬਹੁਤ ਮੁੱਲਵਾਨ ਹੈ। ਇਸ ਵਿਚ ਲੰਮੀ ਭੂਮਿਕਾ ਲਿਖੀ ਗਈ ਹੈ ਜਿਸ ਵਿਚ ਸ਼ਹੀਦ ਊਧਮ ਸਿੰਘ ਦਾ ਦੇਸ਼ ਭਗਤੀ ਵਾਲਾ ਬਿੰਬ ਉਭਾਰਿਆ ਹੈ। ਇਕੋ ਥਾਂ ਊਧਮ ਸਿੰਘ ਉੱਤੇ ਲਿਖੀ ਸਮੱਗਰੀ ਵਾਲੀ ਇਹ ਪਹਿਲੀ ਕਿਤਾਬ ਹੈ। ਆਜ਼ਾਦੀ ਸੰਗਰਾਮ ਵਿਚ ਊਧਮ ਸਿੰਘ ਦੀ ਉਨੀ ਗੱਲ ਨਹੀਂ ਹੋਈ ਜਿਨੀ ਭਗਤ ਸਿੰਘ ਦੀ ਹੋਈ ਹੈ ਹਲਾਂ ਕਿ ਆਜ਼ਾਦੀ ਸੰਗਰਾਮ ਵਿਚ ਉਸ ਦੀ ਭੂਮਿਕਾ ਵੀ ਬਹੁਤ ਗੌਲਣਯੋਗ ਰਹੀ ਹੈ। ਭੂਮਿਕਾ ਵਿਚ ਕੇਵਲ ਊਧਮ ਸਿੰਘ ਦੀ ਹੀ ਗੱਲ ਵੀ ਨਹੀਂ ਕੀਤੀ ਗਈ ਬਲਕਿ ਗ਼ਦਰ ਗੂੰਜ ਦੀ ਕਵਿਤਾ ਦੇ ਪ੍ਰਸੰਗ 'ਚ ਸੰਗਰਾਮੀ ਲਹਿਰ ਦੀ ਗੱਲ ਕੀਤੀ ਹੈ। ਪੰਜਾਬ ਦੇ ਪ੍ਰਸੰਗ 'ਚ ਨਾਮਧਾਰੀ ਲਹਿਰ ਦਾ ਹਵਾਲਾ ਦਿੰਦਿਆ ਇਸ ਸੰਗਰਾਮ ਦੀ ਪਰਖਵੀ ਪੜਚੋਲ ਕੀਤੀ ਗਈ ਹੈ। ਗ਼ਦਰ ਗੂੰਜਾਂ ਦੀ ਉਹ ਕਵਿਤਾ ਹੈ ਜਿਹੜੀ ਜਾਂ ਤਾਂ ਦੇਸ਼ ਭਗਤਾ ਨੇ ਆਪਣੇ ਨਾਂ ਥੱਲੇ ਵੀ ਅਤੇ ਫ਼ਰਜੀ ਨਾਂ ਥੱਲੇ ਵੀ ਲਿਖੀ। ਉਨ੍ਹਾਂ ਦਾ ਮੁੱਖ ਮਕਸਦ ਦੇਸ਼ ਦੇ ਲੋਕਾਂ ਨੂੰ ਅੰਗਰੇਜ਼ਾਂ ਵਿਰੁਧ ਲਾਮਬੰਦ ਕਰਨਾ ਸੀ। ਗ਼ਦਰ ਗੂੰਜ ਦੀ ਕਵਿਤਾ ਦੇ ਪ੍ਰਸੰਗ 'ਚ ਸੰਗਰਾਮੀ ਲਹਿਰ ਦੀ ਗੱਲ ਕੀਤੀ ਹੈ। ਪੰਜਾਬ ਦੇ ਪ੍ਰਸੰਗ ਵਿਚ ਨਾਮਧਾਰੀ ਲਹਿਰ ਦਾ ਹਵਾਲਾ ਦਿੰਦਿਆ ਇਸ ਸੰਗਰਾਮ ਦੀ ਪਰਖਵੀ ਪੜਚੋਲ ਕੀਤੀ ਗਈ ਹੈ। ਕਵਿਤਾ ਵਿਚ ਗ਼ਦਰ ਕਰਨ ਦਾ ਸੰਦੇਸ਼ ਦਿੱਤਾ ਜਾਂਦਾ ਸੀ ਇਸ ਦਾ ਬਰੀਕੀ ਨਾਲ ਅਧਿਐਨ ਭੂਮਿਕਾ

ਵਿਚ ਸੰਪਾਦਕਾ ਨੇ ਕੀਤਾ ਹੈ। ਊਧਮ ਸਿੰਘ ਅੰਦਰ ਦੇਸ਼ ਭਗਤੀ ਦਾ ਜ਼ਜ਼ਬਾ ਕਿਵੇਂ ਪ੍ਰਬਲ ਹੁੰਦਾ ਹੈ। ਕਿਵੇਂ ਉਹ ਭਗਤ ਸਿੰਘ ਦੇ ਵਿਚਾਰਾ ਦਾ ਪ੍ਰਭਾਵ ਕਬੂਲਦਾ ਹੈ ਹਲਾ ਕਿ ਊਧਮ ਸਿੰਘ ਦੀ ਉਮਰ ਭਗਤ ਸਿੰਘ ਨਾਲੋਂ ਵੱਧ ਸੀ। ਹੀਰਾ ਸਿੰਘ ਦਰਦ, ਗੁਰਮੁੱਖ ਸਿੰਘ ਮੁਸਾਫਿਰ, ਵਿਧਾਤਾ ਸਿੰਘ ਤੀਰ, ਸ਼ਰਫ਼, ਦੀਵਾਨ ਸਿੰਘ ਕਾਲੇਪਾਣੀ, ਨਾਨਕ ਸਿੰਘ ਤੇ ਹੋਰ ਬਹੁਤ ਸਾਰੇ ਕਵੀਆਂ ਨੇ ਕਵਿਤਾ ਰਾਹੀ ਰਾਸ਼ਟਰੀ ਅੰਦੋਲਨ ਵਿਚ ਅਜਿਹਾ ਹਿੱਸਾ ਪਾਇਆ ਜਿਨ੍ਹਾਂ ਦਾ ਹਵਾਲਿਆਂ ਰਾਹੀ ਵਿਚਾਰ ਕੀਤਾ ਗਿਆ ਹੈ। ਵਾਰਤਕ ਭਾਗ ਵਿਚ ਭੂਮਿਕਾ ਤੋਂ ਇਲਾਵਾ ਊਧਮ ਸਿੰਘ ਦਾ ਜੀਵਨ, ਫਾਂਸੀ ਲਗਣ ਬਾਰੇ, ਉਹਦੀ ਵਿਦਰੋਹੀ ਸੋਚ ਬਾਰੇ ਜਿਕਰ ਕੀਤਾ ਹੈ। ਆਪਣੇ ਵਿਚਾਰਾ ਨੂੰ ਸਪੱਸਟ ਕਰਨ ਲਈ ਉਨ੍ਹਾਂ ਵਿਦਵਾਨਾਂ ਦੀਆਂ ਟਿਪਣੀਆਂ ਦਾ ਹਵਾਲਾ ਦਿੱਤਾ ਹੈ। ਊਧਮ ਸਿੰਘ ਅਜਿਹਾ ਦੇਸ਼ ਭਗਤ ਸੀ ਜਿਸਨੂੰ ਲੈਫਟੀਨੈਂਟ ਗਵਰਨਰ ਉਡਵਾਇਰ ਨੂੰ ਮਾਰਨ ਬਦਲੇ ਫਾਸ਼ੀ ਦਿੱਤੀ ਗਈ। ਲੇਖਾਂ ਵਿਚ ਊਧਮ ਸਿੰਘ ਦੀ ਵਿਚਾਰਧਾਰਕ ਸਮਝ ਨੂੰ ਖੁੱਲ ਕੇ ਪੇਸ਼ ਕੀਤਾ ਗਿਆ ਹੈ। ਭੂਮਿਕਾ ਤੋਂ ਉਪਰੰਤ ਊਧਮ ਸਿੰਘ ਨਾਲ ਸੰਬੰਧਤ ਕੁਝ ਮਹੱਤਵਪੂਰਨ ਦਸਤਾਵੇਜ਼ ਦਿੱਤੇ ਹਨ। ਜਿਸ 'ਚ ਪੁਲਿਸ ਵੱਲੋਂ ਲਏ ਬਿਆਨ, ਦੋਸ਼ੀ ਕੋਲੋਂ ਮਿਲੀਆਂ ਵਸਤਾਂ ਦੀ ਸੂਚੀ, ਬ੍ਰਿਟਿਸ਼ ਪੁਲਿਸ ਅਧਿਕਾਰੀਆਂ ਵਲੋਂ ਲਿਖੀ ਰਿਪੋਰਟ ਤੇ ਗਵਾਹਾ ਦੇ ਬਿਆਨਾ ਅਤੇ ਜੱਜ ਨਾਲ ਬਹਿਸ ਨੂੰ ਸ਼ਾਮਲ ਕੀਤਾ ਹੈ। ਫਿਰ ਇਕ ਮੁਕੱਦਮੇ ਦਾ ਵਿਸਥਾਰ ਨਾਲ ਜ਼ਿਕਰ ਹੈ ਇੰਝ ਬੜੇ ਵਿਸਥਾਰ ਨਾਲ ਊਧਮ ਸਿੰਘ ਦੇ ਵਿਚਾਰਾ ਦੀ ਪਰਖ ਪੜਚੋਲ ਕੀਤੀ ਗਈ ਹੈ। ਇਹ ਵਾਰਤਕ ਭਾਗ ਪੁਸਤਕ ਵਿਚ ਬਹੁਤ ਅਹਿਮੀਅਤ ਰੱਖਦਾ ਹੈ। 280 ਪੰਨਿਆ ਵਿਚ ਕਵਿਤਾ ਭਾਗ ਫੈਲਿਆ ਹੋਇਆ ਹੈ ਜਿਸ ਵਿਚ ਤਕਰੀਬਨ 106 ਕਵਿਤਾਵਾਂ ਹਨ ਜਿਨ੍ਹਾਂ ਵਿਚੋਂ ਸ਼ਹੀਦ ਊਧਮ ਸਿੰਘ ਦਾ ਗ਼ਦਰੀ ਨਾਇਕ, ਦੇਸ਼ ਭਗਤੀ ਵਾਲਾ ਬਿੰਬ ਉਭਰ ਕੇ ਸਾਹਮਣੇ ਆਉਂਦਾ ਹੈ। ਇਸ ਕਵਿਤਾ ਵਿਚ ਸਿਰੀ ਰਾਮ ਅਰਸ਼, ਸੰਤੋਖ ਸਿੰਘ ਸਫ਼ਰੀ, ਹਰਿੰਦਰ ਸਿੰਘ ਮਹਿਬੂਬ, ਗੁਰਮੁਖ ਸਿੰਘ ਮੁਸਾਫਿਰ, ਜਗਤਾਰ, ਬਲਦੇਵ ਸਿੰਘ ਬੱਦਨ, ਮਨਜੀਤ ਇੰਦਰਾ ਤੋਂ ਇਲਾਵਾ ਪੰਜਾਬੀ ਦੇ ਹੋਰ ਨਾਮਵਰ ਸ਼ਾਇਰਾਂ ਦੀ ਕਵਿਤਾਵਾਂ ਹਨ ਜਿਨ੍ਹਾਂ ਨੇ ਊਧਮ ਸਿੰਘ ਦੀ ਕੁਰਬਾਨੀ ਨੂੰ ਆਪਣੇ ਆਪਣੇ ਅੰਦਾਜ਼ ਵਿਚ ਚਿਤਰਿਆ ਹੈ।

**- ਭਗਵੰਤ ਰਸੂਲਪੁਰੀ**

## ਹੁੰਗਾਰਾ

ਕਹਾਣੀ ਧਾਰਾ-11 ਅੰਕ ਪੜ੍ਹਿਆ। ਕਹਾਣੀਆਂ ਅਤੇ ਹੋਰ ਸਮੱਗਰੀ ਦਿਲਕਸ਼ ਹੈ। ਸੰਪਾਦਕ ਸਾਹਿਬ ਦੇ ਸਿਲੈਕਸ਼ਨ ਨਜ਼ਰੀਏ ਵਿੱਚ ਦੂਰ-ਦ੍ਰਿਸ਼ਟੀ ਸਾਬਤ ਹੁੰਦੀ ਹੈ। ਅਨੂਪ ਵਿਰਕ, ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਪ੍ਰਮਿੰਦਰਜੀਤ (ਭਾਵੇਂ ਨਾਮ ਨਹੀਂ ਲਿਖਿਆ ਗਿਆ) ਬਾਰੇ ਵਿਚਾਰ ਪੜ੍ਹ ਕੇ ਭੌਂਚੱਕਾ ਰਹਿ ਗਿਆ ਹਾਂ। ਏਨੇ ਜਾਲ਼ਮਾਨਾ ਤਰੀਕੇ ਨਾਲ ਉੱਜਡ ਸ਼ਬਦਾਵਲੀ ਵਰਤ ਕੇ ਕਿਸੇ ਸਨਮਾਨਤ ਸ਼ਖਸ਼ੀਅਤ ਦੀ ਪਗੜੀ ਉਛਾਲਣਾ ਕਿਸੇ ਨੂੰ ਵੀ ਸ਼ੋਭਾ ਨਹੀਂ ਦਿੰਦਾ। ਖਾਸਕਰ ਜਿੰਮੇਵਾਰ ਸਾਹਿਤਕ ਸੰਸਥਾਵਾਂ ਦੇ ਅਹੁਦੇਦਾਰਾਂ ਨੂੰ। ਭਾਵੇਂ ਉਹ ਅਨੂਪ ਵਿਰਕ ਹੋਵੇ ਜਾਂ ਪ੍ਰਮਿੰਦਰਜੀਤ ਜਾਂ ਕੋਈ ਹੋਰ। ਸੁਭਾਅ ਵਿਚਲੀਆਂ ਖਾਮੀਆਂ ਜਾਂ ਕੁਝ ਆਦਤਾਂ ਹਰ ਕਿਸੇ ਵਿੱਚ ਹੁੰਦੀਆਂ ਹਨ ਜੋ ਹੋਰਨਾਂ ਲਈ ਤਲਖੀ ਦਾ ਕਾਰਨ ਬਣਦੀਆਂ ਹਨ। ਪਰ ਕਈ ਇਹਨਾਂ ਕਮੀਆਂ ਨੂੰ ਸ਼ਬਦਾਂ ਦੇ ਲਬਾਦੇ ਹੇਠ ਢੱਕ ਲੈਂਦੇ ਹਨ। ਪਰ ਕੁਝ ਡਾ. ਅਵਤਾਰ ਜੌੜਾ ਦੇ ਸ਼ਬਦਾਂ ਵਿੱਚ 'ਝੱਟ ਰੀਐਕਟ' ਕਰਨ ਤੇ ਮਜਬੂਰ ਹੋ ਜਾਂਦੇ ਹਨ। ਵਿਰਕ ਜੀ ਲੇਖਕ ਸਭਾ ਕੋਈ ਈਲਾਹੀ ਧਾਰਮਿਕ ਸੰਸਥਾ ਨਹੀਂ ਜਿਸ ਤੇ ਟੀਕਾ-ਟਿੱਪਣੀ ਕਰਨ ਨਾਲ ਤੁਸੀਂ ਪੰਥ 'ਚੋਂ ਛੇਕਣ ਦਾ ਹੁਕਮਨਾਮਾ ਜਾਰੀ ਕਰ ਦਿਉ। ਚੰਗਾ ਹੁੰਦਾ ਜੇ ਗਾਲੀ ਗਲੋਚ ਦੀ ਬਜਾਇ ਪ੍ਰਮਿੰਦਰਜੀਤ ਵੱਲੋਂ ਉਠਾਏ ਨੁਕਤਿਆਂ ਦਾ ਬ-ਦਲੀਲ ਸੰਜਮ ਸਹਿਤ ਉੱਤਰ ਦੇਂਦੇ। ਮਾਂ-ਬੋਲੀ ਦੇ ਹੱਕਾਂ ਲਈ ਜੂਝਣ ਵਾਲੀ ਗੌਰਵਮਈ ਇਤਿਹਾਸ ਵਾਲੀ ਸੰਸਥਾ ਦੀਆਂ ਕੀ ਜੜ੍ਹਾਂ ਏਨੀਆਂ ਖੋਖਲੀਆਂ ਹਨ ਜੋ ਇੱਕ ਸੰਪਾਦਕ ਦੇ ਮਾਮੂਲੀ ਜਿਹੇ ਵਿਰੋਧ ਕਾਰਨ ਬੌਖਲਾ ਗਈ? ਸਹਿੱਤਕ ਪਰਚਿਆਂ ਦੇ ਸੰਪਾਦਕਾਂ ਤੋਂ ਸਮਕਾਲੀ ਸਹਿਤਕ ਵਰਤਾਰਿਆਂ ਤੇ ਟਿੱਪਣੀ ਕਰਨ ਦਾ ਹੱਕ ਤੇ ਨਾਂ ਖੋਹੋ ਵਿਰਕ ਜੀ! ਮੇਰਾ ਅਤੇ ਅਸੀਮ ਬਾਜਵਾ ਦਾ ਫੈਸਲਾ ਸੀ 'ਮੇਘਲਾ' ਕੱਢਣ ਦਾ ਅਤੇ ਅਸੀਂ ਇਸਨੂੰ ਵੱਖਰੀ ਦਿੱਖ ਦੇਣ ਲਈ ਕਿਸੇ ਖਾਸ ਲੇਖਕ ਬਾਰੇ ਹਰ ਅੰਕ ਵਿਸ਼ੇਸ਼ ਕੱਢਣ ਬਾਰੇ ਫੈਸਲਾ ਕੀਤਾ। ਭਵਿੱਖ ਵਿੱਚ ਵੀ ਅਸੀਂ ਵੱਖ ਵੱਖ ਲੇਖਕਾਂ ਬਾਰੇ ਵਿਸ਼ੇਸ਼ ਅੰਕ ਕੱਢਾਂਗੇ। ਪ੍ਰਮਿੰਦਰਜੀਤ ਬਾਰੇ ਵਿਸ਼ੇਸ਼ ਅੰਕ ਕੱਢਦਿਆਂ ਅਸੀਂ ਪ੍ਰਮਿੰਦਰਜੀਤ ਕੋਲੋਂ ਸਲਾਹ ਅਤੇ



ਸਹਿਯੋਗ ਜ਼ਰੂਰ ਲਿਆ ਪਰ ਸਮੁੱਚੀ ਪ੍ਰਕ੍ਰਿਆ ਵਿੱਚ ਇੱਕ ਪ੍ਰਤੀਸ਼ਤ ਦਖਲ ਵੀ ਬਰਦਾਸ਼ਤ ਨਹੀਂ ਕੀਤਾ ਗਿਆ। 'ਮੇਘਲਾ' ਕੱਢਣ ਵੇਲੇ ਸਾਡਾ ਮਕਸਦ ਸਪੱਸ਼ਟ ਸੀ ਕਿ ਮਾਣ ਕਰਨ ਯੋਗ ਲੇਖਕਾਂ ਦੀਆਂ ਸ਼ਖਸ਼ੀਅਤਾਂ ਅਤੇ ਰਚਨਾਤਮਿਕ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ ਜਾਵੇ ਨਾਂ ਕਿ ਮਸ਼ਹੂਰ ਲੇਖਕਾਂ ਦਾ ਮਰਾਸੀਪੁਣਾਂ ਕਰਨਾਂ। ਮੇਘਲਾ ਦੇ ਪਲੇਠੇ ਅੰਕ ਵਿਚ ਪ੍ਰਮਿੰਦਰਜੀਤ ਬਾਰੇ ਆਸੀਮ ਬਾਜਵਾ (ਸੰਪਾਦਕ ਮੇਘਲਾ) ਦੀ ਕਵਿਤਾ, ਡਾ. ਗੁਰਬਚਨ ਦਾ ਲੇਖ, ਮੁਖਤਾਰ ਗਿੱਲ ਦਾ ਲੇਖ ਅਤੇ ਰੰਗਦਾਰ ਸਫਿਆਂ ਤੇ ਬਿਖਰੀਆਂ ਸ਼ਰਾਬ ਦੀਆਂ ਬੋਤਲਾਂ ਪ੍ਰਤੱਖ ਗਵਾਹ ਹਨ। ਸ੍ਰੀ ਵਿਰਕ ਸਹਿਬ ਅੰਮ੍ਰਿਤਸਰ ਦੇ ਕਿਸੇ ਸਥਾਨਕ ਅਦੀਬ ਨੂੰ ਫੋਨ ਕਰਕੇ ਮੇਘਲਾ ਦੀ ਟੀਮ ਦੇ ਕੁਝ ਮੋਹਰੀ ਵਿਅਕਤੀਆਂ ਅਤੇ ਪ੍ਰਮਿੰਦਰਜੀਤ ਵਿਚਾਲੇ ਭਾਰਤ-ਪਾਕਿ ਵਰਗੇ ਰਿਸ਼ਤਿਆਂ ਬਾਰੇ ਪਤਾ ਕਰ ਸਕਦੇ ਹਨ। ਪਤਾ ਨਹੀਂ ਕਿਸ ਤਰ੍ਹਾਂ ਦੇ ਹੋਛੇਪਨ ਅਤੇ ਗੈਰਜਿੰਮੇਵਾਰੀ ਨਾਲ ਸ੍ਰੀ ਵਿਰਕ ਹੁਰਾਂ ਲਿਖ ਦਿੱਤਾ ਕਿ ਪ੍ਰਮਿੰਦਰਜੀਤ ਨੇ ਕਿਸੇ ਪੇਸ਼ੇ ਵਾਲੇ ਉਭਰਦੇ ਲੇਖਕ ਕੋਲੋਂ ਆਪਣੇ ਨਾਮ ਦਾ ਸਮੁੱਚਾ ਅੰਕ ਕਢਵਾਇਆ? ਲੱਗਦਾ ਹੈ ਕਿ ਜਦੋਂ ਸ੍ਰੀ ਅਨੂਪ ਵਿਰਕ ਜੀ ਅੱਗ-ਬਬੂਲਾ ਹੋਏ ਇਹ ਲੇਖ ਰੂਪੀ ਅੱਗ ਵਰਸਾ ਰਹੇ ਹੋਣਗੇ ਤਾਂ ਉਹਨਾਂ ਨੂੰ ਸ਼ਾਂਤ ਕਰਨ ਲਈ ਫਾਇਰ ਬ੍ਰਿਗੇਡ ਮੰਗਵਾਉਣਾ ਪਿਆ ਹੋਵੇਗਾ।

ਸ਼੍ਰੀ ਅਨੂਪ ਵਿਰਕ ਨੇ 'ਹੁਣ' ਦੇ ਮੁਕਾਬਲੇ 'ਅੱਖਰ' ਨੂੰ ਬੌਣਾ ਅਤੇ ਪੰਜਾਬੀਅਤ ਦਾ ਦੁਸ਼ਮਣ ਕਰਾਰ ਦੇ ਦਿੱਤਾ ਹੈ। 'ਹੁਣ' ਦੀ ਦਿੱਖ ਅਤੇ ਮੈਟਰ ਬਾ-ਕਮਾਲ ਹੈ ਅਤੇ ਮੌਜੂਦਾ ਪੰਜਾਬੀ ਸਾਹਿਤ ਦਾ ਮੋਹਰੀ ਪਰਚਾ ਹੈ। ਪਰ 'ਅੱਖਰ' ਦਾ ਆਪਣਾ ਮੁਕਾਮ ਹੈ ਜੋ ਹੋਰ ਕਿਸੇ ਪਰਚੇ ਦਾ ਨਹੀਂ। ਜਿੱਥੇ ਲੇਖਕ ਸਭਾਵਾਂ ਚਿੱਟਾ ਹਾਥੀ ਸਾਬਿਤ ਹੋਈਆਂ ਹਨ ਉੱਥੇ ਅੱਖਰ ਨੇ ਬਹੁਤ ਸਾਰੇ ਪ੍ਰਤਿਭਾਵਾਨ ਨਵੇਂ ਲੇਖਕਾਂ ਕਵੀਆਂ ਨੂੰ ਸਹਿਤਕ ਚਿੱਤਰਪਟ ਤੇ ਪ੍ਰਤੱਖ ਕੀਤਾ ਹੈ। ਪਰ ਵਿਰਕ ਜੀ ਲੇਖਕ ਸਭਾ ਦੀ ਕੋਈ ਪ੍ਰਾਪਤੀ ਦੱਸਣ ਵਿੱਚ ਨਾਕਾਮ ਰਹੇ ਹਨ। ਡਾ. ਗੁਰਬਚਨ ਦੇ ਸ਼ਬਦਾਂ ਵਿੱਚ 'ਗਲੋਬਲ ਯੁੱਗ ਵਿੱਚ ਪਰਚਾ ਕੱਢਣਾ ਕਾਫ਼ਰਾਨਾ ਉੱਦਮ ਹੈ' ਅਗਰ ਬਾਹਰਲੇ ਇਸ ਉੱਦਮ ਲਈ ਵਿਤੀ ਸਹਾਇਤਾ ਕਰਦੇ ਹਨ ਤਾਂ ਅਤਿ ਸ਼ਲਾਘਾਯੋਗ ਹੈ। ਮੈਂ ਪ੍ਰਮਿੰਦਰਜੀਤ ਕੋਈ ਰਿਆਇਤ ਨਹੀਂ ਲੈ ਰਿਹਾ ਪਰ ਚੌਂਕ ਹੁਸੈਨਪੁਰੇ ਵਾਲਾ ਜ਼ਰਜ਼ਰ ਇਮਾਰਤ ਵਿਚਲਾ ਉਸਦਾ ਦਫਤਰ ਅਤੇ ਦਫਤਰ ਦੀ ਡਿੰਗੂ ਡਿੰਗੂ ਕਰਦੀ ਛੱਤ ਅਤੇ ਨਾਨਕਸ਼ਾਹੀ ਇੱਟਾਂ ਦੀ ਇਮਾਰਤ ਨਾਲ ਲੱਗੀ ਪੁਰਾਣੀ ਸਈਕਲ ਪ੍ਰਤੱਖ ਗਵਾਹ ਹੈ ਕਿ ਪ੍ਰਮਿੰਦਰਜੀਤ ਪਰਚੇ ਦੇ ਨਾਮ ਤੇ ਕਿੰਨੀਆਂ ਕੁ ਰਿਆਇਤਾਂ ਮਾਣ ਰਿਹਾ ਹੈ ਜਾਂ ਅਯਾਸ਼ੀ ਕਰ ਰਿਹਾ ਹੈ। ਉਂਝ ਉਹ ਜਿਸ ਰੁਤਬੇ ਨੂੰ ਪ੍ਰਾਪਤ ਕਰ ਚੁੱਕਾ ਹੈ ਵਿਦੇਸ਼ ਯਾਤਰਾ ਕੋਈ ਵੱਡੀ ਗੱਲ ਨਹੀਂ। ਤ੍ਰਾਸਦੀ ਹੈ ਕਿ ਕੁਝ ਮਰੀ ਹੋਈ ਰਚਨਾਤਮਿਕਤਾ ਵਾਲੇ ਲੇਖਕ ਅਖੌਤੀ ਸਭਾਵਾਂ ਦੀਆਂ ਪ੍ਰਧਾਨਗੀਆਂ ਪਿੱਛੇ ਲੜ੍ਹਨ ਜਾਂ ਊਲ-ਜਲੂਲ ਲਿਖ ਕੇ ਚਰਚਾ ਵਿੱਚ ਬਣੇ ਰਹਿਣ ਦੀ ਨਾਕਾਮ ਕੋਸ਼ਿਸ਼ ਵਿੱਚ ਹਨ।

**- ਜਤਿੰਦਰ ਸਿੰਘ ਔਲਖ,**

ਮੁੱਖ ਸੰਪਾਦਕ ਮੇਘਲਾ, ਪਿੰਡ ਤੇ ਡਾਕ. ਕੋਹਾਲੀ, ਤਹਿ ਅਜਨਾਲਾ, ਜਿਲ੍ਹਾ ਅੰਮ੍ਰਿਤਸਰ-143109

ਕਹਾਣੀ ਧਾਰਾ-11 ਅੰਕ ਵਿਚ ਦੀਪ ਦੇਵਿੰਦਰ ਸਿੰਘ ਦੀ ਕਹਾਣੀ 'ਘਰ' ਤੇ ਗੁਰਮੀਤ ਆਰਿਫ਼ ਦੀ 'ਝੀਥਾ' ਦੋਵੇਂ ਦੀਆਂ ਕਹਾਣੀਆਂ ਏਸ ਅੰਕ ਦੀ ਖੂਬਸੂਰਤੀ ਸਨ। ਦੋਵਾਂ ਨੇ ਔਰਤ ਤੇ ਮਰਦਾਂ ਦੇ ਸੰਬੰਧਾਂ 'ਚ ਪੈਂਦੇ ਵਿਗਾੜਾ ਬਾਰੇ ਬੜੀ ਬਰੀਕਬੀਨੀ ਨਾਲ ਬਿਆਨ ਕੀਤਾ ਹੈ। ਦੋਵੇਂ ਕਹਾਣੀਕਾਰ ਆਪੋ-ਆਪਣੀ ਗੱਲ ਕਹਿਣ 'ਚ ਸਫ਼ਲ ਸਿੱਧ ਹੋਏ ਹਨ। ਬਾਕੀ ਕਹਾਣੀਕਾਰਾਂ ਦੀਆਂ ਕਹਾਣੀਆਂ ਭਾਵੇਂ ਕੱਚੀਆਂ ਤੇ ਕੁਝ ਢਿੱਲੀਆਂ ਸਨ ਪਰ ਸੰਪਾਦਕ ਵੱਲੋਂ ਦਿੱਤੇ ਮੌਕੇ ਨਾਲ ਇਹ ਲੇਖਕ ਆਉਣ ਵਾਲੇ ਸਮੇਂ 'ਚ ਮਿਹਨਤ ਕਰਕੇ ਹੋਰ ਵਧੀਆ ਕਹਾਣੀਆਂ ਲਿਖਣਗੇ। ਇਹਨਾਂ ਦੀਆਂ ਕਹਾਣੀਆਂ ਦਾ ਮਿਆਰੀ ਰਸਾਲੇ 'ਚ ਛਪਣਾ ਵੀ ਇੱਕ ਬਹੁਤ ਵੱਡੀ ਪ੍ਰਾਪਤੀ ਹੈ। ਨਾਵਲਕਾਰ ਹਰਿੰਦਰ ਸਿੰਘ ਬਜਾਜ ਦਾ 'ਨਾਵਲਕਾਰ ਤੇ ਨਾਵਲ ਕਲਾ' ਬਾਰੇ ਲੇਖ ਬੜਾ ਚੰਗਾ ਲੱਗਾ। ਬੜੇ ਸਾਲ ਪਹਿਲਾਂ ਉਹਨਾਂ ਦਾ ਇੱਕ ਨਾਵਲ 'ਅੰਬੀ ਦਾ ਪਹਿਲਾ ਪਿਆਰ' ਮੈਂ ਪੜ੍ਹਿਆ ਸੀ। ਪ੍ਰੋ. ਅਵਤਾਰ ਜੋੜਾ, ਪ੍ਰੋ ਹਰਦੀਪ ਸਿੰਘ, ਪ੍ਰੇਮ ਪ੍ਰਕਾਸ਼, ਪ੍ਰੋ. ਅਨੂਪ ਵਿਰਕ ਤੇ ਡਾ. ਐਸ. ਤਰਸੇਮ ਹੁਰਾਂ ਦੇ ਲੇਖ ਵੀ ਮਿਹਨਤ ਨਾਲ ਲਿਖੇ ਹੋਏ ਸਨ। ਜਸਬੀਰ ਗਿੱਲ ਨੇ 'ਧੀਆਂ ਮਰਜਾਣੀਆਂ' ਦਾ ਰਿਵਿਊ ਬੜਾ ਵਧੀਆ ਕੀਤਾ ਹੈ।

**- ਡਾ. ਕਰਮਜੀਤ ਸਿੰਘ ਨਡਾਲਾ**, ਵਾਲੀਆਂ ਹਸਪਤਾਲ, ਨਡਾਲਾ, ਕਪੂਰਥਲਾ